Digitized by Arya Samaj Foundation Chennai and eGangotri

ਬਿਰਤਾਂਤਕ ਗਲਪ

ਸਿਧਾਂਤ ਤੇ ਸਮੀਖਿਆ

ਡਾ. ਜਗਬੀਰ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri 100070

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਤਾਂਤਕ ਗਲਪ :

ਸਿਧਾਂਤ ਤੇ ਸਮੀਖਿਆ

100070

DONATION

पुस्तकालय
गुरुकुल कांगड़ी विश्वविद्यालय

ਜਗਬੀਰ ਸਿੰਘ
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

"Forwarded with compliments from the Department of Education Government of India".

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Birtantak galap : Sidhant te Samikhia

(Narrative Fiction : Theory & Criticism)

by :

Dr. Jagbir Singh

©ਲੇਖਕ

ਪਹਿਲੀ ਵਾਰ : 1992

ਪ੍ਰਿੰਟਰਜ਼ : ਰਚਨਾ ਪ੍ਰਿੰਟਿੰਗ ਅਜੈਂਸੀ

ਪੂਜਾ ਕੰਪੋਜ਼ਿੰਗ ਹਾਊਸ, ਵੈਸਟ ਆਜ਼ਾਦ ਨਗਰ, ਦਿੱਲੀ-51

ਪ੍ਰਕਾਸ਼ਕ :

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

CC-0. In Public Domain. Gurukul Kangri Collection, Haridwar

ਮੁੱਲ : 65 ਰੁਪਏ

Digitized by Arya Samaj Foundation Chennai and eGangotri

"Forwarded with compliments from
the [illegible] Education
Government of India".

ਇਸੇ ਕਲਮ ਤੋਂ :

1. ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ
2. ਬਾਣੀ ਸੰਸਾਰ
3. ਪੰਜਾਬੀ ਸਾਹਿਤ ਦਾ ਇਤਿਹਾਸ (ਆਦਿ ਕਾਲ ਭਗਤੀ ਕਾਲ)
4. ਮੱਧਕਾਲੀ ਸ਼ਬਦ-ਸਭਿਆਚਾਰ
   (ਪੰਜਾਬੀ ਅਕਾਦਮੀ, ਦਿੱਲੀ ਵਲੋਂ ਪੁਰਸਕ੍ਰਿਤ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਕਿੱਥੇ ?

1. ਸਮਕਾਲੀ ਪੰਜਾਬੀ ਨਾਵਲ : ਦਿਸ਼ਾ ਤੇ ਸੰਭਾਵਨਾਵਾਂ 9
2. ਨਾਵਲ 'ਕੱਚੇ ਘਰ' ਦਾ ਗਲਪ-ਜਗਤ 17
3. ਗਗਨ ਗੰਗਾ (ਨਾਵਲ) : ਇਕ ਅਧਿਐਨ 26
4. ਸੰਤੋਖ ਸਿੰਘ ਧੀਰ ਦੀ ਨਾਵਲਕਲਾ 31
5. ਰਾਜ ਗਿੱਲ ਦੀ ਨਾਵਲੀ ਵਿਲੱਖਣਤਾ 37
6. ਨਾਵਲ 'ਨਾਦ-ਬਿੰਦ' : ਇਕ ਅਧਿਐਨ 43
7. 'ਨਾ ਅਰਜੁਨ ਨਾ ਦੁਰਯੋਧਨ' : ਇਕ ਅਧਿਐਨ 49
8. ਦਲੀਪ ਕੌਰ ਟਿਵਾਣਾ ਦੀ ਨਾਵਲੀ ਵਿਲੱਖਣਤਾ 56
9. ਰਾਤਾਂ ਹੋਈਆਂ ਵੱਡੀਆਂ (ਨਾਵਲ) : ਇਕ ਅਧਿਐਨ 62
10. ਇਕ ਮਰੇ ਬੰਦੇ ਦੀ ਕਹਾਣੀ (ਨਾਵਲ) 68
11. ਪਖੇਰੂ (ਨਾਵਲ) : ਇਕ ਅਧਿਐਨ 77
12. ਸਮਕਾਲੀ ਪੰਜਾਬੀ ਕਹਾਣੀ ਅਤੇ ਪੰਜਾਬ-ਸੰਕਟ 83
13. ਕਹਾਣੀ 'ਡੈੱਡ-ਲਾਈਨ' : ਇਕ ਅਧਿਐਨ 89
14. ਤਰਸੇਮ ਨੀਲਗਿਰੀ ਦੇ ਕਥਾ-ਜਗਤ ਵਿਚ ਪ੍ਰਵਾਸੀ-ਚੇਤਨਾ 93
15. ਰਿਸ਼ਤਿਆਂ ਦੇ ਆਰ-ਪਾਰ : ਇਕ ਅਧਿਐਨ 98
16. 'ਅਲੀ ਬਾਬਾ ਤੇ ਪਾਗਲ ਹਵਾ' (ਕਹਾਣੀ-ਸੰਗ੍ਰਹਿ) ਇਕ ਅਧਿਐਨ 102
17. ਬਲਦੇਵ ਸਿੰਘ ਦਾ ਕਹਾਣੀ-ਸੰਗ੍ਰਹਿ 'ਸਵੇਰੇ ਦੀ ਲੋਅ' ਇਕ ਅਧਿਐਨ 108
18. ਨਵਤੇਜ ਪੁਆਧੀ ਦਾ ਕਥਾ-ਜਗਤ : ਇਕ ਅਧਿਐਨ 113
19. ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ 119

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਕੀ-ਬਲਜੀਤ
ਸਿਮਰਨ ਤੇ ਸੁਮੀਤ
ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਖ ਸ਼ਬਦ

ਡਾ. ਜਗਬੀਰ ਸਿੰਘ ਦੀ ਹਥਲੀ ਪੁਸਤਕ ਪੰਜਾਬੀ ਗਲਪ (ਜਿਸ ਵਿਚ ਪੰਜਾਬੀ ਨਾਵਲ ਤੇ ਨਿੱਕੀ ਕਹਾਣੀ ਸ਼ਾਮਲ ਹਨ) ਦਾ ਵਿਸਤ੍ਰਿਤ ਸਰਵੇਖਣ ਤੇ ਕਾਵਿ-ਸ਼ਾਸਤ੍ਰੀ ਅਧਿਐਨ ਪ੍ਰਸਤੁਤ ਕਰਦੀ ਹੈ।

ਡਾ. ਜਗਬੀਰ ਸਿੰਘ ਦਾ ਨਾਮ ਪੰਜਾਬੀ ਦੇ ਅਧਿਐਨ ਅਧਿਆਪਨ ਖੇਤਰ ਵਿਚ ਕਿਸੇ ਜਾਣ-ਪਾਛਣ ਦਾ ਮੁਹਤਾਜ ਨਹੀਂ। ਇਸ ਵਿਦਵਾਨ ਨੇ ਪੰਜਾਬੀ ਸਾਹਿੱਤ ਦੇ ਮੱਧਕਾਲੀ ਪਰਿਪੇਖਾਂ ਤੋਂ ਆਪਣੀ ਗੱਲ ਸ਼ੁਰੂ ਕਰ ਕੇ ਅਤਿਅੰਤ ਆਧੁਨਿਕ ਖੇਤਰਾਂ ਤੀਕ ਫੈਲੇ ਸਾਹਿੱਤ ਦੀ ਬੜੀ ਗਹਿਰ ਗੰਭੀਰ ਵਿਆਖਿਆ ਤੇ ਸਮੀਖਿਆ ਪੇਸ਼ ਕੀਤੀ ਹੈ। ਇਸ ਵਿਆਖਿਆ ਤੇ ਸਮੀਖਿਆ ਦੀ ਆਪਣੀ ਕਿਸਮ ਦੀ ਵਿਲਖੱਣਤਾ ਹੈ। ਧਿਆਨ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਇਹ ਵਿਦਵਾਨ ਧੁਰ ਤੀਕ ਮੌਲਿਕ ਰਚਨਾ ਨੂੰ ਤੇ ਇਸ ਦੇ ਵਿਸਤ੍ਰਿਤ ਤੇ ਮਹਤੱਵਸ਼ੀਲ ਪਾਸਾਰਾਂ ਨੂੰ ਆਪਣੇ ਨਾਲ ਲੈ ਕੇ ਚਲਦਾ ਹੈ ਤੇ ਯਥਾਸ਼ਕਤ ਇਹਨਾਂ ਦੀ ਵਿਆਖਿਆ ਵੀ ਕਰਦਾ ਜਾਂਦਾ ਹੈ। ਇਸ ਤਰ੍ਹਾਂ ਇਸ ਵਿਦਵਾਨ ਦੀ ਸਮੀਖਿਆ ਵਿਦਵਾਨਾਂ ਤੋਂ ਬਿਨਾਂ ਵਿਦਿਆਰਥੀ ਵਰਗ ਵਿਚ ਕਿਤੇ ਵੱਧ ਸਵੀਕਾਰੀ ਤੇ ਸਤਿਕਾਰੀ ਜਾਂਦੀ ਹੈ।

ਆਮ ਤੌਰ ਤੇ ਇਹ ਹੁੰਦਾ ਹੈ ਕਿ ਵਿਦਵਾਨ ਆਪਣੀ ਸਮੀਖਿਆ ਦੀ ਗੱਲ ਆਪਣੇ ਸ਼ਾਸਤ੍ਰੀ ਪ੍ਰਸਤਾਵ ਤੋਂ ਸ਼ੁਰੂ ਕਰਦੇ ਹਨ। ਸ਼ਾਸਤ੍ਰੀ ਪ੍ਰਸਤਾਵ ਸਮੀਖਿਆ ਸ਼ਾਸਤ੍ਰ ਦੀ ਮਹਤੱਵਸ਼ੀਲ ਪ੍ਰਾਪਤੀ ਹੈ, ਪਰੰਤੂ ਜਦੋਂ ਕੋਈ ਵਿਦਵਾਨ ਵਿਦਾ-ਬਿੰਦੂ ਹੀ ਸ਼ਾਸਤ੍ਰੀ ਪ੍ਰਸਤਾਵ ਨੂੰ ਬਣਾ ਲੈਂਦਾ ਹੈ ਤਾਂ ਉਸਦੀ ਸਮੱਸਿਆ ਆਪਣੇ ਸ਼ਾਸਤ੍ਰੀ ਪ੍ਰਸਤਾਵ ਦੇ ਨਿਆਏ ਨੂੰ ਦ੍ਰਿੜ੍ਹ ਕਰਨ ਦੀ ਬਣ ਜਾਂਦੀ ਹੈ। ਐਸੀ ਹਾਲਤ ਵਿਚ ਉਹ ਜਿਉਂ-ਜਿਉਂ ਆਪਣੇ ਕਾਵਿ-ਸ਼ਾਸਤ੍ਰੀ ਤਰਕ ਵਲ ਅਗੇ ਵਧਦਾ ਹੈ ਤਿਉਂ-ਤਿਉਂ ਮੌਲਿਕ ਲਿਖਤ ਦਾ ਪਾਠ ਤੇ ਪ੍ਰਸੰਗ ਦੋਵੇਂ ਗਾਇਬ ਹੁੰਦੇ ਜਾਂਦੇ ਹਨ ਤੇ ਨਤੀਜੇ ਵਜੋਂ ਵਿਦਵਾਨ ਦਾ ਸਾਰਾ ਜ਼ੋਰ ਇਸ ਤੇ ਲਗ ਜਾਂਦਾ ਹੈ ਕਿ ਮੂਲ ਲਿਖਤ ਤੇ ਉਸ ਦਾ ਅਧਿਐਨ ਪ੍ਰਵਚਨ ਦੋਵੇਂ ਇਕ ਦੂਸਰੇ ਤੋਂ ਓਪਰੇ ਹੋ ਜਾਂਦੇ ਹਨ। ਵਿਦਵਾਨ ਤਾਂ ਇਸ ਓਪਰੇਪਨ ਨੂੰ ਆਪਣੀ ਕਾਵਿ-ਸ਼ਾਸਤ੍ਰੀ ਯੋਗਤਾ ਤੇ ਸੂਝ ਨਾਲ ਦੂਰ ਕਰ ਲੈਂਦੇ ਹਨ ਪਰੰਤੂ ਵਿਦਿਆਰਥੀ ਵਰਗ ਲਈ ਇਹ ਮੁਸ਼ਕਲ, ਅਸੰਭਵ ਵਿਚ ਬਦਲ ਜਾਂਦੀ ਹੈ। ਪਰ ਡਾ. ਜਗਬੀਰ ਸਿੰਘ ਉਪਰੋਕਤ ਕਿਸਮ ਦੇ ਵਿਦਵਾਨ ਵਰਗ ਤੋਂ ਇਕ ਵਖਰੀ ਪ੍ਰਕਾਰ ਦਾ ਸਮੀਖਿਅਕ ਹੈ ਅਤੇ ਇਸਦੀ ਸਮੀਖਿਆ ਦੀ ਵਿਲਖੱਣਤਾ ਇਸ ਗੱਲ ਵਿਚ ਹੈ ਕਿ ਇਹ ਆਪਣੀ ਕਾਵਿ-ਸ਼ਾਸਤ੍ਰੀ ਦ੍ਰਿਸ਼ਟੀ ਤੇ ਪ੍ਰਸਤਾਵੀ ਤਰਕ ਨੂੰ ਸਥਗਿਤ ਰੱਖ ਸਕਣ ਦੀ ਯੋਗਤਾ ਰਖਦਾ ਹੈ।

ਇਹ ਗੱਲ ਡਾ. ਜਗਬੀਰ ਸਿੰਘ ਦੀ ਹਥਲੀ ਪੁਸਤਕ ਵਿਚ ਬੜੇ ਉਘੜਵੇਂ ਅਰਥਾਂ ਵਿਚ ਰੂਪਮਾਨ ਹੁੰਦੀ ਹੈ। ਲਗ-ਭਗ ਸੋਲ੍ਹਾਂ ਨਿਬੰਧਾਂ ਦੀ ਇਹ ਪੁਸਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਗਲਪ ਦੀ ਸਮੀਖਿਆ ਵਿਆਖਿਆ ਪ੍ਰਸਤੁਤ ਕਰਦੀ ਹੈ। ਪੁਸਤਕ ਦਾ ਪਾਠ ਕਰਨ ਤੋਂ ਪਤਾ ਲਗਦਾ ਹੈ ਕਿ ਲੇਖਕ ਨੇ ਜਿਥੇ ਸਮੁੱਚੇ ਪੰਜਾਬੀ ਨਾਵਲ ਦਾ ਭਰਪੂਰ ਜਾਇਜ਼ਾ ਆਪਣੇ ਮੁਢਲੇ ਲੇਖ ਵਿਚ ਲਿਆ ਹੈ ਉਥੇ ਆਪਣੇ ਗਲਪੀ ਸਾਹਿਤ ਦੇ ਕਾਵਿ-ਸ਼ਾਸਤ੍ਰ ਨੂੰ ਪੁਸਤਕ ਦੇ ਅੰਤ ਉਪਰ ਦਿੱਤਾ ਹੈ। ਲਗ-ਭਗ ਡੇਢ ਸੌ ਸਫ਼ਿਆਂ ਦੀ ਪੁਸਤਕ ਦੇ ਸਾਰੇ ਪਾਠ ਵਿਚ ਆਪਣੇ ਗਲਪੀ ਮਾਪ ਦੰਡਾਂ ਨੂੰ ਪਿਠ ਭੂਮੀ ਵਿਚ ਰਖ ਸਕਣਾ ਤੇ ਉਹਨਾਂ ਨੂੰ ਇਕ ਯੋਜਨਾ ਦੇ ਤਹਿਤ ਲੰਮੇ ਸਮੇਂ ਤੀਕ ਮੁਲਤਵੀ ਕਰ ਸਕਣਾ ਇਕ ਯੋਗ ਸਮੀਖਿਆਕਾਰ ਦੀ ਪ੍ਰਾਪਤੀ ਹੈ।

ਵਿਦਿਆਰਥੀ ਵਰਗ ਦੀ ਦ੍ਰਿਸ਼ਟੀ ਤੋਂ ਪੁਸਤਕ ਦਾ ਪਾਠ ਕਰਨ ਤੋਂ ਪਤਾ ਚਲਦਾ ਹੈ ਕਿ ਵਿਦਵਾਨ ਲੇਖਕ ਨੇ ਸਮਕਾਲੀ ਪੰਜਾਬੀ ਨਾਵਲ ਦੀਆਂ ਦਿਸ਼ਾਵਾਂ ਤੇ ਸੰਭਾਵਨਾਵਾਂ ਨੂੰ ਬੜੇ ਭਰਪੂਰ ਤੇ ਗਹਿਰ ਗੰਭੀਰ ਰੂਪ ਵਿਚ ਪ੍ਰਸਤੁਤ ਕੀਤਾ ਹੈ। ਪੰਜਾਬੀ ਨਾਵਲ ਦੇ ਜਿਸ ਦ੍ਰਿਸ਼ ਨੂੰ ਲੇਖਕ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕਰਦਾ ਹੈ ਉਸਦਾ ਚਿਤਰਪੱਟ ਅਤਿਅੰਤ ਵਿਸ਼ਾਲ ਹੈ। ਭਾਈ ਵੀਰ ਸਿੰਘ ਤੋਂ ਲੈ ਕੇ ਪਾਕਿਸਤਾਨ ਦੇ ਫ਼ਖ਼ਰਜ਼ਮਾਨ ਤੇ ਮੁਤਨਸੱਰ-ਹੁਸੈਨ ਤਾਰੜ ਦੀ ਨਾਵਲ ਕਲਾ ਤੀਕ ਲੇਖਕ ਨੇ ਇਸ ਨੂੰ ਇਸ ਤਰ੍ਹਾਂ ਫੈਲਾਇਆ ਹੈ ਕਿ ਇਸ ਵਿਚ ਪਰਵਾਸੀ ਗਲਪਕਾਰਾਂ ਦੀ ਰਚਨਾ ਵੀ ਸ਼ਾਮਲ ਹੋ ਗਈ ਹੈ। ਏਨੇ ਵੱਡੇ ਚਿਤਰਪੱਟ ਨੂੰ ਵਿਦਵਾਨ ਨੇ ਅਤਿਅੰਤ ਸੰਜਸਸ਼ੀਲ ਪਰ ਨਿਰੰਤਰ ਤੁਰੀ ਜਾਂਦੀ ਵਿਆਖਿਆ-ਸਮੀਖਿਆ ਵਿਚ ਅਤਿਅੰਤ ਸਾਵਧਾਨੀ ਨਾਲ ਸਭਾਲ ਕੇ ਪੇਸ਼ ਕੀਤਾ ਹੈ।

ਇਸ ਤੋਂ ਬਿਨਾਂ ਲੇਖਕ ਨੇ ਬਿਰਤਾਂਤਕ ਗਲਪ ਦੇ ਕਾਵਿ-ਸ਼ਾਸਤਰ ਨੂੰ ਵੀ ਬੜੀ ਯੋਗਤਾ ਨਾਲ ਨਿਭਾਇਆ ਹੈ। ਪੁਸਤਕ ਦਾ ਅੰਤਲਾ ਲੇਖ, ਜਿਸ ਦਾ ਨਾਮ "ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ" ਹੈ, ਇਸ ਦੀ ਗਵਾਹੀ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਵਿਦਵਾਨ ਲੇਖਕ ਨੇ ਆਪਣੀ ਗਲਪੀ ਵਿਧੀ ਨੂੰ ਨਾਰਥਰੋਪਫਰਾਈ ਦੇ ਕਾਵਿ ਸ਼ਾਸਤਰ ਉਪਰ ਆਧਾਰਿਤ ਕਰ ਕੇ ਇਸ ਨੂੰ ਰੂਸੀ ਰੂਪਵਾਦੀਆਂ ਅਤੇ ਚਿਹਨ-ਵਿਗਿਆਨੀਆਂ ਦੀਆਂ ਧਾਰਨਾਵਾਂ ਵਿਚੋਂ ਲੰਘਾ ਕੇ ਸੰਰਚਨਾਵਾਦ ਤੋਂ ਪਾਰਲੇ ਦ੍ਰਿਸ਼ ਤੀਕ ਲੈ ਆਂਦਾ ਹੈ। ਇਸ ਵਿਚ ਵਿਦਵਾਨ ਨੇ ਵਿਸ਼ੇਸ਼ ਤੌਰ ਤੇ ਰੋਲਾਂਬਾਰਤ ਅਤੇ ਫਰੈਡਰਿਕ ਜੇਮਸਨ ਦੀਆਂ ਧਾਰਨਾਵਾਂ ਨੂੰ ਬੜੇ ਉਧਮ ਨਾਲ ਵਰਤਣ ਵਿਚ ਉਤਸ਼ਾਹ ਦਿਖਾਇਆ ਹੈ। ਪਰੰਤੂ ਸਾਰੀ ਪੁਸਤਕ ਦਾ ਪਾਠ ਕਰਦਿਆਂ ਜਿੱਥੇ ਜੇਮਸਨ ਦੇ ਪੋਲਿਟਿਕਲ ਅਨਕੌਂਸ਼ਸ ਅਤੇ ਗਲਪ ਰਚਨਾ ਨੂੰ ਪਰਤੀਕਾਤਮਕ ਸਮਾਜਕ ਕਾਰਜ ਵਜੋਂ ਗ੍ਰਹਿਣ ਕਰਨ ਦੀਆਂ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ ਉੱਥੇ ਲੇਖਕ ਦਾ ਆਪਣਾ ਸਮੀਖਿਆਤਮਕ ਅਵਚੇਤਨ ਵੀ ਦ੍ਰਿਸ਼ਟੀ ਗੋਚਰ ਹੁੰਦਾ ਹੈ। ਇਹ ਸਮੀਖਿਆਤਮਕ ਅਵਚੇਤਨ ਯਥਾਰਥ ਗਲਪ ਦੇ ਪੈਰਾਡਾਈਮ ਉੱਪਰ ਆਧਾਰਤ ਹੈ। ਇਸ ਆਧਾਰ ਤੇ ਲੇਖਕ ਨੇ ਨਾਵਲਕਾਰਾਂ, ਕਹਾਣੀਕਾਰਾਂ, ਇਸਤ੍ਰੀ ਲੇਖਕਾਵਾਂ ਆਦਿ ਦੀਆਂ ਰਚਨਾਵਾਂ ਨੂੰ ਅਰਸਤੂ ਦੇ ਅਨੁਕਰਣ ਸਿਧਾਂਤ ਨਾਲ ਹੀ ਸਮਝਣ ਦੀ ਚੇਸ਼ਟਾ ਕੀਤੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਦੀ ਇਕ ਹੋਰ ਵਿਸ਼ੇਸ਼ਤਾ ਸੰਜਮ ਤੋਂ ਰਤਾ ਕੁ ਤਿਲਕਣ ਦੀ ਹੈ। ਪੁਸਤਕ ਵਿਚ ਕੁਝ ਐਸੀਆਂ ਰਚਨਾਵਾਂ ਨੂੰ ਵੀ ਗਹਿਰ-ਗੰਭੀਰ ਅਲੋਚਨਾ ਦਾ ਵਿਸ਼ੈ ਬਣਾਣ ਦੀ ਚੇਸ਼ਟਾ ਹੈ ਜਿਹਨਾਂ ਨੂੰ ਇਸ ਪਦ ਉੱਪਰ ਬਿਰਾਜਮਾਨ ਕਰਨ ਲਈ ਛਟਿਆ-ਛੰਡਿਆ ਜਾਣਾ ਬਹੁਤ ਜ਼ਰੂਰੀ ਹੈ।

ਕੁਝ ਵੀ ਹੈ, ਸਮੁੱਚੇ ਪੰਜਾਬੀ ਗਲਪ ਨੂੰ ਆਪਣੇ ਕਲਾਵੇ ਵਿਚ ਸਮੇਟਣ ਵਾਲੀ ਡਾ. ਜਗਬੀਰ ਸਿੰਘ ਦੀ ਇਹ ਪੁਸਤਕ ਨਿਸ਼ਚੇ ਹੀ ਇਕ ਹਸਤਾਖਰ ਹੈ। ਅਤੇ ਮੈਂ ਉਮੀਦ ਕਰਦਾ ਹਾਂ ਕਿ ਸਮੀਖਿਆ ਦੇ ਚਾਹਵਾਨ ਪੁਸਤਕ ਪ੍ਰਤੀ ਗੰਭੀਰ ਹੁੰਗਾਰਾ ਦੇਣਗੇ। ਇਸ ਪੁਸਤਕ ਦੇ ਮੁੱਖ-ਸ਼ਬਦ ਵਜੋਂ ਕੁਝ ਲਿਖ ਕੇ ਮੈਨੂੰ ਬਹੁਤ ਪ੍ਰਸੰਨਤਾ ਹੋਈ ਹੈ ਅਤੇ ਆਸ ਕਰਦਾ ਹਾਂ ਕਿ ਅਗਲੇਰੇ ਭਵਿੱਖ ਵਿਚ ਜਗਬੀਰ ਸਿੰਘ ਦੀ ਸਮੀਖਿਆ-ਜਿਗਿਆਸ ਹੋਰ ਚਮਕੇਗੀ।

18 ਮਈ, 1992

ਪ੍ਰੋਫੈਸਰ ਤਰਲੋਕ ਸਿੰਘ ਕੰਵਰ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਕਾਲੀ ਪੰਜਾਬੀ ਨਾਵਲ : ਦਿਸ਼ਾ ਤੇ ਸੰਭਾਵਨਾਵਾਂ

ਸੰਸਾਰ-ਸਾਹਿਤ ਵਿਚ ਨਾਵਲ ਦਾ ਵਿਕਾਸ ਪਹਿਲੋਂ ਪਹਿਲ ਪੱਛਮ ਵਿਚ ਉਦਿਯੋਗਿਕ ਕ੍ਰਾਂਤੀ ਅਤੇ ਸਰਮਾਇਦਾਰੀ ਅਰਥ-ਵਿਵਸਥਾ ਦੇ ਸਥਾਪਿਤ ਹੋਣ ਨਾਲ ਹੋਇਆ। ਇਹ ਆਧੁਨਿਕ ਗਲਪ ਦਾ ਪ੍ਰਧਾਨ ਰੂਪਕਾਰ ਹੈ, ਜਿਸ ਦੀ ਸਿਰਜਨਾਤਕ ਵਿਲੱਖਣਤਾ ਦਾ ਮੂਲ ਆਧਾਰ ਇਕ ਵਿਸ਼ੇਸ਼ ਪ੍ਰਕਾਰ ਦੀ ਯਥਾਰਥਵਾਦੀ ਦ੍ਰਿਸ਼ਟੀ ਹੈ। ਵਸਤੂ-ਜਗਤ ਅਤੇ ਮਨੁਖੀ ਸਮਾਜ ਦੇ ਪ੍ਰਤੱਖਣ ਅਤੇ ਪ੍ਰਗਟਾਵੇ ਹਿਤ ਅਪਣਾਈ ਗਈ ਇਹ ਯਥਾਰਥਵਾਦੀ ਦ੍ਰਿਸ਼ਟੀ ਨਾਵਲੀ ਰਚਨਾ ਦੇ ਗਲਪ-ਬਿਰਤਾਂਤਕ ਸੰਗਠਨ ਦੀ ਉਸਾਰੀ ਲਈ ਕਾਰਜਸ਼ੀਲ ਹੁੰਦੀ ਹੈ। ਇਕ ਗਲਪ-ਰਚਨਾ ਹੋਣ ਦੇ ਨਾਤੇ ਨਾਵਲ ਨੂੰ ਗਲਪ-ਵਿਧੀ (fictional mode) ਦੇ ਆਧਾਰ ਤੇ ਸਹਿਜੇ ਹੀ ਨਿਖੇੜਿਆ ਜਾ ਸਕਦਾ ਹੈ। ਨਾਵਲ ਦੀ ਗਲਪ-ਵਿਧੀ ਪ੍ਰਮੁੱਖ ਰੂਪ ਵਿਚ ਅਨੁਕਰਣਾਤਮਕ ਹੈ ਜੋ ਪੂਰਬ-ਪ੍ਰਚੱਲਤ ਪੁਰਾਣ-ਕਥਾ ਜਾਂ ਰੁਮਾਂਸ-ਕਥਾ ਦੀ ਗਲਪ-ਵਿਧੀ ਨਾਲੋਂ ਮੌਲਿਕ ਤੌਰ ਤੇ ਭਿੰਨ ਹੋ ਨਿਬੜਦੀ ਹੈ। ਇਹੀ ਕਾਰਣ ਹੈ ਕਿ ਨਾਵਲ ਵਿਚ ਨਾ ਤਾਂ ਪੁਰਾਣ-ਕਥਾ ਵਾਂਗ ਕਿਸੇ ਪਰਾ-ਮਨੁਖੀ ਹੋਂਦ ਦੀ ਅਲੌਕਿਕ ਕਥਾ ਸੁਣਾਈ ਜਾਂਦੀ ਹੈ ਅਤੇ ਨਾ ਹੀ ਰੁਮਾਂਸ-ਕਥਾ ਵਾਂਗ ਕਿਸੇ ਚਮਤਕਾਰੀ ਪ੍ਰਤਿਭਾ ਵਾਲੇ ਨਾਇਕ ਦੀ ਆਦਰਸ਼-ਪ੍ਰੇਰਿਤ ਕਥਾ ਦਾ ਵਿਧਾਨ ਪੇਸ਼ ਕੀਤਾ ਜਾਂਦਾ ਹੈ, ਸਗੋਂ ਇਹ ਤਾਂ ਸਾਧਾਰਣ ਮਨੁੱਖਾਂ ਨੂੰ ਸਾਮਾਜਿਕ ਸੰਸਥਾਵਾਂ, ਰਿਸ਼ਤੇ ਨਾਤਿਆਂ ਅਤੇ ਕਦਰਾਂ ਕੀਮਤਾਂ ਦੇ ਯਥਾਰਥਕ ਮਾਹੌਲ ਵਿਚ ਰੱਖ ਕੇ ਪ੍ਰਸਤੁਤ ਕਰਨ ਦੀ ਚੇਸ਼ਟਾ ਕਰਦਾ ਹੈ।

ਪੰਜਾਬੀ ਵਿਚ ਨਾਵਲਕਾਰੀ ਦਾ ਆਰੰਭ ਪੱਛਮੀ ਸਾਹਿਤ-ਸਭਿਆਚਾਰ ਦੇ ਪ੍ਰਭਾਵ-ਅਧੀਨ ਹੀ ਹੋਇਆ ਹੈ। ਆਪਣੇ ਹੁਣ ਤਕ ਦੇ ਤਕਰੀਬਨ ਇਕ ਸਦੀ ਦੇ ਇਤਿਹਾਸਕ ਸਫ਼ਰ ਵਿਚ ਪੰਜਾਬੀ ਨਾਵਲ ਵਿਕਾਸ ਦੇ ਕਈ ਮਹੱਤਵਪੂਰਣ ਪੜਾਵਾਂ ਥਾਣੀਂ ਲੰਘਿਆ ਹੈ। ਇਸ ਨੂੰ ਵਿਕਸਿਤ ਅਤੇ ਪ੍ਰਫੁੱਲਤ ਕਰਨ ਲਈ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ ਅਤੇ ਗੁਰਦਿਆਲ ਸਿੰਘ ਵਰਗੇ ਪ੍ਰਤਿਭਾਵਾਨ ਲੇਖਕਾਂ ਨੇ ਭਰਪੂਰ ਯੋਗਦਾਨ ਦਿੱਤਾ ਹੈ। ਇਹਨਾਂ ਨਾਵਲਕਾਰਾਂ ਦੇ ਸਿਰਜਨਾਤਮਕ ਉਪਰਾਲੇ ਰਾਹੀਂ ਹੀ ਪੰਜਾਬੀ ਨਾਵਲ ਪ੍ਰਮਾਣਿਕਤਾ ਅਤੇ ਪ੍ਰੌਢਤਾ ਦਾ ਚਰਚਾਣੋਗ ਮਿਆਰ ਸਥਾਪਿਤ ਕਰਨ ਵਿਚ ਸਫਲ ਹੋਇਆ ਹੈ। ਪਰ ਸਮਕਾਲੀ ਪੰਜਾਬੀ ਨਾਵਲ ਦੀ ਸਥਿਤੀ ਕੀ ਹੈ ? ਇਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਸ਼ਾ ਕਿਧਰ ਨੂੰ ਸੰਕੇਤ ਕਰਦੀ ਹੈ ? ਅਤੇ ਇਸ ਦੀਆਂ ਸਿਰਜਨਾਤਮਕ ਸੰਭਾਵਨਾਵਾਂ ਕੀ ਹਨ ? ਇਹਨਾਂ ਪ੍ਰਸ਼ਨਾਂ ਦਾ ਭਰੋਸੇਯੋਗ ਉੱਤਰ ਤਲਾਸ਼ ਕਰਨ ਲਈ ਸਾਨੂੰ ਪਿਛਲੇ ਇਕ ਦਹਾਕੇ ਦੀ ਨਾਵਲੀ ਗਤੀ-ਵਿਧੀ ਦਾ ਲੇਖਾ ਜੋਖਾ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ।

ਇਸ ਪਿਛਲੇ ਇਕ ਦਹਾਕੇ ਦੌਰਾਨ ਪੁਰਾਣੀ ਅਤੇ ਨਵੀਂ ਪੀੜ੍ਹੀ ਦੇ ਪੰਜਾਬੀ ਨਾਵਲਕਾਰਾਂ ਦੀਆਂ ਕਈ ਮਹੱਤਵਯੋਗ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ । ਇਹਨਾ ਰਚਨਾਵਾਂ ਦੇ ਸਰਸਰੀ ਜਿਹੇ ਸਰਵੇਖਣ ਤੋਂ ਹੀ ਇਕ ਗੱਲ ਤਾਂ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਸਮਕਾਲੀ ਪੰਜਾਬੀ ਨਾਵਲ ਆਪਣੀ ਸਿਰਜਨਾਤਮਕ ਸਮਰੱਥਾ ਦਾ ਤਿੱਖਾ ਅਹਿਸਾਸ ਕਰਾਉਣ ਦੇ ਆਹਰ ਵਿਚ ਜੁਟਿਆ ਹੋਇਆ ਹੈ । ਸਮਕਾਲੀ ਸਮਾਜਿਕ ਯਥਾਰਥ ਦੇ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਪਸਾਰਾਂ ਨੂੰ ਪੰਜਾਬੀ ਦੇ ਇਹਨਾਂ ਗਿਣੇ ਚੁਣੇ ਨਾਵਲਕਾਰਾਂ ਨੇ ਆਪੋ ਆਪਣੀ ਨਾਵਲੀ ਯੋਗਤਾ ਅਨੁਸਾਰ ਗਲਪੀ ਬਿਰਤਾਂਤ ਦੇ ਸੰਗਠਨ ਵਿਚ ਢਾਲਣ ਦਾ ਉਪਰਾਲਾ ਕੀਤਾ ਹੈ । ਨਾਵਲੀ ਰੂਪਕਾਰ ਦੀਆਂ ਵਿਸ਼ੈ-ਵਸਤੂ ਅਤੇ ਰੂਪਗਤ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰਖ ਕੇ ਜਦੋਂ ਅਸੀਂ ਇਸ ਵਿਚਾਰ-ਅਧੀਨ ਦਹਾਕੇ ਦੀਆਂ ਪ੍ਰਮੁੱਖ ਨਾਵਲੀ ਲਿਖਤਾਂ ਦਾ ਅਧਿਐਨ-ਵਿਸ਼ਲੇਸ਼ਣ ਕਰਦੇ ਹਾਂ ਤਾਂ ਸਮਕਾਲੀ ਪੰਜਾਬੀ ਨਾਵਲ ਦੀ ਸਥਿਤੀ ਦੇ ਪ੍ਰਸੰਗ ਵਿਚ ਉਪਰੋਕਤ ਪ੍ਰਸ਼ਨਾਂ ਦਾ ਉੱਤਰ ਸਹਿਜੇ ਹੀ ਮਿਲ ਜਾਂਦਾ ਹੈ ।

ਸਮਕਾਲੀ ਪੰਜਾਬੀ ਨਾਵਲ ਨੂੰ ਸਿਰਜਣਾ ਦੇ ਨਵੇਂ ਪ੍ਰਤਿਮਾਨ ਦੇਣ ਵਿਚ ਗੁਰਦਿਆਲ ਸਿੰਘ ਦਾ ਯੋਗਦਾਨ ਸਭ ਤੋਂ ਵਧੇਰੇ ਉਘੜਵਾਂ ਹੈ । ਸੱਚ ਤਾਂ ਇਹ ਹੈ ਕਿ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਗੁਰਦਿਆਲ ਸਿੰਘ ਇਕ ਨਵਾਂ ਮੀਲ ਪੱਥਰ ਬਣ ਕੇ ਉਭਰਿਆ ਅਤੇ ਉਸ ਨੇ 'ਮੜ੍ਹੀ ਦਾ ਦੀਵਾ', 'ਅਣਹੋਏ', 'ਕੁਵੇਲਾ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਵਰਗੇ ਵਿਲੱਖਣ ਭਾਂਤ ਦੇ ਨਾਵਲ ਰਚ ਕੇ ਪੂਰਬ-ਪ੍ਰਚਣਤ ਨਾਵਲੀ ਪਰੰਪਰਾ ਨਾਲੋਂ ਤਿੱਖਾ ਨਿਖੇੜ ਪੈਦਾ ਕਰਨ ਦਾ ਜਤਨ ਕੀਤਾ । ਸਮਾਜਿਕ ਸਭਿਆਚਾਰ ਯਥਾਰਥ ਦੇ ਕਈ ਲੁਕਵੇਂ ਅਤੇ ਅਣਗੌਲੇ ਪਸਾਰਾਂ ਨੂੰ ਗਲਪ ਦੇ ਮਾਧਿਅਮ ਰਾਹੀਂ ਉਘਾੜਨ ਦਾ ਉਪਰਾਲਾ ਕਰਨ ਦੇ ਨਾਲ-ਨਾਲ ਉਸ ਨੇ ਆਂਚਲਿਕ ਉਪ-ਭਾਸ਼ਾ ਅਤੇ ਉਪ-ਸਭਿਆਚਾਰ ਦੀ ਵਾਸਤਵਿਕਤਾ ਨੂੰ ਵੀ ਬੜੀ ਬਾਰੀਕੀ ਅਤੇ ਸੂਖਮਤਾ ਨਾਲ ਉਜਾਗਰ ਕਰਨ ਦੀ ਚੇਸ਼ਟਾ ਕੀਤੀ । ਇਸੇ ਲਈ ਗੁਰਦਿਆਲ ਸਿੰਘ ਨੂੰ ਪੰਜਾਬੀ ਦਾ ਪ੍ਰਥਮ ਪ੍ਰਮਾਣਿਕਤਾ ਆਂਚਲਿਕ ਨਾਵਲਕਾਰ ਵੀ ਆਖਿਆ ਜਾਂਦਾ ਹੈ । ਇਸ ਤੋਂ ਇਲਾਵਾ ਉਸ ਨੇ ਆਰਥਿਕ ਦ੍ਰਿਸ਼ਟੀ ਤੋਂ ਥੁੜੇ-ਟੁਟੇ ਹੋਏ ਅਤੇ ਸਮਾਜਿਕ ਅਨਿਆਂ ਭੋਗਦੇ ਹੋਏ ਮਨੁਖਾਂ ਅਤੇ ਵਰਗਾਂ ਦੀ ਤ੍ਰਾਸਦ-ਸਥਿਤੀ ਵਿਚ ਝਾਕਣ ਦਾ ਉਪਰਾਲਾ ਕੀਤਾ ਜਿਸ ਨੇ ਉਸ ਦੀ ਗਲਪਕਾਰੀ ਨੂੰ ਪਛਾਨਣਯੋਗ ਚਰਿਤ੍ਰ ਪ੍ਰਦਾਨ ਕੀਤਾ । ਪਿਛਲੇ ਦਹਾਕੇ ਵਿਚ ਲਿਖੇ ਗਏ ਪੰਜਾਬੀ ਨਾਵਲਾਂ ਵਿਚ ਗੁਰਦਿਆਲ ਸਿੰਘ ਦੁਆਰਾ ਸਥਾਪਿਤ ਕੀਤੇ ਗਏ ਗਲਪੀ ਪ੍ਰਤਿਮਾਨਾਂ ਦਾ ਅਨੁਸਰਣ ਸਪੱਸ਼ਟ ਤੌਰ ਤੇ ਦਿਖਾਈ ਦਿੰਦਾ ਹੈ । ਵਿਸ਼ੇਸ਼ ਤੌਰ ਤੇ ਆਂਚਲਿਕ ਨਾਵਲ ਦੀ ਵਿਧੀ ਨੂੰ ਆਧਾਰ ਬਣਾ ਕੇ ਰਚੇ ਗਏ ਨਵੇਂ ਪੰਜਾਬੀ ਨਾਵਲ ਇਸੇ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ । ਮਿਸਾਲ ਵਜੋਂ ਚੰਦਨ ਨੇਗੀ ਦਾ ਨਾਵਲ 'ਜਲ ਬਿਨ ਕੁੰਭ', ਸੋਹਣ ਸਿੰਘ ਹੰਸ ਦਾ ਨਾਵਲ

CC-0. In Public Domain. Gurukul Kangri Collection, Haridwar

'ਕਾਰੇ ਹਥੀਂ', ਜਸਬੀਰ ਮੰਡ ਦਾ ਨਾਵਲ 'ਔੜ ਦੇ ਬੀਜ', ਕਰਮਜੀਤ ਕੁੱਸਾ ਦਾ ਨਾਵਲ 'ਅੱਗ ਦਾ ਗੀਤ' ਅਤੇ ਪ੍ਰੇਮ ਗੋਰਖੀ ਦਾ ਨਾਵਲ 'ਵਣ ਵੇਲਾ' ਦੇਖੇ ਜਾ ਸਕਦੇ ਹਨ। ਇਹਨਾਂ ਨਾਵਲਾਂ ਵਿਚ ਪੰਜਾਬ ਦੇ ਭਿੰਨ-ਭਿੰਨ ਉਪ-ਭਾਸ਼ਾਈ ਅਤੇ ਉਪ-ਸਭਿਆਰਕ ਖੇਤਰਾਂ ਨੂੰ ਗਲਪ-ਸਿਰਜਣ ਦਾ ਆਧਾਰ ਬਣਾਇਆ ਗਿਆ ਹੈ। ਜੇ 'ਜਲ ਬਿਨ ਕੁੰਭ' ਨਾਵਲ ਜੰਮੂ ਖੇਤਰ ਦੀ ਆਂਚਲਿਕਤਾ ਨਾਲ ਸੰਬੰਧਿਤ ਹੈ ਤਾਂ 'ਕਾਰੇ ਹਥੀਂ' ਅਤੇ 'ਔੜ ਦੇ ਬੀਜ' ਪੁਆਧੀ ਉਪ-ਭਾਸ਼ਾ ਦੇ ਆਂਚਲਿਕ ਚਰਿਤ੍ਰ ਨੂੰ ਗਲਪਕਾਰੀ ਦਾ ਮਾਧਿਅਮ ਬਣਾਉਣ ਵਲ ਰੁਚਿਤ ਹਨ। ਇਸੇ ਤਰ੍ਹਾਂ ਹੀ 'ਅੱਗ ਦਾ ਗੀਤ' ਮਲਵਈ ਅਤੇ 'ਵਣਵੇਲਾ' ਦੁਆਬੀ ਉਪ-ਭਾਸ਼ਾ ਨੂੰ ਸਮਰਪਿਤ ਹਨ। ਇਉਂ ਸਮਕਾਲੀ ਪੰਜਾਬੀ ਨਾਵਲ ਵਿਚ ਆਂਚਲਿਕ ਨਾਵਲ ਦੀ ਰਚਨਾ-ਵਿਧੀ ਦਾ ਭਰਪੂਰ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ।

ਪੰਜਾਬੀ ਦੇ ਇਹਨਾਂ ਆਂਚਲਿਕ ਨਾਵਲਾਂ ਵਿਚ ਪੰਜਾਬ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਵਿਚ ਰਹਿੰਦੇ ਲੋਕਾਂ ਦੀ ਸਾਮਾਜਿਕ ਸਭਿਆਚਾਰਕ ਸਥਿਤੀ ਨੂੰ ਉਥੋਂ ਦੀ ਲੋਕਧਾਰਾਈ ਵਿਰਾਸਤ ਨਾਲ ਮਿਲਾ ਕੇ ਪ੍ਰਸਤੁਤ ਕਰਨ ਦੀ ਚੇਸ਼ਟਾ ਕੀਤੀ ਗਈ ਹੈ। ਇਹਨਾਂ ਭਿੰਨ-ਭਿੰਨ ਉਪ-ਭਾਸ਼ਾਈ ਅਤੇ ਉਪ-ਸਭਿਆਚਾਰਕ ਆਂਚਲਾਂ ਵਿਚ ਜਿਥੇ ਪੰਜਾਬੀਅਤ ਦੀ ਸਰਬ-ਸਾਂਝੀ ਰੂਹ ਵਸਦੀ ਹੈ ਉਥੇ ਇਲਾਕਾਈ ਵਖਰੇਵੇਂ ਕਾਰਣ ਉਪਜੀ ਵਿਗਸੀ ਲੋਕਧਾਰਾਈ ਵੰਨਸੁਵੰਨਤਾ ਵੀ ਮਹੱਤਵਯੋਗ ਹੈ। ਇਹੀ ਕਾਰਣ ਹੈ ਕਿ ਪੰਜਾਬੀ ਦੇ ਇਹਨਾਂ ਆਂਚਲਿਕ ਨਾਵਲਾਂ ਨੇ ਧਰਤੀ ਦੇ ਨੇੜੇ ਰਹਿ ਕੇ ਲੋਕਜੀਵਨ ਦੀ ਪ੍ਰਮਾਣਿਕ ਝਾਕੀ ਉਸਾਰਨ ਦਾ ਗਲਪੀ ਉਪਰਾਲਾ ਕੀਤਾ ਹੈ। ਸਮਕਾਲੀ ਪੰਜਾਬੀ ਨਾਵਲ ਦੀ ਇਹ ਪ੍ਰਵਿਰਤੀਆਂ ਗਲਪ-ਸਿਰਜਨ ਦੀਆਂ ਅਥਾਹ ਸੰਭਾਵਨਾਵਾਂ ਨਾਲ ਭਰਪੂਰ ਹੈ। ਇਸ ਵਿਧੀ ਦੇ ਅੰਤਰਗਤ ਲਿਖੇ ਗਏ ਨਾਵਲ ਪੰਜਾਬੀ ਗਲਪ ਨੂੰ ਆਪਣੀ ਧਰਤੀ ਅਤੇ ਆਪਣੇ ਲੋਕਾਂ ਦੇ ਅਤਿਅੰਤ ਨੇੜੇ ਲੈ ਜਾਂਦੇ ਹਨ ਜੋ ਨਾਵਲੀ ਰੂਪਾਕਾਰ ਦੀ ਮੌਲਿਕ ਵਿਸ਼ੇਸ਼ਤਾ ਹੈ। ਜਿਥੋਂ ਤਕ ਇਹਨਾਂ ਆਂਚਲਿਕ ਪੰਜਾਬੀ ਨਾਵਲਾਂ ਦੀ ਸਾਹਿਤਕ ਪ੍ਰਾਪਤੀ ਦਾ ਸੰਬੰਧ ਹੈ। ਇਹ ਗੱਲ ਤਾਂ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਇਹਨਾਂ ਵਿਚ ਗੁਰਦਿਆਲ ਸਿੰਘ ਦੇ ਪਾਏ ਪੂਰਨਿਆਂ ਤੇ ਹੀ ਤੁਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਵਿਲੱਖਣ ਭਾਂਤ ਦੀ ਨਾਵਲੀ ਵਿਧੀ ਨੂੰ ਅਜੇ ਭਰਪੂਰ ਸਫਲਤਾ ਨਾਲ ਵਰਤਣ ਵਾਲੇ ਹੋਰ ਸਮਰਥ ਨਾਵਲਕਾਰਾਂ ਦੀ ਤਲਾਸ਼ ਹੈ।

ਨਾਵਲਕਾਰੀ ਦੇ ਦ੍ਰਿਸ਼ਟੀਕੋਣ ਤੋਂ ਪਿਛਲੇ ਦਹਾਕੇ ਦੀ ਇਕ ਵਿਸ਼ੇਸ਼ਤਾਂ ਇਹ ਵੀ ਹੈ ਕਿ ਪੰਜਾਬੀ ਦੇ ਕਈ ਕਹਾਣੀਕਾਰ ਵੀ ਨਾਵਲ ਵਲ ਰੁਚਿਤ ਹੋਏ ਹਨ। ਮਿਸਾਲ ਵਜੋਂ ਰਾਮਸਰੂਪ ਅਣਖੀ, ਗੁਰਦੇਵ ਰੁਪਾਣਾ, ਕੇਵਲ ਸੂਦ, ਪ੍ਰੇਮ ਗੋਰਖੀ, ਨਛੱਤਰ, ਜੁਗਿੰਦਰ ਕੈਰੋਂ, ਇਕਬਾਲਦੀਪ ਅਤੇ ਕੇ. ਐਲ. ਗਰਗ। ਇਹ ਨਾਵਲੀ ਰੂਪਾਕਾਰ ਦੀ ਦਿਨੋ-ਦਿਨ ਵਧ ਰਹੀ ਮਕਬੂਲੀਅਤ ਦਾ ਪ੍ਰਮਾਣ ਹੈ। ਇਹਨਾਂ ਲੇਖਕਾਂ ਨੇ ਨਿੱਕੀ ਕਹਾਣੀ ਦੀ ਲਘੂ-ਆਕਾਰੀ ਗਲਪ-ਸਿਰਜਣਾ ਦੇ ਅਭਿਆਸ ਨੂੰ ਜਾਰੀ ਰਖਦਿਆਂ ਕਈ ਮਹੱਤਵਯੋਗ ਨਾਵਲੀ ਰਚਨਾਵਾਂ ਸਿਰਜੀਆਂ ਹਨ। ਇਥੇ ਵਿਸ਼ੇਸ਼ ਤੌਰ ਤੇ ਵਰਨਣਯੋਗ ਨਾਮ ਰਾਮਸਰੂਪ ਅਣਖੀ ਅਤੇ ਗੁਰਦੇਵ ਸਿੰਘ ਰੁਪਾਣਾ ਦੇ ਹਨ। ਅਣਖੀ ਨੇ ਮਹਾਕਾਵਿਕ ਵਿਸਤਾਰ ਵਾਲਾ ਨਾਵਲ 'ਕੋਠੇ ਖੜਕ ਸਿੰਘ' ਲਿਖ ਕੇ ਪੰਜਾਬੀ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar
"Forwarded with ... compliments from the Department of Education Government of India"

Digitized by Arya Samaj Foundation Chennai and eGangotri

ਨਾਵਲਕਾਰੀ ਦੇ ਖੇਤਰ ਨੂੰ ਸਮ੍ਰਿਧ ਕੀਤਾ ਹੈ। ਇਹ ਨਵਲ ਕਈ ਪੀੜ੍ਹੀਆਂ ਦੇ ਜੀਵਨ-ਅਨੁਭਵ ਨੂੰ ਆਪਣੇ ਗਲਪੀ-ਸੰਸਾਰ ਵਿਚ ਸਮੇਟਦਾ ਹੋਇਆ ਤਕਰੀਬਨ ਅੱਧੀ ਸਦੀ ਦੇ ਆਰਥਕ ਰਾਜਨੀਤਕ ਇਤਿਹਾਸ ਦੀ ਵਾਸਵਿਕਤਾ ਵਿਚ ਝਾਕਣ ਦਾ ਉਪਰਾਲਾ ਕਰਦਾ ਹੈ। ਮਾਲਵੇ ਦੇ ਪੇਂਡੂ ਜੀਵਨ ਦੀ ਬਦਲਦੀ ਹੋਈ ਸਾਮਾਜਿਕ ਆਰਥਕ ਬਣਤਰ ਉੱਪਰ ਉਸਰੇ ਹੋਏ ਵਿਚਾਰਧਾਰਾਈ ਉਸਾਰ ਨੂੰ ਸਜੀਵਤਾ ਨਾਲ ਸਾਕਾਰ ਕਰਨ ਵਾਲਾ ਇਹ ਨਾਵਲ ਨਿਸਚੇ ਹੀ ਸਮਕਾਲੀ ਗਲਪ ਖੇਤਰ ਦੀ ਮੁੱਲਵਾਨ ਪ੍ਰਾਪਤੀ ਹੋ ਨਿਬੜਿਆ ਹੈ। ਗੁਰਦੇਵ ਸਿੰਘ ਰੁਪਾਣਾ ਨੇ ਵੀ ਆਪਣੀ ਗਲਪ-ਸਿਰਜਣ ਯੋਗਤਾ ਦਾ ਪ੍ਰਗਟਾਵਾ 'ਗੋਰੀ' ਅਤੇ ਜਲ ਦੇਵ' ਨਾਵਲਾਂ ਦੀ ਰਚਨਾ ਰਾਹੀਂ ਕੀਤਾ ਹੈ। ਇਹ ਦੋਵੇਂ ਨਾਵਲ ਵੀ ਪੇਂਡੂ ਜੀਵਨ ਦੇ ਸਾਮਾਜਿਕ ਸਭਿਆਚਾਰਕ ਯਥਾਰਥ ਦਾ ਗਲਪੀਕਰਣ ਕਰਦੇ ਹਨ। ਨਿੱਕੀ ਕਹਾਣੀ ਦੇ ਖੇਤਰ ਵਿਚ ਚਰਚਾਯੋਗ ਸਥਾਨ ਬਣਾਉਣ ਵਾਲੇ ਇਸ ਲੇਖਕ ਨੇ ਨਾਵਲ ਦੇ ਖੇਤਰ ਵਿਚ ਵੀ ਆਪਣੀ ਸਿਰਜਨਾਤਮਕ ਸਮਰੱਥਾ ਦਾ ਭਰੋਸੇਯੋਗ ਪ੍ਰਮਾਣ ਪੇਸ਼ ਕਰ ਦਿਤਾ ਹੈ। ਉਸ ਦੇ ਇਹ ਦੋਵੇਂ ਨਾਵਲ ਸਮਕਾਲੀ ਸਾਮਾਜਿਕ ਯਥਾਰਥ ਦਾ ਸੂਖਮ ਵਿਸ਼ਲੇਸ਼ਣ ਕਰਨ ਵਲ ਰੁਚਿਤ ਦਿਖਾਈ ਦਿੰਦੇ ਹਨ। ਜੇ 'ਗੋਰੀ' ਨਾਵਲ ਇਸਤਰੀ ਪੁਰਖ ਸੰਬੰਧਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਸਨੂਈ ਵਿਚਾਰਾਂ ਅਤੇ ਵਿਸ਼ਵਾਸਾਂ ਦੀ ਪੁਣਛਾਣ ਕਰਦਾ ਹੈ ਤਾਂ 'ਜਲ ਦੇਵ' ਨਾਵਲ ਵਹਿਮ ਭਰਮ ਅਤੇ ਅੰਧ-ਵਿਸ਼ਵਾਸ ਵਿਚੋਂ ਉਪਜਣ ਵਾਲੀ ਮਿਥਕ ਪ੍ਰਵਿਰਤੀ ਦੇ ਅੰਤਰੀਵ ਵਿਚ ਝਾਕਣ ਦਾ ਉਪਰਾਲਾ ਕਰਦਾ ਹੈ। ਜੱਸੇ ਵਰਗਾ ਇਕ ਅਣਵਿਕਸਿਤ ਦਿਮਾਗ ਵਾਲਾ ਸਿੱਧਰਾ ਜਿਹਾ ਨੌਜਵਾਨ ਕਿਵੇਂ ਸੰਤ ਬਾਬਾ ਜਸਕਰਣ ਬਣ ਜਾਂਦਾ ਹੈ। ਇਹ ਲੋਕਮਨ ਦੀ ਮਿਥ-ਸਿਰਜਣਾ ਦਾ ਚਮਤਕਾਰ ਵੀ ਹੈ ਅਤੇ ਸਵਾਰਥੀ ਵਿਅਕਤੀਆਂ ਦੀ ਗਿਣੀ ਮਿਥੀ ਸਾਜ਼ਿਸ਼ ਦਾ ਸਿੱਟਾ ਵੀ। 'ਜਲ ਦੇਵ' ਨਾਵਲ ਮਿਥ-ਸਿਰਜਣ ਦੀ ਕਾਰਜਸ਼ੀਲਤਾ ਨੂੰ ਵਿਅੰਗ ਅਤੇ ਕਟਾਖਸ਼ ਨਾਲ ਭਰ ਕੇ ਪੇਸ਼ ਕਰਦਾ ਹੈ ਜੋ ਅੰਤਿਮ ਅਰਥਾਂ ਵਿਚ ਮਿੱਥ ਨੂੰ ਵਿਸਫੋਟਿਤ ਕਰਨ ਦਾ ਵਸੀਲਾ ਹੋ ਨਿਬੜਦਾ ਹੈ। ਇਉਂ ਇਹ ਨਾਵਲ ਆਪਣਾ ਵਿਲੱਖਣ ਗਲਪੀ ਮਹੱਤਵ ਉਜਾਗਰ ਕਰਦਾ ਦਿਖਾਈ ਦਿੰਦਾ ਹੈ।

ਮਿੱਥ, ਦੰਤ ਕਥਾ ਅਤੇ ਵਹਿਮ ਭਰਮ ਦੇ ਲੋਕਧਾਰਾਈ ਮਾਹੌਲ ਨਾਲ ਸੰਬੰਧਿਤ ਇਕ ਹੋਰ ਮਹੱਤਵਪੂਰਣ ਪੰਜਾਬੀ ਨਾਵਲ ਹੈ 'ਨਾਦ-ਬਿੰਦ'। ਜੁਗਿੰਦਰ ਸਿੰਘ ਕੈਰੋਂ ਦਾ ਲਿਖਿਆ ਹੋਇਆ ਇਹ ਨਾਵਲ ਵੀ ਆਪਣੀ ਰਚਨਾ-ਬੁਣਤੀ ਅਤੇ ਗਲਪੀ ਵਿਧੀ ਦੀ ਵਿਲੱਖਣਤਾ ਕਾਰਣ ਮਹੱਤਵਯੋਗ ਹੈ। ਇਹ ਨਾਵਲ ਨਕਸਲੀ ਲਹਿਰ ਨੂੰ ਪਿਛੋਕੜ ਵਿਚ ਰਖਦਾ ਹੈ ਅਤੇ ਇਕ ਅਜਿਹੇ ਮੁਖ-ਪਾਤਰ ਦਾ ਬਿਰਤਾਂਤ ਸੁਣਾਉਂਦਾ ਹੈ ਜੋ ਪੁਲਿਸ ਦੇ ਤਸ਼ਦਦ ਤੋਂ ਬਚਦਾ ਹੋਇਆ ਸੰਜੋਗ ਵਸ਼ ਇਕ ਨਾਥਜੋਗੀ ਦੇ ਡੇਰੇ ਅਪੜ ਜਾਂਦਾ ਹੈ। ਹਿੰਸਾ, ਪ੍ਰਤਿਹਿੰਸਾ ਅਤੇ ਦਹਿਸ਼ਤ ਦੇ ਅਸਹਿ ਚੱਕਰ ਤੋਂ ਬਚਣ ਲਈ ਉਸ ਨੂੰ ਡੇਰੇ ਦਾ 'ਰੂਹਾਨੀ' ਵਾਯੂਮੰਡਲ ਆਕਰਸ਼ਿਤ ਕਰ ਲੈਂਦਾ ਹੈ ਅਤੇ ਉਹ ਸੱਚ ਅਤੇ ਸੰਘਰਸ਼ ਦੀ ਕਠੋਰ ਵਾਸਤਵਿਕਤਾ ਤੋਂ ਭੱਜ ਕੇ ਧਾਰਮਿਕ ਮੂਲਵਾਦ ਦੇ ਭੋਰੇ ਵਿਚ ਉਤਰ ਜਾਂਦਾ ਹੈ ਜਿਥੇ ਇਕ ਵਾਰ ਫੇਰ ਉਸ ਨੂੰ ਜੀਵਨ ਦੇ ਮੂਲ ਮਨੁੱਖੀ ਸਰੋਕਾਰ ਆਕਰਸ਼ਿਤ ਕਰਦੇ ਹਨ। ਇਹ ਨਾਵਲ ਪ੍ਰਤੀਕਾਤਮਕ ਢੰਗ ਨਾਲ ਸਾਡੇ ਯਥਾਰਥ ਦੀ ਸੰਕਟ-ਸਥਿਤੀ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇਵਲ ਸੂਦ ਨੇ ਵੀ ਪੁਰਾਤਨ ਮਿਥਕ ਕਥਾ ਨੂੰ ਆਧਾਰ ਬਣਾ ਕੇ ਇਕ ਮਹੱਤਵਯੋਗ ਨਾਵਲ 'ਨਾ ਅਰਜੁਨ ਨਾ ਦੁਰਯੋਧਨ' ਦੀ ਰਚਨਾ ਕੀਤੀ ਹੈ। ਇਹ ਨਾਵਲ ਮਹਾਭਾਰਤ ਵਿਚ ਮਿਲਦੇ ਦਰੋਣਾਚਾਰੀਆ ਅਤੇ ਏਕਲਵਯ ਦੇ ਪੌਰਾਣਿਕ ਪ੍ਰਸੰਗ ਨੂੰ ਪ੍ਰਤੀਕਾਤਮਕ ਤੌਰ ਤੇ ਆਧੁਨਿਕ ਮਨੁੱਖ ਦੀ ਹੋਂਦ-ਵਿਧੀ ਦੇ ਵਿਸ਼ਲੇਸ਼ਣ ਦਾ ਆਧਾਰ ਬਣਾਉਂਦਾ ਹੈ। ਨਾਵਲ ਵਿਚਲਾ ਮੁਖ-ਪਾਤਰ ਇਕ ਬੁਧੀਜੀਵੀ ਹੈ ਜੋ ਵਿਵਸਥਾ ਦੇ ਅਮਾਨਵੀ ਅਤੇ ਮਸ਼ੀਨੀਕ੍ਰਿਤ ਮਾਹੌਲ ਵਿਚ ਫਸ ਕੇ ਨਿਤਾਣਾ ਮਹਿਸੂਸ ਕਰਦਾ ਹੈ। ਉਸ ਨੂੰ ਜਾਪਦਾ ਹੈ ਜਿਵੇਂ ਵਿਵਸਥਾ ਦੇ ਦਰੋਣਾਚਾਰੀਆ ਨੇ ਉਸ ਦੀ ਸੋਚ ਸ਼ਕਤੀ ਦਾ ਅੰਗੂਠਾ ਕਟ ਕੇ ਮਾਨਸਿਕ ਤੌਰ ਤੇ ਵਿਕਲਾਂਗ ਬਣਾ ਦਿਤਾ ਹੋਵੇ। ਮਿਥਿਹਾਸ ਅਤੇ ਇਤਿਹਾਸ ਸਾਹਿਤ-ਸਿਰਜਣਾ ਦੇ ਸਦੀਵੀ ਪ੍ਰੇਰਣਾ ਸਰੋਤ ਰਹੇ ਹਨ। ਵਿਸ਼ਵ-ਸਾਹਿਤ ਵਿਚ ਅਨੇਕਾਂ ਸਾਹਿਤਕ ਕਿਰਤਾਂ ਮਿਥਿਹਾਸਕ ਵਿਰਸੇ ਦੀ ਸਮੱਗਰੀ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਦਿਖਾਈ ਦਿੰਦੀਆਂ ਹਨ। ਪੰਜਾਬੀ ਨਾਵਲ ਦੇ ਸੰਦਰਭ ਵਿਚ ਇਸ ਕਿਸਮ ਦਾ ਉਪਰਾਲਾ ਅਜੇ ਸ਼ੁਰੂ ਹੀ ਹੋਇਆ ਹੈ। ਇਸ ਸੋਮੇ ਦੀ ਸਮੱਗਰੀ ਨੂੰ ਨਾਵਲੀ ਗਲਪ ਵਿਚ ਵਰਨਣ ਦੀਆਂ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਮੌਜੂਦ ਹਨ। ਪਰ ਵਿਰਸੇ ਦੀ ਇਸ ਮਹੱਤਵਯੋਗ ਸਮੱਗਰੀ ਦਾ ਗਲਪ-ਮੂਲਕ ਪ੍ਰਯੋਗ ਕਰਨ ਦੀ ਦਿਸ਼ਾ ਅਜੇ ਮਸਾਂ ਖੁਲ੍ਹੀ ਹੀ ਹੈ।

ਨਾਰੀ ਦੀ ਵਿਲੱਖਣ ਮਾਨਸਿਕਤਾ ਅਤੇ ਸਾਮਾਜਿਕ, ਆਰਥਕ ਸਥਿਤੀ ਨੂੰ ਮੁਖ ਰਖ ਕੇ ਨਾਵਲੀ ਰਚਨਾ ਦਾ ਵਿਧਾਨ ਸਿਰਜਣ ਦੀ ਚੇਤਨਾ ਭਾਵੇਂ ਅਜੇ ਪੂਰੇ ਤੌਰ ਤੇ ਉਜਾਗਰ ਨਹੀਂ ਹੋਈ, ਪਰ ਤਾਂ ਵੀ ਪਿਛਲੇ ਦਹਾਕੇ ਵਿਚ ਰਚੇ ਗਏ ਕੁਝ ਪੰਜਾਬੀ ਨਾਵਲ ਇਸ ਦਿਸ਼ਾ ਵਲ ਜਾਣ ਲਈ ਉਤਸੁਕ ਦਿਖਾਈ ਦਿੰਦੇ ਹਨ। ਪੁਰਾਣੀ ਪੀੜ੍ਹੀ ਦੇ ਇਸਤਰੀ ਲੇਖਕਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਦਾ ਇਸ ਦਿਸ਼ਾ ਵਲ ਕੀਤਾ ਗਿਆ ਨਾਵਲੀ ਉੱਦਮ ਵਰਣਨਯੋਗ ਹੈ। ਇਹਨਾਂ ਨਾਵਲਕਾਰਾਂ ਵਿਚੋਂ ਦਲੀਪ ਕੌਰ ਟਿਵਾਣਾ ਨੇ ਆਪਣੀ ਨਾਵਲੀ ਸਿਰਜਣਾ ਨੂੰ ਨਿਰੰਤਰ ਜਾਰੀ ਰਖਦਿਆਂ ਹੋਇਆਂ ਕਈ ਮਹੱਤਵਪੂਰਨ ਨਾਵਲੀ ਰਚਨਾਵਾਂ ਪੰਜਾਬੀ ਨੂੰ ਦਿਤੀਆਂ ਹਨ। ਹੁਣੇ ਜਿਹੇ ਪ੍ਰਕਾਸ਼ਿਤ ਹੋਏ ਕੁਝ ਨਾਵਲ ਤਾਂ ਨਾਰੀ ਦੀ ਸਥਿਤੀ ਅਤੇ ਮਨੋਸਥਿਤੀ ਨੂੰ ਸਚੇਤ ਤੌਰ ਤੇ ਕੇਂਦਰ ਵਿਚ ਰਖ ਕੇ ਲਿਖੇ ਗਏ ਹਨ। ਭਾਵੇਂ ਇਹਨਾਂ ਵਿਚ ਮਰਦ ਦੇ ਪ੍ਰਸੰਗ ਵਿਚ ਕਿਸੇ ਕਿਸਮ ਦੀ ਉਲਾਰ ਦ੍ਰਿਸ਼ਟੀ ਵੀ ਨਹੀਂ ਅਪਣਾਈ ਗਈ ਜਿਹਾ ਕਿ ਨਾਰੀ-ਮੁਕਤੀ ਅੰਦੋਲਨ ਦੇ ਸਮਰਥਕਾਂ ਦੇ ਉਪਭਾਵਕ ਜੋਸ਼ ਕਾਰਣ ਪੈਦਾ ਹੋਣਾ ਸੰਭਵ ਹੈ। 'ਹਸਤਾਖਰ', 'ਪੈੜ ਚਾਲ' ਅਤੇ 'ਐਰ ਵੈਰ ਮਿਲਦਿਆਂ' ਨਾਵਲ ਉਪਰੋਕਤ ਤੱਥ ਦੀ ਪ੍ਰੋੜ੍ਹਤਾ ਕਰਨ ਵਾਲੇ ਹਨ। ਇਹਨਾਂ ਨਾਵਲਾਂ ਵਿਚ ਨੌਕਰੀ ਪੇਸ਼ਾ ਔਰਤ ਦੀ ਸਮੱਸਿਆ ਨੂੰ ਕੇਂਦਰ ਵਿਚ ਰਖਿਆ ਗਿਆ ਹੈ ਜੋ ਪਰੰਪਰਕ ਕਦਰਾਂ ਕੀਮਤਾਂ ਦੇ ਵਿਚਾਰਧਾਰਕ ਪ੍ਰਬੰਧ ਵਿਚ ਤ੍ਰਾਸਦੀ ਅਤੇ ਸੰਤਾਪ ਭੋਗਣ ਲਈ ਮਜਬੂਰ ਹੈ। ਟਿਵਾਣਾ ਤੋਂ ਬਿਨਾਂ ਬਲਜੀਤ ਕੌਰ ਬੱਲੀ (ਠਰੀ ਰਾਤ ਅਤੇ ਹਵੇਲੀ ਵਾਲੀ ਜੱਟੀ) ਹਰਪ੍ਰੀਤ ਕੌਰ ਅਤੇ ਚੰਦਨ ਨੇਗੀ ਨੂੰ ਵੀ ਉਪਰੋਕਤ ਆਧਾਰ ਤੇ ਗਲਪ ਰਚਨਾ ਕਰਨ ਵਾਲੀਆਂ ਇਸਤਰੀ ਨਾਵਲਕਾਰਾਂ ਦੀ ਕਤਾਰ ਵਿਚ ਰਖਿਆ ਜਾ ਸਕਦਾ ਹੈ। ਨਾਰੀ ਦੀ ਸਥਿਤੀ ਅਤੇ ਮਨੋਸਥਿਤੀ ਨੂੰ ਨਾਵਲਕਾਰੀ ਦਾ ਵਿਸ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾਉਣ ਦੀ ਸੰਭਾਵਨਾਵਾਂ ਅਜੇ ਸਾਕਾਰ ਹੋਣ ਦੇ ਆਹਾਰ ਵਿਚ ਹੀ ਮੰਨੀ ਜਾ ਸਕਦੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਕਾਲੀ ਆਰਥਕ-ਸਾਜਾਜਿਕ ਬਣਤਰ ਦੇ ਬਦਲੇ ਹੋਏ ਪ੍ਰਸੰਗ ਵਿਚ ਇਸ ਥੀਮ ਨਾਲ ਸੰਬੰਧਿਤ ਗਲਪ-ਰਚਨਾ ਦੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ । ਨਿਰੇ ਇੱਕਾ-ਦੁੱਕਾ ਜਤਨ ਇਸ ਦਿਸ਼ਾ ਲਈ ਨਾਕਾਫੀ ਪ੍ਰਤੀਤ ਹੁੰਦੇ ਹਨ ।

ਪਿਛਲੇ ਦਹਾਕੇ ਵਿਚ ਸਾਹਮਣੇ ਆਏ ਪੰਜਾਬੀ ਨਾਵਲਕਾਰਾਂ ਵਿਚ ਰਾਜ ਗਿੱਲ ਦਾ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ । ਰਾਜ ਗਿੱਲ ਨੇ ਆਪਣੇ ਪੱਤਰਕਾਰੀ ਨਾਲ ਸੰਬੰਧਿਤ ਜੀਵਨ-ਅਨੁਭਵ ਤੋਂ ਪ੍ਰੇਰਿਤ ਹੋ ਕੇ ਪੰਜਾਬੀ ਵਿਚ ਨਵੀਂ ਕਿਸਮ ਦੇ ਨਾਵਲਾਂ ਦੀ ਰਚਨਾ ਕੀਤੀ ਹੈ । ਉਸ ਦੇ ਰਚੇ ਹੋਏ ਇਹ ਨਾਵਲ ਸਮਕਾਲੀ ਸਥਿਤੀ ਦੇ ਰਾਜਨੀਤਕ ਘਟਨਾ ਚੱਕਰ ਦਾ ਦਸਤਾਵੇਜ਼ੀ ਬਿਰਤਾਂਤ ਉਸਾਰਨ ਦੀ ਚੇਸ਼ਟਾ ਵੀ ਕਰਦੇ ਹਨ ਜਿਵੇਂ ('ਦੇਗ ਤੇਗ' ਅਤੇ 'ਔਂਤਰੇ' ਨਾਵਲ) ਅਤੇ ਆਧੁਨਿਕ ਮਹਾਨਗਰ ਵਿਚ ਜਿਉਣ ਵਾਲੇ ਵਿਅਕਤੀ ਦੀ ਹੋਂਦ ਅਵਸਥਾ ਦਾ ਸੂਖਮ ਵਿਸ਼ਲੇਸ਼ਣ ਕਰਨ ਵਲ ਵੀ ਰੁਚਿਤ ਹੁੰਦੇ ਹਨ ਜਿਵੇਂ 'ਕਾਫ਼ਰ' ਅਤੇ 'ਪ੍ਰਛਾਵੇਂ' ਨਾਵਲਾਂ ਦੇ ਗਲਪੀ ਸੰਸਾਰ ਦਾ ਵਿਸ਼ਲੇਸ਼ਣ ਕਰਨ ਤੋਂ ਪਤਾ ਚਲਦਾ ਹੈ । ਰਾਜ ਗਿੱਲ ਨੇ ਪੰਜਾਬੀ ਵਿਚ ਇਕ ਵਿਲੱਖਣ ਭਾਂਤ ਦੇ 'ਪ੍ਰਗੀਤਕ' ਨਾਵਲ ਦੀ ਸਿਰਜਣਾ ਕਰਨ ਦਾ ਮਹੱਤਵਯੋਗ ਉੱਦਮ ਵੀ ਕੀਤਾ ਹੈ । ਮਿਸਾਲ ਵਜੋਂ ਉਸ ਦਾ ਨਾਵਲ 'ਪ੍ਰਛਾਵੇਂ' ਦੇਖਿਆ ਜਾ ਸਕਦਾ ਹੈ । ਇਹ ਨਾਵਲ ਦੋ ਪਾਤਰਾਂ ਦੀ ਮਨੋਸਥਿਤੀ ਵਿਚ ਉਭਰ ਰਹੇ ਪਿਆਰ ਅਤੇ ਸਨੇਹ ਦੇ ਮਨੋਭਾਵਾਂ ਨੂੰ ਪ੍ਰਗੀਤਕ ਲੈਅ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ । ਰਾਜ ਗਿੱਲ ਦੇ ਨਾਵਲੀ-ਜਗਤ ਵਿਚ ਪਿਆਰ ਦਾ ਨਿਰਛਲ ਅਤੇ ਮਾਸੂਮ ਜਜ਼ਬਾ ਵੀ ਪੂਰੀ ਸ਼ਿੱਦਤ ਨਾਲ ('ਸਜਰੀ ਪੈੜ' ਵਿਚ) ਉਭਰਦਾ ਹੈ ਅਤੇ ਸੈਕਸ ਦਾ ਪ੍ਰਚੰਡ ਵੇਗ ਵੀ ('ਕਾਫ਼ਰ' ਨਾਵਲ ਵਿਚ) । ਸਮਕਾਲੀ ਰਾਜਨੀਤਕ ਮਾਹੌਲ ਦੀ ਸੰਕਟ-ਸਥਿਤੀ ਨੂੰ ਪੈਦਾ ਕਰਨ ਵਾਲੀਆਂ ਸ਼ਤਰੰਜੀ ਚਾਲਾਂ ਦਾ ਪ੍ਰਸੰਗ ਉਘਾੜਨ ਲਈ ਰਾਜ ਗਿੱਲ ਨੇ 'ਦੇਗ ਤੇਗ' ਅਤੇ 'ਔਂਤਰੇ' ਨਾਵਲਾਂ ਵਿਚ ਦਸਤਾਵੇਜ਼ੀ ਵਿਧੀ ਦਾ ਪ੍ਰਯੋਗ ਕੀਤਾ ਹੈ । ਇਸੇ ਕਿਸਮ ਦਾ ਪ੍ਰਯੋਗ ਜਸਵੰਤ ਸਿੰਘ ਕੰਵਲ ਦੇ ਨਾਵਲ 'ਲਹੂ ਦੀ ਲੋਅ' ਅਤੇ 'ਐਨਿਆਂ 'ਚੋਂ ਉਠੋ ਸੂਰਮਾ' ਵਿਚ ਕੀਤਾ ਹੈ । ਸਮਕਾਲੀ ਇਤਿਹਾਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਰਾਜਨੀਤਕ ਲਹਿਰਾਂ ਦਾ ਗਲਪ ਦੀ ਪੱਧਰ ਉਤੇ ਦਸਤਾਵੇਜ਼ੀ ਬਿਰਤਾਂਤ ਸੰਗਠਿਤ ਕਰਨਾ ਸੌਖੀ ਗੱਲ ਨਹੀਂ । ਨਿਕਟ-ਸਮਕਾਲੀ ਇਤਿਹਾਸ ਦੀਆਂ ਵਾਪਰ ਰਹੀਆਂ ਘਟਨਾਵਾਂ ਦਾ ਨਿਰਪੱਖ ਅਤੇ ਵਸਤੂ-ਮੂਲਕ ਵਿਸ਼ਲੇਸ਼ਣ ਕਰਨਾ ਮੁਕਾਬਲਤਨ ਵਧੇਰੇ ਕਠਿਨ ਹੁੰਦਾ ਹੈ । ਖ਼ਾਸ ਤੌਰ ਤੇ ਜਦੋਂ ਕਿਸੇ ਲਹਿਰ ਨਾਲ ਡੂੰਘਾ ਸਿਧਾਂਤਕ ਵਾਦ-ਵਿਵਾਦ ਜੁੜਿਆ ਹੋਵੇ । ਇਹੀ ਕਾਰਣ ਹੈ ਕਿ ਜਸਵੰਤ ਸਿੰਘ ਕੰਵਲ ਦੇ ਦੋਹਾਂ ਦਸਤਾਵੇਜ਼ੀ ਨਾਵਲਾਂ ਨੇ ਪੰਜਾਬੀ ਜਗਤ ਵਿਚ ਨਾਵਲੀ ਗਲਪਕਾਰੀ ਦੇ ਨੁਕਤੇ ਤੋਂ ਹੀ ਨਹੀਂ ਸਗੋਂ ਵਿਚਾਰਧਾਰਕ ਸਮਝ ਦੇ ਨੁਕਤੇ ਤੋਂ ਵੀ ਵਾਦ ਵਿਵਾਦ ਨੂੰ ਜਨਮ ਦਿਤਾ ਹੈ । ਇਉਂ ਇਸ ਕਿਸਮ ਦੇ ਨਾਵਲਾਂ ਦੀ ਕਲਾਤਮਕ ਸਾਰਥਕਤਾ ਦਾ ਮਸਲਾ ਵਕਤੀ ਮਸਲਿਆਂ ਦੀ ਮੂੰਹ ਜ਼ੋਰ ਪਕੜ ਵਿਚ ਫਸ ਕੇ ਗੁੰਮ ਗੁਆਚ ਜਾਂਦਾ ਹੈ ।

ਨਵੇਂ ਪੰਜਾਬੀ ਨਾਵਲਕਾਰਾਂ ਵਿਚੋਂ ਇਕ ਹੋਰ ਮਹੱਤਵਪੂਰਣ ਨਾਮ ਹੈ —

CC-0. In Public Domain. Gurukul Kangri Collection, Haridwar

ਨਿੰਦਰ ਗਿੱਲ ਜਿਸ ਨੇ 'ਪੰਜਾਬ-84' ਅਤੇ 'ਚੋਣ ਹਲਕਾ ਪਾਇਲ' ਨਾਵਲਾਂ ਦੀ ਰਚਨਾ ਕਰਕੇ ਸਮਕਾਲੀ ਪੰਜਾਬੀ ਨਾਵਲ ਵਿਚ ਇਕ ਵੱਖਰੀ ਤਰ੍ਹਾਂ ਦਾ ਗਲਪੀ ਯੋਗਦਾਨ ਦਿੱਤਾ ਹੈ । 'ਪੰਜਾਬ-84' ਨਾਵਲ ਵਿਚ ਉਸਨੇ ਸਮਕਾਲੀ ਪੰਜਾਬ ਦੀ ਸੰਕਟ-ਸਥਿਤੀ ਦੇ ਇਕ ਮਹੱਤਵਯੋਗ ਘਟਨਾਚੱਕਰ ਦਾ ਗਲਪੀ ਵਿਸ਼ਲੇਸ਼ਣ ਪੇਸ਼ ਕਰਨ ਲਈ ਸੰਵਾਦ ਅਤੇ ਵਾਦ-ਵਿਵਾਦ ਦੀ ਜੁਗਤ ਦਾ ਪ੍ਰਯੋਗ ਕੀਤਾ ਹੈ । ਨੌਜਵਾਨ ਬੁੱਧੀਜੀਵੀ ਵਰਗ ਵਾਪਰ ਰਹੇ ਘਟਨਾ ਚੱਕਰ ਬਾਰੇ ਕਿਸ ਤਰ੍ਹਾਂ ਦਾ ਪ੍ਰਤਿਕ੍ਰਮ ਪੇਸ਼ ਕਰ ਰਿਹਾ ਹੈ । ਇਹੀ ਇਸ ਨਾਵਲ ਦੀ ਗਲਪੀ ਸਾਰਥਕਤਾ ਦਾ ਮੂਲ ਆਧਾਰ ਹੈ । ਨਿੰਦਰ ਗਿੱਲ ਦਾ ਦੂਸਰਾ ਨਾਵਲ 'ਚੋਣ ਹਲਕਾ ਪਾਇਲ' ਜਾਣੀਆਂ-ਪਛਾਣੀਆਂ ਰਾਜਨੀਤਕ ਹਸਤੀਆਂ ਅਤੇ ਪਾਰਟੀਆਂ ਦੀ ਚੋਣ ਮੁਹਿੰਮ ਦੀ ਅੰਦਰਲੀ ਮੈਕੇਨਿਜ਼ਮ ਨੂੰ ਫਰੋਲਣ ਦਾ ਉਪਰਾਲਾ ਕਰਦਾ ਹੈ । ਨਿੰਦਰ ਗਿੱਲ ਦੇ ਨਾਵਲੀ ਸੰਸਾਰ ਦੀ ਪ੍ਰਧਾਨ ਵਿਸ਼ੇਸ਼ਤਾ ਤਿੱਖੇ ਵਿਅੰਗ ਅਤੇ ਕਟਾਖਸ਼ ਵਿਚ ਹੈ ਜੋ ਭਿੰਨ-ਭਿੰਨ ਪਾਤਰਾਂ ਦੀ ਸੰਵਾਦ ਵਿਚੋਂ ਆਪਮੁਹਾਰੇ ਪੈਦਾ ਹੁੰਦਾ ਹੈ । ਕ੍ਰਿਪਾਲ ਸਿੰਘ ਆਜ਼ਾਦ ਨੇ ਵੀ ਮਹਾਕਾਵਿਕ ਵਿਸਤਾਰ ਵਾਲਾ ਨਾਵਲ 'ਸੁਪਨੇ ਤੋਂ ਸਚ ਤਕ' ਅਤੇ 'ਸਚ ਤੋਂ ਸੰਘਰਸ਼ ਤਕ' (ਦੋ ਜਿਲਦਾਂ ਵਿਚ) ਲਿਖਿਆ ਹੈ ਜੋ ਇਤਿਹਾਸਕ ਦਸਤਾਵੇਜ਼ ਦੀ ਗਲਪ-ਵਿਧੀ ਦਾ ਪ੍ਰਯੋਗ ਕਰਨ ਵਲ ਰੁਚਿਤ ਹੈ । ਪ੍ਰੇਮ ਗੋਰਖੀ ਦਾ ਨਾਵਲ 'ਵਣਵੇਲਾ' ਅਤੇ ਨਛੱਤਰ ਦਾ ਨਾਵਲ 'ਬੁੱਢੀ ਸਦੀ ਦਾ ਮਨੁੱਖ' ਆਪਣੀ ਥੀਮਕ ਸੰਕਲਪਣਾ ਵਿਚ ਭੂਮੀਹੀਣ ਅਤੇ ਆਰਥਕ/ਸਮਾਜਿਕ ਦ੍ਰਿਸ਼ਟੀ ਤੋਂ ਸ਼ੋਸ਼ਿਤ ਵਰਗ ਦੇ ਦੁਖ-ਦਰਦ ਦੀ ਗਾਥਾ ਸੁਣਾਉਂਦੇ ਹਨ । ਇਨ੍ਹਾਂ ਨਵੇਂ ਉੱਭਰੇ ਨਾਵਲਕਾਰਾਂ ਵਿਚ ਇਕਬਾਲ ਦੀਪ (ਮੁਹਾਜ਼ ਬਟਾ ਮੁਹਾਜ਼) ਦਾ ਵੀ ਚਰਚਾਯੋਗ ਸਥਾਨ ਹੈ ।

ਸਮਕਾਲੀ ਪੰਜਾਬੀ ਨਾਵਲ ਨੂੰ ਪ੍ਰਵਾਸੀ ਪੰਜਾਬੀ ਲੇਖਕਾਂ ਨੇ ਵੀ ਮਹੱਤਵਪੂਰਣ ਯੋਗਦਾਨ ਦਿੱਤਾ ਹੈ । ਇਨ੍ਹਾਂ ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਨਾਵਲਕਾਰਾਂ ਨੇ ਆਪਣੀ ਧਰਤੀ ਅਤੇ ਆਪਣੇ ਸੱਭਿਆਚਾਰ ਨਾਲ ਡੂੰਘੇ ਭਾਵੁਕ ਮੋਹ ਦਾ ਪ੍ਰਗਟਾਵਾ ਕਰਦਿਆਂ ਜਾਂ ਤਾਂ ਪੁਰਾਣੇ ਪੰਜਾਬ ਪ੍ਰਤਿ ਘਰ ਵੈਰਾਗ ਦੀ ਭਾਵਨਾ ਵਿਅਕਤ ਕੀਤੀ ਹੈ ਜਾਂ ਫਿਰ ਓਪਰੇ ਸੱਭਿਆਚਾਰ ਵਿਚ ਜਿਉਂਦਿਆਂ ਪ੍ਰਵਾਸੀ ਚੇਤਨਾ ਦਾ ਪੁਰਜ਼ੋਰ ਪ੍ਰਗਟਾਵਾ ਕੀਤਾ ਹੈ । ਪੰਜਾਬੀ ਦੇ ਪ੍ਰਵਾਸੀ ਨਾਵਲਕਾਰਾਂ ਵਿਚੋਂ ਸਵਰਨ ਚੰਦਨ, ਦਰਸ਼ਨ ਧੀਰ ਅਤੇ ਰਘਬੀਰ ਢੰਡ ਵਰਗੇ ਉੱਘੇ ਲੇਖਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ । ਸਵਰਨ ਚੰਦਨ ਨਾਵਲਕਾਰ ਹੋਣ ਦੇ ਨਾਲ-ਨਾਲ ਇਕ ਚੰਗਾ ਆਲੋਚਕ ਵੀ ਹੈ । ਉਸ ਦੇ ਸਿਰਜੇ ਹੋਏ ਨਾਵਲੀ-ਜਗਤ ਵਿਚ ਪੂਰਬੀ ਸੰਸਕਾਰ ਅਤੇ ਸੱਭਿਆਚਾਰ ਦੀ ਪੱਛਮ ਦੇ ਅਤਿ ਵਿਕਸਿਤ ਵਿਗਿਆਨ ਅਤੇ ਟੈਕਨਾਲੋਜੀ ਆਧਾਰਿਤ ਸੱਭਿਆਚਾਰ ਵਿਚਕਾਰ ਪਾੜੇ ਨੂੰ ਮੂਰਤੀਮਾਨ ਕਰਨ ਦੀ ਚੇਸ਼ਟਾ ਕੀਤੀ ਗਈ ਹੈ । ਉਸ ਦਾ ਨਾਵਲ 'ਕੱਚੇ ਘਰ' ਪੰਜਾਬ ਦੇ ਪੇਂਡੂ ਮਾਹੌਲ ਵਿਚੋਂ ਪ੍ਰਵਾਸੀ ਬਣੇ ਸਾਧਾਰਣ ਮਨੁੱਖਾਂ ਦੀ ਮਨੋਸਥਿਤੀ ਨੂੰ ਪੱਛਮੀ ਸਮਾਜ ਅਤੇ ਸੱਭਿਆਚਾਰ ਦੇ ਓਪਰੇ ਪ੍ਰਭਾਵ ਅਧੀਨ ਟੁਟਦਿਆਂ ਅਤੇ ਬਿਖਰਦਿਆਂ ਦਰਸਾਉਂਦਾ ਹੈ । ਇਸੇ ਤਰ੍ਹਾਂ ਹੀ ਉਸ ਦਾ ਨਾਵਲ 'ਕਦਰਾਂ ਕੀਮਤਾਂ' ਪ੍ਰਵਾਸੀ ਪਰਿਵਾਰਾਂ ਵਿਚ ਵਧ ਰਹੇ ਪੀੜ੍ਹੀਗਤ ਅੰਤਰ ਨੂੰ ਮਾਨਸਿਕ ਅਤੇ ਭਾਵੁਕ ਸਮੱਸਿਆ ਬਣਾ ਕੇ ਪੇਸ਼ ਕਰਨ ਵਲ ਰੁਚਿਤ ਹੁੰਦਾ ਹੈ । ਦਰਸ਼ਨ ਧੀਰ ਦੇ

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਵਲ 'ਸੰਘਰਸ਼' ਦੇ ਪ੍ਰਸੰਗ ਵਿਚ ਵੀ ਉਪਰੋਕਤ ਸਥਾਪਨਾ ਲਾਗੂ ਹੁੰਦੀ ਹੈ ਅਤੇ ਰਘਬੀਰ ਢੰਡ ਦੇ ਨਵ-ਪ੍ਰਕਾਸ਼ਿਤ ਨਾਵਲੈਟ 'ਰਿਸ਼ਤਿਆਂ ਦੀ ਯਾਤਰਾ' ਵਿਚ ਵੀ ਕਿਸੇ ਹਦ ਤਕ ਇਸੇ ਕਿਸਮ ਦੀ ਸਥਿਤੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਪ੍ਰਵਾਸੀ ਪੰਜਾਬੀ ਨਾਵਲਕਾਰਾਂ ਦੀ ਗਲਪ-ਸਮਰਥਾ ਦੇ ਮੂਲ ਆਧਾਰ ਦੋ ਹਨ। ਇਕ ਤਾਂ ਉਹ ਵਤਨੋ ਬੇਵਤਨ ਹੋਏ ਮਨੁੱਖਾਂ ਦੀ ਘਰ ਵੈਰਾਗ ਅਤੇ ਅਤੀਤ ਮੋਹ ਵਾਲੀ ਸਥਿਤੀ ਨੂੰ ਹੰਢਾਉਂਦੇ ਹਨ। ਦੂਸਰੇ ਉਨ੍ਹਾਂ ਨੂੰ ਦੇਸ਼ੀ ਅਤੇ ਵਿਦੇਸ਼ੀ ਸੱਭਿਆਚਾਰ ਵਿਚਲੇ ਅੰਤਰ ਤਣਾਵਾਂ ਨੂੰ ਭੋਗਣਾ ਪੈਂਦਾ ਹੈ। ਇਨ੍ਹਾਂ ਦੋਹਾਂ ਸਥਿਤੀਆਂ ਵਿਚੋਂ ਪ੍ਰਵਾਸੀ ਪੰਜਾਬੀ ਨਾਵਲ ਵਿਕਸਿਤ ਹੋਇਆ ਹੈ। ਪਰ ਇਹ ਵਿਸ਼ੇਸ਼ ਮਨੋਸਥਿਤੀ ਥੋੜਚਿਰੀ ਹੈ ਅਤੇ ਪ੍ਰਵਾਸੀਆਂ ਦੀ ਪਹਿਲੀ ਜਾਂ ਦੂਜੀ ਪੀੜ੍ਹੀ ਤਕ ਹੀ ਸੀਮਿਤ ਹੈ। ਹੁਣਵੀਂ ਪੀੜ੍ਹੀ ਇਸ ਕਿਸਮ ਦੀ ਘਰ ਵੈਰਾਗ ਵਾਲੀ ਮਨੋਸਥਿਤੀ ਨਹੀਂ ਹੰਢਾ ਸਕਦੀ ਅਤੇ ਨਾ ਹੀ ਉਸ ਨੂੰ ਪੱਛਮੀ ਸਮਾਜ ਅਤੇ ਸੱਭਿਆਚਾਰ ਓਪਰਾ ਲੱਗੇਗਾ। ਇਸ ਬਦਲੀ ਹੋਈ ਸਥਿਤੀ ਵਿਚ ਗੁਜ਼ਰਨ ਵਾਲੀ ਪ੍ਰਵਾਸੀ ਪੰਜਾਬੀ ਪੀੜ੍ਹੀ ਕਿਸ ਕਿਸਮ ਦੇ ਨਾਵਲ ਦੀ ਸਿਰਜਣਾ ਕਰਦੀ ਹੈ ਇਹ ਗੱਲ ਮਹਿਜ਼ ਕਿਆਸ ਆਰਾਈ ਤਕ ਸੀਮਿਤ ਹੈ।

ਸਮਕਾਲੀ ਪੰਜਾਬੀ ਨਾਵਲ ਦੀ ਸਿਰਜਨਾਤਮਕ ਦਿਸ਼ਾ ਅਤੇ ਸੰਭਾਵਨਾ ਦਾ ਇਹ ਲੇਖਾ-ਜੋਖਾ ਪਾਕਿਸਤਾਨੀ ਪੰਜਾਬ ਵਿਚ ਪੈਦਾ ਹੋ ਰਹੇ ਪੰਜਾਬੀ ਨਾਵਲ ਦੇ ਜਾਇਜ਼ੇ ਤੋਂ ਬਿਨਾਂ ਅਧੂਰਾ ਹੀ ਰਹੇਗਾ। ਪੰਜਾਬੀ ਸਾਹਿਤ-ਸੱਭਿਆਚਾਰ ਕੌਮਾਂਤਰੀ ਹੱਦਾਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸ ਲਈ ਪਾਕਿਸਤਾਨ ਦੇ ਪੰਜਾਬੀ ਨਾਵਲ ਨੂੰ ਕਿਸੇ ਹਾਲਤ ਵਿਚ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਭਾਰਤੀ ਪੰਜਾਬ ਦੀ ਇਤਿਹਾਸਕ ਸਥਿਤੀ ਕੁਝ ਸੰਪ੍ਰਦਾਇਕ ਕਾਰਣਾਂ ਕਰਕੇ ਪਾਕਿਸਤਾਨੀ ਪੰਜਾਬ ਦੀ ਸਥਿਤੀ ਨਾਲੋਂ ਭਿੰਨ ਰਹੀ ਹੈ। ਇਥੇ ਗੁਰਮੁਖੀ ਲਿਪੀ ਵਿਚ ਲਿਖੇ ਗਏ ਪੰਜਾਬੀ ਨਾਵਲ ਦੀ ਪਰੰਪਰਾ ਨੂੰ ਭਾਈ ਵੀਰ ਸਿੰਘ ਤਕ ਲੈ ਜਾਇਆ ਜਾਂਦਾ ਹੈ ਜਦੋਂ ਕਿ ਪਾਕਿਸਤਾਨੀ ਪੰਜਾਬੀ ਨਾਵਲ ਉਰਦੂ ਅੱਖਰਾਂ (ਫ਼ਾਰਸੀ ਲਿਪੀ) ਵਿਚ ਹੋਣ ਕਰਕੇ ਨਵੇਕਲਾ ਵਿਕਾਸ ਪੰਧ ਤੈਅ ਕਰਦਾ ਹੈ। ਇਸ ਖਿੱਤੇ ਵਿਚ ਪੰਜਾਬੀ ਨਾਵਲ ਦਾ ਵਿਕਾਸ ਭਾਰਤੀ ਪੰਜਾਬ ਵਿਚ ਰਚੇ ਗਏ ਨਾਵਲ ਦੀ ਪਰੰਪਰਾ ਨਾਲੋਂ ਬਿਲਕੁਲ ਅਣ ਭਿਜ ਰਹਿ ਕੇ ਹੋਇਆ ਹੈ। ਅਫਜ਼ਲ ਅਹਿਸਨ ਰੰਧਾਵਾ, ਫਖਰ ਜ਼ਮਾਨ ਅਤੇ ਮੁਸਤਨਸਰ ਹੁਸੈਨ ਤਾਰਡ ਵਰਗੇ ਕੁਝ ਗਿਣੇ ਚੁਣੇ ਨਾਵਲਕਾਰ ਹੀ ਸਾਡੇ ਧਿਆਨ ਗੋਚਰੇ ਹੋਏ ਹਨ। ਇਨ੍ਹਾਂ ਨਾਵਲਾਂ ਵਿਚ ਪੱਛਮ ਦੇ ਵਿਕਸਿਤ ਨਾਵਲ ਦਾ ਪ੍ਰਯੋਗਸ਼ੀਲ ਮੁਹਾਂਦਰਾ ਵੀ ਉਘੜ ਕੇ ਸਾਮ੍ਹਣੇ ਆਉਂਦਾ ਹੈ ਅਤੇ ਵੰਡੇ ਅਣਵੰਡੇ ਪੰਜਾਬ ਦਾ ਗਹਿਰ ਗੰਭੀਰ ਪੇਂਡੂ ਮਾਹੌਲ ਵੀ ਗਲਪ ਸਿਰਜਣ ਦਾ ਆਧਾਰ ਬਣਦਾ ਦਿਖਾਈ ਦਿੰਦਾ ਹੈ। ਪਿਛਲੇ ਦਹਾਕੇ ਵਿਚ ਲਿਖੇ ਗਏ ਪ੍ਰਮੁਖ ਪਾਕਿਸਤਾਨੀ ਪੰਜਾਬੀ ਨਾਵਲਾਂ ਵਿਚ ਫ਼ਖਰ ਜ਼ਮਾਨ ਹੀ ਸਿਰਕਢ ਨਾਵਲਕਾਰ ਵਜੋਂ ਸਥਾਪਿਤ ਹੁੰਦਾ ਨਜ਼ਰ ਆਉਂਦਾ ਹੈ। ਉਸ ਦਾ ਨਾਵਲ 'ਬੰਦੀਵਾਨ' ਭੁਟੋ ਦੀ ਨਜ਼ਰਬੰਦੀ ਨੂੰ ਪ੍ਰਤੀਕਾਤਮਕ ਅਰਥਾਂ ਨਾਲ ਭਰਪੂਰ ਬਣਾ ਕੇ ਇਕ ਮਹੱਤਵਪੂਰਨ ਅਸਤਿਤਵਵਾਦੀ ਨਾਵਲ ਹੋ ਨਿਬੜਦਾ ਹੈ। ਇਸੇ ਤਰ੍ਹਾਂ ਹੀ ਉਸ ਦਾ ਹੁਣੇ ਜਿਹੇ ਪ੍ਰਕਾਸ਼ਿਤ ਹੋਇਆ ਨਾਵਲ 'ਬੇਵਤਨਾ' ਦੇਖਿਆ ਜਾ ਸਕਦਾ ਹੈ।

ਇਸ ਸਮੁੱਚੇ ਸਰਵੇਖਣ ਦੀ ਰੌਸ਼ਨੀ ਵਿਚ ਸਮਕਾਲੀ ਪੰਜਾਬੀ ਨਾਵਲ ਦੀ ਸਥਿਤੀ ਅਤੇ ਗਤੀ-ਵਿਧੀ ਬਾਰੇ ਜੋ ਰਾਇ ਬਣਦੀ ਹੈ ਉਹ ਨਿਸ਼ਚੇ ਹੀ ਦਿਨੋ ਦਿਨ ਸਮ੍ਰਿਧ ਹੋ ਰਹੇ ਪੰਜਾਬੀ ਨਾਵਲ ਦੀਆਂ ਫੈਲ ਰਹੀਆਂ ਦਿਸ਼ਾਵਾਂ ਵਲ ਸੰਕੇਤ ਕਰਦੀ ਹੈ ਅਤੇ ਇਸ ਦੀਆਂ ਲੁਕਵੀਆਂ ਸੰਭਾਵਨਾਵਾਂ ਦੀ ਦਸ ਪਾਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਵਲ 'ਕੱਚੇ ਘਰ' ਦਾ ਗਲਪ-ਜਗਤ

ਸਵਰਨ ਚੰਦਨ ਪੰਜਾਬੀ ਦੇ ਉਹਨਾਂ ਪ੍ਰਵਾਸੀ ਲੇਖਕਾਂ ਵਿਚੋਂ ਹੈ ਜਿਹਨਾਂ ਨੇ ਆਪਣੇ ਪ੍ਰਵਾਸੀ ਜੀਵਨ ਦੀ ਬਹੁ-ਪਾਸਾਰੀ ਹੋਂਦ ਅਵਸਥਾ ਨੂੰ ਗਲਪੀ ਬਿਰਤਾਂਤ ਦੇ ਕਲਾਤਮਕ ਸੰਗਠਨ ਵਿਚ ਢਾਲ ਕੇ ਸਮਕਾਲੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਚਰਚਾਯੋਗ ਥਾਂ ਬਣਾ ਲਈ ਹੈ। ਨਾਵਲ 'ਕੱਚੇ ਘਰ' ਇਸ ਲੇਖਕ ਦੀ ਅਜਿਹੀ ਹੀ ਇਕ ਪ੍ਰਤਿਨਿਧ ਰਚਨਾ ਮੰਨੀ ਜਾ ਸਕਦੀ ਹੈ। ਇਸ ਨਾਵਲ ਦੇ ਗਲਪ-ਜਗਤ ਦਾ ਅਧਿਐਨ-ਵਿਸ਼ਲੇਸ਼ਣ ਕਰਨਾ ਪ੍ਰਸਤੁਤ ਲੇਖ ਦਾ ਮੁੱਖ ਉਦੇਸ਼ ਹੈ। ਆਪਣੀ ਵਿਚਾਰ-ਅਧੀਨ ਰਚਨਾ ਨਾਲ ਸਮੀਖਿਆਤਮਕ ਸਰੋਕਾਰ ਜੋੜਨ ਤੋਂ ਪਹਿਲਾਂ ਨਾਵਲ ਦੀ ਰੂਪ-ਵਿਧੀ ਅਤੇ ਅਧਿਐਨ-ਵਿਧੀ ਦੇ ਸਿੱਧਾਂਤਕ ਪ੍ਰਸੰਗ ਦਾ ਸਪਸ਼ਟੀਕਰਣ ਜ਼ਰੂਰੀ ਪ੍ਰਤੀਤ ਹੁੰਦਾ ਹੈ।

ਨਾਵਲ, ਆਧੁਨਿਕ ਕਾਲ ਵਿਚ ਵਿਕਸਿਤ ਹੋਇਆ ਸਾਹਿਤ-ਰੂਪ ਹੈ ਜੋ ਮਨੁੱਖੀ ਜੀਵਨ ਦੇ ਯਥਾਰਥ ਨੂੰ ਗਲਪੀ ਬਿਰਤਾਂਤ ਦੇ ਸੰਗਠਿਤ ਪ੍ਰਬੰਧ ਵਿਚ ਢਾਲਣ ਦਾ ਉਪਰਾਲਾ ਕਰਦਾ ਹੈ। ਨਾਵਲਕਾਰ ਯਥਾਰਥ ਦੀ ਵਾਸਤਵਿਕਤਾ ਨੂੰ ਆਪਣੀ ਚੇਤਨਾ ਅਤੇ ਸੰਵੇਦਨਾ ਦੇ ਅਨੁਰੂਪ ਗ੍ਰਹਿਣ ਕਰਦਾ ਹੋਇਆ ਉਸਦਾ ਗਲਪੀ ਬਿੰਬ ਉਸਾਰਨ ਵਲ ਰੁਚਿਤ ਹੁੰਦਾ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਨਾਵਲ ਦੀ ਰੂਪ-ਵਿਧੀ ਦੇ ਪ੍ਰਚਲਿਤ ਸਿਰਜਨਾਤਮਕ ਪ੍ਰਤਿਮਾਨਾਂ ਅਤੇ ਰਚਨਾ-ਜੁਗਤਾਂ ਨਾਲ ਸਰੋਕਾਰ ਜੋੜਦਾ ਹੈ। ਇਉਂ ਨਾਵਲ ਦੀ ਸਿਰਜਨ-ਪ੍ਰਕਿਰਿਆ ਦੇ ਦੋ ਮੂਲ ਧੁਰੇ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਜੇ ਇਸਦਾ ਇਕ ਧੁਰਾ ਯਥਾਰਥ ਦੇ ਪ੍ਰਤੱਖਣ ਅਤੇ ਪ੍ਰਗਟਾਵੇ ਨਾਲ ਸੰਬੰਧਿਤ ਹੈ ਤਾਂ ਦੂਸਰਾ ਧੁਰਾ ਬਿਰਤਾਂਤਕ ਸੰਗਠਨ ਦੀਆਂ ਜੁਗਤਾਂ ਅਤੇ ਰੂੜ੍ਹੀਆਂ ਵਲ ਸੰਕੇਤ ਕਰਦਾ ਹੈ। ਇਹਨਾਂ ਦੋਹਾਂ ਸਿਰਜਨਾਤਮਕ ਧੁਰਿਆਂ ਦੇ ਪਰਸਪਰ ਸਹਿਯੋਗ ਅਤੇ ਸੰਬੰਧ ਰਾਹੀਂ ਨਾਵਲ ਦਾ ਗਲਪੀ ਜਗਤ ਹੋਂਦ ਵਿਚ ਆਉਂਦਾ ਹੈ ਜੋ ਇਕੋ ਵੇਲੇ ਸੁਹਜਾਤਮਕ ਰੂਪ ਦਾ ਸੰਗਠਨ ਵੀ ਹੁੰਦਾ ਹੈ ਅਤੇ ਯਥਾਰਥ-ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਵੀ। ਨਾਵਲ ਦੀ ਉਪਰੋਕਤ ਜਿਰਜਨਾਤਮਕ ਪ੍ਰਕਿਰਤੀ ਨੂੰ ਧਿਆਨ ਵਿਚ ਰੱਖ ਕੇ ਹੀ ਇਸ ਦੀ ਪ੍ਰਮਾਣਕ ਸਮੀਖਿਆ-ਵਿਧੀ ਵਿਕਸਿਤ ਕੀਤੀ ਜਾ ਸਕਦੀ ਹੈ। ਦੂਸਰੇ ਸ਼ਬਦਾਂ ਵਿਚ, ਕਿਸੇ ਨਾਵਲੀ ਰਚਨਾ ਦਾ ਸਮ-ਉਚਿਤ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਲਈ ਉਸ ਵਿਚਲੇ ਮੂਲ ਸਿਰਜਨਾਤਮਕ ਧੁਰਿਆਂ ਨੂੰ ਸੰਤੁਲਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦ੍ਰਿਸ਼ਟੀ ਦੇ ਘੇਰੇ ਵਿਚ ਰੱਖ ਕੇ ਵਿਚਾਰਨਾ ਪਵੇਗਾ। ਨਾਵਲ ਦੀ ਇਹ ਸਮੀਖਿਆ-ਵਿਧੀ ਜਿਥੇ ਇਕ ਪਾਸੇ ਰਚਨਾ ਦੇ ਬਿਰਤਾਂਤਕ ਸੰਗਠਨ ਅਤੇ ਸੁਹਜਾਤਮਕ ਰੂਪ ਦੀਆਂ ਸਿਰਜਨਕਾਰੀ ਜੁਗਤਾਂ ਅਤੇ ਰੂੜ੍ਹੀਆਂ ਦੇ ਵਿਸ਼ਲੇਸ਼ਣ ਵਲ ਰੁਚਿਤ ਹੁੰਦੀ ਹੈ ਓਥੇ ਇਹ ਰਚਨਾ ਦੇ ਗਲਪੀ ਜਗਤ ਵਿਚ ਪ੍ਰਤਿਬਿੰਬਿਤ ਹੋ ਰਹੇ ਯਥਾਰਥ ਦੇ ਪ੍ਰਤੀਕਾਤਮਕ ਪਾਸਾਰ ਦੀ ਵਿਆਖਿਆ ਦਾ ਸੁਝਾਉ ਵੀ ਪੇਸ਼ ਕਰਦੀ ਹੈ। ਇਸ ਕਿਸਮ ਦੀ ਨਾਵਲੀ ਸਮੀਖਿਆ-ਵਿਧੀ ਦਾ ਸੰਕਲਪ ਅਜੋਕੇ ਸਮੇਂ ਵਿਕਸਿਤ ਹੋਈ ਰੂਪਵਾਦੀ-ਸੰਰਚਨਾਵਾਦੀ ਵਿਧੀ ਅਤੇ ਪਰੰਪਰਾਇਕ ਵਸਤੂ-ਆਧਾਰਿਤ ਵਿਆਖਿਆ ਵਿਧੀ ਦੇ ਉੱਤਰ-ਪ੍ਰਤਿ-ਉੱਤਰ ਵਿਚੋਂ ਉਭਰ ਕੇ ਸਾਹਮਣੇ ਆਉਂਦਾ ਹੈ, ਜੋ ਦੋਹਾਂ ਦੇ ਉਲਾਰ ਅਤੇ ਇਕ-ਪੱਖੀ ਝੁਕਾਉ ਨੂੰ ਸੰਤੁਲਿਤ ਕਰਨ ਦੀ ਚੇਸ਼ਟਾ ਦਾ ਪਰਿਣਾਮ ਹੈ।

ਨਾਵਲੀ ਸਿਰਜਨਾ ਅਤੇ ਸਮੀਖਿਆ ਦੇ ਸਿੱਧਾਂਤਕ ਪ੍ਰਸੰਗ ਦਾ ਸਪੱਸ਼ਟੀਕਰਣ ਕਰਨ ਲਈ ਛੇੜੀ ਗਈ ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਅਸੀਂ ਆਪਣੇ ਵਿਚਾਰ-ਅਧੀਨ ਵਿਸ਼ੇ ਦੇ ਅਧਿਐਨ ਨੂੰ ਲੋੜੀਂਦੀ ਦਿਸ਼ਾ ਅਤੇ ਸੇਧ ਪ੍ਰਦਾਨ ਕਰ ਸਕਦੇ ਹਾਂ।

ਨਾਵਲ 'ਕੱਚੇ ਘਰ' ਦਾ ਕਾਰਜ-ਖੇਤਰ ਪੰਜਾਬ ਦੇ ਇਕ ਸਾਧਾਰਣ ਪਿੰਡ ਤੋਂ ਲੈ ਕੇ ਬਰਤਾਨੀਆਂ ਦੇ ਅਤਿ ਵਿਕਸਿਤ ਮਹਾਂਨਗਰ ਤਕ ਫੈਲਿਆ ਹੋਇਆ ਹੈ। ਇਸ ਦੀ ਕਥਾ-ਸਾਮਗ੍ਰੀ ਮੂਲ ਰੂਪ ਵਿਚ ਇਸ ਵਿਚਲੇ ਦੋ ਮੁੱਖ ਪਾਤਰਾਂ (ਬਲਦੇਵ ਅਤੇ ਮਨਜੀਤ) ਦੀ ਸਥਿਤੀ ਅਤੇ ਗਤੀ ਵਿਧੀ ਨਾਲ ਸੰਬੰਧ ਰਖਦੀ ਹੈ। ਨਾਵਲ ਦੇ ਮੁਢਲੇ ਦੋ ਕਾਂਡ ਇਹਨਾਂ ਦੋਹਾਂ ਪਾਤਰਾਂ ਦੀ ਸਥਿਤੀ ਅਤੇ ਜੀਵਨ-ਵਿਧੀ ਦਾ ਪਰਿਚੈ ਦਿੰਦੇ ਹਨ। ਜਿੱਥੇ ਇਹਨਾਂ ਨੂੰ ਆਪੋ ਆਪਣੇ ਘਰ ਪਰਿਵਾਰ ਦੇ ਮਾਹੌਲ ਵਿਚ ਵਿਚਰਦੇ ਹੋਏ ਦਰਸਾਇਆ ਗਿਆ ਹੈ। ਬਲਦੇਵ ਇਕ ਸਾਧਾਰਨ ਕਿਸਾਨ ਪਰਿਵਾਰ ਦਾ ਮੈਂਬਰ ਹੈ ਜੋ ਬੀ. ਏ., ਬੀ. ਟੀ. ਕਰਕੇ ਸਕੂਲ ਮਾਸਟਰ ਲੱਗਿਆ ਹੋਇਆ ਹੈ! ਉਸਦਾ ਵੱਡਾ ਭਰਾ ਬਿਸ਼ਨਾ ਘਰ ਦੀ ਆਰਥਿਕ ਤੰਗੀ ਕਾਰਣ ਛੋਟੀ ਉਮਰ ਤੋਂ ਹੀ ਆਪਣੇ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਉਣ ਲਗ ਪਿਆ ਸੀ ਅਤੇ ਖੁਦ ਪੜ੍ਹਾਈ ਤੋਂ ਵਾਂਝਾ ਰਹਿ ਕੇ ਵੀ ਆਪਣੇ ਛੋਟੇ ਭਰਾ ਬਲਦੇਵ ਨੂੰ ਪੜ੍ਹਾ-ਲਿਖਾ ਕੇ ਕੁਝ ਬਣਾਉਣ ਲੋਚਦਾ ਹੈ। ਬਲਦੇਵ ਦੀ ਤਨਖ਼ਾਹ ਇਸ ਪਰਿਵਾਰ ਨੂੰ ਲੋੜੀਂਦੀ ਆਰਥਿਕ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਇਉਂ ਇਹ ਪਰਿਵਾਰ ਆਰਥਿਕ ਤੰਗੀ ਦੇ ਬਾਵਜੂਦ ਸਦੀਆ ਤੋਂ ਤੁਰੀ ਆ ਰਹੀ ਸਾਂਝੀ ਪਰਿਵਾਰਕ ਬਣਤਰ ਦੀ ਸ੍ਵੈ-ਸੰਤੁਸ਼ਟਤਾ ਵਿਚ ਵਿਚਰਦਾ ਹੈ। ਬਲਦੇਵ ਦਾ ਵਿਆਹ ਨਿਸ਼ਚਿਤ ਹੋ ਚੁਕਿਆ ਹੈ ਜਿਸਦੇ ਉਮਾਹ ਵਿਚ ਘਰ ਦੇ ਸਾਰੇ ਜੀਅ ਗੜੂੰਦੇ ਹੋਏ ਫਿਰਦੇ ਹਨ। ਇਸ ਤੋਂ ਬਿਨਾਂ ਪਿੰਡ ਦਾ ਸਾਰਾ ਭਾਈਚਾਰਾ ਵੀ ਇਸ ਘਟਨਾ ਨੂੰ ਸਾਂਝੀ ਖੁਸ਼ੀ ਦੇ ਮੌਕੇ ਵਾਂਗ ਉਡੀਕਦਾ ਹੈ। ਨਾਵਲਕਾਰ ਨੇ ਵਿਆਹ ਦੀ ਇਸ ਘਟਨਾ ਨੂੰ ਰਚਨਾ ਦੇ ਪ੍ਰਮੁੱਖ ਬਿਰਤਾਂਤਕ ਮੌਟਿਫ਼ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਵਲ ਦੀਆਂ ਮੁਢਲੀਆਂ ਪੰਗਤੀਆਂ ਹੀ ਇਸੇ ਮੋਟਿਫ਼ ਨੂੰ ਅਗਰਭੂਮੀ ਵਿਚ ਲਿਆ ਖੜਾ ਕਰਦੀਆਂ ਹਨ : ਕਿੱਦਾਂ ਮਾਸਟਰਾਹਾਨੂੰ ਨ੍ਹੀਂ ਜੰਞ ਵਖੌਣੀ ਆਪਣੀ ? ਬਲਦੇਵ ਦੇ ਚਚੇਰੇ ਭਰਾ ਰੱਤੂ-ਖੁਚਲ ਦਾ ਇਹ ਸੰਵਾਦੀ ਟੋਟਾ ਹੀ ਨਾਵਲ ਦਾ ਮੁੱਢ ਬੰਨ੍ਹਦਾ ਹੈ। ਵਿਆਹ ਬਲਦੇਵ ਦਾ ਹੋਣਾ ਹੈ, ਪਰ ਜੰਞ ਵੇਖਣ ਦਾ ਚਾਅ ਰੱਤੂ ਨੂੰ ਹੈ। ਇਹ ਸਥਿਤੀ ਭਾਈਚਾਰਕ ਸਾਂਝ ਨੂੰ ਪ੍ਰਤੀਕਮਾਨ ਕਰਦੀ ਹੈ ਜਿਸਦਾ ਭਰਪੂਰ ਵੇਰਵਾ ਇਸ ਪ੍ਰਥਮ ਕਾਂਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਪ੍ਰਸਤੁਤ ਕੀਤਾ ਗਿਆ ਹੈ ।

ਦੂਸਰੇ ਕਾਂਡ ਵਿਚ ਮਨਜੀਤ ਦੇ ਘਰ-ਪਰਿਵਾਰ ਦਾ ਚਿਤ੍ਰਣ ਹੈ । ਮਨਜੀਤ ਵੀ ਬਲਦੇਵ ਵਾਂਗ ਹੀ ਇਕ ਸਾਧਾਰਨ ਕਿਸਾਨ ਪਰਿਵਾਰ ਦੀ ਧੀ ਹੈ । ਇਹ ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਕਾਲਜ ਦਾਖ਼ਲ ਹੋ ਜਾਂਦੀ ਹੈ ਅਤੇ ਇਸ ਦੇ ਮਾਪਿਆਂ ਨੂੰ ਇਸ ਲਈ ਕਿਸੇ ਪੜ੍ਹੇ-ਲਿਖੇ ਵਰ ਦੀ ਤਲਾਸ਼ ਹੈ । ਬਲਦੇਵ ਨਾਲ ਇਸਦਾ ਰਿਸ਼ਤਾ ਪੱਕਾ ਹੋ ਜਾਂਦਾ ਹੈ ਅਤੇ ਇਹ ਆਪਣੇ ਬਨਣ ਵਾਲੇ ਪਤੀ ਦੇ ਸੁਪਨਿਆਂ ਵਿਚ ਮਗਨ ਹੈ । ਇਥੇ ਵੀ ਲੇਖਕ ਨੇ ਵਿਆਹ ਦੇ ਮੌਟਿਫ਼ ਨੂੰ ਹੀ ਅਗਰਭੂਮੀ ਵਿਚ ਰੱਖ ਕੇ ਪੇਸ਼ ਕੀਤਾ ਹੈ । ਕਾਂਡ ਦੇ ਆਰੰਭ ਵਿਚ ਹੀ ਮਨਜੀਤ ਨੂੰ ਆਪਣੇ ਅਣਦੇਖੇ ਪਤੀ ਦਾ ਕਿਆਸ ਕਰਦਿਆਂ ਦਰਸਿਆ ਗਿਆ ਹੈ । ਉਹ ਆਪਣੇ ਬਾਲਪਨ ਵਿਚ ਬਣਾਏ ਹੋਏ ਲਾੜੇ-ਲਾੜੀ ਦੇ ਲਕੀਰ-ਚਿਤਰ ਨੂੰ ਦੇਖ ਕੇ ਆਪਣੇ ਪਤੀ ਦੇ ਨਕਸ਼ ਚਿਤਾਰ ਰਹੀ ਹੈ ।

ਬਲਦੇਵ ਅਤੇ ਮਨਜੀਤ ਦੇ ਵਿਆਹ-ਬੰਧਨ ਤੋਂ ਬਾਅਦ ਇਨ੍ਹਾਂ ਦੀ ਪਰਸਪਰ ਸਾਂਝ ਭਰੀ ਜ਼ਿੰਦਗੀ ਦਾ ਆਰੰਭ ਹੁੰਦਾ ਹੈ । ਪਰੰਪਰਕ ਵਿਆਹ-ਪ੍ਰਥਾ ਇਨ੍ਹਾਂ ਦੋ ਵਿਅਕਤੀਆਂ ਨੂੰ ਇਸਤਰੀ-ਮਰਦ ਦੇ ਅੰਤਰੰਗ ਰਿਸ਼ਤੇ ਵਿਚ ਜੋੜ ਦਿੰਦੀ ਹੈ ਅਤੇ ਇਹ ਰਿਸ਼ਤਾ ਇਕ ਦੂਸਰੇ ਦੇ ਸੁਹੱਪਣ ਅਤੇ ਚੰਗਿਆਈ ਨਾਲ ਭਾਵੁਕ ਸਾਂਝ ਵਿਚ ਢਲਦਾ ਹੈ ਅਤੇ ਫੇਰ ਪੁੱਤਰ (ਨਵਦੀਰ) ਦੇ ਜਨਮ ਨਾਲ ਪੱਕਾ-ਪੀਡਾ ਹੋ ਜਾਂਦਾ ਹੈ । ਪ੍ਰਥਮ ਮਿਲਨ ਦੇ ਰੋਮਾਂਸ ਨੂੰ ਕਾਇਮ ਰੱਖਣ ਲਈ ਅਤੇ ਇਕ ਦੂਸਰੇ ਤੋਂ ਪ੍ਰਾਪਤ ਹੋਣ ਵਾਲੀ ਜਜ਼ਬਾਤੀ ਸ੍ਵੈ-ਸੰਤੁਸ਼ਟੀ ਵਿਚ ਗੜੂੰਦ ਰਹਿਣ ਲਈ ਇਹ ਦੋਵੇਂ ਸੰਜੁਗਤ ਪਰਿਵਾਰ ਤੋਂ ਵੱਖ ਹੋ ਕੇ ਰਹਿਣਾ ਲੋਚਦੇ ਹਨ ਅਤੇ ਸ਼ਹਿਰ ਦੀ ਬਸਤੀ ਵਿਚ ਆਪਣਾ ਘਰ ਵਸਾਉਂਦੇ ਹਨ । ਇਥੇ ਇਕ ਵਿਅਕਤੀ-ਪਰਿਵਾਰ ਵਾਂਗ ਰਹਿੰਦੇ ਹੋਏ ਵੀ ਇਹ ਸਾਂਝੇ ਪਰਿਵਾਰ ਦੇ ਸੁਪਨੇ ਨਾਲ ਜੁੜੇ ਰਹਿੰਦੇ ਹਨ । ਗਲੀ ਮੁਹੱਲੇ ਦੇ ਲੋਕਾਂ ਨਾਲ ਇਹ ਮੂੰਹ-ਬੋਲੇ ਪਰਿਵਾਰਕ ਰਿਸ਼ਤੇ ਸਿਰਜ ਲੈਂਦੇ ਹਨ ਜੋ ਇਹਨਾਂ ਲਈ ਸਾਂਝੇ ਪਰਿਵਾਰ ਦਾ ਬਦਲ ਪੇਸ਼ ਕਰਦੇ ਹਨ । ਇਉਂ ਨਾਵਲ ਵਿਚ ਇਹਨਾਂ ਪਾਤਰਾਂ ਦਾ ਪਿੰਡ ਤੋਂ ਸ਼ਹਿਰ ਜਾ ਵਸਣਾ ਨਿਰਾ ਸਥਾਨ-ਰਰਿਵਰਤਨ ਨਹੀਂ ਸਗੋਂ ਸਥਿਤੀ-ਪਰਿਵਰਤਨ ਵੀ ਹੈ । ਭਾਵੇਂ ਇਹ ਸਥਿਤੀ-ਪਰਿਵਰਤਨ ਕਿਸੇ ਮਾਨਸਿਕ ਜਾਂ ਭਾਵੁਕ ਸੰਕਟ ਨੂੰ ਪੈਦਾ ਨਹੀਂ ਕਰਦਾ ਕਿਉਂਜੋ ਇਹ ਪਾਤਰ ਸਾਂਝੇ ਪਰਿਵਾਰ ਨਾਲ ਸਥਾਨ ਵਿਚ ਵੱਖ ਰਹਿ ਕੇ ਵੀ ਮਾਨਸਿਕ ਧਰਾਤਲ ਉੱਤੇ ਜੁੜੇ ਰਹਿੰਦੇ ਹਨ ।

ਇਸ ਤੋਂ ਉਪਰੰਤ ਨਾਵਲ ਵਿਚ ਮੂਲ ਗਤੀਸ਼ੀਲ ਮੌਟਿਫ਼ ਪੇਸ਼ ਹੁੰਦਾ ਹੈ । ਇਹ ਮੌਟਿਫ਼ ਇਹਨਾਂ ਦੋਹਾਂ ਪਾਤਰਾਂ ਦੇ ਦੇਸ ਪਰਿਵਰਤਨ ਨਾਲ ਸੰਬੰਧਿਤ ਹੈ । ਪਹਿਲੋਂ ਬਲਦੇਵ ਅਤੇ ਮਗਰੋਂ ਮਨਜੀਤ ਬਰਤਾਨੀਆ ਦੇ ਇਕ ਮਹਾਂਨਗਰ ਵਿਚ ਜਾ ਕੇ ਰਹਿਣ ਲਗ ਪੈਂਦੇ ਹਨ । ਨਾਵਲ ਵਿਚ ਇਸ ਸਥਾਨ-ਬਦਲੀ ਦਾ ਮੁਖ ਕਾਰਨ ਬਲਦੇਵ ਦੀ ਆਰਥਿਕ ਖ਼ੁਸ਼ਹਾਲੀ ਦਾ ਸੁਪਨਾ ਦਸਿਆ ਗਿਆ ਹੈ । ਉਹ ਆਪਣੀ ਸਕੂਲ ਮਾਸਟਰ ਦੀ ਨਿਗੂਣੀ ਆਰਥਿਕ ਦਸ਼ਾ ਨੂੰ ਸੁਧਾਰਨ ਲਈ ਵਿਦੇਸ਼ਾਂ ਵਿਚ ਮਿਲਦੀ ਚੋਖੀ ਤਨਖ਼ਾਹ ਉਪਰ ਟੇਕ ਲਾਉਂਦਾ ਹੈ ਅਤੇ ਆਪਣੇ ਦੋਸਤ ਸੁਖਦੇਵ ਦੀ ਸਹਾਇਤਾ ਨਾਲ ਇੰਗਲੈਂਡ ਪਹੁੰਚ ਜਾਂਦਾ ਹੈ ਅਤੇ ਥੋੜ੍ਹਾ ਚਿਰ ਬਾਅਦ ਮਨਜੀਤ ਅਤੇ ਨਵਦੀਪ ਨੂੰ ਵੀ ਆਪਣੇ ਕੋਲ ਬੁਲਾ ਲੈਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਦੋਹਾਂ ਪਾਤਰਾਂ ਦਾ ਦੇਸ਼ ਨੂੰ ਛੱਡ ਕੇ ਵਿਦੇਸ਼ ਤੁਰ ਜਾਣਾ ਇਹਨਾਂ ਦੀ ਜੀਵਨ-ਵਿਧੀ ਵਿਚ ਵਿਆਪਕ ਕਿਸਮ ਦੇ ਪਰਿਵਰਤਨ ਦਾ ਮੁਢ ਬੰਨ੍ਹ ਦਿੰਦਾ ਹੈ। ਨਾਵਲ ਦਾ ਅੱਧੇ ਤੋਂ ਰਤਾ ਕੁ ਵੱਧ ਭਾਗ ਇਸੇ ਪਰਿਵਰਤਨ ਦੀ ਕਹਾਣੀ ਹੈ। ਇਹ ਪਰਿਵਰਤਨ ਨਿਰਾ ਭੌਤਿਕ ਸਥਾਨ-ਪਰਿਵਰਤਣ ਨਹੀਂ ਜੋ ਕਿ ਸ਼ਹਿਰ ਤੋਂ ਦੂਸਰੇ ਸ਼ਹਿਰ ਅਥਵਾ ਇਕ ਦੇਸ਼ ਤੋਂ ਦੂਸਰੇ ਦੇਸ਼ ਚਲੇ ਜਾਣ ਦਾ ਸੂਚਕ ਹੈ ਸਗੋਂ ਇਹ ਤਾਂ ਸੰਪੂਰਣ ਸਭਿਆਚਾਰਕ ਮਾਹੌਲ ਦੇ ਪਰਿਵਰਤਨ ਹੈ ਜੋ ਇਕ ਸਮਾਜਿਕ ਆਰਥਿਕ ਢਾਂਚੇ ਵਿਚ ਜਿਊਣ ਵਾਲੇ ਮਨੁੱਖਾਂ ਦੇ ਦੂਸਰੇ ਸਮਾਜਕ ਆਰਥਿਕ ਢਾਂਚੇ ਵਿਚ ਪ੍ਰਵੇਸ਼ ਦਾ ਲਖਾਇਕ ਹੈ। ਪਹਿਲੋਂ ਪਹਿਲ ਇਕੱਲਾ ਬਲਦੇਵ ਹੀ ਕੰਮ ਕਰਦਾ ਹੈ ਅਤੇ ਇਹ ਕਿਰਾਏ ਦੇ ਮਕਾਨ ਵਿਚ ਵੀ ਪਰੰਪਰਾਇਕ ਘਰ ਦਾ ਸੰਕਲਪ ਜਿਊਂਦੇ ਹਨ ਜੋ ਉਹਨਾਂ ਦੇ ਅੰਮ੍ਰਿਤਸਰ ਵਾਲੇ ਕਿਰਾਏ ਦੇ ਘਰ ਵਰਗਾ ਹੀ ਹੈ। ਪਰ ਇਥੇ ਮਹਾਂਨਗਰ ਦਾ ਮਾਹੌਲ ਹੈ ਜਿਥੇ ਉਪ-ਨਗਰ ਦੀ ਭਾਈਚਾਰਕ ਸਾਂਝ ਦੇ ਮੂੰਹ ਬੋਲੇ ਰਿਸ਼ਤਿਆਂ ਦੀ ਕੋਈ ਗੁੰਜਾਇਸ਼ ਨਹੀਂ। ਕਿਰਾਏ ਦੇ ਮਕਾਨ ਦੀ ਥਾਂ ਇਹ ਆਪਣਾ ਮਕਾਨ ਖ਼ਰੀਦਣ ਦੀ ਯੋਜਨਾ ਬਣਾਉਂਦੇ ਹਨ, ਪਰ ਇਸ ਮੰਤਵ ਦੀ ਪੂਰਤੀ ਲਈ ਮਨਜੀਤ ਨੂੰ ਵੀ ਨੌਕਰੀ ਕਰਨੀ ਪੈਂਦੀ ਹੈ। ਮਕਾਨ ਤਾਂ ਇਹ ਆਪਣਾ ਖ਼ਰੀਦ ਲੈਂਦੇ ਹਨ, ਪਰ ਹੁਣ ਇਨ੍ਹਾਂ ਦੀ ਘਰੋਗੀ ਜ਼ਿੰਦਗੀ ਵਿਚ ਟੁੱਟ-ਭੱਜ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਟੁਟ-ਭੱਜ ਦਾ ਕਾਰਣ ਦੂਹਰਾ ਹੈ। ਇਕ ਪਾਸੇ ਬਲਦੇਵ ਦਾ ਰਵਾਇਤੀ ਵਤੀਰਾ ਜਿਸਦੇ ਅਧੀਨ ਉਹ ਆਪਣੇ ਜਗੀਰਦਾਰੀ ਵਿਰਸੇ ਦੀਆਂ ਕਦਰਾਂ-ਕੀਮਤਾਂ ਦਾ ਤਿਆਗ ਕਰਨ ਤੋਂ ਅਸਮਰਥ ਹੈ ਅਤੇ ਘਰ ਵਿਚ ਮਰਦ ਦੀ ਸਰਦਾਰੀ ਦਾ ਹਾਮੀ ਹੈ। ਦੂਸਰੇ ਪਾਸੇ ਮਨਜੀਤ ਦੀ ਮਾਨਸਿਕਤਾ ਵਿਚ ਵਾਪਰਨ ਵਾਲਾ ਪਰਿਵਰਤਨ ਹੈ। ਆਰਥਿਕ ਪੱਧਰ ਤੇ ਮਰਦ ਦੇ ਬਰਾਬਰ ਦੀ ਹਿੱਸੇਦਾਰ ਹੋਣ ਕਾਰਣ ਉਹ ਸਮਾਜਕ ਅਤੇ ਵਿਅਕਤੀਗਤ ਪੱਧਰ 'ਤੇ ਵੀ ਬਰਾਬਰੀ ਦਾ ਦਾਅਵਾ ਕਰਨ ਲਗ ਪੈਂਦੀ ਹੈ। ਇਸ ਨਵੇਂ ਉਪਜੇ ਤਣਾਉ ਕਾਰਣ ਇਹਨਾਂ ਦਾ ਪਰੰਪਰਕ ਘਰ ਦਾ ਸੰਕਲਪ ਵੀ ਹੌਲੀ-ਹੌਲੀ ਖੁਰਨ ਲਗਦਾ ਹੈ। ਵਿਅਕਤੀ ਦੇ ਰਵਾਇਤੀ ਰਿਸ਼ਤੇ ਵਿਚ ਤ੍ਰੇੜ ਪੈਣ ਦਾ ਮੁੱਖ ਕਾਰਣ ਮਨਜੀਤ ਦੀ ਵਿਕਸਿਤ ਹੋ ਰਹੀ ਸ੍ਵੈ-ਚੇਤਨਾ ਹੈ ਜਿਸ ਨੂੰ ਮਰਦ-ਪ੍ਰਧਾਨ ਜਾਗੀਰਦਾਰੀ ਵਿਰਸੇ ਦੀਆਂ ਕਦਰਾਂ-ਕੀਮਤਾਂ ਦਾ ਖੋਖਲਾਪਨ ਨਜ਼ਰ ਆਉਣ ਲਗ ਪੈਂਦਾ ਹੈ ਅਤੇ ਉਹ ਆਪਣੇ ਆਪ ਨੂੰ ਇਕ ਵਸਤੂ ਵਾਂਗ ਵਰਤੇ ਜਾਣ ਤੋਂ ਇਨਕਾਰੀ ਹੋ ਜਾਂਦੀ ਹੈ। ਉਸਦੀ ਇਹ ਸ੍ਵੈ-ਚੇਤਨਾ ਮਾਹੌਲ ਦੇ ਦਬਾਉ ਅਤੇ ਘਰੋਗੀ ਤਣਾਉ ਵਿਚੋਂ ਪੈਦਾ ਹੋਈ ਹੈ। ਉਸ ਨੂੰ ਬਲਦੇਵ ਦੀ ਪਛਾਣ-ਰਹਿਤ ਭਾਵੁਕਤਾ ਸੰਤੁਸ਼ਟ ਨਹੀਂ ਕਰਦੀ ਅਤੇ ਨਾ ਹੀ ਘਰ ਦਾ ਰਵਾਇਤੀ ਸੰਕਲਪ ਸਗੋਂ ਉਹ ਆਪਣੀ ਨਵ-ਜਾਗ੍ਰਿਤ ਸ੍ਵੈ-ਚੇਤਣਾ ਦੇ ਹਾਣ ਦਾ ਹੁੰਗਾਰਾ ਲੋਚਦੀ ਹੈ। ਉਧਰ ਬਲਦੇਵ ਨੂੰ ਮਨਜੀਤ ਦਾ ਇਹ ਨਵਾਂ ਰੂਪ ਓਪਰਾ ਲਗਦਾ ਹੈ ਜੋ ਉਸ ਦੀ ਪਰੰਪਰਾਗਤ ਮਰਦ-ਭਾਵਨਾ ਨੂੰ ਠੇਸ ਪਹੁੰਚਾਉਂਦਾ ਹੈ। ਇਉਂ ਇਹਨਾਂ ਦੋਹਾਂ ਪਾਤਰਾਂ ਦੇ ਰਵਾਇਤੀ ਰਿਸ਼ਤੇ ਵਿਚ ਸੰਚਾਰ ਦਾ ਡੂੰਘਾ ਸੰਕਟ ਵਿਆਪਦਾ ਹੈ ਜੋ ਇਹਨਾਂ ਨੂੰ ਵੱਖੋ-ਵੱਖਰੇ ਜਜ਼ੀਰਿਆਂ ਵਿਚ ਵੰਡ ਦਿੰਦਾ ਹੈ। ਨਾਵਲ ਦੇ ਅੰਤ ਤੇ ਇਹ ਦੋਵੇਂ ਪਾਤਰ ਆਪੋ ਆਪਣੀ ਵੱਖਰੀ ਹਸਤੀ ਅਤੇ ਹੋਂਦ ਦਾ ਤ੍ਰਾਸ ਭੋਗਦੇ ਚਿਤ੍ਰੇ ਗਏ ਹਨ। ਪਰ ਜਿਥੇ ਇਹ ਤ੍ਰਾਸ ਬਲਦੇਵ ਦੇ ਮਨ ਵਿਚ ਘਰ-ਵੈਰਾਗ ਉਤਪੰਨ ਕਰਨ ਵਾਲਾ ਹੈ ਓਥੇ ਮਨਜੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਇਹ ਪ[illegible] ਦੀ ਤਲਾਸ਼ ਦਾ ਮਾਰਗ ਖੋਲ੍ਹਣ ਦਾ ਸੁਝਾਉ ਵੀ ਦੇ ਰਿਹਾ ਪ੍ਰਤੀਤ ਹੁੰਦਾ ਹੈ । ਜੋ ਪ੍ਰੋਫੈਸਰ ਕੁਲਤਾਰ ਨਾਲ ਉਸ ਦੇ ਨਵੇਂ ਉਸਰ ਰਹੇ ਸੰਬੰਧਾਂ ਰਾਹੀਂ ਜ਼ਾਹਰ ਹੁੰਦਾ ਹੈ । ਇਉਂ ਨਾਵਲਕਾਰ ਨੇ ਆਪਣੀ ਰਚਨਾ ਦਾ ਅੰਤ ਰਵਾਇਤੀ ਢੰਗ ਨਾਲ ਨਹੀਂ ਕੀਤਾ ਜਿਸ ਦੇ ਅੰਤਰਗਤ ਨਾਵਲੀ ਜਗਤ ਵਿਚ ਪੈਦਾ ਹੋਣ ਵਾਲੇ ਵੱਡੇ ਤੋਂ ਵੱਡੇ ਅਸੰਤੁਲਨ ਜਾਂ ਤਣਾਉ ਨੂੰ ਅੰਤ ਉਤੇ ਸੁਲਝਾ ਲਿਆ ਜਾਂਦਾ ਹੈ । ਨਾਵਲ ਦਾ ਇਹ ਖੁਲ੍ਹਾ ਅੰਤ ਜਿਥੇ ਪਾਠਕ ਦੀ ਸੰਵੇਦਨਸ਼ੀਲਤਾ ਨੂੰ ਟੁੰਬਦਾ ਹੈ ਅਤੇ ਗਲਪ ਜਗਤ ਦੀ ਸਮੁਚੀ ਗਤੀਵਿਧੀ ਨੂੰ ਮੋੜਵੀਂ ਝਾਤ ਰਾਹੀਂ ਮੁੜ ਵਿਚਾਰਨ ਦਾ ਸੱਦਾ ਦਿੰਦਾ ਹੈ, ਓਥੇ ਇਹ ਇਸ ਨਾਵਲ ਨੂੰ ਪਰੰਪਰਕ ਨਾਵਲ ਨਾਲੋਂ ਨਿਖੇੜ ਕੇ ਅਜੋਕੇ ਸਮੇਂ ਵਿਕਸਿਤ ਹੋ ਰਹੀਆਂ ਪਾਰ-ਨਾਵਲੀ ਲਿਖਤਾਂ ਦੀ ਕਤਾਰ ਵਿਚ ਲਿਆ ਖਲ੍ਹਾਰਦਾ ਹੈ ।

100070

ਨਾਵਲ ਦੀ ਕਥਾ ਸਮਗਰੀ ਦੇ ਇਸ ਸੰਖਿਪਤ ਵਿਸ਼ਲੇਸ਼ਣ ਤੋਂ ਇਸ ਦੇ ਬਿਰਤਾਂਤਕ ਸੰਗਠਨ ਦੀ ਰੂਪ ਰੇਖਾ ਉਘੜ ਕੇ ਸਾਮ੍ਹਣੇ ਆਉਂਦੀ ਹੈ । ਮੂਲ ਰੂਪ ਵਿਚ ਸਮਾਜਕ ਰਿਸ਼ਤਿਆਂ ਦੀ ਧਰਤੀ 'ਤੇ ਉਸਰਿਆ ਹੋਇਆ ਇਹ ਬਿਰਤਾਂਤ ਸਮਾਜਕ ਨਾਵਲ ਦੀ ਰੂਪ-ਵਿਧੀ ਦਾ ਪਰਿਚੈ ਦਿੰਦਾ ਹੈ । ਨਾਵਲਕਾਰ ਨੇ ਆਪਣੀ ਕਥਾ-ਸਮਗਰੀ ਦਾ ਸੰਗਠਨ ਵੀ ਸਰਲ ਅਤੇ ਇਕਹਿਰੇ ਪਲਾਟ-ਸੰਗਠਨ ਦੀ ਪਰੰਪਰਕ ਜੁਗਤ ਰਾਹੀਂ ਹੀ ਕੀਤਾ ਹੈ । ਮੁੱਖ ਪਾਤਰਾਂ ਨੂੰ ਕਾਲਕ੍ਰਮ ਦੀ ਅਬਦਲ ਰੇਖਾ ਅਨੁਸਾਰ ਹੀ ਘਟਨਾਵਾਂ ਅਤੇ ਸਥਿਤੀਆਂ ਵਿਚੋਂ ਗੁਜ਼ਰਦੇ ਦਰਸਾਇਆ ਗਿਆ ਹੈ ਜੋ ਸਮਾਜਕ ਨਾਵਲ ਦੀ ਰੂਪ-ਵਿਧੀ ਲਈ ਢੁਕਵੀਂ ਜੁਗਤ ਮੰਨੀ ਜਾ ਸਕਦੀ ਹੈ । ਇਸ ਤੋਂ ਇਲਾਵਾ ਇਹ ਰਚਨਾ ਪਰੰਪਰਕ ਨਾਵਲ ਦੇ ਬਹੁ-ਪ੍ਰਚਲਿਤ ਬਿਰਤਾਂਤਕ ਦ੍ਰਿਸ਼ਟੀਕੋਣ ਦੀ ਜੁਗਤ ਨੂੰ ਵਰਤਦੀ ਹੈ ਜਿਸਦੇ ਅੰਤਰਗਤ ਬਿਰਤਾਂਤ ਦੀ ਪੇਸ਼ਕਾਰੀ ਕਿਸੇ ਸਰਵਗਿਆਤਾ ਪ੍ਰਵਕਤਾ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ । ਪ੍ਰਵਕਤਾ ਲੇਖਕ ਆਪ ਵੀ ਹੋ ਸਕਦਾ ਹੈ ਅਤੇ ਕੋਈ ਕਲਪਿਤ ਹਸਤੀ ਵੀ । 'ਕੱਚੇ ਘਰ' ਨਾਵਲ ਵਿਚਲਾ ਇਹ ਸਰਵਗਿਆਤਾ ਪ੍ਰਵਕਤਾ ਨਾਵਲੀ ਬਿਰਤਾਂਤ ਦੇ ਨਾਲ ਨਾਲ ਆਪਣੇ ਵਲੋਂ ਕੁਝ ਟਿੱਪਣੀਆਂ ਵੀ ਪ੍ਰਸਤੁਤ ਕਰਦਾ ਹੈ ਜਿਸ ਨੂੰ ਅਸੀਂ ਨਾਵਲ ਵਿਚਲਾ ਭਾਸ਼ਣੀ ਤੱਤ ਆਖ ਸਕਦੇ ਹਾਂ । ਆਮ ਹਾਲਤ ਵਿਚ ਇਹੋ ਜਿਹਾ ਭਾਸ਼ਣ ਨਾਵਲਕਾਰੀ ਦੀ ਕਲਾਤਮਕ ਵਿਧੀ ਵਿਚ ਰੁਕਾਵਟ ਵੀ ਬਣ ਸਕਦਾ ਹੈ ਪਰ ਸਵਰਨ ਚੰਦਨ ਨੇ ਇਸ ਵਿਧੀ ਨੂੰ ਉਪਰੋਕਤ ਦੋਸ਼ ਨਹੀਂ ਬਣਨ ਦਿਤਾ ਸਗੋਂ ਇਸਦੀ ਲੋੜ ਅਨੁਸਾਰ ਢੁਕਵੀਂ ਵਰਤੋਂ ਹੀ ਕੀਤੀ ਹੈ ।

ਪਾਤਰਾਂ, ਸਥਿਤੀਆਂ ਅਤੇ ਕਾਰਜਾਂ ਦੇ ਸਮੂਰਤ ਪ੍ਰਬੰਧ ਰਾਹੀਂ ਉਸਰਿਆ ਨਾਵਲ ਦਾ ਗਲਪ-ਬਿੰਬ ਆਪਣੀ ਇਕਸੁਰਤਾ ਅਤੇ ਇਕਾਗਰਤਾ ਦਾ ਪ੍ਰਮਾਣ ਪੇਸ਼ ਕਰਦਾ ਹੈ । ਇਹ ਇਕਸੁਰਤਾ ਅਤੇ ਇਕਾਗਰਤਾ ਇਸਨੂੰ ਵਿਚਲੇ ਅਮੂਰਤ ਥੀਮ-ਪ੍ਰਬੰਧ ਪਾਸੋਂ ਪ੍ਰਾਪਤ ਹੁੰਦੀ ਹੈ ਜਿਸਨੂੰ ਸੰਗਠਿਤ ਕਰਨ ਵਿਚ ਨਾਵਲਕਾਰ ਦੀ ਯੋਗਤਾ ਅਤੇ ਪ੍ਰਤਿਭਾ ਦਾ ਹੱਥ ਹੈ । ਪਾਤਰ ਸਥਿਤੀ ਅਤੇ ਕਾਰਜ ਦੀ ਪੱਧਰ 'ਤੇ ਬਿਰਤਾਂਤ ਨੂੰ ਸੰਗਠਿਤ ਕਰਨ ਵਾਲੀ ਅਮੂਰਤ ਥੀਮ ਨੂੰ ਨਾਵਲਕਾਰ ਨੇ ਅਚੇਤ ਜਾਂ ਸਚੇਤ ਤੌਰ 'ਤੇ ਅਤਿਅੰਤ ਸੂਖਮ ਕਿਸਮ ਦੇ ਵਿਰੋਧ-ਜੁੱਟਾਂ ਉਪਰ ਆਧਾਰਿਤ ਕੀਤਾ ਹੈ । ਮਿਸਾਲ ਵਜੋਂ; ਨਾਵਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁੱਖ ਪਾਤਰਾਂ ਦੀ ਇਕ ਸਥਾਨ ਤੋਂ ਦੂਸਰੇ ਸਥਾਨ ਤਕ ਕੀਤੀ ਗਈ ਯਾਤਰਾ ਇਕੋ ਵੇਲੇ ਇਕ ਦੇਸ਼ ਤੋਂ ਦੂਸਰੇ ਦੇਸ਼; ਇਕ ਪ੍ਰਬੰਧ ਤੋਂ ਦੂਸਰੇ ਪ੍ਰਬੰਧ ਦਾ ਸੰਕੇਤ ਤਾਂ ਦਿੰਦੀ ਹੀ ਹੈ, ਪਰ ਇਸਦੇ ਨਾਲ ਇਹ ਰੋਮਾਂਸ ਦੀ ਸ੍ਵੈ-ਪ੍ਰਸੰਨ (ਪਰ ਅਚੇਤ) ਅਵਸਥਾ ਤੋਂ ਯਥਾਰਥ ਦੀ ਕਠੋਰ (ਪਰ ਸ੍ਵੈ-ਚੇਤਨ) ਅਵਸਥਾ ਦੇ ਵਿਰੋਧ ਨੂੰ ਵੀ ਪ੍ਰਗਟਾਉਂਦੀ ਹੈ। ਇਹ ਘਰ ਵੈਰਾਗ ਤੋਂ ਤ੍ਰਾਸ ਤਕ ਸਫਰ ਵੀ ਹੈ।

'ਕੱਚੇ ਘਰ' ਨਾਵਲ ਦੇ ਸਿਰਜਨਾਤਮਕ ਸੰਗਠਨ ਅਤੇ ਇਸਦੇ ਗਲਪ-ਬਿੰਬ ਦਾ ਰੂਪਾਤਮਕ ਵਿਸ਼ਲੇਸ਼ਣ ਕਰਨ ਤੋਂ ਉਪਰੰਤ ਹੁਣ ਅਸੀਂ ਇਸਨੂੰ ਯਥਾਰਥ ਦੇ ਪ੍ਰਤੀਕਾਤਮਕ ਪ੍ਰਗਟਾਵੇ ਵਜੋਂ ਵਿਚਾਰਨਾ ਉਚਿਤ ਸਮਝਦੇ ਹਾਂ। ਨਾਵਲੀ ਰਚਨਾ ਭਾਵੇਂ ਕਿਸੇ ਵਿਸ਼ੇਸ਼ ਵਿਅਕਤੀ ਦੀ ਸਿਰਜਨਾਤਮਕ ਪ੍ਰਤਿਭਾ ਅਤੇ ਯੋਗਤਾ ਦੇ ਮਾਧਿਅਮ ਰਾਹੀਂ ਹੋਂਦ ਵਿਚ ਆਉਂਦੀ ਹੈ, ਪਰ ਇਸਦੇ ਉਤਪਾਦਕ ਕਾਰਣ ਆਪਣੇ ਸਮਕਾਲੀ ਸਮਾਜਕ-ਆਰਥਿਕ ਢਾਂਚੇ ਦੇ ਵਿਚਾਰਧਾਰਾਈ ਉਸਾਰ ਵਿਚ ਛੁਪੇ ਹੁੰਦੇ ਹਨ। ਲੇਖਕ ਮੂਲ ਰੂਪ ਵਿਚ ਇਕ ਸਮਾਜਕ ਪ੍ਰਾਣੀ ਹੈ ਜਿਸਦੀ ਚੇਤਨਾ ਅਤੇ ਸੰਵੇਦਨਾ ਸਮਾਜਕ ਅਨੁਭਵ ਰਾਹੀਂ ਹੀ ਪੈਦਾ ਹੁੰਦੀ ਹੈ। ਉਹ ਅਚੇਤ ਜਾਂ ਸਚੇਤ ਆਪਣੇ ਯੁਗ ਦੀ ਪ੍ਰਧਾਨ ਵਿਚਾਰਧਾਰਾ ਨੂੰ ਮਿਥ ਵਾਂਗ ਗ੍ਰਹਿਣ ਕਰਦਾ ਹੋਇਆ ਉਸਦੀ ਰੌਸ਼ਨੀ ਵਿਚ ਯਥਾਰਥ ਦੀ ਸਾਰਥਕਤਾ ਨੂੰ ਗ੍ਰਹਿਣ ਕਰਦਾ ਹੈ। ਮਾਰਕਸਵਾਦੀ ਸਮੀਖਿਆ ਵਿਧੀ ਨੇ ਸਾਹਿਤਕ ਸਿਰਜਨਾ ਦੇ ਇਸ ਉਤਪਾਦਕ ਕਾਰਣ ਅਰਥਾਤ ਵਿਚਾਰਧਾਰਾ ਦੀ ਵਿਆਖਿਆ ਦਾ ਉੱਦੇਸ਼ ਸਾਮ੍ਹਣੇ ਰੱਖਣ ਉੱਤੇ ਬਲ ਦਿੱਤਾ ਹੈ। ਜੋ ਤਰਕਸੰਗਤ ਹੈ। ਉਪਰੋਕਤ ਅੰਤਰ ਦ੍ਰਿਸ਼ਟੀ ਦੇ ਆਧਾਰ ਤੇ ਪਰਖਿਆਂ ਨਾਵਲ 'ਕੱਚੇ ਘਰ' ਵਿਚ ਵਿਚਾਰਧਾਰਾ ਦੀ ਕਾਰਜਸ਼ੀਲਤਾ ਨੂੰ ਪਛਾਣਨ ਦਾ ਮਸਲਾ ਪੇਸ਼ ਹੁੰਦਾ ਹੈ।

ਜਿਹਾ ਕਿ ਪਹਿਲਾਂ ਸੰਕੇਤ ਕੀਤਾ ਜਾ ਚੁਕਿਆ ਹੈ ਇਹ ਨਾਵਲ ਮੂਲ ਰੂਪ ਵਿਚ ਇਸਤ੍ਰੀ-ਪੁਰਖ ਸੰਬੰਧਾਂ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਗਲਪ-ਜਗਤ ਦੀ ਸਿਰਜਨਾ ਕਰਦਾ ਹੈ। ਇਸਤ੍ਰੀ-ਪੁਰਖ ਸੰਬੰਧ ਨਿਰੋਲ ਵਿਅਕਤੀਗਤ ਨਹੀਂ ਹੁੰਦੇ ਸਗੋਂ ਆਪਣੇ ਸਮਕਾਲੀ ਯਥਾਰਥ ਦੇ ਪ੍ਰਚਲਿਤ ਜੀਵਨ-ਮੁੱਲਾਂ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੁੰਦੇ ਹਨ। ਇਹ ਜੀਵਨ-ਮੁੱਲ ਵਾਸਤਵ ਵਿਚ ਹਾਕਮ ਸ਼੍ਰੇਣੀ ਦੀ ਸਥਾਪਿਤ ਵਿਚਾਰਧਾਰਾ ਦੀ ਉਪਜ ਹੁੰਦੇ ਹਨ ਜਿਸਦਾ ਮੂਲ ਮਨੋਰਥ ਸਥਾਪਿਤ ਪ੍ਰਬੰਧ ਨੂੰ ਸੰਤੁਲਨ ਵਿਚ ਰੱਖਣਾ ਹੁੰਦਾ ਹੈ। ਇਸ ਨਾਵਲ ਵਿਚਲੇ ਦੋ ਬਿਰਤਾਂਤ-ਖੰਡਾਂ ਵਿਚ ਇਸਤ੍ਰੀ-ਪੁਰਖ ਸੰਬੰਧਾਂ ਦੀ ਵੱਖੋ-ਵੱਖਰੀ ਸਥਿਤੀ ਅਤੇ ਗਤੀ-ਵਿਧੀ ਨੂੰ ਪ੍ਰਗਟਾਇਆ ਗਿਆ ਹੈ। ਦੋਹਾਂ ਖੰਡਾਂ ਵਿਚ ਵਿਭਿੰਨ ਪ੍ਰਕਾਰ ਦਾ ਵਿਚਾਰਧਾਰਾਈ ਮਾਹੌਲ ਹੈ ਜੋ ਆਪਣੇ ਪ੍ਰਚਲਿਤ ਸਮਾਜਕ-ਆਰਥਿਕ ਪ੍ਰਬੰਧ ਤੋਂ ਸ਼ਕਤੀ ਗ੍ਰਹਿਣ ਕਰਦਾ ਹੈ। ਪਹਿਲੇ ਬਿਰਤਾਂਤ ਖੰਡ ਵਿਚ ਜਾਗੀਰਦਾਰੀ ਪ੍ਰਥਾ ਦੇ ਸਥਾਪਿਤ ਮੁੱਲਾਂ ਦੀ ਕਾਰਜਸ਼ੀਲਤਾ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਸਦਾ ਪ੍ਰਤੀਕਾਤਮਕ ਪ੍ਰਗਟਾਵਾ ਪਿੰਡ ਦੀ ਸੰਜੁਗਤ ਪਰਿਵਾਰ-ਸੰਸਥਾ ਦੇ ਮਾਧਿਅਮ ਰਾਹੀਂ ਕੀਤਾ ਗਿਆ ਹੈ। ਇਸ ਖੰਡ ਵਿਚ ਇਸਤ੍ਰੀ-ਪੁਰਖ ਸੰਬੰਧਾਂ ਦੀ ਪ੍ਰਕਿਰਤੀ ਰਵਾਇਤੀ ਵਿਆਹ-ਪ੍ਰਥਾ ਦੇ ਅਨੁਰੂਪ ਹੈ। ਬਲਦੇਵ ਅਤੇ ਮਨਜੀਤ ਮਾਪਿਆਂ ਦੀ ਚੋਣ ਰਾਹੀਂ ਪਤੀ-ਪਤਨੀ ਦੇ ਰਿਸ਼ਤੇ ਵਿਚ ਜੁੜਦੇ ਹਨ ਅਤੇ ਇਸ ਰਿਸ਼ਤੇ ਨਾਲ ਸੰਬੰਧਿਤ ਪਰੰਪਰਕ ਨੈਤਿਕ ਮੁੱਲਾ ਅਨੁਸਾਰ ਜਿਉਂਦੇ ਹਨ। ਇਹ ਸਥਾਪਿਤ ਪ੍ਰਤਿਮਾਨ ਪਤੀ ਦੀ ਸਰਦਾਰੀ ਅਤੇ ਪਤਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਅਧੀਨਗੀ ਵਲ ਸੰਕੇਤ ਕਰਦੇ ਹਨ ਅਤੇ ਇਸਤ੍ਰੀ-ਮਰਦ ਦੀ ਨਾ-ਬਰਾਬਰੀ ਦੇ ਸੰਕਲਪ ਵਿਚੋਂ ਉਪਜਦੇ ਹਨ । ਇਹ ਵਿਹਾਰਕ ਪੱਧਰ 'ਤੇ ਮਨੁੱਖੀ ਸਮਾਜ ਵਿਚ ਦੂਹਰੇ ਨੈਤਿਕ ਪ੍ਰਤਿਮਾਨਾਂ ਦੇ ਪ੍ਰਚਲਿਤ ਹੋਣ ਦਾ ਪ੍ਰਮਾਣ ਪੇਸ਼ ਕਰਦਾ ਹੈ ਜਿਸਦੇ ਅੰਤਰਗਤ ਮਰਦ ਅਤੇ ਇਸਤ੍ਰੀ ਨੂੰ ਵੱਖ-ਵੱਖ ਸਦਾਚਾਰਕ ਪਲੜਿਆਂ ਵਿਚ ਪਾ ਕੇ ਤੋਲਿਆ ਜਾਂਦਾ ਹੈ । ਜ਼ਾਹਰ ਹੈ ਕਿ, ਅਜਿਹੀ ਸਥਿਤੀ ਵਿਚ ਘਰੇਗੀ ਜੀਵਨ ਦਾ ਸੰਤੁਲਨ ਤਦ ਹੀ ਕਾਇਮ ਰਹਿ ਸਕਦਾ ਹੈ ਜੇ ਇਸਤ੍ਰੀ ਜਾਂ ਤਾਂ ਅਣਜਾਗ੍ਰਿਤ ਰਹੇ ਅਤੇ ਰੀਤ ਅਨੁਸਾਰ ਤੁਰਦੀ ਰਹੇ ਅਤੇ ਜਾਂ ਸਮਝੌਤੇ ਦਾ ਰਸਤਾ ਚੁਣੇ ।

ਬਲਦੇਵ ਅਤੇ ਮਨਜੀਤ ਦੀ ਅਚੇਤ ਮਾਨਸਿਕਤਾ ਵਿਚ ਸਮਾ ਚੁਕੇ ਇਹ ਜੀਵਨ-ਮੁੱਲ ਉਹਨਾਂ ਦੇ ਮੁਢਲੇ ਜੀਵਨ ਵਿਚ ਕਿਸੇ ਤਣਾਉ ਜਾਂ ਵਿਰੋਧ ਨੂੰ ਜਨਮ ਨਹੀਂ ਦਿੰਦੇ ਸਗੋਂ ਉਹਨਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਭਾਵੁਕ ਸੰਤੁਸ਼ਟੀ ਪ੍ਰਦਾਨ ਕਰਦੇ ਹਨ । ਇਉਂ ਵਿਚਾਰਧਾਰਾ ਦੀਆਂ ਇਹ ਕਦਰਾਂ-ਕੀਮਤਾਂ ਅਚੇਤ ਹੀ ਇਹਨਾਂ ਪਾਤਰਾਂ ਦੇ ਰਿਸ਼ਤੇ ਨੂੰ ਸੰਤੁਲਨ ਵਿਚ ਰਖਦੀਆਂ ਹਨ । ਪਰ ਜਦੋਂ ਨਾਵਲ ਦੇ ਦੂਸਰੇ ਬਿਰਤਾਂਤ-ਖੰਡ ਵਿਚ ਵਿਚਾਰਧਾਰਾਈ ਮਾਹੌਲ ਬਦਲ ਜਾਂਦਾ ਹੈ ਤਾਂ ਇਹੋ ਕਦਰ-ਕੀਮਤਾਂ ਇਹਨਾਂ ਦੋਹਾਂ ਪਾਤਰਾਂ ਦੇ ਦਰਮਿਆਨ ਰਸਤੇ ਦੀਆਂ ਦੀਵਾਰਾਂ ਹੋ ਨਿਬੜਦੀਆਂ ਹਨ । ਇੰਗਲੈਂਡ ਦੇ ਵਿਕਸਿਤ ਸਰਮਾਇਦਾਰੀ ਪ੍ਰਬੰਧ ਵਿਚ ਇਹਨਾਂ ਕਦਰਾਂ-ਕੀਮਤਾਂ ਦਾ ਕੋਈ ਮੁੱਲ ਨਹੀਂ ਪੈਂਦਾ, ਸਗੋਂ ਇਹ ਨਵੀਨ ਸਥਿਤੀ ਦੇ ਅਨੁਕੂਲ ਢਲਣ ਵਿਚ ਰੁਕਾਵਟ ਸਿੱਧ ਹੁੰਦੀਆਂ ਹਨ । ਸਰਮਾਇਦਾਰੀ ਪ੍ਰਥਾ ਜਾਗੀਰਦਾਰੀ ਪ੍ਰਥਾ ਨਾਲੋਂ ਵਿਕਾਸ ਦੀ ਇਕ ਪਉੜੀ ਅੱਗੇ ਹੈ । ਇਥੇ ਵਿਅਕਤੀਗਤ ਸੁਤੰਤਰਤਾ ਦੀਆਂ ਕਦਰਾਂ ਕੀਮਤਾਂ ਪ੍ਰਚਲਿਤ ਹਨ ਅਤੇ ਇਸਤਰੀ ਨੂੰ ਵੀ ਬਰਾਬਰੀ ਦਾ ਸਮਾਜਕ ਨੈਤਿਕ ਦਰਜਾ ਹਾਸਿਲ ਹੈ । ਪਰ ਇਸ ਪ੍ਰਬੰਧ ਦਾ ਆਪਣਾ ਸ਼ੋਸ਼ਣਕਾਰੀ ਰੂਪ ਵੀ ਹੈ ਜੋ ਮਨੁੱਖੀ ਰਿਸ਼ਤਿਆਂ ਨੂੰ ਸਰਬ ਸਾਂਝ ਨਾਲੋਂ ਤੋੜ ਕੇ ਸਵਾਰਥੀ ਨੀਹਾਂ 'ਤੇ ਲਿਆ ਖਲ੍ਹਾਰਦਾ ਹੈ । ਅਜਿਹੇ ਪ੍ਰਬੰਧ ਵਿਚ ਹਰ ਵਿਅਕਤੀ ਆਪਣੀ ਵਿਅਕਤੀਗਤ ਹੋਂਦ ਦੇ ਦੁਆਲੇ ਘੁੰਮਣ ਲਈ ਮਜਬੂਰ ਹੁੰਦਾ ਹੈ । ਉਸਨੂੰ ਆਪਣੀ ਸ੍ਵੈ ਦਾ ਤਿੱਖਾ ਅਹਿਸਾਸ ਹੁੰਦਾ ਹੈ ਪਰ ਨਾਲ ਹੀ ਆਪਣੇ ਇਕੱਲੇਪਨ ਦਾ ਵੀ । ਬਲਦੇਵ ਅਤੇ ਮਨਜੀਤ ਜਦੋਂ ਇਸ ਨਵੇਂ ਵਿਚਾਰਧਾਰਾਈ ਮਾਹੌਲ ਵਿਚ ਪ੍ਰਵੇਸ਼ ਕਰਦੇ ਹਨ ਤਾਂ ਉਹਨਾਂ ਲਈ ਜੀਵਨ-ਮੁੱਲਾਂ ਦਾ ਡੂੰਘਾ ਸੰਕਟ ਵਿਆਪਦਾ ਹੈ । ਬਲਦੇਵ ਨੂੰ ਮਨਜੀਤ ਦਾ ਕੰਮ ਕਰਨਾ ਤਾਂ ਪੁਗਦਾ ਹੈ, ਪਰ ਹੋਰਨਾਂ ਇਸਤ੍ਰੀ ਕਾਮਿਆਂ ਵਾਂਗ ਸ਼ਰਾਬ ਪੀਣਾ ਗਵਾਰਾ ਨਹੀਂ ਜੋ ਉਥੋਂ ਦੇ ਸਭਿਆਚਾਰਕ ਮਾਹੌਲ ਅਨੁਸਾਰ ਇਕ ਸਾਧਾਰਣ ਜਿਹੀ ਗੱਲ ਹੈ । ਇਹ ਵਾਸਤਵ ਵਿਚ ਦੋ ਵੱਖੋ ਵੱਖਰੇ ਜੀਵਨ-ਮੁੱਲਾਂ ਦਾ ਟਕਰਾਉ ਹੈ ਜੋ ਉਹਨਾਂ ਦੇ ਰਿਸ਼ਤੇ ਨੂੰ ਅਸੰਤੁਲਿਤ ਕਰ ਦੇਣ ਲਈ ਕਾਫ਼ੀ ਹੈ ।

ਇਉਂ ਨਾਵਲਕਾਰ ਨੇ ਭਾਵੇਂ ਫੋਕਸ ਵਿਚ ਆਪਣੇ ਪਾਤਰਾਂ ਦੇ ਵਿਆਹ ਸੰਬੰਧਾਂ ਨੂੰ ਹੀ ਰਖਿਆ ਹੈ ਪਰ ਇਸ ਸੰਬੰਧ ਦੇ ਆਰ-ਪਾਰ ਫੈਲੀ ਹੋਈ ਵਿਚਾਰਧਾਰਾ ਅਤੇ ਉਸਦੀ ਸਮਾਜਕ-ਆਰਥਿਕ ਬੁਨਿਆਦ ਵੀ ਆਪ ਮੁਹਾਰੇ ਪ੍ਰਗਟ ਹੋ ਜਾਂਦੀ ਹੈ । ਇਕ ਪਾਸੇ ਨਾਵਲਕਾਰ ਇਹਨਾਂ ਪਾਤਰਾਂ ਦੇ ਭਾਵੁਕ ਰਿਸ਼ਤੇ ਦੇ ਸਥਿਤੀ ਅਤੇ ਪਰਿਵਰਤਨ ਨੂੰ ਚਿਤ੍ਰਦਾ ਹੈ ਅਤੇ ਦੂਸਰੇ ਪਾਸੇ ਉਹ ਇਹਨਾਂ ਦੇ ਸਮਾਜਕ-ਸਭਿਆਚਾਰਕ ਮਾਹੌਲ ਦਾ ਵੀ ਗਹਿਰਾਈ ਨਾਲ ਚਿਤ੍ਰਣ ਕਰਦਾ ਹੈ ਜੋ ਇਹਨਾਂ ਪਾਤਰਾਂ ਦੇ ਨਾਲ ਨਾਲ ਦੂਸਰੇ ਗੌਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਰਾਂ ਦੇ ਜੀਵਨ-ਬਿਰਤਾਂਤ ਟੋਟਿਆਂ ਦੀ ਪੇਸ਼ਕਾਰੀ ਰਾਹੀਂ ਸਮੂਰਤ ਹੁੰਦਾ ਹੈ। ਬਲਦਵ ਅਤੇ ਮਨਜੀਤ ਦੇ ਆਪਣੇ ਪਿੰਡ ਅਤੇ ਸ਼ਹਿਰ ਵਿਚ ਮੂੰਹ ਬੋਲੇ ਰਿਸ਼ਤੇ ਅਤੇ ਦੋਸਤੀਆਂ ਹਨ ਜਿਨ੍ਹਾਂ ਦਾ ਆਧਾਰ ਪਰਸਪਰ ਸਾਂਝ ਅਤੇ ਸੁਹਿਰਦਤਾ ਉਪਰ ਹੈ ਜਿਸਨੂੰ ਜਾਗੀਰ-ਦਾਰੀ ਪ੍ਰਥਾ ਦਾ ਮਾਨਵੀ ਪਹਿਲੂ ਆਖਿਆ ਜਾ ਸਕਦਾ ਹੈ। ਪਰ ਇੰਗਲੈਂਡ ਦੇ ਮਸ਼ੀਨੀ ਅਤੇ ਅਮਾਨਵੀ ਕ੍ਰਿਤ ਮਾਹੌਲ ਵਿਚ ਇਹੋ ਜਿਹੇ ਬੇਗਰਜ਼ ਸੰਬੰਧ ਕਿਧਰੇ ਕਿਧਰੇ ਹੀ ਅਪਵਾਦ ਰੂਪ ਵਿਚ ਮਿਲ ਸਕਦੇ ਹਨ। ਇਹਨਾਂ ਨੂੰ ਸਹਿਕਰਮੀ ਤਾਂ ਮਿਲਦੇ ਹਨ ਸਹਿਯੋਗੀ ਨਹੀਂ, ਪੜੋਸੀ ਤਾਂ ਮਿਲਦੇ ਹਨ ਬੇਗਰਜ਼ ਸਨੇਹੀ ਨਹੀਂ। ਕਿਧਰੇ ਹੀ ਕੋਈ ਸ਼ਰਮਾ ਜਾਂ ਕੁਲਤਾਰ ਟਕਰਦਾ ਹੈ ਜੋ ਗਰਜ਼ ਤੋਂ ਉੱਚਾ ਉਠ ਕੇ ਨਿਰੋਲ ਇਨਸਾਨੀ ਸਰੋਕਾਰਾਂ ਨਾਲ ਵਾਸਤਾ ਰੱਖ ਸਕਦਾ ਹੈ। ਇਉਂ ਇਸ ਨਵੇਂ ਮਾਹੌਲ ਵਿਚ ਪਰੰਪਰਕ ਪਤੀ-ਪਤਨੀ ਸੰਬੰਧਾਂ ਵਿਚ ਹੀ ਨਹੀਂ ਸਗੋਂ ਮਿਤ੍ਰਤਾ ਦੇ ਪ੍ਰਤਿਬੱਧ ਰਿਸ਼ਤਿਆਂ ਵਿਚ ਵੀ ਤ੍ਰੇੜਾਂ ਉਪਜਦੀਆਂ ਦੇਖੀਆਂ ਜਾ ਸਕਦੀਆਂ ਹਨ। ਇਹ ਨਾਵਲ ਇਕੋ ਵੇਲੇ ਦੇ ਪ੍ਰਮੁੱਖ ਸਮਾਜਕ-ਆਰਥਿਕ ਪ੍ਰਬੰਧਾਂ ਦੇ ਵਿਚਾਰਧਾਰਾਈ ਮਾਹੌਲ ਦੀ ਤੁਲਨਾਤਮਕ ਪੇਸ਼ਕਾਰੀ ਕਰਦਾ ਹੈ ਅਤੇ ਆਪਣੇ ਨਾਵਲੀ ਜਗਤ ਵਿਚ ਦੋਹਾਂ ਦੀ ਕਾਰਜਸ਼ੀਲਤਾ ਨੂੰ ਪ੍ਰਦਰਸ਼ਿਤ ਕਰਦਾ ਹੈ। ਇਹਨਾਂ ਦੋਹਾਂ ਪ੍ਰਬੰਧਾਂ ਦੀ ਸਥਾਪਿਤ ਮਿਥ ਇਕ ਦੂਸਰੇ ਨਾਲ ਟਕਰਾ ਕੇ ਖੰਡਿਤ ਹੁੰਦੀ ਹੋਈ ਵੀ ਦੇਖੀ ਜਾ ਸਕਦੀ ਹੈ। ਹਰ ਸਮਾਜਕ ਪ੍ਰਬੰਧ ਆਪਣੀ ਹਾਕਮ ਸ਼੍ਰੇਣੀ ਦੇ ਹਿਤਾਂ ਦੀ ਪੂਰਤੀ ਲਈ ਵਿਚਾਰਧਾਰਾ ਦਾ ਅਜਿਹਾ ਮਾਹੌਲ ਉਸਰਦਾ ਹੈ ਜੋ ਉਸਦੇ ਚਿਰਸਥਾਈ ਜਾਂ ਸਦੀਵੀ ਹੋਣ ਦਾ ਭਰਮ ਪੈਦਾ ਕਰਦਾ ਹੈ। ਇਹ ਪ੍ਰਚਲਿਤ ਵਿਚਾਰਧਾਰਾ ਮਨੁੱਖ ਨੂੰ ਆਪਣੀ ਵਰਤਮਾਨ ਸਥਿਤੀ ਨਾਲ ਸਮਝੌਤਾ ਕਰੀ ਰੱਖਣ ਲਈ ਪ੍ਰੇਰਦੀ ਹੈ ਪਰ ਜਦੋਂ ਕੋਈ ਵਿਅਕਤੀ ਇਸ ਸ਼੍ਰੇਣੀ-ਆਧਾਰਿਤ ਵਿਚਾਰਧਾਰਾ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਆਪਣੇ ਮਾਹੌਲ ਨਾਲੋਂ ਵਿਜੋਗਿਆ ਜਾਂਦਾ ਹੈ। ਆਪਣੇ ਅੰਤਿਮ ਬਿੰਦੂ 'ਤੇ ਪਹੁੰਚ ਕੇ ਇਹ ਨਾਵਲ ਸਾਨੂੰ ਵਿਕਸਿਤ ਸਰਮਾਏਦਾਰੀ ਪ੍ਰਥਾ ਦੇ ਮਸ਼ੀਨੀ ਅਤੇ ਅਮਾਨਵੀਕ੍ਰਿਤ ਮਾਹੌਲ ਦਾ ਤ੍ਰਾਸਮਈ ਰੂਪ ਦਿਖਾਉਂਦਾ ਹੈ। ਪਰ ਇਸ ਤ੍ਰਾਸ-ਭਰੇ ਮਾਹੌਲ ਵਿਚ ਜੀਊਣ ਵਾਲੇ ਮੁੱਖ ਪਾਤਰ ਹੋਂਦ-ਵਿਧੀ ਦੀਆਂ ਵਿਰੋਧ ਦਿਸ਼ਾਵਾਂ ਗ੍ਰਹਿਣ ਕਰਦੇ ਦਿਖਾਈ ਦਿੰਦੇ ਹਨ। ਇਹ ਮਾਹੌਲ ਜੇ ਬਲਦੇਵ ਦੇ ਮਨ ਵਿਚ ਆਪਣੇ ਜਾਗੀਰਦਾਰੀ ਵਿਰਸ ਵਲ ਵਾਪਸ ਜਾਣ ਵਾਲੀ ਘਰ ਵੈਰਾਗ ਦੀ ਭਾਵਨਾ ਕਰਦਾ ਹੈ ਤਾਂ ਇਹ ਮਨਜੀਤ ਲਈ ਸ੍ਵੈ-ਚੇਤਨਾ ਜਗਾਉਣ ਵਾਲਾ ਹੋ ਨਿਬੜਦਾ ਹੈ। ਨਾਵਲ ਦੇ ਅੰਤਿਮ ਕਾਂਡ ਵਿਚ ਬਲਦੇਵ ਨੂੰ ਰੱਤੂ ਦੀ ਸੁਣਾਈ ਹੋਈ ਉਹ ਘਟਨਾ ਯਾਦ ਆਉਂਦੀ ਹੈ ਜਿਸ ਵਿਚ ਕਿਸੇ ਪੋਂਡੂ ਦੇ ਆਪਣੇ ਕੱਚੇ ਘਰ ਵਿਚ ਬਰਫ਼ ਦੀ ਮਸ਼ੀਨ ਲਾਉਣ ਦਾ ਜ਼ਿਕਰ ਹੈ। ਇਸ ਕੱਚੇ ਘਰ ਦੀਆਂ ਨੀਹਾਂ ਪਾਣੀ ਨਾਲ ਖੁਰ ਜਾਂਦੀਆਂ ਹਨ ਤੇ ਘਰ ਢਹਿ ਢੇਰੀ ਹੋ ਜਾਂਦਾ ਹੈ। ਬਲਦੇਵ ਨੂੰ ਅਹਿਸਾਸ ਹੁੰਦਾ ਹੈ ਕਿ ਉਸਦਾ ਘਰ ਵੀ ਅਜੇਹੀ ਭਾਵੁਕਤਾ ਦੀਆਂ ਕੱਚੀਆਂ ਬੁਨਿਆਦਾਂ ਤੇ ਉਸਰਿਆ ਹੋਇਆ ਸੀ ਜੋ ਮਸ਼ੀਨੀ ਸਭਿਅਤਾ ਦੇ ਮਾਹੌਲ ਵਿਚ ਢਹਿ-ਢੇਰੀ ਹੋ ਗਿਆ। ਇਹ ਕੱਚੇ ਘਰ ਦਾ ਮੋਟਿਫ਼ ਪ੍ਰਤੀਕਾਤਮਕ ਸਾਰਥਕਤਾ ਰਖਦਾ ਹੈ ਅਤੇ ਪਛਾਣ ਰਹਿਤ ਰਿਸ਼ਤਿਆਂ ਦੀ ਤ੍ਰਾਸਦੀ ਨੂੰ ਮੂਰਤੀਮਾਨ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਇਸ ਨਾਵਲ ਦਾ ਗਲਪੀ ਜਗਤ ਜਿਥੇ ਕਲਾਤਮਕ ਬਿਰਤਾਂਤ-ਸੰਗਠਨ ਰਾਹੀਂ ਇਕ ਇਕਾਗਰ ਸੁਹਜ-ਰੂਪ ਦੀ ਸਿਰਜਣਾ ਕਰਦਾ ਹੈ ਉਥੇ ਇਹ ਆਪਣੇ ਸਿਰਜਿਤ ਸੰਸਾਰ ਵਿਚ ਦੋ ਵਿਭਿੰਨ ਵਿਚਾਰਧਾਰਾਈ ਪ੍ਰਬੰਧਾਂ ਦੀ ਕਾਰਜਸ਼ੀਲਤਾ ਨੂੰ ਧਿਆਨੀ ਇਕਾਗਰਤਾ ਨਾਲ ਦੇਖਣ-ਪਰਖਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ ਜਿਸ ਨਾਲ ਸਾਡੇ ਸਮਕਾਲੀ ਯਥਾਰਥ ਦੀ ਅੰਤਰਲੀ ਹਕੀਕਤ ਉਜਾਗਰ ਹੋ ਉਠਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਮਨ ਗੰਗਾ (ਨਾਵਲ) : ਇਕ ਅਧਿਐਨ

ਨਾਵਲ ਆਧੁਨਿਕ ਗਲਪ ਦਾ ਉਹ ਰੂਪ ਹੈ ਜਿਸਦਾ ਵਿਕਾਸ ਯਥਾਰਥ ਦੀ ਵਾਸਤਵਿਕਤਾ ਨਾਲ ਸਿੱਧਾ ਸਰੋਕਾਰ ਜੋੜਨ ਦੇ ਸਿਟੇ ਵਜੋਂ ਹੋਇਆ ਹੈ। ਪੁਰਾਤਨ ਮਿੱਥ ਅਤੇ ਮਧਕਾਲੀ ਰੋਮਾਂਸ ਦਾ ਗਲਪੀ ਜਗਤ ਯਥਾਰਥ ਨੂੰ ਪਰਮਾਰਥ ਜਾਂ ਸੁਪਨੇ ਦੇ ਰੂਪ ਵਿਚ ਗ੍ਰਹਿਣ ਕਰਨ ਦੀ ਚੇਸ਼ਟਾ ਕਰਦਾ ਸੀ ਜਦੋਂ ਕਿ ਨਾਵਲੀ ਵਿਧਾ ਯਥਾਰਥ ਨੂੰ ਸਿੱਧਾ ਸੰਬੋਧਿਤ ਹੁੰਦੀ ਹੈ। ਨਾਵਲਕਾਰ ਆਪਣੇ ਅਨੁਭਵ ਅਤੇ ਦ੍ਰਿਸ਼ਟੀ ਦੇ ਅਨੁਰੂਪ ਯਥਾਰਥ ਦਾ ਗਲਪੀ ਬਿੰਬ ਉਸਾਰਨ ਵਲ ਰੁਚਿਤ ਹੁੰਦਾ ਹੈ ਜਿਸਦੇ ਸਿੱਟੇ ਵਜੋਂ ਯਥਾਰਥ ਦਾ ਭੁਲੇਵਾਂ ਸਿਰਜਣ ਵਾਲਾ ਇਕ ਵਿਸ਼ੇਸ਼ ਪ੍ਰਕਾਰ ਦਾ ਗਲਪੀ ਜਗਤ ਹੋਂਦ ਵਿਚ ਆਉਂਦਾ ਹੈ। ਕਿਸੇ ਨਾਵਲੀ ਰਚਨਾ ਦਾ ਸਾਰਥਕ ਅਧਿਐਨ ਅਤੇ ਵਿਸ਼ਲੇਸ਼ਣ ਉਸਦੇ ਸਿਰਜਿਤ ਸੰਸਾਰ ਅਥਵਾ ਗਲਪੀ ਜਗਤ ਨੂੰ ਮੁਖ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਨਾਵਲੀ ਵਿਧਾ, ਯਥਾਰਥ ਅਤੇ ਗਲਪ ਬਾਰੇ ਇਸ ਸੰਖੇਪ ਜਿਹੀ ਟਿੱਪਣੀ ਤੋਂ ਬਾਦ ਅਸੀਂ ਆਪਣੀ ਵਿਚਾਰ ਅਧੀਨ ਰਚਨਾ 'ਗਗਨ ਗੰਗਾ' ਦੇ ਅਧਿਐਨ ਵਲ ਪਰਤਦੇ ਹਾਂ।

'ਗੰਗਨ ਗੰਗਾ' ਪੰਜਾਬੀ ਦੇ ਸੁਪ੍ਰਸਿਧ ਅਤੇ ਸਥਾਪਿਤ ਨਾਵਲਕਾਰ ਨਰਿੰਦਰ ਪਾਲ ਸਿੰਘ ਦਾ ਨਾਵਲ ਹੈ ਜੋ 1981 ਵਿਚ ਪ੍ਰਕਾਸ਼ਿਤ ਹੋਇਆ ਸੀ। 'ਟਾਪੂ' ਅਤੇ 'ਵਿਕੇਂਦ੍ਰਿਤ' ਨਾਵਲਾਂ ਵਾਂਗ ਇਹ ਨਾਵਲ ਵੀ ਪੰਜਾਬੀ ਨਾਵਲ ਦੀ ਪਰੰਪਰਕ ਲੀਹ ਤੋਂ ਹਟ ਕੇ ਲਿਖਿਆ ਗਿਆ ਹੈ। ਵਿਸ਼ੈ-ਸੰਗਠਨ ਅਤੇ ਗਲਪੀ ਪੇਸ਼ਕਾਰੀ ਦੋਹਾਂ ਪੱਖਾਂ ਤੋਂ ਹੀ ਇਹ ਨਾਵਲ ਆਪਣੀ ਵਿਲੱਖਣਤਾ ਦਰਸਾਉਂਦਾ ਹੈ। ਇਹੀ ਕਾਰਣ ਹੈ ਕਿ ਇਸ ਰਚਨਾ ਨੂੰ ਅਸੀਂ ਪ੍ਰਯੋਗਸ਼ੀਲ ਨਾਵਲਾਂ ਦੀ ਸ਼੍ਰੇਣੀ ਵਿਚ ਰਖ ਸਕਦੇ ਹਾਂ। ਜਿਥੇ ਪਰੰਪਰਕ ਨਾਵਲ ਪਾਤਰ, ਸਥਿਤੀ, ਘਟਨਾ ਅਤੇ ਮਾਹੌਲ ਨੂੰ ਸਿਧ-ਪਧਰੇ ਬਿਰਤਾਂਤ ਦੇ ਰੂਪ ਵਿਚ ਸੰਗਠਿਤ ਕਰਕੇ ਪੇਸ਼ ਕਰਨ ਵਲ ਰੁਚਿਤ ਰਿਹਾ ਹੈ ਓਥੇ ਇਸ ਨਾਵਲ ਵਿਚ ਚੇਤਨਾ ਪ੍ਰਵਾਹ, ਪ੍ਰਗੀਤਾਤਮਕਤਾ ਅਤੇ ਇਕ-ਪਾਤਰੀ ਬਿਰਤਾਂਤਕ ਦ੍ਰਿਸ਼ਟੀਕੋਣ ਵਰਗੀਆਂ ਪ੍ਰਯੋਗਸ਼ੀਲ ਰਚਨਾ-ਜੁਗਤਾਂ ਦੀ ਵੀ ਸੁਯੋਗ ਵਰਤੋਂ ਕੀਤੀ ਗਈ ਹੈ। ਨਾਵਲ ਵਿਚਲੀ ਸਮੁੱਚੀ ਕਥਾ-ਵਸਤੂ ਨੂੰ ਲੇਖਕ ਨੇ ਇਸ ਦੇ ਮੁਖ-ਪਾਤਰ ਦੀ ਚੇਤਨਾ ਅਤੇ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਇਥੇ ਘਟਨਾਵਾਂ ਅਤੇ ਸਥਿਤੀਆਂ ਵੀ ਹਨ ਅਤੇ ਉਨ੍ਹਾਂ ਨੂੰ ਕਾਲਕ੍ਰਮ ਅਤੇ ਕਾਰਜ-ਕਾਰਣ ਯੁਗਤ ਸੰਗਲੀ, ਦੇ ਰੂਪ ਵਿਚ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਖੇੜਿਆ ਜਾ ਸਕਦਾ ਹੈ। ਪਰ ਇਹ ਸਮੂਹ ਘਟਨਾਵਾਂ ਅਤੇ ਸਥਿਤੀਆਂ ਸੁਤੰਤਰ ਰੂਪ ਵਿਚ ਪੇਸ਼ ਨਾ ਹੋ ਕੇ ਮੁਖ-ਪਾਤਰ ਦੇ ਚੇਤਨਾ ਪ੍ਰਵਾਹ ਦਾ ਅੰਗ ਬਣ ਕੇ ਪ੍ਰਸਤੁਤ ਹੁੰਦੀਆਂ ਹਨ ਅਤੇ ਉਸੇ ਦੇ ਅਨੁਰੂਪ ਹੀ ਅਰਥ ਜਾਂ ਸਾਰਥਕਤਾ ਗ੍ਰਹਿਣ ਕਰਦੀਆਂ ਹਨ। ਨਾਵਲ ਦੀ ਪ੍ਰਗੀਤਾਤਮਕਤਾ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਨਾਵਲ ਦਾ ਸਮੁੱਚਾ ਵਿਸਥਾਰ, ਮੁੱਖ-ਪਾਤਰ ਦੀ ਮਾਨਸਿਕਤਾ ਵਿਚ ਵਾਪਰਨ ਵਾਲੇ ਇਕ ਵਿਸ਼ੇਸ਼ ਅਨੁਭਵ-ਬਿੰਦੂ ਅਥਵਾ ਯਥਾਰਥ ਬੋਧ ਨੂੰ ਹੀ ਮੂਰਤੀਮਾਨ ਕਰਨ ਵਲ, ਰਚਿਤ ਹੈ। ਇਸੇ ਤਰ੍ਹਾਂ ਹੀ ਇਹ ਰਚਨਾ ਆਪਣੀ ਥੀਮੈਟਿਕ ਸੰਕਲਪਣਾ ਵਿਚ ਵੀ ਪੰਜਾਬੀ ਦੇ ਪਰੰਪਰਕ ਨਾਵਲਾਂ ਨਾਲੋਂ ਆਪਣੀ ਵਿਲਖਣਤਾ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਸਦੀ ਵਿਸ਼ੈ ਸਮਗਰੀ ਭਾਵੇਂ ਮੂਲਰੂਪ ਵਿਚ ਪਿਆਰ ਅਤੇ ਕਾਮ ਸੰਬੰਧਾਂ ਦੁਆਲੇ ਘੁੰਮਦੀ ਹੈ ਪਰ ਇਥੇ ਰਵਾਇਤੀ ਕਿਸਮ ਦੇ ਪਿਆਰ ਕਹਾਣੀ ਦੇ ਕਥਾਨਕ ਦੀ ਅਣਹੋਂਦ ਹੈ ਸਗੋਂ ਨਾਵਲ ਵਿਚ ਇਨ੍ਹਾਂ ਮੂਲ ਮਨੁੱਖੀ ਸਰੋਕਾਰਾਂ ਨੂੰ ਪਰਸਪਰ ਵਿਰੋਧ ਅਤੇ ਤਣਾਉ ਦੇ ਜਟਿਲ ਪ੍ਰਬੰਧ ਵਿਚ ਬੰਨ੍ਹ ਕੇ ਨਵੇਂ ਸੰਦਰਭ ਖੋਲ੍ਹਣ ਦੀ ਚੇਸ਼ਟਾ ਕੀਤੀ ਗਈ ਹੈ। ਇਉਂ ਇਹ ਰਚਨਾ ਨਾਵਲੀ ਵਿਧਾ ਦੀਆਂ ਪਰੰਪਰਕ ਰਚਨਾ-ਰੂੜੀਆਂ ਦੀ ਲੀਹ ਉੱਤੇ ਤੁਰਨ ਦੀ ਬਜਾਇ ਆਪਣੇ ਪ੍ਰਯੋਗਸ਼ੀਲ ਸੁਭਾ ਦਾ ਪਰਿਚਯ ਦਿੰਦੀ ਹੈ।

ਨਾਵਲ 'ਗਗਨ ਗੰਗਾ' ਦਾ ਗਲਪੀ ਜਗਤ ਮੂਲਰੂਪ ਵਿਚ ਵਿਗਿਆਨ ਅਤੇ ਟੈਕਨਾਲੋਜੀ ਦੇ ਭਰਪੂਰ ਵਿਕਾਸ ਕਾਰਣ ਪੈਦਾ ਹੋ ਰਹੇ ਮਹਾਨਗਰ ਦੇ ਮਾਹੌਲ ਦੀ ਸਿਰਜਣਾ ਕਰਦਾ ਹੈ। ਸਾਮਾਜਿਕ ਅਤੇ ਆਰਥਕ ਬਣਤਰ ਵਜੋਂ ਇਹ ਦਿਨੋ ਦਿਨ ਵਿਕਸਿਤ ਹੋ ਰਹੀ ਸਰਮਾਇਦਾਰੀ ਪ੍ਰਥਾ ਦਾ ਲਖਾਇਕ ਹੈ। ਅਰਥਕ ਲੁੱਟ-ਖਸੁਟ ਅਤੇ ਸਮਾਜਿਕ ਅਨਿਆਂ ਉੱਤੇ ਅਧਾਰਤ ਹੋਣ ਕਾਰਣ ਇਹ ਪ੍ਰਥਾ ਮਨੁੱਖੀ ਰਿਸ਼ਤਿਆਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਅਲਗਾਉ ਨੂੰ ਪ੍ਰੋਤਸਾਹਨ ਦਿੰਦੀ ਹੈ। ਇਸ ਕਿਸਮ ਦੀ ਪ੍ਰਥਾ ਅਤੇ ਮਾਹੌਲ ਵਿਚ ਜਿਉਣ ਵਾਲੇ ਮਨੁੱਖ ਵਿਸ਼ਾਦ ਗ੍ਰਸਤ ਜਾਂ ਵਿਦ੍ਰੋਹੀ ਬਣ ਜਾਂਦੇ ਹਨ। ਅਮਾਨਵੀਕਰਣ ਅਤੇ ਮਸ਼ੀਨੀਕਰਣ ਦੇ ਦਬਾਉ ਅਧੀਨ ਮਨੁਖੀ ਆਪਾ ਭਾਵੇਂ ਵਕਤੀ ਤੌਰ ਤੇ ਦੱਬਿਆ ਜਾਂ ਕੁਚਲਿਆ ਜਾਂਦਾ ਹੈ ਪਰ ਪੂਰੀ ਤਰ੍ਹਾਂ ਮਰਦਾ ਕਦੇ ਨਹੀਂ। ਅਵਚੇਤਨ ਮਨ ਦੀਆਂ ਗਹਿਰਾਈਆਂ ਵਿਚੋਂ ਕਦੇ ਕਦੇ ਇਸਦੀ ਸੁਪਨੇ ਵਰਗੀ ਆਵਾਜ਼ ਸੁਣਾਈ ਦਿੰਦੀ ਹੈ। ਨਾਵਲ ਗਗਨ ਗੰਗਾ ਦੇ ਗਲਪੀ ਜਗਤ ਵਿਚ ਕੁਝ ਇਸੇ ਕਿਸਮ ਦੀ ਮਾਨਵੀ ਸਥਿਤੀ ਨੂੰ ਸਾਕਾਰ ਕਰਨ ਦੀ ਚੇਸ਼ਟਾ ਕੀਤੀ ਗਈ ਹੈ।

ਨਾਵਲ ਦਾ ਆਰੰਭ ਇਸ ਦੇ ਮੁਖ-ਪਾਤਰ, ਪਰਮਜੀਤ ਦੀ ਜਾਗੋਮੀਟੀ ਵਾਲੀ ਅਵਸਥਾ ਦੇ ਨਿਰੂਪਨ ਨਾਲ ਹੁੰਦਾ ਹੈ ਅਤੇ ਅੰਤ ਵੀ ਇਸੇ ਹੀ ਅਵਸਥਾ ਵਿਚੋਂ ਪਾਤਰ ਦੇ ਨਿਰਣਾਇਕ ਹੋ ਕੇ ਨਿਕਲਣ ਨਾਲ ਹੁੰਦਾ ਹੈ। ਇਹ ਜਾਗੋਮੀਟੀ ਦੀ ਅਵਸਥਾ ਅਸਲ ਵਿਚ ਅਵਚੇਤਨ ਮਨ ਦੇ ਜਾਗ੍ਰਿਤ ਹੋਣ ਦੀ ਲਖਾਇਕ ਹੈ ਜੋ ਮਸ਼ੀਨੀਕ੍ਰਿਤ ਜੀਵਨ ਵਿਧੀ ਦੇ ਖ਼ਿਲਾਫ਼ ਵਿਦ੍ਰੋਹ ਦੀ ਸੂਚਨਾ ਦਿੰਦੀ ਹੈ। ਜਾਗ੍ਰਿਤੀ ਦੇ ਇਸ ਛਿਣ ਨੂੰ ਨਾਵਲਕਾਰ ਨੇ ਬੜੀ ਖ਼ੂਬੀ ਨਾਲ ਕੱਟ ਕੇ ਪੇਸ਼ ਕੀਤਾ ਹੈ। ਨਾਵਲ ਦੇ ਆਰੰਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ 'ਪਿਆਰ' ਬੂਹਾ ਖਟ ਖਟਾਉਂਦਾ ਹੈ। ਜਾਗੋਮੀਟੀ ਦੀ ਅਵਸਥਾ ਵਿਚੋਂ ਬੋਲਦਾ ਹੋਇਆ ਪਰਮਜੀਤ ਇਸ ਆਵਾਜ਼ ਦਾ ਵਿਰੋਧ ਕਰਦਾ ਹੈ ਅਤੇ ਉਸਦੇ ਮਨ ਵਿਚ ਬੀਤੇ ਜੀਵਨ ਦੀਆਂ ਘਟਨਾਵਾਂ ਦੀ ਲੜੀ ਚੇਤਨਾ ਪ੍ਰਵਾਹ ਬਣ ਕੇ ਤੁਰ ਪੈਂਦੀ ਹੈ। ਪਰ ਅੰਤ ਉੱਤੇ ਉਹ ਦਰਵਾਜ਼ਾ ਖੋਲ੍ਹਦਾ ਹੈ ਅਤੇ ਪਿਆਰ ਨੂੰ ਜੀ ਆਇਆਂ ਕਹਿੰਦਾ ਹੈ। ਪਿਆਰ ਦਾ ਮਾਨਵੀਕਰਣ ਕਰਨ ਵਾਲੀ ਇਹ ਕਾਵਿਕ ਜੁਗਤ ਇਕ ਬੁਰਯਵਾ ਮਾਨਸਿਕਤਾ ਵਾਲੇ ਲੇਖਕ (ਪਾਤਰ) ਦੀ ਹੋਂਦ-ਵਿਧੀ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਇਉਂ ਨਾਵਲ ਦੀ ਕਥਾ ਸਮਗਰੀ ਨੂੰ ਕਲਾਤਮਕ ਜੁਗਤ ਨਾਲ ਕੱਟੇ ਹੋਏ ਇਕ ਸੰਖੇਪ ਛਿਣ ਵਿਚੋਂ ਗੁਜ਼ਾਰ ਕੇ ਨਾਵਲਕਾਰ ਨੇ ਆਪਣੀ ਪ੍ਰੌਢ ਗਲਪ ਸਿਰਜਣ ਯੋਗਤਾ ਦਾ ਪ੍ਰਮਾਣ ਪੇਸ਼ ਕੀਤਾ ਹੈ।

ਨਾਵਲ ਦਾ ਮੁਖ-ਪਾਤਰ ਪਰਮਜੀਤ ਖ਼ੁਦ ਵੀ ਇਕ ਗਲਪਕਾਰ ਹੈ। ਪਛਮੀ ਪੰਜਾਬ ਦੇ ਉਦਯੋਗਿਕ ਨਗਰ ਲਾਇਲਪੁਰ ਦਾ ਜੰਮਪਾਲ ਇਹ ਪਾਤਰ ਇਕ ਕਾਰਖਾਨੇਦਾਰ ਦਾ ਪੁੱਤਰ ਹੈ ਅਤੇ ਇਸ ਨੇ ਇੰਗਲੈਂਡ ਵਿਚ ਵਿਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਦੇਸ਼ ਵਿਦੇਸ਼ ਦੀ ਯਾਤਰਾ ਵੀ ਕੀਤੀ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਨੇ ਇਕ ਨਿਮਨ ਵਰਗ ਦੀ ਕੁੜੀ ਨਾਲ ਵਿਆਹ ਕੀਤਾ ਸੀ ਪਰ ਇਹ ਵਿਆਹ ਸੰਬੰਧ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਿਆ। ਵੰਡ ਦੇ ਨਾਲ ਇਕ ਅਜੀਬ ਤਰ੍ਹਾਂ ਦੀ ਹੇਠਲੀ ਉੱਤੇ ਆ ਗਈ। ਜਿਸਦੇ ਸਿੱਟੇ ਵਜੋਂ ਪਰਮਜੀਤ ਦਾ ਪਿਤਾ ਸਮੇਤ ਆਪਣੇ ਕਾਰਖ਼ਾਨੇ ਦੇ ਧਾੜਵੀਆਂ ਦੇ ਵਿਨਾਸ ਦਾ ਸ਼ਿਕਾਰ ਹੋ ਗਿਆ ਪਰ ਉਸਦੀ ਪਤਨੀ ਦਾ ਪਰਿਵਾਰ ਕਚ ਦੇ ਕਾਰੋਬਾਰ ਵਿਚ ਇਕ ਦਮ ਅਮੀਰ ਹੋ ਗਿਆ। ਇਸ ਪਰਿਵਰਤਨ ਵਿਚ ਪਰਮਜੀਤ ਦਾ ਵਿਅਹੁਤਾ ਜੀਵਨ ਵੀ ਨਸ਼ਟ ਹੋ ਗਿਆ ਕਿਉਂ ਜੋ ਨਵੇਂ ਨਵੇਂ ਅਮੀਰ ਹੋਏ ਸਹੁਰੇ ਪਰਿਵਾਰ ਨੇ ਪਰਮਜੀਤ ਦੀ ਕਖੋਂ ਹੌਲੀ ਅਵਸਥਾ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਕੁਝ ਸਮੇਂ ਦੀ ਤਲਖ਼ੀ ਤੁਰਸ਼ੀ ਤੋਂ ਬਾਦ ਪਰਮਜੀਤ ਨੇ ਆਪਣੀ ਪਤਨੀ ਨੂੰ (ਤਿੰਨ ਬਚਿਆਂ ਸਮੇਤ) ਸਦਾ ਲਈ ਆਪਣੇ ਪੇਕਿਆਂ ਦੇ ਘਰ ਭੇਜ ਦਿੱਤਾ। ਇਸ ਤੋਂ ਉਪਰੰਤ ਇਸ ਗਲਪਕਾਰ ਪਾਤਰ ਦਾ ਨਵਾਂ ਜੀਵਨ ਸ਼ੁਰੂ ਹੁੰਦਾ ਹੈ। ਆਪਣੇ ਛੋਟੇ ਭਰਾ ਦੀ ਮਿਹਰਬਾਨੀ ਸਦਕਾ ਇਸ ਨੂੰ ਦੋ ਮੰਜ਼ਲਾ ਮਕਾਨ ਵੀ ਮਿਲ ਗਿਆ ਅਤੇ ਆਪਣੀ ਗਲਪਕਾਰੀ ਦੀ ਸਫਲਤਾ ਵਿਚੋਂ ਪੈਸਾ ਤੇ ਪ੍ਰਸਿੱਧੀ ਵੀ ਪ੍ਰਾਪਤ ਹੋਣ ਲਗੀ। ਆਪਣੇ ਇਸ ਛੁੱਟੜ ਜੀਵਨ ਵਿਚ ਪਰਮਜੀਤ ਨੇ ਨਿਤ ਨਵੇਂ ਕਾਮ ਅਤੇ ਪਿਆਰ ਸੰਬੰਧ ਬਣਾਣੇ ਸ਼ੁਰੂ ਕਰ ਦਿੱਤੇ ਪਰ ਇਨ੍ਹਾਂ ਰਿਸ਼ਤਿਆਂ ਦੀ ਆਧਾਰ ਸ਼ਿਲਾ ਵਧੇਰੇ ਵਿਲਾਸ ਪੂਰਤੀ ਉੱਤੇ ਹੀ ਰਖੀ ਗਈ ਸੀ। ਹੌਲੀ ਹੌਲੀ ਉਸਦੇ ਮਨ ਵਿਚ ਪਿਆਰ ਦੀ ਪ੍ਰਤੀ ਬਧੱਤਾ ਵਾਲਾ ਰੂਪ ਨਸ਼ਟ ਹੁੰਦਾ ਗਿਆ ਅਤੇ ਕਾਮ ਤ੍ਰਿਪਤੀ ਦਾ ਮਸ਼ੀਨੀ ਕਰਨ ਹੀ ਜੀਵਨ ਦਾ ਮੁਖ ਰੁਝੇਵਾਂ ਬਣ ਗਿਆ। ਪਿਆਰ ਨੂੰ ਉਹ ਇਕ ਤਰ੍ਹਾਂ ਦੀ ਬਿਮਾਰੀ ਸਮਝਣ ਲਗ ਪਿਆ ਕਿਉਂ ਜੋ ਇਸ ਨਾਲ ਵਫ਼ਾਦਾਰੀ ਦਾ ਬੰਧਨ ਵੀ ਜੁੜਿਆ ਹੋਇਆ ਹੈ ਜੋ ਵਿਲਾਸੀ ਜੀਵਨ ਵਿਧੀ ਦੇ ਅਨੁਕੂਲ ਨਹੀਂ। ਪੂਰੇ ਪੰਦਰਾਂ ਸਾਲ ਇਸ ਕਿਸਮ ਦੇ ਮਸ਼ਨੀਕ੍ਰਿਤ ਜੀਵਨ ਢੰਗ ਵਿਚ ਜਿਉਂਦਿਆਂ ਲੰਘੇ ਤਾਂ ਅਚਾਨਕ ਕਾਲਿੰਦੀ ਨਾਂ ਦੀ ਇਕ ਕੁੜੀ ਨਾਲ ਉਸਦਾ ਮੇਲ ਹੁੰਦਾ ਹੈ। ਇਹ ਕੁੜੀ ਆਪਣੇ ਅੰਤਾਂ ਦੇ ਸਵੈ-ਵਿਸ਼ਵਾਸ਼ ਕਾਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਮਜੀਤ ਨੂੰ ਟੁੰਬਦੀ ਹੈ ਅਤੇ ਉਸਦੇ ਮਨ ਵਿਚ ਪਿਆਰ ਦਾ ਮਾਨਵੀ ਜਜ਼ਬਾ ਮੁੜ ਕੇ ਜਾਗ ਪੈਂਦਾ ਹੈ। ਪਰ ਆਪਣੀ ਆਦਤ ਬਣ ਚੁੱਕੀ ਮਸ਼ੀਨੀ ਜੀਵਨ ਵਿਧੀ ਕਾਰਣ ਉਹ ਕਾਲਿੰਦੀ ਨੂੰ ਵੀ ਹੋਰ ਕੁੜੀਆਂ ਵਾਂਗ ਭੋਗ ਦੀ ਵਸਤੂ ਬਣਾ ਕੇ ਉਸ ਤੋਂ ਛੁਟਕਾਰਾ ਹਾਸਿਲ ਕਰਨਾ ਚਾਹੁੰਦਾ ਹੈ। ਕਾਲਿੰਦੀ ਉਸਦੇ ਇਸ ਇਰਾਦੇ ਦੀ ਪੂਰਤੀ ਦਾ ਵਿਰੋਧ ਕਰਦੀ ਹੈ। ਉਹ ਆਪਣੇ ਸਰੀਰ ਨੂੰ ਵਰਤੇਜਾਣ ਤੋਂ ਇਨਕਾਰੀ ਹੈ ਭਾਵੇਂ ਦਿਲੋਂ ਮਨੋ ਪਰਮਜੀਤ ਦੀ ਇੱਜ਼ਤ ਵੀ ਕਰਦੀ ਹੈ ਤੇ ਸ਼ਾਇਦ ਆਪਣੀ ਕਿਸਮ ਦਾ ਪਿਆਰ ਵੀ। ਪਰਮਜੀਤ ਕਾਲਿੰਦੀ ਨੂੰ ਆਪਣੇ ਅਭਿਆਸ ਕੀਤੇ ਹੋਏ ਕਸਬ ਰਾਹੀਂ ਜਿਤਣਾ ਚਾਹੁੰਦਾ ਹੈ ਜਦੋਂ ਕਿ ਕਾਲਿੰਦੀ ਉਸ ਨੂੰ ਮਾਨਵੀ ਭਾਵਾਂ ਦੇ ਸਹਿਜ ਧਰਾਤਲ ਉੱਤੇ ਲਿਆਕੇ ਖਲ੍ਹਾਰਨਾ ਚਾਹੁੰਦੀ ਹੈ। ਅੰਤ ਵਿਚ ਕਾਲਿੰਦੀ ਦੀ ਹੀ ਜਿਤ ਹੁੰਦੀ ਹੈ ਅਤੇ ਪਰਮਜੀਤ ਆਪਣੇ ਮਸ਼ੀਨੀ ਆਪੇ ਨੂੰ ਮਾਨਵੀ ਆਪੇ ਵਿਚ ਢਾਲ ਦੇਣ ਲਈ ਸਹਿਜ ਹੋ ਜਾਂਦਾ ਹੈ। ਉਹ ਪਿਆਰ ਦੀ ਦਸਤਕ ਨੂੰ ਹੁੰਗਾਰਾ ਦਿੰਦਾ ਹੈ ਅਤੇ ਆਪਣੀ ਮਾਨਸਿਕਤਾ ਦੇ ਬੰਦ ਦਰਵਾਜ਼ੇ ਖੋਲ੍ਹ ਦਿੰਦਾ ਹੈ।

ਇਉਂ ਇਸ ਨਾਵਲ ਦੇ ਗਲਪੀ ਜਗਤ ਵਿਚ ਸਾਨੂੰ ਬੁਰਯਵਾ ਮਾਨਸਿਕਤਾ ਦੇ ਵਿਸ਼ਾਦ ਅਤੇ ਵਿਦ੍ਰੋਹ ਦੀ ਝਲਕ ਦਿਖਾਈ ਦਿੰਦੀ ਹੈ। ਇਸ ਦਾ ਵਿਸ਼ੈ-ਸੰਗਠਨ ਮੂਲ ਪ੍ਰਵਿਰਤੀ ਅਤੇ ਭਾਵ ਦੇ ਮਾਲ ਵਿਰੋਧਾਂ ਦੀ ਕਾਰਜਸ਼ੀਲ ਰਾਹੀਂ ਉਸਾਰਿਆ ਗਿਆ ਹੈ। ਮੂਲ ਪ੍ਰਵਿਰਤੀ (instinct) ਤੋਂ ਭਾਵ ਤਕ ਦੀ ਯਾਤਰਾ ਪਾਸ਼ਵਿਕਤਾ ਤੋਂ ਮਾਨਵਤਾ ਦੀ ਯਾਤਰਾ ਮੰਨੀ ਜਾ ਸਕਦੀ ਹੈ। ਮਨੁੱਖ ਆਪਣੀਆਂ ਮੂਲ ਪ੍ਰਵਿਰਤੀਆਂ ਦੀ ਮਸ਼ੀਨੀ ਪਕੜ ਤੋਂ ਮੁਕਤ ਹੋ ਕੇ ਭਾਵਾਂ ਦੇ ਉੱਦਾਤ ਸੰਸਾਰ ਦੀ ਸਿਰਜਣਾ ਕਰਦਾ ਹੈਜੋ ਉਸਦੇ ਪ੍ਰਕਿਰਤੀ ਵਿਚੋਂ ਨਿਕਲ ਕੇ ਸੰਸਕ੍ਰਿਤੀ ਵਿਚ ਪ੍ਰਵੇਸ਼ ਦੀ ਲਖਾਇਕ ਹੈ। ਵਿਕਸਿਤ ਬੁਰਯਵਾ ਪ੍ਰਬੰਧ ਆਪਣੇ ਅਮਾਨਵੀ ਅਤੇ ਮਸ਼ੀਨੀ ਸੁਭਾ ਕਾਰਣ ਮਨੁਖ ਨੂੰ ਭਾਵਾਂ ਦੇ ਮਾਨਵੀ ਮਾਹੌਲ ਨਾਲੋਂ ਤੋੜ ਕੇ ਮਸ਼ੀਨੀਕ੍ਰਿਤ ਪਾਸਵਿਕਤਾ ਵਲ ਧਕਣ ਲਈ ਉਤਾਰੂ ਹੈ। ਮਾਨਵੀ ਮੂਲਾਂ ਦੇ ਨੈਤਿਕ ਸੰਦਰਭ ਨਾਲੋਂ ਕੱਟੀ ਕਾਮ ਚੇਸ਼ਟਾ ਮਨੁਖ ਨੂੰ ਇਕ ਤਰ੍ਹਾਂ ਦਾ 'ਕਲ-ਪੁਰਖ' ਜਾਂ ਰੋਬੋਟ ਹੀ ਤਾਂ ਬਣਾ ਦਿੰਦੀ ਹੈ। ਮਸ਼ੀਨੀਕ੍ਰਿਤ ਮਨੁਖੀ ਹੋਂਦ ਅਲਗਾਉ ਅਤੇ ਵਿਸਾਦ ਦਾ ਸੰਤਾਪ ਹੰਢਾਉਂਦੀ ਹੈ ਜਿਸਦਾ ਮੁਖ ਲੱਛਣ ਅਸ਼ਾਂਤੀ ਤੇ ਭਟਕਣ ਹੈ। ਨਾਵਲ ਦਾ ਮੁਖ ਪਾਤਰ ਪਰਮਜੀਤ ਆਪਣੇ ਉਨ੍ਹਾਟਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਅਰਥਾਤ ਕਾਲਿੰਦੀ ਦੇ ਮਾਨਵੀ ਸੰਪਰਕ ਤੋਂ ਪਹਿਲਾਂ ਪੰਦਰਾਂ ਸਾਲ ਤਕ ਕੁਝ ਇਸੇ ਕਿਸਮ ਦੀ ਭਟਕਣ ਦਾ ਹੀ ਸ਼ਿਕਾਰ ਬਣਿਆ ਰਿਹਾ। ਕਾਲਿੰਦੀ ਉਸ ਨੂੰ ਇਕ ਵਾਰ ਫੇਰ ਮਾਨਵੀ ਭਾਵਾਂ ਦੀ ਰੂਪਾਂਤਰਕਾਰੀ ਸ਼ਕਤੀ ਦੇ ਸਨਮੁਖ ਖੜਾ ਕਰ ਦਿੰਦੀ ਹੈ।

ਇਸ ਨਾਵਲ ਦੇ ਗਲਪ ਜਗਤ ਵਿਚ ਮੈਟਾਫਰ ਅਤੇ ਮਿਥ ਦੀ ਵੀ ਸੁਚੱਜੀ ਵਰਤੋਂ ਕੀਤੀ ਗਈ ਹੈ ਜੋ ਇਸ ਦੇ ਵਿਸ਼ੈ-ਸੰਗਠਨ ਨੂੰ ਉਘਾੜਨ ਵਿਚ ਸਾਰਥਕ ਭੂਮਿਕਾ ਨਿਭਾਉਂਦੀ ਹੈ। ਨਾਵਲ ਦੇ ਆਦਿ ਅੰਤ ਨੂੰ ਜੋੜਨ ਵਾਲਾ ਇਹ ਮਾਨਵੀ ਭਾਵਾਂ ਦਾ ਮੈਟਾਫਰ (ਰੂਪਕ) ਰਚਨਾ ਵਿਚਲੇ ਮੁਖ-ਪਾਤਰ ਦੀ ਜਾਗ੍ਰਤੀ ਦਾ ਪ੍ਰਤੀਕ ਬਣ ਜਾਂਦਾ ਹੈ। ਗਗਨ ਗੰਗਾ ਅਤੇ ਕਾਲਿੰਦੀ ਭਾਰਤੀ ਮਿਥਿਹਾਸ ਪਰੰਪਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਪ੍ਰਤੀਕ ਹਨ। ਗਗਨ ਗੰਗਾ ਉਹ ਦੈਵੀ ਨਦੀ ਹੈ ਜੋ ਬ੍ਰਹਿਮੰਡ ਦੀਆਂ ਵਿਰਾਟ ਉਚਾਈਆਂ ਵਿਚ ਵਸਦੀ ਹੈ। ਇਹ ਮਾਨਵ ਦੇ ਭਵਿਖਾਰਥੀ ਸੁਪਨੇ ਦੀ ਪ੍ਰਤੀਕ ਹੈ ਜਿਸ ਨੂੰ ਸਾਕਾਰ ਕਰਨ ਲਈ ਤਪਸਿਆ ਅਤੇ ਘਾਲਣਾ ਲੋੜੀਂਦੀ ਹੈ। ਕਾਲਿੰਦੀ ਮਿਥਿਹਾਸਕ ਪਰੰਪਰਾ ਅਨੁਸਾਰ ਸੂਰਜ ਦੀ ਧੀ ਹੈ ਜਿਸਨੂੰ ਅਸੀਂ ਧਰਤ ਮੰਡਲ ਦੀ ਪ੍ਰਤੀਕ ਮੰਨ ਸਕਦੇ ਹਾਂ। ਇਉਂ ਪ੍ਰਾਚੀਨ ਭਾਰਤੀ ਮਿਥਿਹਾਸਕ ਪ੍ਰਤੀਕਾਂ ਦੀ ਵਰਤੋਂ ਇਸ ਨਾਵਲ ਵਿਚ ਅਰਥ-ਸੰਚਾਰ ਦੀ ਪ੍ਰਕਿਰਿਆ ਦਾ ਮਾਧਿਅਮ ਬਣ ਕੇ ਇਸ ਦੇ ਕਲਾਤਮਕ ਮੂਲ ਵਿਚ ਵਾਧਾ ਕਰਦੀ ਹੈ। ਗਗਨ ਗੰਗਾ ਦਾ ਬ੍ਰਹਿਮੰਡੀ ਵਿਸਤਾਰ ਅਤੇ ਕਾਲਿੰਦੀ ਦਾ ਧਰਤ ਮੰਡਲੀ ਯਥਾਰਥ ਮਨੁਖੀ ਹੋਂਦ ਦੇ ਦੋ ਮੂਲ ਧੁਰੇ ਹੋ ਨਿਬੜਦੇ ਹਨ। ਇਹ ਸੁਪਨੇ ਤੇ ਯਥਾਰਥ ਦੇ ਪਰਸਪਰ ਵਿਰੋਧ ਦੇ ਲਖਾਇਕ ਹਨ। ਮਨੁਖ ਦੀ ਹੋਂਦ ਇਨ੍ਹਾਂ ਦੋਹਾਂ ਧੁਰਿਆਂ ਦੀ ਡਾਇਲੈਕਟਿਕ ਦਾ ਪ੍ਰਮਾਣ ਪੇਸ਼ ਕਰਦੀ ਹੈ।

ਇਉਂ ਇਹ ਨਾਵਲ ਆਪਣੇ ਪ੍ਰਯੋਗਸ਼ੀਲ ਰਚਨਾ-ਸੰਗਠਨ ਰਾਹੀਂ ਇਕ ਪ੍ਰੌਢ ਕਿਸਮ ਦੀ ਗਲਪ ਸਿਰਜਣਾ ਮੰਨਿਆ ਜਾ ਸਕਦਾ ਹੈ। ਇਸ ਵਿਚ ਆਧੁਨਿਕ ਦੌਰ ਦੇ ਵਿਕਸਿਤ ਬੁਰਯਵਾ ਮਾਹੌਲ ਦੀ ਅੰਤਰ-ਵਿਰੋਧੀ ਸਥਿਤੀ ਦਾ ਭਰਪੂਰ ਪ੍ਰਗਟਾਵਾ ਕਰਨ ਦਾ ਕਲਾਤਮਕ ਯਤਨ ਕੀਤਾ ਗਿਆ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤੋਖ ਸਿੰਘ ਧੀਰ ਦੀ ਨਾਵਲਕਲਾ

ਸੰਤੋਖ ਸਿੰਘ ਧੀਰ ਪੰਜਾਬੀ ਦੇ ਉਹਨਾਂ ਸਥਾਪਤ ਸਮਕਾਲੀ ਸਾਹਿਤਕਾਰਾਂ ਵਿਚੋਂ ਹੈ ਜਿਹਨਾਂ ਨੇ ਪ੍ਰਗਤੀਵਾਦੀ ਵਿਚਾਰਧਾਰਾ ਅਤੇ ਸਮਾਜਿਕ ਪ੍ਰਤਿਬੱਧਤਾ ਨਾਲ ਡੂੰਘਾ ਸਰੋਕਾਰ ਜੋੜ ਕੇ ਸਾਹਿਤ-ਸਿਰਜਨਾ ਕੀਤੀ ਹੈ। ਕਵਿਤਾ ਅਤੇ ਨਿੱਕੀ ਕਹਾਣੀ, ਧੀਰ ਦੇ ਮੁੱਖ ਸਿਰਜਨਾ-ਖੇਤਰ ਰਹੇ ਹਨ ਅਤੇ ਉਸ ਨੇ ਆਪਣੀ ਨਿਰੰਤਰ ਸਾਹਿਤ-ਸਾਧਨਾ ਰਾਹੀਂ ਇਹਨਾਂ ਦੋਹਾਂ ਰੂਪਾਂ ਵਿਚ ਆਪਣੇ ਪ੍ਰਮਾਣਿਕ ਹਸਤਾਖਰ ਕਰਨ ਦਾ ਉਪਰਾਲਾ ਕੀਤਾ ਹੈ। ਪਰ ਕਵਿਤਾ ਅਤੇ ਨਿੱਕੀ ਕਹਾਣੀ ਤੋਂ ਇਲਾਵਾ ਉਸ ਨੇ ਚਰਚਾਯੋਗ ਨਾਵਲਾਂ—'ਯਾਦਗਾਰ' ਅਤੇ 'ਉਹ ਦਿਨ'—ਦੀ ਰਚਨਾ ਵੀ ਕੀਤੀ ਹੈ। ਇਹਨਾਂ ਦੋਹਾਂ ਨਾਵਲਾਂ ਨੇ ਆਪੋ ਆਪਣੀ ਵਿਲੱਖਣ ਰਚਨਾ-ਵਿਧੀ ਜਾਂ ਥੀਮਕ ਸਾਰਥਕਤਾ ਸਦਕਾ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ। ਪੰਜਾਬੀ ਨਾਵਲ ਦੇ ਖੇਤਰ ਵਿਚ ਗੰਭੀਰ ਚਰਚਾ ਅਤੇ ਤਿੱਖੇ ਵਾਦ ਵਿਵਾਦ ਨੂੰ ਜਨਮ ਦੇਣ ਵਾਲੇ ਇਹ ਦੋਵੇਂ ਨਾਵਲ ਆਪੋ ਆਪਣੀ ਥਾਂ ਮਹੱਤਵਪੂਰਣ ਹਨ। ਇਹੀ ਕਾਰਣ ਹੈ ਕਿ ਸੰਤੋਖ ਸਿੰਘ ਧੀਰ ਦੀ ਸਮੁੱਚੀ ਸਾਹਿਤ-ਸਾਧਨਾਂ ਦਾ ਲੇਖਾ ਜੋਖਾ ਕਰਨ ਲਈ ਇਹਨਾਂ ਨਾਵਲੀ ਰਚਨਾਵਾਂ ਨੂੰ ਵੀ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ।

'ਯਾਦਗਾਰ' ਨਾਵਲ ਦਾ ਰਚਨਾ ਕਾਲ ਪ੍ਰਕਾਸ਼ਿਤ ਪੁਸਤਕ ਉਤੇ 1972-73 ਦਿੱਤਾ ਗਿਆ ਹੈ ਭਾਵੇਂ ਇਸ ਦਾ ਪ੍ਰਥਮ ਪ੍ਰਕਾਸ਼ਨ 1979 ਵਿਚ ਹੋਇਆ। ਇਹ ਨਾਵਲ ਕਈ ਪੱਖਾਂ ਤੋਂ ਵਿਲੱਖਣ ਹੈ ਅਤੇ ਪਰੰਪਰਕ ਪੰਜਾਬੀ ਨਾਵਲ ਦੀ ਲੀਹ ਤੋਂ ਰਤਾ ਲਾਂਭੇ ਜਾਣ ਦੀ ਪ੍ਰਵਿਰਤੀ ਦਰਜਾਉਂਦਾ ਹੈ। ਨਾਨਕ ਸਿੰਘ ਵਲੋਂ ਸਥਾਪਿਤ ਕੀਤੀ ਗਈ ਨਾਵਲ ਦੀ ਪਰੰਪਰਾ ਕਥਾ ਅਤੇ ਕਥਾਨਕ ਦੀਆਂ ਕੁਝ ਵਿਸ਼ੇਸ਼ ਪ੍ਰਕਾਰ ਦੀਆਂ ਰੂੜ੍ਹੀਆਂ ਅਤੇ ਜੁਗਤਾਂ ਨੂੰ ਲੈ ਕੇ ਗਲਪ ਦਾ ਸੰਗਠਨ ਕਰਨ ਵਲ ਰੁਚਿਤ ਹੁੰਦੀ ਹੈ। ਇਹ ਪਰੰਪਰਾ ਗੁਰਦਿਆਲ ਸਿੰਘ ਤਕ ਤੁਰਦੀ ਅਤੇ ਪੰਜਾਬੀ ਨਾਵਲ ਦੀ ਮੁਖ-ਧਾਰਾ ਇਸੇ ਪਰੰਪਰਕ ਲੀਹ ਦਾ ਅਨੁਸਰਣ ਕਰਦੀ ਹੈ। ਇੱਕਾ ਦੁੱਕਾ ਰਚਨਾਵਾਂ ਜੋ ਇਸ ਪਰੰਪਰਾ ਦੀ ਉਲੰਘਣਾ ਕਰਨ ਦਾ ਜਤਨ ਕਰਦੀਆਂ ਵੀ ਹਨ ਤਾਂ ਉਹ ਅਪਵਾਦ ਹੀ ਸਮਝੀਆਂ ਜਾ ਸਕਦੀਆਂ ਹਨ। ਇਸ ਪੂਰਬ ਪ੍ਰਚਲਤ ਨਾਵਲੀ ਪਰੰਪਰਾ ਵਿਚ ਕਿਸੇ ਸਮਾਜਕ ਸਮੱਸਿਆ ਨੂੰ ਆਮ ਤੌਰ ਤੇ ਆਦਰਸ਼ਵਾਦੀ ਜਾਂ ਸੁਧਾਰਵਾਦੀ ਫਰੇਮਵਰਕ ਵਿਚ ਰਖ ਕੇ ਪ੍ਰਸਤੁਤ ਕੀਤਾ ਜਾਂਦਾ ਰਿਹਾ ਹੈ ਅਤੇ ਕਥਾਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਕੇਂਦਰ ਵਿਚ ਰੋਮਾਨੀ ਪਿਆਰ ਭਾਵਨਾ ਨੂੰ ਰਖਿਆ ਜਾਂਦਾ ਸੀ । ਗੁਰਦਿਆਲ ਸਿੰਘ ਨੇ ਇਸ ਪਰੰਪਰਾ ਨੂੰ ਤੋੜ ਕੇ ਮਹੱਤਵਪੂਰਣ ਨਵਾਂ ਨਾਵਲੀ ਪ੍ਰਯੋਗ ਕਰਕੇ ਕਿਰਤੀ ਸ਼੍ਰੇਣੀ ਜਾਂ ਦਲਿਤ ਵਰਗ ਦੀ ਸਮਾਜਿਕ ਆਰਥਕ ਵਾਸਤਵਿਕਤਾ ਦਾ ਵਿਸ਼ਲੇਸ਼ਣ ਕਰਨ ਵਾਲੇ ਗਲਪ ਦੀ ਉਸਾਰੀ ਕੀਤੀ ਅਤੇ ਨਾਵਲ ਨੂੰ ਨਵਾਂ ਸਿਰਜਨਾਤਮਕ ਮੋੜਾ ਦੇਣ ਦਾ ਉਪਰਾਲਾ ਕੀਤਾ । ਪੰਜਾਬੀ ਨਾਵਲ ਦੇ ਖੇਤਰ ਵਿਚ ਇਹ ਮੱਹਤਵਪੂਰਨ ਮੋੜਾ 1975 ਵਿਚ 'ਅਣਹੋਏ' (ਗੁਰਦਿਆਲ ਸਿੰਘ) ਨਾਵਲ ਦੇ ਪ੍ਰਕਾਸ਼ਨ ਨਾਲ ਆਇਆ ।

ਸੰਤੋਖ ਸਿੰਘ ਧੀਰ ਨੇ 1972-73 ਵਿਚ ਯਾਦਗਰ ਨਾਵਲ ਦੀ ਸਿਰਜਨਾ ਕਰਕੇ ਭਾਵੇਂ ਗੁਰਦਿਆਲ ਸਿੰਘ ਵਰਗਾ ਪਰੰਪਰਾ-ਭੰਜਕ ਪ੍ਰਯੋਗ ਨਹੀਂ ਕੀਤਾ ਪਰ ਇਹ ਨਾਵਲ ਪਰੰਪਰਾ ਦੀ ਲੀਹ ਤੋਂ ਲਾਂਭੇ ਜਾ ਕੇ ਆਪਣਾ ਨਵੇਕਲਾ ਮਹੱਤਵ ਜ਼ਰੂਰ ਉਜਾਗਰ ਕਰਦਾ ਹੈ । ਇਸ ਨਾਵਲ ਦੇ ਕਥਾਨਕ ਦੇ ਕੇਂਦਰ ਵਿਚ ਰੋਮਾਨੀ ਪਿਆਰ ਭਾਵਨਾ ਨੂੰ ਤਾਂ ਭਾਵੇਂ ਰਖਿਆ ਗਿਆ ਹੈ ਪਰ ਇਹ ਪਰੰਪਰਕ ਕਿਸਮ ਦਾ ਨੌਜਵਾਨ ਮੁੰਡੇ-ਕੁੜੀ ਦਾ ਰੋਮਨੀ ਪਿਆਰ ਨਹੀਂ ਸਗੋਂ ਇਥੇ ਪਹਿਲੀ ਵਾਰ ਸਹਿਜਾ-ਸਨੇਹ ਅਤੇ ਸੋਚ ਦੇ ਸਹਿਜ-ਮਨੁੱਖੀ ਰਿਸ਼ਤਿਆਂ ਦੀ ਕੋਮਲਤਾ ਨੂੰ ਪ੍ਰਸਤੁਤ ਕੀਤਾ ਗਿਆ ਹੈ । ਇਹ ਪਿਆਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰੀਤ ਫਲਸਫੇ ਦਾ ਅਨੁਕਰਣ ਕਰਨ ਵਾਲਾ ਅਜਿਹਾ ਭਾਵੁਕ ਸੰਬੰਧ ਹੈ ਜੋ ਅਪਣਤ ਅਤੇ ਮੋਹ ਦੇ ਨਿਰਛਲ ਬੰਧਨ ਵਿਚ ਬੱਝੇ ਹੋਏ ਮਨੁੱਖਾਂ ਨੂੰ ਅਥਾਹ ਪ੍ਰੇਰਣਾ ਅਤੇ ਸੰਤੁਸ਼ਟੀ ਪ੍ਰਦਾਨ ਕਰਦਾ ਹੈ । ਕਬਜ਼ਾ-ਰਹਿਤ ਪਿਆਰ-ਭਾਵਨਾ ਦਾ ਇਹ ਪ੍ਰਗਟਾਵਾ ਪੰਜਾਬੀ ਨਾਵਲ ਵਿਚ ਸ਼ਾਇਦ ਪਹਿਲੀ ਵਾਰ ਇਤਨੇ ਸਪਸ਼ਟ ਅਤੇ ਭਰਵੇਂ ਰੂਪ ਵਿਚ ਸਾਮ੍ਹਣੇ ਆਇਆ ਹੈ । ਇਸ ਪਿਆਰ ਨੂੰ ਨਾਵਲਕਾਰ ਨੇ ਸਿਰਛਲ ਮੋਹ ਦੀ ਸਹਿਜਤਾ ਵਿਚ ਪ੍ਰਸਤੁਤ ਕੀਤਾ ਹੈ । ਇਉਂ ਪੰਜਾਬੀ ਨਾਵਲ ਵਿਚ ਪਹਿਲੀ ਵਾਰ ਇਕ ਨਵੀਨ ਕਿਸਮ ਦੀ ਥੀਮਕ ਸਾਰਥਕਤਾ ਦਾ ਸਿਰਜਨ ਹੋਇਆ ਹੈ । ਇਸ ਤੋਂ ਇਲਾਵਾ ਇਹ ਨਾਵਲ ਕਿਸੇ ਕਿਸਮ ਦੀ ਆਦਰਸ਼ਵਾਦੀ ਜਾਂ ਸੁਧਾਰਵਾਦੀ ਚਿੰਤਾਂ ਤੋਂ ਮੁਕਤ ਹੋ ਕੇ ਮਨੁੱਖੀ ਜੀਵਨ ਦੇ ਨਿਵੇਕਲੇ ਪਾਸਾਰ ਨੂੰ ਗਲਪ ਰਾਹੀਂ ਉਜਾਗਰ ਕਰਨ ਦਾ ਸਫਲ ਉਪਰਾਲਾ ਕਰਦਾ ਹੈ ।

ਨਾਵਲ ਦਾ ਪੈਰਾਫਾਈਮ ਸਨੇਹ-ਸ਼ੀਲ ਭਾਵੁਕਤਾ ਦੇ ਆਲੇ-ਦੁਆਲੇ ਘੁੰਮਦਾ ਹੈ । ਨਾਵਲੀ ਕਥਾ ਦੇ ਆਰੰਭ ਵਿਚ ਇਕ ਮਾਤਮੀ ਜਲਸੇ ਦਾ ਦ੍ਰਿਸ਼ ਬਿਆਨ ਕੀਤਾ ਗਿਆ ਹੈ । ਇਹ ਜਲਸਾ ਗੋਆ ਦੇ ਸ਼ਹੀਦ (ਕਰਨੈਲ ਸਿੰਘ) ਨਾਲ ਸੰਬੰਧਿਤ ਹੈ ਜਿਸਨੇ ਪੁਰਤਗਾਲੀ ਸਾਮਰਾਜ ਦੇ ਅਲੰਬਰਦਾਰ ਸਾਲਾਜ਼ਾਰ ਦੀ ਹਕੂਮਤ ਨੂੰ ਵੰਗਾਰਨ ਦਾ ਹੌਸਲਾ ਕੀਤਾ ਸੀ ਅਤੇ ਦੇਸ਼ ਭਗਤੀ ਦੇ ਜਜ਼ਬੇ ਅਧੀਨ ਸ਼ਹੀਦੀ ਪ੍ਰਾਪਤ ਕੀਤੀ ਸੀ । ਇਸ ਮਾਤਮੀ ਜਲਸੇ ਵਿਚ ਹੀ ਨਾਵਲ ਦੇ ਮੁਖ-ਪਾਤਰ ਰਾਜ ਦੀ ਮੁਲਾਕਾਤ ਕੰਵਲ ਅਤੇ ਉਸਦੇ ਪਿਤਾ ਗਿਆਨੀ ਪਵਿਤਰ ਸਿੰਘ ਦਰਵੇਸ਼ ਨਾਲ ਹੁੰਦੀ ਹੈ । ਰਾਜ ਇਕ ਪ੍ਰਗਤੀਸ਼ੀਲ ਲੇਖਕ ਹੈ ਅਤੇ ਉਸਦਾ ਸੰਬੰਧ ਗ੍ਰਾਮੀਣ ਪਿਛੋਕੜ ਵਾਲੀ ਗ਼ੈਰਕਾਸ਼ਤਕਾਰ ਨਿਰਧਨ ਸ਼੍ਰੇਣੀ ਨਾਲ ਹੈ । ਰਾਜ ਆਪਣੀ ਸਾਹਿਤਕ ਪ੍ਰਤਿਭਾ ਦਾ ਪ੍ਰਗਟਾਵਾ ਕ੍ਰਾਂਤੀਕਾਰੀ ਸਮਾਜਕ ਵਿਵਸਥਾ ਦਾ ਉੱਦੇਸ਼ ਸਾਮ੍ਹਣੇ ਰਖਣ ਵਾਲੀ ਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਹਿਰ ਦੇ ਅੰਤਰਗਤ ਕਰਦਾ ਹੈ। ਉਸਦੀਆਂ ਕਵਿਤਾਵਾਂ ਅਤੇ ਕਹਾਣੀਆਂ ਕਿਰਤੀ ਕਿਸਾਨ ਵਰਗ ਨੂੰ ਡੂੰਘੀ ਪ੍ਰੇਰਣਾ ਦੇਣ ਵਾਲੀਆਂ ਹਨ। ਧੀਰ ਨੇ ਆਪਣੇ ਨਾਵਲ ਦੇ ਮੁਖ ਪਾਤਰ ਦੀ ਸਿਰਜਨਾ ਸ਼ਾਇਦ ਆਪਣੀ ਨਿੱਜੀ ਸ਼ਖ਼ਸੀਅਤ ਦੇ ਮਾਡਲ ਉਤੇ ਹੀ ਕੀਤੀ ਹੈ। ਕੰਵਲ ਇਕ ਸਾਧਾਰਣ ਪੇਂਡੂ ਕਿਸਾਨ ਘਰਾਣੇ ਦੀ ਜੰਮਪਲ ਨੌਜਵਾਨ ਲੜਕੀ ਹੈ ਜਿਸਨੂੰ ਲੇਖਕ ਦੀਆਂ ਕਵਿਤਾਵਾਂ ਅਤੇ ਕਹਾਣੀਆਂ ਪਸੰਦ ਹਨ। ਉਹ ਆਪਣੇ ਸਕੂਲ ਮਾਸਟਰ ਪਿਤਾ ਪਵਿੱਤਰ ਸਿੰਘ ਦਰਵੇਸ਼ ਦੀ ਲਾਡਲੀ ਧੀ ਹੈ। ਪਵਿਤਰ ਸਿੰਘ ਦਰਵੇਸ਼ ਵੀ ਰਾਜ ਦੀ ਸਾਹਿਤਕ ਪ੍ਰਤਿਭਾ ਤੋਂ ਪ੍ਰਭਾਵਿਤ ਹੈ ਅਤੇ ਉਸਦਾ ਸ਼ਰਧਾਲੂ ਹੈ। ਇਸੇ ਲਈ ਇਨ੍ਹਾਂ ਤਿੰਨਾਂ ਵਿਅਕਤੀਆਂ ਦਾ ਇਸ ਮਾਤਮੀ ਜਲਸੇ ਉਤੇ ਹੋਇਆ ਸਮਪਰਕ ਡੂੰਘੀ ਸਾਂਝ ਅਤੇ ਅਪਣਤ ਦੀ ਸ਼ੁਰੂਆਤ ਹੋ ਨਿਬੜਦਾ ਹੈ। ਲੇਖਕ ਰਾਜ ਪੈਂਤੀ ਵਰ੍ਹਿਆਂ ਦਾ ਬਾਲ ਬੱਚੇਦਾਰ ਵਿਅਕਤੀ ਹੈ ਅਤੇ ਉਸਦੀ ਜ਼ਿੰਦਗੀ ਆਰਥਕ ਤੰਗੀਆਂ ਵਿਚ ਘਿਰੀ ਹੋਈ ਹੈ। ਲੋਕ-ਲਹਿਰ ਨਾਲ ਜੁੜੇ ਹੋਣਾ ਅਤੇ ਖੂਬਸੂਰਤ ਕਵਿਤਾ ਕਹਾਣੀ ਰਚ ਕੇ ਪਾਠਕਾਂ ਸਰੋਤਿਆਂ ਦੀ ਪ੍ਰਸੰਸਾ ਹਾਸਿਲ ਕਰਨਾ ਵੀ ਉਸਦੀ ਭਾਵੁਕ ਸੰਤੁਸ਼ਟੀ ਦਾ ਮੂਲ ਧਾਰਾ ਬਣਿਆ ਹੋਇਆ ਹੈ। ਕੰਵਲ ਅਤੇ ਦਰਵੇਸ਼ ਇਸ ਪਾਤਰ ਦੀ ਸੁਹਿਰਦਤਾ ਅਤੇ ਪ੍ਰਗਤੀਸ਼ੀਲਤਾ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹਨ ਅਤੇ ਉਨ੍ਹਾਂ ਨੂੰ ਇਸ ਨਾਲ ਸਨੇਹਸ਼ੀਲ ਰਿਸ਼ਤਾ ਜੋੜਕੇ ਪ੍ਰਸੰਨਤਾ ਹੁੰਦੀ ਹੈ।

ਨਾਵਲ ਦਾ ਸਮੁਚਾ ਫੈਲਾਉ ਇਨ੍ਹਾਂ ਤਿੰਨਾਂ ਪਾਤਰਾਂ ਦੇ ਪਰਸਪਰ ਸੁਹਿਰਦਤਾ ਅਤੇ ਮੋਹ ਭਰੇ ਰਿਸ਼ਤੇ ਦੀ ਹੀ ਦਾਸਤਾਨ ਬਣ ਕੇ ਸਾਮ੍ਹਣੇ ਆਉਂਦਾ ਹੈ। ਨਾਵਲਕਾਰ ਨੇ ਇਸ ਸਹਿਜ-ਮਨੁਖੀ ਭਾਵਨਾ ਦਾ ਸੂਖਮ ਪ੍ਰਗਟਾਵਾ ਕਰਨ ਲਈ ਹੀ ਨਾਵਲ ਵਿਚਲੀਆਂ ਭਿੰਨ-ਭਿੰਨ ਸਥਿਤੀਆਂ/ਪਰਿਸਥਤੀਆਂ ਦੀ ਸਿਰਜਨਾ ਕੀਤੀ ਹੈ। ਉਸ ਨੇ ਨਿਕੀਆਂ-ਨਿਕੀਆਂ ਕੋਮਲ ਛੁਹਾਂ ਰਾਹੀਂ ਕੰਵਲ ਅਤੇ ਰਾਜ ਦੇ ਮੋਹ-ਭਿਜੇ ਜਜ਼ਬੇ ਨੂੰ ਜ਼ੁਬਾਨ ਦਿਤੀ ਹੈ। ਇਹ ਰਿਸ਼ਤਾ ਪੰਜਾਬ ਦੀ ਪਰੰਪਰਕ ਸਾਮਾਜਿਕ ਅਤੇ ਸਭਿਆਚਾਰਕ ਸਥਿਤੀ ਵਿਚ ਸਹਿਜ ਹੁੰਦਾ ਹੋਇਆ ਵੀ ਆਮ ਤੌਰ ਤੇ ਘੱਟ ਹੀ ਪ੍ਰਵਾਨ ਹੁੰਦਾ ਹੈ। ਇਸਤਰੀ-ਪੁਰਖ ਸੰਬੰਧਾਂ ਦੇ ਵਰਜਨਾ ਭਰੇ ਮਾਹੌਲ ਵਿਚ ਇਸ ਕਿਸਮ ਦੇ ਨਿਰਮਲ ਭਾਵੁਕ ਰਿਸ਼ਤੇ ਦੀ ਹਕੀਕਤ ਨੂੰ ਪਛਾਣਨ ਵਾਲੀ ਅੱਖ ਘੱਟ ਹੀ ਕਿਧਰੇ ਦਿਖਾਈ ਦਿੰਦੀ ਹੈ। ਪਵਿਤਰ ਸਿੰਘ ਦਰਵੇਸ਼ ਇਕ ਸੁਹਿਰਦ ਮਨੁੱਖ ਹੈ ਜੋ ਮਾਸੂਮੀਅਤ ਦੀ ਸਹਿਜਤਾ ਅਤੇ ਸਰਲਤਾ ਵਿਚ ਵਿਚਰਦਾ ਹੈ। ਇਸੇ ਲਈ ਉਸ ਨੂੰ ਆਪਣੀ ਲਾਡਲੀ ਧੀ ਕੰਵਲ ਦਾ ਰਾਜ ਵਰਗੇ ਲੇਖਕ ਨੂੰ ਮੋਹ ਕਰਨਾ ਸਹਿਜ ਹੀ ਜਾਪਦਾ ਹੈ। ਰਾਜ ਵੀ ਆਪਣੇ ਅੰਦਰ ਦੀ ਮਾਸੂਮੀਅਤ ਅਤੇ ਨਿਰਛਲਤਾ ਕਾਰਣ ਇਸ ਰਿਸ਼ਤੇ ਦੀ ਹਕੀਕਤ ਨੂੰ ਪਛਾਣਦਾ ਹੈ। ਉਹ ਕੰਵਲ ਦੀ ਸੁੰਦਰਤਾ ਨੂੰ ਨਿਰੋਲ ਸੁਹਜ ਦੀ ਨਜ਼ਰ ਨਾਲ ਦੇਖਦਾ ਹੈ।

"ਕੰਵਲ ਹੁਣ ਖਾਮੋਸ਼ ਸੀ। ਪਰ ਉਹ ਇਸ ਖਾਮੋਸ਼ੀ ਨਾਲ ਹੀ ਬਹੁਤ ਕੁਝ ਕਹਿ ਰਹੀ ਸੀ। ਉਸ ਦਾ ਰੰਗ ਅੱਠਾਂ ਦਸਾਂ ਰੰਗਾਂ ਦਾ ਇਕ ਰੰਗ ਸੀ। ਸੂਹਾ, ਚਿੱਟਾ. ਸੁਨਹਿਰੀ ਅਤੇ ਕਾਸ਼ਣੀ। ਉਹ ਸਤਰੰਗੀ ਪੀਂਘ ਸੀ। ਮੈਨੂੰ ਇਹ ਸਤਰੰਗੀ ਪੀਂਘ ਸੁਫਨਿਆਂ ਵਿਚ ਨਜ਼ਰ ਆਉਂਦੀ ਹੈ।" (ਯਾਦਗਾਰ, ਪੰਨਾ, 21.)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਰਾਜ ਦੇ ਮਨ ਵਿਚ ਕੰਵਲ ਦੀ ਸੁੰਦਰਤਾ ਦਾ ਜੋ ਬਿੰਬ ਉਜਾਗਰ ਹੋਇਆ ਹੈ ਉਸ ਵਿਚ ਸੁਹਜਤਾਮਕ-ਵਿਥ ਹੈ । ਇਸ ਸੁਹਜ ਭਰਪੂਰ ਸੁੰਦਰਤਾ ਨੂੰ ਕੇਵਲ ਦੂਰੀ ਤੋਂ ਦੇਖਣ ਅਤੇ ਮਹਿਸੂਸ ਕਰਨ ਦੀ ਲਾਲਸਾ ਹੀ ਰਾਜ ਦੇ ਮਨ ਵਿਚ ਮੌਜੂਦ ਰਹਿੰਦੀ ਹੈ । ਉਸ ਦੇ ਮਨ ਵਿਚ ਕਿਸੇ ਕਿਸਮ ਦਾ ਉਲਾਰ ਨਹੀਂ । ਨਾਵਲ ਵਿਚਲਾ ਲੇਖਕ ਆਪਣੇ ਜਜ਼ਬਿਆਂ ਦਾ ਪ੍ਰਗਟਾਵਾ ਖ਼ਤਾਂ ਰਾਹੀਂ ਜਾਂ ਕਵਿਤਾ ਰਾਹੀਂ ਹੀ ਕਰਦਾ ਹੈ ਜਿਥੇ ਮੋਹ ਅਤੇ ਸਨੇਹ ਦਾ ਸੂਖਮ ਚਿਹਰਾ ਮੂਰਤੀਮਾਨ ਹੋ ਉਠਦਾ ਹੈ । ਇਸ ਪ੍ਰਗਟਾਵੇ ਦੀਆਂ ਮਿਸਾਲਾਂ ਉਚਿਤ ਪ੍ਰਤੀਤ ਹੁੰਦੀਆਂ ਹਨ—

"ਉਨ੍ਹਾਂ ਕੋਲੋਂ ਵਾਪਸ ਆ ਕੇ ਮੈਂ ਇਕ ਗੀਤ ਲਿਖਿਆ ਸੀ :

"ਹਾਂ ! ਤੇਰਾ ਸੁੰਦਰ ਦੇਸ । ਅਸੀਂ ਭਾਵੇਂ ਤੇਰੇ ਦੇਸ ਤੋਂ ਵਾਪਸ ਚਲੇ ਆਏ ਹਾਂ, ਪਰ ਦਿਲ ਨੂੰ ਨਾਲ ਨਹੀਂ ਲੈ ਕੇ ਆਏ, ਤੇਰੇ ਦੇਸ ਦੀਆਂ ਜੂਹਾਂ ਅਤੇ ਜੰਗਲਾਂ ਵਿਚ ਛੱਡ ਆਏ ਹਾਂ । ਹੇ ਸੱਜਣ ! ਤੇਰਾ ਦੇਸ, ਜਿਸ ਦੀ ਧੂੜ ਗੁਲਾਬੀ ਹੈ, ਸਦਾ-ਸਦਾ ਲਈ ਸਾਡੇ ਦਿਲ ਦੀਆਂ ਤਹਿਆਂ ਵਿਚ ਵਸ ਗਿਆ ਹੈ ।

"ਹੇ ਸੱਜਣ ! ਤੇਰਾ ਪਿਆਰ ਚੰਦਨ-ਰੂਪ ਸਮਾਨ ਹੈ ਤੇ ਇਸ ਚੰਦਨ ਦੀਆਂ ਮਹਿਕਾਂ ਨਾਲ ਚੁਗਿਰਦਾ ਭਰਿਆ ਹੋਇਆ ਹੈ । ਭਾਵੇਂ ਅਸੀਂ ਤੇਰੇ ਦੇਸ ਤੋਂ ਕਿੰਨੀ ਦੂਰ ਆ ਗਏ ਹਾਂ, ਪਰ ਤੇਰੇ ਪਿਆਰ ਦੀਆਂ ਮਹਿਕਾਂ ਸਾਡੇ ਆਲੇ ਦੁਆਲੇ ਉਡ ਰਹੀਆਂ ਹਨ ।" (ਪੰਨਾ—83)

ਇਕ ਹੋਰ ਥਾਂ ਤੇ ਨਾਵਲ ਦੀਆਂ ਨਿਮਨਲਿਖਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ—

"ਮੇਰੇ ਪਿਆਰ ਲਈ ਮੂੰਹ ਪਾੜ ਕੇ ਖੁਲ੍ਹੀ ਬੋਲੀ ਬੋਲਣਾ ਤੇ ਅੱਖਾਂ ਉੱਚੀਆਂ ਕਰਕੇ ਤਕਣਾ ਚੰਗਾ ਨਹੀਂ ਲੱਗ ਸਕਦਾ ਸੀ । ਇਹ ਖ਼ੂਬਸੂਰਤੀ ਨਹੀਂ ਸੀ । ਪਿਆਰ ਫੁਲ ਵਿਚ ਲੁਕ ਕੇ ਬੈਠੀ, ਭਿੰਨੀ-ਭਿੰਨੀ ਮਹਿਕ ਹੈ । ਮਹਿਕ ਆਪੇ ਉਡਦੀ ਹੈ । ਪਿਆਰ ਹਮੇਸ਼ਾਂ ਪ੍ਰੀਤਮ ਅੱਗੇ ਨੀਵਾਂ ਹੋ ਕੇ ਰਹਿੰਦਾ ਹੈ । ਇਸ 'ਨਿਵਣ' ਵਿਚ ਉੱਚਤਾ ਹੈ, ਬੁਲੰਦੀ ਹੈ ਤੇ ਗੌਰਵ ਹੈ ।"

ਇਸ ਕਿਸਮ ਦਾ ਸੂਖਮ ਭਾਵੀ ਪ੍ਰਗਟਾਵਾ ਨਾਵਲ ਦੀ ਥੀਮਕ ਸਾਰਥਕਤਾ ਨੂੰ ਉਜਾਗਰ ਕਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ ।

ਨਾਵਲ ਦੇ ਅੰਤ ਉੱਤੇ ਕੰਵਲ ਦੀ ਅਚਾਨਕ ਦੁਖਦਾਈ ਮੌਤ ਦਾ ਵਰਣਨ ਹੈ ਅਤੇ ਡੂੰਘੀ ਉਦਾਸੀ ਅਤੇ ਵੈਰਾਗ ਨਾਲ ਭਰੇ ਮਾਹੌਲ ਦੀ ਉਸਾਰੀ ਕੀਤੀ ਗਈ ਹੈ । ਇਸ ਕਰੁਣਾ ਜਨਕ ਸਥਿਤੀ ਵਿਚ ਵੀ ਲੇਖਕ ਨੇ ਡੂੰਘੇ ਦਾਰਸ਼ਨਿਕ ਅਰਥ ਭਰਨ ਦੀ ਚੇਸ਼ਟਾ ਕੀਤੀ ਹੈ ਅਤੇ ਇਸਨੂੰ ਜੀਵਨ ਦੇ ਵਿਰਾਟ ਬ੍ਰਹਿਮੰਡੀ ਪ੍ਰਸੰਗ ਵਿਚ ਰਖ ਕੇ ਪ੍ਰਸਤੁਤ ਕਰਨ ਦਾ ਜਤਨ ਕੀਤਾ ਹੈ । ਮਿਸਾਲ ਵਜੋਂ—

"ਮੈਂ, ਤੇ ਮੇਰਾ ਮਿੱਤਰ ਸੜਕ ਉੱਤੇ ਹੌਲੀ-ਹੌਲੀ ਸ਼ਹਿਰ ਵਲ ਜਾ ਰਹੇ ਸਾਂ ।

ਹਾਂ, ਇਹ ਉਹੀਓ ਸੜਕ ਸੀ ਜਿਸ ਬਾਰੇ ਮੈਂ ਬੜੀ ਹੀ ਸੁਹਣੀ ਕਵਿਤਾ ਲਿਖੀ ਹੋਈ ਸੀ । ਇਹ ਕੰਵਲ ਦੀ ਯਾਦਗਾਰ ਸੀ ।

CC-0. In Public Domain. Gurukul Kangri Collection, Haridwar

ਇਸ ਸਮੇਂ ਮੈਂ ਆਪਣੇ ਮਨ ਵਿਚ [illegible] ਰਿਹਾ ਸਾਂ :
Digitized by Arya Samaj Foundation Chennai and eGangotri

ਇਹ ਸੜਕ ਹਮੇਸ਼ਾਂ ਰਹੇ ।
ਇਸ ਸੜਕ ਨੂੰ ਕੁਝ ਨਾ ਹੋਵੇ ।

ਕਦੇ ਇਸ ਸੰਸਾਰ ਵਿਚ ਕੰਵਲ ਨੇ ਸੁਆਸ ਲਏ ਸਨ । ਅਸਲ ਵਿਚ ਤਾਂ ਇਹ ਸੰਸਾਰ ਹੀ ਕੰਵਲ ਦੀ ਯਾਦਗਾਰ ਹੈ ।

ਇਹ ਸੰਸਾਰ ਵਸਦਾ ਰਹੇ । ਸਗੋਂ, ਰੋਜ਼, ਇਹ ਸੰਸਾਰ—ਕੰਵਲ ਦੀ ਅਸਲੀ ਯਾਦਗਾਰ -- ਹੋਰ ਵੀ ਸੁਹਣਾ ਜਾਵੇ ।" (ਪੰਨਾ—990)

ਇਉਂ ਲੇਖਕ ਨੇ ਨਿਜੀ ਮੋਹ ਅਤੇ ਵੈਰਾਗ ਨੂੰ ਨਿਰੋਲ ਕਰੁਣਾ ਜਾਂ ਵਿਰਲਾਪ ਤਕ ਸੀਮਿਤ ਨਾ ਕਰਕੇ ਸਮੂਹ ਭਾਵੀ ਵਿਆਪਕਤਾ ਵਿਚ ਪਰਿਵਰਤਿਤ ਕਰ ਦਿੱਤਾ ਹੈ ।

ਯਾਦਗਰ ਨਾਵਲ ਦੀ ਰਚਨਾ-ਵਿਧੀ ਕਾਫੀ ਹੱਦ ਤਕ ਪ੍ਰਗੀਤਕ ਗਲਪ ਨਾਲ ਮਿਲਦੀ ਹੈ । ਇਸਦੇ ਸਮੁਚੇ ਵਿਸਤਾਰ ਵਿਚ ਚੇਤਨਾ ਅਤੇ ਭਾਵਨਾ ਦਾ ਇਕਾਗਰ ਪ੍ਰਭਾਵ ਬੜੇ ਸੂਖਮ ਢੰਗ ਨਾਲ ਮੂਰਤੀਮਾਨ ਕੀਤਾ ਗਿਆ ਹੈ । ਮੋਹ ਅਤੇ ਸਨੇਹ ਦੀ ਸਹਿਜ-ਸੁਭਾਵਕਤਾ ਨੂੰ ਪ੍ਰਗੀਤਕ ਸੰਵੇਦਨਾ ਬਣਾ ਕੇ ਪੇਸ਼ ਕਰਨ ਵਿਚ ਨਾਵਲਕਾਰ ਨੇ ਪ੍ਰਕਿਰਤੀ ਨੂੰ ਵੀ ਸੁੱਚਜੇ ਢੰਗ ਨਾਲ ਇਸਤੇਮਾਲ ਕੀਤਾ ਹੈ । ਨਾਵਲ ਦੇ ਪੰਨਿਆਂ ਵਿਚ ਪ੍ਰਕਿਰਤੀ ਦੇ ਸ਼ਾਂਤ, ਸੁੰਦਰ ਜਾਂ ਹੁਲਾਸ ਭਰੇ ਰੂਪ ਦਾ ਵੀ ਵਰਣਨ ਹੈ ਅਤੇ ਵਿਕਰਾਲ ਰੂਪ ਦਾ ਵੀ । ਪ੍ਰਕਿਰਤਿਕ ਮਾਹੌਲ ਦੀ ਇਸ ਕਿਸਮ ਦੀ ਪ੍ਰਤੀਕਾਤਮਕ ਵਰਤੋਂ ਕਾਵਿਕ ਪ੍ਰਭਾਵ ਉਪਜਾਣ ਵਾਲੀ ਹੈ । ਵੰਨਗੀ ਲਈ ਪ੍ਰਕਿਰਤੀ ਦੇ ਇਨ੍ਹਾਂ ਦੋਹਾਂ ਰੂਪਾਂ ਦੀਆਂ ਮਿਸਾਲਾਂ ਪੇਸ਼ ਹਨ ।

"ਅਗਲੇ ਦਿਨ ਸਵੇਰੇ ਹੀ, ਮੈਂ ਅਤੇ ਦਰਵੇਸ਼ ਜੀ, ਦੋਵੇਂ, ਬਾਹਰ ਘੁੰਮਣ ਚਲੇ ਗਏ । ਚੇਤਰ ਦੀਆਂ ਖੁਸ਼ਬੋਈਆਂ ਭਰੀ ਬੜੀ ਹੀ ਸੁਹਣੀ ਰੁੱਤ ਸੀ । ਨਿੰਮ੍ਹੀ ਨਿੰਮ੍ਹੀ ਹਵਾ ਸੀ, ਅਮਨ ਸੀ ਟਿਕਾਉ ਸੀ, ਤੇ ਸੁੱਤੀ ਸੁੱਤੀ ਕੁਦਰਤ ਉਤੇ ਘੁਗੀ ਬੋਲ ਰਹੀ ਸੀ... ਦੂਰ ਦੁਮੇਲ ਦੀ ਸੇਜ ਸੀ । ਜਾਪਦਾ ਸੀ ਸੇਜ ਉੱਤੇ ਵਹੁਟੀ ਉਠ ਖਲੋਈ ਸੀ ਤੇ ਹੁਣ ਅੰਗੜਾਈ ਲੈਂਦੀ ਸੀ । ਪਹਿਲਾਂ ਉਸਦੇ ਸਿਰ ਉੱਤੇ ਸੂਹੇ ਰੰਗ ਦਾ ਸ਼ਾਲੂ ਸੀ । ਹੁਣ ਅੰਬਰਸੀਆਂ ਲੀੜਾ ਸੀ ।" (ਪੰਨਾ 54)

ਕੁਦਰਤ ਦੀ ਖੂਬਸੂਰਤੀ ਦਾ ਇਹ ਬਿਆਨ ਰਾਜ ਦੇ ਆਪਣੇ ਮਨ ਦੀ ਹੁਲਾਸ ਭਰੀ ਅਵਸਥਾ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੈ । ਇਸੇ ਤਰ੍ਹਾਂ ਦਾ ਕੁਦਰਤ ਦਾ ਸੰਵੇਦਨਸ਼ੀਲ ਬਿਆਨ ਕੰਵਲ ਦੀ ਦੁਖਦਾਈ ਮੌਤ ਦੇ ਸੰਤਾਪ ਨਾਲ ਜੁੜ ਕੇ ਪੇਸ਼ ਹੁੰਦਾ ਹੈ—

"ਬੜੀ ਭਿਆਨਕ ਰਾਤ ਸੀ । ਕੰਵਲ ਬਿਨਾਂ ਪਹਿਲੀ ਵਾਰ ਮੈਂ ਉਸਦੇ ਘਰ ਵਿਚ ਆਇਆ ਸਾਂ । ਸਵੇਰੇ ਅੱਖਾਂ ਖੁਲ੍ਹੀਆਂ ਤਾਂ ਦੁਨੀਆਂ ਖ਼ਾਲੀ ਖ਼ਾਲੀ ਜਾਪੀ । ਧਰਤੀ ਆਕਾਸ਼, ਹਵਾਵਾਂ, ਨਦੀਆਂ ਕਿਸੇ ਵਿਚ ਖਿੱਚ ਨਹੀਂ ਸੀ । ਇਸ ਜਹਾਨ ਦੀ ਸੁੰਦਰ ਤਾਈ ਛਾਈਂ ਮਾਈਂ ਹੋ ਗਈ ਸੀ । ਬੜਾ ਬੇਤਰਸ ਸੂਰਜ ਸੀ । ਭਲਾ ਉਹ ਕਿਉਂ ਚੜ੍ਹ ਆਇਆ ਸੀ ? ਚਾਨਣ ਇਕ ਗੰਡਾਸੇ ਵਾਂਗੂ ਮੈਨੂੰ ਪੁੱਛ ਰਿਹਾ ਸੀ ।" (ਪੰਨਾ-150)

ਕੁਦਰਤ ਦੇ ਇਨ੍ਹਾਂ ਸਰਸ ਅਤੇ ਵਿਕਰਾਲ ਰੂਪਾਂ ਦਾ ਵਰਣਨ ਮੋਹ ਅਤੇ ਵੈਰਾਗ ਦੇ ਸਮਾਂਵੱਥ ਰਖ ਕੇ ਕੀਤਾ ਗਿਆ ਹੈ ਜਿਸ ਵਿਚ ਕਾਵਿਕ ਪ੍ਰਭਾਵ ਦੀ ਝਲਕ ਪੈਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਉਂ ਇਹ ਨਾਵਲ ਆਪਣੀ ਰਚਨਾ ਵਿਧੀ ਅਤੇ ਥੀਮਕ ਸਾਰਥਕਤਾ ਵਿਚ ਪੰਜਾਬੀ ਦੇ ਪਰੰਪਰਕ ਨਾਵਲ ਦੀ ਲੀਹ ਤੋਂ ਲਾਂਭੇ ਜਾਣ ਦਾ ਤਿੱਖਾ ਪ੍ਰਮਾਣ ਪੇਸ਼ ਕਰਦਾ ਹੈ ਅਤੇ ਆਪਣੀ ਰਚਨਾਤਮਕ ਵਿਲੱਖਣਤਾ ਦਰਸਾਉਂਦਾ ਹੈ।

ਸੰਤੋਖ ਸਿੰਘ ਧੀਰ ਦਾ ਦੂਸਰਾ ਨਾਵਲ 'ਉਹ ਦਿਨ' ਵੀ ਕਾਫੀ ਚਰਚਾ ਅਤੇ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੈ। ਇਸ ਨਾਵਲ ਵਿਚ ਅਨਜੋੜ ਰਿਸ਼ਤੇ ਵਿਚੋਂ ਪੈਦਾ ਹੋਣ ਵਾਲੇ ਭਾਵਕ ਸਖਣੇਪਨ ਨੂੰ ਕੇਂਦਰ ਵਿਚ ਰਖਿਆ ਗਿਆ ਹੈ। ਨਾਵਲ ਦੀ ਮੁਖ ਪਾਤਰ ਪ੍ਰਕਾਸ਼ ਆਪਣੇ ਪਿਤਾ ਦੀ ਉਮਰ ਦੇ ਪਤੀ ਨਾਲ ਵਿਆਹੀ ਜਾਂਦੀ ਹੈ ਅਤੇ ਭਾਵੁਕ ਅਤ੍ਰਿਪਤੀ ਕਾਰਨ ਭਟਕਣਾ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਇਕ ਤੋਂ ਬਾਦ ਦੂਸਰੇ ਜਿਨਸੀ ਸੰਬੰਧ ਬਣਾਉਂਦੀ ਤੁਰੀ ਜਾਂਦੀ ਹੈ। ਨਾਵਲ ਦੇ ਅੰਤ ਤੇ ਇਸ ਪਾਤਰ ਨੂੰ ਆਰਥਕ ਤੌਰ ਤੇ ਸਵੈ-ਨਿਰਭਰ ਹੋ ਕੇ ਸੰਤੁਲਿਤ ਜ਼ਿੰਦਗੀ ਬਿਤਾਉਂਦਿਆਂ ਦਰਸਾਇਆ ਗਿਆ ਹੈ। ਇਸ ਨਾਵਲ ਦੀ ਕਥਾ-ਵਸਤੂ ਵਿਚ ਇਸਤਰੀ-ਪੁਰਖ ਸੰਬੰਧਾਂ ਦੀ ਇਕ ਮਹੱਤਵਪੂਰਣ ਦਿਸ਼ਾ ਦਾ ਸੰਕੇਤ ਛੁਪਿਆ ਹੋਇਆ ਪਰ ਨਾਵਲਕਾਰ ਜਿਨਸੀ ਰਿਸ਼ਤਿਆਂ ਦੇ ਕਾਮ ਉਤੇਜਕ ਵਰਣਨ ਵਿਚ ਫਸ ਕੇ ਰਹਿ ਜਾਂਦਾ ਹੈ। ਇਸੇ ਕਾਰਣ ਇਸ ਨਾਵਲ ਉਤੇ ਅਸ਼ਲੀਲਤਾ ਦਾ ਦੋਸ਼ ਵੀ ਲਾਇਆ ਗਿਆ। ਅਸਲ ਵਿਚ ਧੀਰ ਨੇ ਵਰਜਨਾ ਭਰੇ ਵਿਸ਼ੈਵਸਤੂ ਨੂੰ ਹਥ ਪਾਉਣ ਦੀ ਦਲੇਰੀ ਤਾਂ ਅੱਵਸ਼ ਕੀਤੀ ਹੈ ਪਰ ਉਹ ਇਸ ਵਿਚ ਲੁਕੀਆਂ ਅਥਾਹ ਸੰਭਾਵਨਾਵਾਂ ਨੂੰ ਸਾਕਾਰ ਕਰਨ ਵਿਚ ਸਫਲ ਨਹੀਂ ਹੋ ਸਕਿਆ। ਇਸ ਨਾਵਲ ਵਿਚ ਦੇਸ਼ ਵੰਡ ਸਮੇਂ ਹੋਈ ਅਮਾਨਵੀ ਹਿੰਸਾ ਦਾ ਵਰਣਨ ਵੀ ਮੌਜੂਦ ਹੈ ਪਰ ਇਹ ਨਾਵਲ ਦੀ ਮੁਖ ਥੀਮ ਨਾਲ ਰਚਨਾਤਮਕ ਸੰਬੰਧ ਜੋੜਨ ਵਿਚ ਸਫਲ ਨਹੀਂ ਹੁੰਦਾ।

ਇਸ ਨਾਵਲ ਉੱਤੇ ਅਸ਼ਲੀਲਤਾ/ਨੰਗੇਜ ਦਾ ਤਿੱਖਾ ਦੋਸ਼ ਆਰੋਪਣ ਸਾਮ੍ਹਣੇ ਆਉਣਾ ਸੁਭਾਵਕ ਹੀ ਸੀ। ਖੁਦ ਲੇਖਕ ਨੇ ਇਸ ਇਲਜ਼ਾਮ ਨੂੰ ਸਵੀਕਾਰ ਕਰਦਿਆਂ ਨਮੋਸ਼ੀ ਜ਼ਾਹਰ ਕੀਤੀ ਹੈ।

ਇਉਂ ਪੰਜਾਬੀ ਨਾਵਲ ਦੇ ਖੇਤਰ ਵਿਚ ਸੰਤੋਖ ਸਿੰਘ ਧੀਰ ਦਾ ਉਸਾਰੂ ਸਾਹਿਤਕ ਯੋਗਦਾਨ ਉਸਦੇ ਨਾਵਲ 'ਯਾਦਗਾਰ' ਦੀ ਸ਼ਕਲ ਵਿਚ ਹੀ ਹੈ। 'ਉਹ ਦਿਨ' ਵਰਗੀ ਵਿਵਾਦ ਪੂਰਣ ਅਤੇ ਰਚਨਾਤਮਕ ਪਖੋਂ ਊਣੀ ਲਿਖਤ ਨੂੰ ਇਕ ਪਾਸੇ ਰੱਖ ਕੇ ਨਿਰੋਲ 'ਯਾਦਗਰ' ਨਾਵਲ ਨੂੰ ਹੀ ਜੇ ਅਸੀਂ ਸੰਤੋਖ ਸਿੰਘ ਧੀਰ ਦੀ ਨਾਵਲਕਲਾ ਦੇ ਮੁਲਾਂਕਣ ਦਾ ਆਧਾਰ ਬਣਾਈਏ ਤਾਂ ਉਹ ਪੰਜਾਬੀ ਨਾਵਲ ਦੇ ਖੇਤਰ ਵਿਚ ਸਿਰਜਨਾ ਦੇ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਾਲਾ ਪ੍ਰਬੁੱਧ ਲੇਖਕ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

100070

ਰਾਜ ਗਿੱਲ ਦੀ ਨਾਵਲੀ ਵਿਲੱਖਣਤਾ

ਰਾਜ ਗਿੱਲ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਨਵਾਂ ਉੱਭਰ ਰਿਹਾ ਹਸਤਾਖਰ ਹੈ। ਇਸਦੇ ਹੁਣ ਤਕ ਪ੍ਰਕਾਸ਼ਿਤ ਹੋਏ ਤਕਰੀਬਨ ਸਾਰੇ ਨਾਵਲ—ਸੱਜਰੀ ਪੈੜ, ਕਾਫ਼ਰ, ਦੇਗ ਤੇਗ ਅਤੇ ਪਰਛਾਵੇਂ—ਆਪਣੀ ਵਿਲੱਖਣ ਭਾਂਤ ਦੀ ਥੀਮਕ ਸੰਕਲਪਨਾ ਜਾਂ ਰੂਪ-ਵਿਧੀ ਕਾਰਣ ਪੰਜਾਬੀ ਪਾਠਕਾਂ ਅਤੇ ਅਲੋਚਕਾਂ ਲਈ ਡੂੰਘੀ ਦਿਲਚਸਪੀ ਦਾ ਵਿਸ਼ਾ ਬਣੇ ਹਨ। ਆਪਣੇ ਹਰ ਨਾਵਲ ਵਿਚ ਇਸ ਨਾਵਲਕਾਰ ਨੇ ਥੀਮ ਜਾਂ ਰੂਪ ਦੇ ਪੱਖੋਂ ਗਲਪ-ਸਿਰਜਨਾ ਦਾ ਕੋਈ ਨਾ ਕੋਈ ਨਵਾਂ ਪ੍ਰਤਿਮਾਨ ਪੇਸ਼ ਕਰਕੇ ਪੰਜਾਬੀ ਨਾਵਲ ਦੀ ਪ੍ਰਚੱਲਤ ਪਰੰਪਰਾ ਨਾਲੋਂ ਆਪਣਾ ਨਿਖੇੜ ਪੈਦਾ ਕਰਨ ਦੀ ਰੁਚੀ ਦਰਸਾਈ ਹੈ। ਇਸਦੇ ਨਵ-ਪ੍ਰਕਾਸ਼ਿਤ ਨਾਵਲ 'ਔਂਤਰੇ' ਨੂੰ ਵੀ ਇਸੇ ਸੰਦਰਭ ਵਿਚ ਰੱਖ ਕੇ ਵਾਚਿਆ ਜਾ ਸਕਦਾ ਹੈ। ਸਿਆਸੀ ਨਾਵਲ ਦੀ ਜਾਣੀ ਪਛਾਣੀ ਵਿਧਾ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਇਹ ਨਾਵਲ ਨਿਰੋਲ ਸਿਆਸੀ ਵਿਅੰਗ ਤਕ ਸੀਮਤ ਨਹੀਂ ਰਹਿੰਦਾ ਹੈ। ਸਗੋਂ, ਇਕ ਵਿਸ਼ੇਸ ਪ੍ਰਕਾਰ ਦੀ ਵਿਜੋਗੀ ਮਾਨਸਿਕਤਾ ਦੀਆਂ ਅੰਦਰਲੀਆਂ ਤਹਿਆਂ ਨੂੰ ਵੀ ਫਰੋਲਣ ਦੀ ਚੇਸ਼ਟਾ ਕਰਦਾ ਹੈ। ਇਸ ਨਾਵਲ ਦੇ ਗਲਪੀ ਸੰਸਾਰ ਵਿਚ ਸਿਆਸੀ ਚੱਕਰ-ਵਿਊਹ ਅਤੇ ਵਿਜੋਗੀ ਮਾਨਸਿਕਤਾ ਦਾ ਸਮਾਨੰਤਰ ਬਿਰਤਾਂਤ ਸੰਗਠਿਤ ਕੀਤਾ ਗਿਆ ਹੈ।

ਨਾਵਲ ਵਿਚਲੀ ਕਥਾਵਸਤੂ ਸਾਡੇ ਨਿਕਟ-ਸਮਕਾਲੀ ਇਤਿਹਾਸ ਦੀ ਇਕ ਮਹੱਤਵਪੂਰਣ ਘਟਨਾ—ਐਮਰਜੈਂਸੀ ਜਾਂ ਸੰਕਟ-ਕਾਲ ਨਾਲ ਸੰਬੰਧਿਤ ਹੈ। ਉਂਜ ਤਾਂ ਹਰ ਨਾਵਲ ਸਿੱਧੇ ਜਾਂ ਅਸਿਧੇ ਢੰਗ ਨਾਲ ਯਥਾਰਥ ਨਾਲ ਸੰਬੰਧਿਤ ਹੁੰਦਾ ਹੈ ਅਤੇ ਨਾਵਲਕਾਰ ਦੀ ਸਿਰਜਣਕਾਰੀ ਕਲਪਨਾ, ਯਥਾਰਥ ਦੇ ਅਨੁਭਵ ਅਤੇ ਬੋਧ ਨੂੰ ਮੁਖ ਰਖ ਕੇ ਗਲਪੀ-ਸੰਸਾਰ ਦੀ ਉਸਾਰੀ ਕਰਦੀ ਹੈ। ਪਰ, ਇਹ ਨਾਵਲ ਪ੍ਰਤੱਖਰੂਪ ਵਿਚ ਸਮਕਾਲੀ ਇਤਿਹਾਸਕ ਯਥਾਰਥ ਨਾਲ ਆਪਣਾ ਗਲਪੀ ਸਰੋਕਾਰ ਜੋੜਦਾ ਹੈ। 'ਸੰਕਟ-ਕਾਲ' ਦੀ ਇਸ ਮਹੱਤਵਪੂਰਨ ਘਟਨਾ ਨੂੰ ਸੰਬੋਧਿਤ ਹੋ ਕੇ ਉਸਦੇ ਅੰਤਰੀਵ ਸੰਗਠਨ ਵਿਚ ਝਾਕਣ ਦੀ ਚੇਸ਼ਟਾ ਕਰਦਾ ਹੋਇਆ ਇਹ ਨਾਵਲ, ਸੰਕਟ-ਕਾਲ ਨਾਲ ਸੰਬੰਧਿਤ ਵਾਸਤਵਿਕ ਪਾਤਰਾਂ ਦੀ ਜਟਿਲ ਮਾਨਸਿਕਤਾ ਦਾ ਵਿਸ਼ਲੇਸ਼ਣ ਵੀ ਪੇਸ਼ ਕਰਦਾ ਹੈ। ਇਸ ਮੰਤਵ ਦੀ ਪੂਰਤੀ ਲਈ ਨਾਵਲਕਾਰ ਨੇ ਆਪਣੇ ਗਲਪੀ-ਸੰਸਾਰ ਵਿਚ ਸੰਕਟ-ਸਥਿਤੀ ਦੇ ਸਿਆਸੀ/ਇਤਿਹਾਸਕ ਚਰਿਤ੍ਰ ਨੂੰ ਤਾਂ ਵਾਸਤਵਿਕਤਾ ਦੇ ਰੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ, ਪਰ, ਸੰਬੰਧਿਤ ਇਤਿਹਾਸਕ ਸ਼ਖ਼ਸੀਅਤਾਂ ਦਾ ਗਲਪੀਕਰਣ ਕਰ ਦਿਤਾ ਹੈ। ਗਲਪੀਕਰਣ ਦੀ ਇਹ ਜੁਗਤ ਇਤਿਹਾਸਕ ਪਾਤਰਾਂ ਨਾਲ ਜੁੜੇ ਹੋਏ ਪਿਆਰ ਅਤੇ ਘਿਰਣਾ ਦੇ ਪਰਸਪਰ ਵਿਰੋਧੀ ਭਾਵਾਂ ਨੂੰ ਰਤਾਂ ਕੁ ਲਾਂਭੇ ਰਖ ਕੇ ਨਿਰੋਲ ਮਾਨਵੀ ਸਰੋਕਾਰਾਂ ਦਾ ਵਿਸ਼ਲੇਸ਼ਣ ਕਰਨ ਲਈ ਲੋੜੀਂਦੀ ਵਿੱਥ ਪ੍ਰਦਾਨ ਕਰਦੀ ਹੈ। ਜਾਣੇ ਪਛਾਣੇ ਵਿਅਕਤੀਆਂ ਨੂੰ ਅਜਨਬੀ ਬਣਾ ਕੇ ਪੇਸ਼ ਕਰਨ ਦਾ ਇਹ ਸੁਚੇਤ ਜਤਨ ਅਸਲ ਵਿਚ ਇਸ ਨਾਵਲ ਦੀ ਗਲਪੀ ਸਾਰਥਕਤਾ ਨੂੰ ਉਘਾੜਨ ਦਾ ਹੀ ਕਲਾਤਮਕ ਢੰਗ ਹੈ।

ਨਾਵਲ ਦਾ ਆਰੰਭ ਐਮਰਜੈਂਸੀ ਦੇ ਐਲਾਨ ਦੀ ਪੂਰਬ-ਸੰਧਿਆਂ ਦੇ ਸਮਾਚਾਰਾਂ ਨਾਲ ਹੁੰਦਾ ਹੈ। ਪੁਲੀਸ ਦੀਆਂ ਜੀਪਾਂ ਅਤੇ ਟਰੱਕ ਸ਼ਹਿਰ ਦੀਆਂ ਸੜਕਾਂ ਤੇ ਘੁੰਮ ਰਹੇ ਹਨ ਅਤੇ ਇਕ ਅਜੀਬ ਕਿਸਮ ਦੀ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਪੁਲਿਸ ਦੇ ਅਧਿਕਾਰੀਆਂ ਪਾਸ ਕੋਰੇ ਵਾਰੰਟ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਵਿਰੋਧੀ ਦਲਾਂ ਦੇ ਪ੍ਰਮੁਖ ਨੇਤਾਵਾਂ ਨੂੰ ਹੀ ਨਹੀਂ, ਕਿਸੇ ਵੀ ਸੰਭਾਵੀ ਵਿਰੋਧ ਕਰਨ ਵਾਲੇ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਅਲਵਿਕਾ, ਜੋ ਦੇਸ਼ ਦੀ ਪ੍ਰਧਾਨ-ਮੰਤਰੀ ਹੈ, ਆਪਣੇ ਸੋਚ-ਕਮਰੇ ਦੀ ਇਕੱਲ ਵਿਚ ਬੈਠੀ ਇਹ ਗੰਭੀਰ ਨਿਰਣਾ ਲੈ ਰਹੀ ਹੈ। ਨਾਵਲ ਦੇ ਅੰਤਲੇ ਕਾਂਡ ਵਿਚ ਇਸ ਮਹੱਤਵਪੂਰਨ ਨਿਰਣੇ ਦਾ ਰੇਡੀਓ ਰਾਹੀਂ ਐਲਾਨ ਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਅਲਵਿਕਾ ਇਕ ਨਿਰੰਕੁਸ਼ ਪ੍ਰਸ਼ਾਸਨ ਦੇ ਰੂਪ ਵਿਚ ਸਥਾਪਤ ਹੋ ਜਾਂਦੀ ਹੈ। ਇਉਂ, ਸੰਕਟ-ਕਾਲ ਦੇ ਮਨਸੂਬੇ ਤੋਂ ਲੈ ਕੇ ਇਸਦੇ ਐਲਾਨ ਤਕ ਦੀ ਘਟਨਾ ਇਸ ਨਾਵਲ ਦੇ ਆਰਪਾਰ ਫੈਲੀ ਹੋਈ ਹੈ। ਪਰ, ਨਾਵਲ ਦਾ ਵਿਚਕਾਰਲਾ ਖੰਡ ਇਸ ਘਟਨਾ ਨਾਲ ਸੰਬੰਧਿਤ ਪਾਤਰ ਦੀ ਮਾਨਸਿਕ ਭਾਵੁਕ ਸਥਿਤੀ ਦੇ ਨਿਰੂਪਣ ਨਾਲ ਸੰਬੰਧਿਤ ਹੈ।

ਨਾਵਲ ਦੇ ਇਨ੍ਹਾਂ ਵਿਚਕਾਰਲੇ ਪੰਨਿਆਂ ਵਿਚ ਫਲੈਸ਼ ਬੈਕ ਦੀ ਤਕਨੀਕੀ ਜੁਗਤ ਰਾਹੀਂ ਮੁਖ-ਪਾਤਰ ਦੇ ਬੀਤੇ ਜੀਵਨ ਦੀਆਂ ਘਟਨਾਵਾਂ ਅਤੇ ਸਥਿਤੀਆਂ ਦਾ ਬਿਰਤਾਂਤ ਟੋਟੇ ਟੋਟੇ ਕਰਕੇ ਸੁਣਾਇਆ ਗਿਆ ਹੈ। ਇਉਂ, ਵਰਤਮਾਨ ਦੇ ਘਟਨਾ ਚੱਕਰ ਨੂੰ ਅਤੀਤ ਵਿਚ ਵਾਪਰੀਆਂ ਘਟਨਾਵਾਂ ਨਾਲ ਸੰਬੰਧਿਤ ਕਰਕੇ ਨਵੀਨ ਸਾਰਥਕਤਾ ਉਪਜਾਉਣ ਦਾ ਉਪਰਾਲਾ ਕੀਤਾ ਗਿਆ ਹੈ। ਸਿਆਸਤ ਦੇ ਚੱਕਰਵਿਊਹ ਵਿਚ ਘਿਰੀ ਹੋਈ ਅਲਵਿਕਾ ਦੀ ਹਾਲਤ ਦੀ ਤੁਲਨਾ ਸ਼ੇਰ ਦੀ ਸਵਾਰੀ ਕਰਨ ਵਾਲੇ ਵਿਅਕਤੀ ਨਾਲ ਕੀਤੀ ਗਈ ਹੈ, ਜਿਸ ਦੇ ਲਈ ਰਤਾ ਜਿੰਨੀ ਅਸਾਵਧਾਨੀ ਵਿਨਾਸ਼ ਦਾ ਕਾਰਣ ਬਣ ਸਕਦੀ ਹੈ। ਆਪਣੀ ਸਿਆਸੀ ਹੋਂਦ ਦੇ ਗਹਿਰੇ ਸੰਕਟ ਵਿਚ ਘਿਰੀ ਅੱਜ ਦੀ ਅਲਵਿਕਾ ਕਲ੍ਹ ਦੀ ਅੰਬਿਕਾ ਜਾਂ ਅੰਬੋ ਸੀ ਜੋ ਪੰਜਾਬ ਦੇ ਇਕ ਸਾਧਾਰਣ ਜ਼ਿਮੀਂਦਾਰ ਘਰਾਣੇ ਦੀ ਜੰਮਪਲ ਸੀ। ਇਕ ਅਲੜ੍ਹ ਪੇਂਡੂ ਮੁਟਿਆਰ ਤੋਂ ਲੈ ਕੇ ਚੰਡੀ ਦਾ ਰੂਪ ਧਾਰਣ ਵਾਲੀ ਇਸ ਅਲਵਿਕਾ ਦਾ ਆਪਣਾ ਨਿਜੀ ਦੁਖਾਂਤਕ ਪੱਖ ਵੀ ਹੈ। ਅੰਬਿਕਾ ਜਦੋਂ ਭਰ ਜੋਬਨ ਦੀ ਅਵੱਸਥਾ ਵਿਚ ਆਪਣੇ ਵਿਆਹੁਤਾ ਜੀਵਨ ਦੇ ਸੁਪਨੇ ਘੜ ਰਹੀ ਸੀ ਤਾਂ ਉਹਦੇ ਜੀਵਨ ਵਿਚ ਭਿਆਨਕ ਹਾਦਸਾ ਵਾਪਰ ਗਿਆ। ਬੂਹੇ ਢੁਕੀ ਜੰਞ ਅਤੇ ਲਾੜੇ ਦੀ ਛਬੀ ਦੇਖਣ ਜਦੋਂ ਇਹ ਕੋਠੇ ਉਤੇ ਚੜ੍ਹੀ, ਤਾਂ ਪੌੜੀਆਂ ਤੋਂ ਤਿਲਕ ਕੇ ਡਿਗ ਪਈ। ਡੂੰਘੀ ਬੇਹੋਸ਼ੀ ਦੀ ਹਾਲਤ ਨੂੰ ਘਰ ਪਰਿਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਿਆਂ ਨੇ ਮੌਤ ਦੀ ਨਿਸ਼ਾਨੀ ਸਮਝ ਇਸਨੂੰ ਸ਼ਮਸ਼ਾਨ ਪੁਚਾ ਦਿਤਾ। ਅੱਗ ਦੀਆਂ ਲਾਟਾਂ ਦੇ ਸੇਕ ਕਾਰਣ ਜਦੋਂ ਇਸਦੀ ਬੇਹੋਸ਼ੀ ਟੁਟੀ ਤਾਂ ਇਹ ਚੀਕਾਂ ਮਾਰਦੀ ਹੋਈ ਚਿਤਾ ਵਿਚੋਂ ਭੁੜਕੇ ਬਾਹਰ ਆ ਗਈ। ਅਧਜਲੀ ਅਵੱਸਥਾ ਵਿਚ ਇਸਨੂੰ ਦੇਖ ਕੇ ਲੋਕਾਂ ਨੇ ਚੁੜੇਲ ਸਮਝ ਲਿਆ ਅਤੇ ਘਰ ਪਰਿਵਾਰ ਵਾਲਿਆਂ ਨੇ ਵੀ ਇਸਨੂੰ ਅਪਨਾਉਣ ਤੋਂ ਇਨਕਾਰ ਕਰ ਦਿਤਾ। ਬਸ ਇਥੋਂ ਹੀ ਅੰਬਿਕਾ ਦੇ ਵਿਜੋਗੇ ਜੀਵਨ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਅੰਧ-ਵਿਸ਼ਵਾਸੀਆਂ ਨੇ ਜੇ ਪਹਿਲੋਂ ਪਹਿਲ ਇਸਨੂੰ ਚੁੜੇਲ ਸਮਝ ਲਿਆ ਸੀ ਤਾਂ ਕੁਝ ਸਮਾਂ ਪਾ ਕੇ ਦੇਵੀ ਆਖਣਾ ਵੀ ਸ਼ੁਰੂ ਕਰ ਦਿਤਾ। ਪਰ, ਅੰਬਿਕਾ ਨੂੰ ਤਾਂ ਆਪਣੀ ਮਨੁਖੀ ਹੋਂਦ ਦੀ ਸਵੀਕ੍ਰਿਤੀ ਚਾਹੀਦੀ ਸੀ। ਚੁੜੇਲ ਦਾ ਭੈ ਅਤੇ ਦੇਵੀ ਦੀ ਸ਼ਰਧਾ ਉਸਦੇ ਕਿਸ ਕੰਮ ਸੀ। ਮਨੁਖੀ ਸਨੇਹ ਅਤੇ ਨਿੱਘ ਤੋਂ ਸਖਣੀ ਅੰਬਿਕਾ ਆਪਣੇ ਪਿੰਡ ਤੋਂ ਦੂਰ ਚਲੀ ਗਈ। ਕਈ ਪਰਿਵਾਰਾਂ ਵਿਚ ਇਸਨੂੰ ਵਕਤੀ ਤੌਰ 'ਤੇ ਮੋਹ ਅਤੇ ਸਨੇਹ ਵੀ ਮਿਲਿਆ, ਪਰ. ਇਸਦੀ ਦੁਖਾਂਤਕ ਯਾਤਰਾਂ ਦਾ ਕਿਧਰੇ ਵੀ ਅੰਤ ਨਹੀਂ ਸੀ। ਫੇਰ ਕਿਵੇਂ ਹੌਲੀ ਹੌਲੀ ਇਸਨੇ ਆਪਣੇ ਜੀਵਨ ਨੂੰ ਲੋਕ-ਸੇਵਾ ਲਈ ਅਰਪਨ ਕੀਤਾ ਅਤੇ ਸਿਆਸਤ ਵਿਚ ਦਾਖਲ ਹੋਈ ਅਲਵਿਕਾ ਦੇ ਨਵੇਂ ਨਾਮ ਨਾਲ? ਇਹ ਸਾਰੇ ਵੇਰਵੇ ਨਾਵਲਕਾਰ ਨੇ ਇਕ ਸਾਧਾਰਣ ਔਰਤ ਦੇ ਮਹਾਨ ਸ਼ਖਸੀਅਤ ਵਿਚ ਰੂਪਾਂਤਰਿਤ ਹੋਣ ਦਾ ਬਿਰਤਾਂਤ ਬਣਾ ਕੇ ਪੇਸ਼ ਕੀਤੇ ਹਨ।

ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਦੇ ਦਿਨਾਂ ਵਿਚ ਅਲਵਿਕਾ ਦਾ ਮੇਲ ਇਕ ਮਹੱਤਵ-ਆਕਾਂਖੀ ਸਿਆਸਤਦਾਨ ਕ੍ਰਿਸ਼ਨ ਪ੍ਰਕਾਸ਼ ਨਾਲ ਹੋਇਆ ਜੋ ਇਸਦੀ ਸ਼ਖਸੀਅਤ ਤੋਂ ਬੇਹੱਦ ਪ੍ਰਭਾਵਿਤ ਸੀ। ਇਸਨੇ ਅਲਵਿਕਾ ਦੇ ਮਨ ਦੀਆਂ ਕੋਮਲ ਤਰੰਗਾਂ ਨੂੰ ਛੇੜਿਆ, ਪਰ, ਭਾਵੁਕ ਛਿਣਾਂ ਦੇ ਸਿਖਰ 'ਤੇ ਅਪੜ ਕੇ ਜਦੋਂ ਇਸਨੂੰ ਅਲਵਿਕਾ ਦੇ ਅਤੀਤ ਦੀ ਵਾਸਤਵਿਕਤਾ ਦਾ ਗਿਆਨ ਹੋਇਆ ਤਾਂ ਇਸਦੇ ਜਜ਼ਬੇ ਦੀ ਲੋਅ ਮੱਠੀ ਪੈ ਗਈ। ਅਲਵਿਕਾ ਲਈ ਇਹ ਦੂਜਾ ਵੱਡਾ ਹਾਦਸਾ ਸੀ ਜਿਸਨੇ ਉਸਦੇ ਜੀਵਨ ਦੀ ਧਾਰਾ ਨੂੰ ਹੀ ਬਦਲ ਦਿੱਤਾ। ਹੁਣ ਉਸਦੇ ਸਾਹਮਣੇ ਸਿਆਸੀ ਤਾਕਤ ਦੀ ਮਹੱਤਵ-ਆਕਾਂਖਿਆ ਸੀ, ਜਿਸ ਨਾਲ ਉਹ ਆਪਣੇ ਆਕ੍ਰੋਸ਼ ਦੀ ਅੱਗ ਨੂੰ ਠੰਢਿਆਂ ਕਰ ਸਕਦੀ ਸੀ। ਦੇਸ਼ ਦੀ ਗਰੀਬ ਜਨਤਾ ਲਈ ਉਸਦੇ ਮਨ ਵਿਚ ਅਜੇ ਵੀ ਲਗਾਉ ਸੀ, ਪਰ, ਉਹ ਕਿਸੇ ਨੂੰ ਵੀ ਸਿਆਸੀ ਸ਼ਤਰੰਜ ਵਿਚ ਜਿੱਤਣ ਦੀ ਆਗਿਆ ਨਹੀਂ ਸੀ ਦੇਣੀ ਚਾਹੁੰਦੀ! ਵਿਰੋਧੀ ਦਲਾਂ ਦੇ ਫੈਸਲਾਕੁਨ ਹਮਲੇ ਦਾ ਵੀ ਪ੍ਰਤਿਉੱਤਰ ਉਸਨੇ ਚੁਣ ਲਿਆ ਸੀ---ਅੰਦਰੂਨੀ ਐਮਰਜੈਂਸੀ ਦਾ ਐਲਾਨ।

ਇਸ ਤਰ੍ਹਾਂ ਇਹ ਨਾਵਲ ਸਾਡੇ ਨਿਕਟ-ਸਮਕਾਲੀ ਇਤਿਹਾਸ ਦੇ ਇਕ ਦਹਿਸ਼ਤਜ਼ਦਾ ਮਾਹੌਲ ਦੀ ਝਾਕੀ ਪ੍ਰਸਤੁਤ ਕਰਨ ਦੇ ਨਾਲ ਨਾਲ ਇਸ ਨਾਲ ਜੁੜੀ ਹੋਈ ਵਿਜੋਗੀ ਮਾਨਸਿਕਤਾ ਦੇ ਆਕ੍ਰੋਸ਼ ਦਾ ਵੀ ਵਿਸ਼ਲੇਸ਼ਣ ਕਰਦਾ ਹੈ। ਪਰ ਇਸ ਵਿਚ ਇਤਿਹਾਸਕ ਤੱਥਾਂ ਅਤੇ ਵੇਰਵਿਆਂ ਨੂੰ ਲੋੜ ਤੋਂ ਵਧ ਵਿਸਤਾਰ ਨਾਲ ਪੇਸ਼ ਕਰਨਾ ਇਸਦੇ ਗਲਪੀ ਮਹੱਤਵ ਨੂੰ ਘਟਾਉਂਦਾ ਹੈ। ਬਹੁ-ਪਰਿਚਿਤ ਵੇਰਵਿਆਂ ਦਾ ਵਿਸਤਾਰ ਕਈ ਵਾਰ ਪਾਠਕਾਂ ਨੂੰ ਅਕਾਊ ਪ੍ਰਤੀਤ ਹੁੰਦਾ ਹੈ, ਜਿਸਨੂੰ ਸੰਜਮਮਈ ਛੋਹਾਂ ਨਾਲ ਹੋਰ ਪ੍ਰਭਾਵਮਈ ਬਣਾਇਆ ਜਾ ਸਕਦਾ ਸੀ।

ਸਮੁੱਚੇ ਤੌਰ 'ਤੇ ਇਹ ਨਾਵਲ ਸਾਨੂੰ ਯਥਾਰਥ ਅਤੇ ਗਲਪ ਦੇ ਪਰਸਪਰ ਸਹਿਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸੰਬੰਧ ਰਾਹੀਂ ਸਿਆਸੀ ਜੀਵਨ ਦੀਆਂ ਸ਼ਤਰੰਜੀ ਚਾਲਾਂ ਦੀ ਵਾਸਤਵਿਕਤਾ ਦਾ ਅਹਿਸਾਸ ਕਰਾਉਂਦਾ ਹੈ। ਕਿੱਤੇ ਵਜੋਂ ਪੱਤਰਕਾਰ ਹੋਣ ਨਾਤੇ ਰਾਜ ਗਿੱਲ ਇਸ ਸਮੁੱਚੇ ਘਟਨਾ ਚੱਕਰ ਦੇ ਸਹੀ ਸਮਾਚਾਰਾਂ ਬਾਰੇ ਅਤੇ ਇਤਿਹਾਸਕ ਪਾਤਰਾਂ ਦੀ ਪਬਲਿਕ ਜ਼ਿੰਦਗੀ ਦੇ ਲੁਕਵੇਂ ਪਾਸਾਰਾਂ ਬਾਰੇ, ਭਰੋਸੇਯੋਗ ਵਾਕਫੀ ਰਖਦਾ ਹੈ। ਇਸ ਲਈ ਇਸ ਨਾਵਲ ਦਾ ਸਿਰਜਿਤ ਸੰਸਾਰ ਕਲਪਨਾਸ਼ੀਲ ਰਚਨਾ ਹੁੰਦਾ ਹੋਇਆ ਵੀ ਮਹੱਤਵਪੂਰਣ ਇਤਿਹਾਸਕ ਸੱਚ ਦੀ ਪੇਸ਼ਕਾਰੀ ਦਾ ਮਾਧਿਅਮ ਬਣ ਗਿਆ ਹੈ। ਆਪਣੀ ਥੀਮਕ ਸਾਰਥਕਤਾ ਵਿਚ ਇਹ ਨਾਵਲ ਸਿਆਸਤ ਦੇ ਚੱਕਰਵਿਊਹ ਵਿਚ ਘਿਰੇ ਹੋਏ ਵਿਜੋਗੀ-ਮਨ ਦੀ ਭਟਕਣਾ ਅਤੇ ਆਕ੍ਰੋਸ਼ ਦਾ ਬਿੰਬ ਉਜਾਗਰ ਕਰਦਾ ਹੈ। ਸਿਆਸੀ ਵਿਅੰਗ ਦੀ ਸੀਮਤ ਵਰਤੋਂ ਕਰਦਾ ਹੋਇਆ ਇਹ ਨਾਵਲ ਸੰਕਟ ਕਾਲ ਦੀ ਵਾਸਤਵਿਕਤਾ ਨੂੰ ਵੀ ਉਘਾੜਨ ਦਾ ਜਤਨ ਕਰਦਾ ਹੈ ਅਤੇ ਇਸ ਨਾਲ ਜੁੜੇ ਹੋਏ ਵਾਸਤਵਿਕ ਪਾਤਰਾਂ ਦਾ ਗਲਪੀਕਰਣ ਕਰਕੇ ਉਨ੍ਹਾਂ ਦੀ ਮਾਨਸਿਕਤਾ ਦੇ ਨਿਰਪੱਖ ਵਿਸ਼ਲੇਸ਼ਣ ਨੂੰ ਵੀ ਸੰਭਵ ਬਣਾਉਂਦਾ ਹੈ। ਵਿਜੋਗੇ ਮਨੁੱਖ ਦੀ ਮਾਨਸਿਕਤਾ ਵਿਚ ਹੋਈ ਟੁੱਟ ਭੱਜ ਜਾਂ ਤਾਂ ਇਸਨੂੰ ਨਿਰਾਸ਼ਵਾਦੀ ਬਣਾ ਦਿੰਦੀ ਹੈ ਅਤੇ ਜਾਂ ਫੇਰ ਨਿਰੰਕੁਸ਼ ਮਹੱਤਵ ਆਕਾਂਖਿਆ ਦੇ ਰਾਹ ਤੋਰ ਦਿੰਦੀ ਹੈ, ਜਿਸਦਾ ਅੰਜਾਮ ਮੈਟਾਫ਼ੋਰਿਕ ਤੌਰ ਤੇ ਸ਼ੇਰ ਦੀ ਸਵਾਰੀ ਕਰਨ ਵਾਂਗ ਹੁੰਦਾ ਹੈ। 'ਔਂਤਰੇ' ਨਾਵਲ ਦੇ ਪੰਨਿਆਂ ਵਿਚ ਕਿਸੇ ਕਿਸਮ ਦੀ ਮਾਨਸਿਕਤਾ ਦਾ ਚਿਹਰਾ ਮੁਹਰਾ ਉਘੜਦਾ ਦਿਖਾਈ ਦਿੰਦਾ ਹੈ।

ਰਾਜ ਗਿੱਲ ਦਾ ਨਾਵਲ 'ਪਰਛਾਵੇਂ' ਵੀ ਆਪਣੀ ਰਚਨਾ-ਵਿਧੀ ਅਤੇ ਥੀਮਕ ਸੰਗਠਨ ਦੀ ਵਿਲਖਣਤਾ ਕਾਰਣ ਪਰੰਪਰਕ ਪੰਜਾਬੀ ਨਾਵਲ ਦੀ ਲੀਹ ਤੋਂ ਰਤਾ ਕੁ ਲਾਂਭੇ ਜਾਣ ਦੀ ਪ੍ਰਵਿਰਤੀ ਦਰਸਾਉਂਦਾ ਹੈ। ਨਾਵਲ ਮੂਲਰੂਪ ਵਿਚ ਅਜੋਕੇ ਸਮੇਂ ਵਿਕਸਿਤ ਹੋਇਆ ਗਲਪ-ਬਿਰਤਾਂਤਕ ਰੂਪ ਵਿਚ ਹੈ ਜਿਸਦੇ ਅੰਤਰਗਤ ਪਾਤਰ, ਘਟਨਾ, ਸਥਿਤੀ ਅਤੇ ਵਾਤਾਵਰਣ ਨੂੰ ਕਥਾ ਅਤੇ ਕਥਾਨਕ ਦੀਆਂ ਰੂੜੀਆਂ ਦੁਆਰਾ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ। ਪੰਜਾਬੀ ਦੇ ਬਹੁਤੇ ਨਾਵਲ ਇਸੇ ਕਿਸਮ ਦੀ ਗਲਪ-ਬਿਰਤਾਂਤਕ ਵਿਧੀ ਦੁਆਲੇ ਉਸਰੇ ਹੋਏ ਹਨ। ਅਰਥਾਤ ਇਨ੍ਹਾਂ ਵਿਚ ਪਾਤਰਾਂ ਨੂੰ ਕਾਲ-ਕ੍ਰਮ ਅਨੁਸਾਰ ਅਤੇ ਕਾਰਜ-ਕਾਰਣ ਯੁਕਤ ਘਟਨਾਵਾਂ/ਸਥਿਤੀਆਂ ਵਿਚੋਂ ਗੁਜ਼ਰਦੇ ਦਰਸਾਇਆ ਜਾਂਦਾ ਹੈ। ਇਨ੍ਹਾਂ ਨਾਵਲਾਂ ਵਿਚ ਆਮ ਤੌਰ ਤੇ ਇਸਤਰੀ/ਮਰਦ ਦੇ ਪਿਆਰ ਪ੍ਰਸੰਗਾਂ ਨੂੰ ਸਾਮਾਜਿਕ ਯਥਾਰਥ ਦੇ ਪਿਛੋਕੜ ਵਿਚ ਰਖ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਧਾਰਮਕ/ਸਮਾਜਿਕ/ਨੈਤਿਕ ਸੁਧਾਰ ਦੇ ਉੱਦੇਸ਼ ਨੂੰ ਮੁਖ ਰਖਣ ਵਾਲੇ ਕਥਾਨਕਾਂ ਦੀ ਸਿਰਜਣਾ ਵੀ ਕੀਤੀ ਜਾਂਦੀ ਰਹੀ ਹੈ। ਰਾਜ ਗਿੱਲ ਨੇ ਆਪਣੇ ਇਸ ਨਾਵਲ ਵਿਚ ਪੰਜਾਬੀ ਨਾਵਲ ਦੀ ਉਪਰੋਕਤ ਪਰੰਪਰਾ ਨੂੰ ਤੋੜਨ ਦਾ ਜਤਨ ਕੀਤਾ ਹੈ ਜਿਸ ਕਾਰਣ ਇਸ ਰਚਨਾ ਨੂੰ ਇਕ ਨਵਾਂ ਨਾਵਲੀ ਪ੍ਰਯੋਗ ਆਖਣਾ ਉਚਿਤ ਹੋਵੇਗਾ।

ਸਭ ਤੋਂ ਪਹਿਲਾਂ ਇਸ ਨਾਵਲ ਦੀ ਰਚਨਾ-ਵਿਧੀ ਦੀ ਵਿਲੱਖਣਤਾ ਬਾਰੇ ਚਰਚਾ ਕਰਨੀ ਯੋਗ ਹੈ। ਇਹ ਨਾਵਲ ਮੂਲਰੂਪ ਵਿਚ ਦੋ ਪਾਤਰਾਂ (ਅਨੂਪ ਅਤੇ ਨੀਰਾ) ਦੀ ਸਥਿਤੀ ਅਤੇ ਗਤੀਵਿਧੀ ਨੂੰ ਪੇਸ਼ ਕਰਦਾ ਹੈ। ਇਹ ਦੋਵੇਂ ਪਾਤਰ ਦੋ ਸਮਾਂਤਰ ਤੁਰਦੀਆਂ ਰੇਖਾਵਾਂ ਵਾਕਰ ਹਨ ਜਿਨ੍ਹਾਂ ਦਾ ਆਪੋ ਆਪਣਾ ਇਤਿਹਾਸ ਹੈ ਅਤੇ ਆਪੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਵੇਦਨਾ ਹੈ। ਨਾਵਲ ਵਿਚ ਇਹਨਾਂ ਨੂੰ ਸ਼ਹਿਰ ਤੋਂ ਦੂਰ ਇਕ ਸੁੰਨਸਾਨ ਤਲਾਅ ਉੱਤੇ ਮਿਲਦਿਆਂ ਦਰਸਾਇਆ ਗਿਆ ਹੈ। ਇਹਨਾਂ ਦਾ ਇਹ ਮਿਲਾਪ ਚੰਨ ਚਾਨਣੀ ਰਾਤ ਦੇ ਪਹਿਲੇ ਪਹਿਰ ਤੋਂ ਲੈ ਕੇ ਸੂਰਜ ਦੇ ਉਦੇ ਹੋਣ ਤਕ ਦਾ ਹੈ। ਹੈ। ਪਰ ਇਹ ਮਿਲਾਪ ਇਹਨਾਂ ਪਾਤਰਾਂ ਨੂੰ ਕੇਵਲ ਪਰਸਪਰ ਸਨੇਹ ਅਤੇ ਸੰਵਾਦ ਦੇ ਰਿਸ਼ਤੇ ਵਿਚ ਜੋੜਨ ਲਈ ਹੈ। ਇਹ ਪਾਤਰ ਇਕ ਦੂਸਰੇ ਨੂੰ ਜਾਣਦੇ ਪਛਾਣਦੇ ਹਨ, ਪਿਆਰ ਅਤੇ ਮੋਹ ਦੀਆਂ ਤੰਦਾਂ ਵਿਚ ਵੀ ਬੱਝਦੇ ਹਨ, ਪਰ ਇਕ ਦੂਸਰੇ ਲਈ ਮੰਜ਼ਿਲ ਨਹੀਂ ਬਣਦੇ ਸਗੋਂ ਆਪੋ ਆਪਣੀ ਵੇਦਨਾ ਅਤੇ ਆਪੋ ਆਪਣੀਆਂ ਯਾਦਾਂ ਦਾ ਆਦਾਨ ਪ੍ਰਦਾਨ ਹੀ ਕਰਦੇ ਹਨ। ਆਪਣੇ ਇਤਿਹਾਸ ਨੂੰ ਇਹ ਆਪਣੇ ਨਾਲ ਲੈ ਕੇ ਆਉਂਦੇ ਹਨ ਅਤੇ ਰਾਤ ਦੇ ਅੰਤ ਉੱਤੇ ਇਸੇ ਇਤਿਹਾਸ ਵਿਚ ਪਰਤ ਜਾਂਦੇ ਹਨ। ਪਰ ਇਹਨਾਂ ਦੋਹਾਂ ਵਿਚਕਾਰ ਸਨੇਹ ਅਤੇ ਪਹਿਚਾਣ ਦਾ ਪੁਲ ਉਸਰਦਾ ਹੈ, ਉਹ ਇਹਨਾਂ ਨੂੰ ਆਪਣੇ ਅਚੇਤ ਮਨ ਦੀਆਂ ਲੁਕੀਆਂ ਦੱਬੀਆਂ ਰੀਝਾਂ ਕਾਮਨਾਵਾਂ ਅਤੇ ਨਾਕਾਮੀਆਂ ਨੂੰ ਫਰੋਲਣ ਦਾ ਮੌਕਾ ਪ੍ਰਦਾਨ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਆਪੋ ਆਪਣੀ ਵੇਦਨਾ ਨੂੰ ਜ਼ਬਾਨ ਦੇ ਕੇ ਸੁਰਖਰੂ ਹੋ ਗਏ ਅਨੁਭਵ ਕਰਦੇ ਹਨ। ਨਾਵਲ ਵਿਚਲੀ ਉਪਰੋਕਤ ਸਥਿਤੀ ਨੂੰ ਗਲਪੀ ਪ੍ਰਬੰਧ ਵਿਚ ਸੰਗਠਿਤ ਕਰਨ ਲਈ ਰਾਜ ਗਿੱਲ ਨੇ ਬਿਰਤਾਂਤ ਦੀ ਮੰਨੀ-ਪ੍ਰਮੰਨੀ ਰਚਨਾ-ਜੁਗਤ ਨਹੀਂ ਅਪਣਾਈ, ਸਗੋਂ ਪ੍ਰਗੀਤਕ ਵਿਧੀ ਦੀ ਵਰਤੋਂ ਕੀਤੀ ਹੈ ਜੋ ਮੌਲਿਕ ਤੌਰ ਤੇ ਬਿਰਤਾਂਤ ਨਾਲੋਂ ਵੱਖਰੀ ਹੈ।

ਬਿਰਤਾਂਤ ਦਾ ਮੂਲ ਤੱਤ ਘਟਨਾਵਾਂ ਅਤੇ ਸਥਿਤੀਆਂ ਨੂੰ ਕਾਲ ਦੇ ਗਤੀਸ਼ੀਲ ਸੰਦਰਭ ਨਾਲ ਜੋੜ ਕੇ ਪ੍ਰਸਤੁਤ ਕਰਨਾ ਹੈ ਜਦੋਂ ਕਿ ਪ੍ਰਗੀਤ ਕਿਸੇ ਵਿਸ਼ੇਸ਼ ਕਾਲਖੰਡ ਜਾਂ ਛਿਣ ਦੇ ਅਹਿਸਾਸ ਨੂੰ ਪਕੜਨ ਦੀ ਵਿਧੀ ਹੈ। ਜੇ ਇਕ ਦਾ ਮੂਲ-ਆਧਾਰ ਗਤੀ ਹੈ ਤਾਂ ਦੂਸਰੇ ਦਾ ਆਧਾਰ ਸਥਿਤੀ ਹੈ।

ਬਿਰਤਾਂਤ ਅਤੇ ਪ੍ਰਗੀਤ ਦੇ ਉਪਰੋਕਤ ਨਿਖੇੜੇ ਨੂੰ ਧਿਆਨ ਵਿਚ ਰਖ ਕੇ ਜਦੋਂ ਅਸੀਂ 'ਪਰਛਾਵੇਂ' ਨਾਵਲ ਦੀ ਟੈਕਸਟ ਦਾ ਅਧਿਐਨ ਕਰਦੇ ਹਾਂ ਤਾਂ ਇਹ ਗੱਲ ਸਹਿਜੇ ਹੀ ਸਿੱਧ ਹੋ ਜਾਂਦੀ ਹੈ ਕਿ ਇਸ ਰਚਨਾ ਵਿਚ ਨਿਰੋਲ ਇਕ ਇਕਹਿਰੀ ਸਥਿਤੀ ਅਤੇ ਉਸ ਨਾਲ ਸੰਬੰਧਿਤ ਇਕ ਇਕਾਗਰ ਅਹਿਸਾਸ ਨੂੰ ਮੂਰਤੀਮਾਨ ਕੀਤਾ ਗਿਆ ਹੈ। ਇਹ ਗੱਲ ਨਹੀਂ ਕਿ ਇਸ ਨਾਵਲ ਦੇ ਪੰਨਿਆਂ ਵਿਚ ਸਮੇਂ ਦੀ ਗਤੀ ਨੂੰ ਉੱਕਾ ਹੀ ਗ਼ੈਰ-ਹਾਜ਼ਰ ਕਰ ਦਿੱਤਾ ਗਿਆ ਹੈ ਜਾਂ ਕਾਲ ਵਿਚ ਫੈਲੀਆਂ ਹੋਈਆਂ ਘਟਨਾਵਾਂ ਦਾ ਵਰਣਨ ਹੀ ਨਹੀਂ ਕੀਤਾ ਗਿਆ। ਅਨੂਪ ਅਤੇ ਨੀਰਾ ਦਾ ਸ਼ਹਿਰ ਦੀ ਗਹਿਮਾ-ਗਹਮੀ ਤੋਂ ਨਿਕਲ ਕੇ ਬਾਹਰ ਸੁੰਨਸਾਨ ਤਲਾਅ ਦੇ ਕੰਢੇ ਆ ਬੈਠਣਾ ਅਤੇ ਫੇਰ ਚੰਨ ਚਾਨਣੀ ਰਾਤ ਦਾ ਹੌਲੀ-ਹੌਲੀ ਬੀਤ ਜਾਣਾ ਅਤੇ ਸੂਰਜ ਦਾ ਉਦੇ ਹੋਣਾ—ਗਤੀ ਦਾ ਸੂਚਕ ਹੈ। ਪਰ ਇਹ ਗਤੀ ਨਿਰੋਲ ਬਾਹਰਮੁਖੀ ਜਾਂ ਪ੍ਰਕਿਰਤੀ ਦੇ ਖੇਤਰ ਦੀ ਗਤੀ ਹੈ। ਪਾਤਰਾਂ ਦੀ ਮਨੋਸਥਿਤੀ ਆਦਿ ਤੋਂ ਅੰਤ ਤੀਕਰ ਪਰਿਵਰਤਨ ਰਹਿਤ ਬਣੀ ਰਹਿੰਦੀ ਹੈ ਅਤੇ ਉਹਨਾਂ ਦਾ ਦਰਮਿਆਨ ਵਿਚਾਰ, ਭਾਵ, ਅਤੇ ਵੇਦਨਾ ਦੇ ਸੰਚਾਰ ਦਾ ਜੋ ਪੁਲ ਪਹਿਲੋਂ ਹੀ ਉਸਰ ਚੁਕਿਆ ਹੈ ਉਹ ਓਵੇਂ ਦਾ ਓਵੇਂ ਹੀ ਰਹਿੰਦਾ ਹੈ ਉਸ ਵਿਚ ਕੋਈ ਗਤੀ ਜਾਂ ਪਰਿਵਰਤਨ ਨਹੀਂ ਵਾਪਰਦਾ।

CC-0. In Public Domain. Gurukul Kangri Collection, Haridwar

ਇਉਂ ਇਹ ਪ੍ਰਸਪਰ ਪਹਿਚਾਣ ਅਤੇ ਮੋਹ-ਸੰਸਾਰ ਦਾ ਛਿਣ ਵਿਸ਼ੇਸ਼ ਸਥਿਤੀ ਬਣ ਕੇ ਪੇਸ਼ ਹੁੰਦਾ ਹੈ । ਨਾਵਲਕਾਰ ਇਸੇ ਹੀ ਪ੍ਰਗੀਤਕ ਛਿਣ ਨੂੰ ਗਲਪੀ ਸਾਰਥਕਤਾ ਪ੍ਰਦਾਨ ਕਰਦਾ ਹੈ । ਭਾਵੇਂ ਇਹ ਛਿਣ ਇਕ ਰਾਤ ਜਿੰਨਾ ਲੰਮਾ ਹੈ, ਪਰ ਹੈ ਇਹ ਮਾਨਸਿਕ-ਭਾਵੁਕ ਸਥਿਤੀ ਦਾ ਇਕ ਇਕਾਗਰ ਛਿਣ ਹੀ ।

Digitized by Arya Samaj Foundation Chennai and eGangotri

ਨਾਵਲ ਦੀ ਸਿਰਜਣਾਤਮਕ ਵਿਲੱਖਣਤਾ ਦਾ ਦੂਸਰਾ ਪੱਖ ਇਸ ਥੀਮਦੇ ਪ੍ਰਬੰਧ ਵਿਚੋਂ ਉਜਾਗਰ ਹੁੰਦਾ ਹੈ । ਇਸ ਨਾਵਲ ਵਿਚ ਪਿਆਰ ਪ੍ਰਸੰਗਾਂ ਦੀ ਪ੍ਰਧਾਨਤਾ ਦੇ ਬਾਵਜੂਦ ਇਸ ਨੂੰ ਪਿਆਰ ਦੇ ਪਰੰਪਰਕ ਸੰਕਲਪ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ । ਇਸ ਦੀ ਥੀਮਕ ਸਾਰਥਕਤਾ ਦਾ ਧੁਰਾ ਪਿਆਰ ਹੈ ਹੀ ਨਹੀਂ ਸਗੋਂ, ਇਹ ਤਾਂ ਇਸਤਰੀ-ਮਰਦ ਸੰਬੰਧਾਂ ਦੇ ਰਵਾਇਤੀ ਘੇਰੇ ਤੋਂ ਨਿਰਲੇਪ ਨਿਰੋਲ ਮਨੁੱਖੀ ਪਹਿਚਾਣ ਅਤੇ ਸੁਹਿਰਦ ਮਨੁੱਖੀ ਭਾਵ-ਸੰਚਾਰ ਦੀ ਥੀਮ ਨੂੰ ਪ੍ਰਸਤੁਤ ਕਰਦਾ ।

ਨਾਵਲਕਾਰ ਨੇ ਆਪਣੀ ਥੀਮ ਨੂੰ ਸੰਠਗਿਤ ਕਰਨ ਲਈ ਸੁੰਨਸਾਨ ਤਲਾਅ ਅਤੇ ਚਾਨਣੀ ਰਾਤ ਨੂੰ ਸਥਿਤੀਮੂਲਕ ਮੋਟਿਫ਼ ਦੇ ਰੂਪ ਵਿਚ ਵਰਤਿਆ ਹੈ । ਤਲਾਅ ਅਤੇ ਰਾਤ ਦੀ ਸਥਿਤੀ ਪ੍ਰਤੀਕਾਤਮਕ ਸਾਰਥਕਤਾ ਰਖਦੀ ਹੈ । ਇਹ ਪਾਤਰਾਂ ਨੂੰ ਆਪੋ ਆਪਣੇ ਇਤਿਹਾਸ ਅਤੇ ਆਪੋ-ਆਪਣੇ ਅਚੇਤ ਮਨ ਦੇ ਸਨਮੁਖ ਖੜ੍ਹਾ ਕਰ ਦਿੰਦੀ ਹੈ । ਜੋ ਗੱਲ ਸ਼ਹਿਰ ਦੀ ਗਹਿਮਾ-ਗਹਿਮੀ ਅਤੇ ਦਿਨ ਦੇ ਉਜਾਲੇ ਵਿਚ ਨਹੀਂ ਹੋ ਸਕਦੀ ਉਹ ਵਿਰਾਨ ਤਲਾਅ ਦੇ ਪਾਣੀਆਂ ਕੰਢੇ ਅਤੇ ਰਾਤ ਵੇਲੇ ਹੋ ਸਕਦੀ ਹੈ । ਕਿਉਂ ਜੋ ਇਹ ਗੱਲ ਅਚੇਤ ਮਨ ਦੀਆਂ ਕੰਦਰਾਂ ਵਿਚ ਲੁਕੀ/ਦਬੀ ਹੋਈ ਵੇਦਨਾ ਬਣੀ ਹੋਈ ਹੈ । ਇਸਨੂੰ ਚੁੱਪ ਦੇ ਵਾਯੂਮੰਡਲ ਵਿਚਹੀ ਉਚਾਰਿਆ ਜਾ ਸਕਦਾ ਹੈ ਤੇ ਉਹ ਵੀ ਕਿਸੇ ਸੁਹਿਰਦ ਇਨਸਾਨ ਦੀ ਮੋਹ ਭਿਜੀ ਸੰਗਤ ਵਿਚ । ਇਉਂ ਅਨੂਪ ਅਤੇ ਨੀਰਾ ਦਾ ਇਕ ਵਿਰਾਨੇ ਵਿਚ ਆ ਬੈਠਣਾ ਆਪਣੇ ਮਨ ਅੰਤਰ ਦੀਆਂ ਲੁਕੀਆਂ ਤਹਿਆਂ, ਯਾਦਾਂ ਅਤੇ ਸੁਪਨਿਆਂ ਦੀ ਧਰਤੀ ਤੇ ਜਾ ਬੈਠਣ ਦਾ ਪ੍ਰਤੀਕ ਹੋ ਨਿਬਦਾ ਹੈ ।

ਨਾਵਲਕਾਰ ਨੇ ਇਸਤਰੀ-ਮਰਦ ਸੰਬੰਧਾਂ ਦੇ ਸਾਧਾਰਣ ਪਾਸਾਰ ਨੂੰ ਤੋੜ ਕੇ ਮਨੁੱਖੀ ਰਿਸ਼ਤਿਆਂ ਦੀ ਇਕ ਨਵੀਂ ਡਾਈਮੈਨਸ਼ਨ ਨੂੰ ਸਾਕਾਰ ਕਰਨ ਦਾ ਉਪਰਾਲਾ ਕੀਤਾ ਹੈ । ਸ਼ਰੀਰਕ ਸੰਬੰਧ ਅਤੇ ਇਸ਼ਕ ਦੇ ਆਰ-ਪਾਰ (ਜਾਂ ਵਿਚਕਾਰ ਜਿਹੇ ਕਿਤੇ) ਵੀ ਕਿਸੇ ਮੋਹ ਭਿੰਨੇ ਰਿਸ਼ਤੇ ਦੀ ਹੋਂਦ ਸੰਭਵ ਹੈ ਜੋ ਮਨੁੱਖਾਂ ਨੂੰ ਪਰਸਪਰ ਪਹਿਚਾਨ ਅਤੇ ਦੋਸਤੀ ਦੇ ਸੂਤਰ ਵਿਚ ਪਰੋ ਦਿੰਦੀ ਹੈ । ਜੋ ਮਨੁੱਖ ਨੂੰ ਆਪਣੇ ਆਪ ਦੇ ਸਨਮੁਖ ਖੜਾ ਕਰ ਦੇਣ ਦੇ ਸਮਰੱਥ ਹੈ । ਜਿਥੇ ਉਸ ਦੀ ਤਲਾਸ਼ ਨੂੰ ਹੁੰਗਾਰਾ ਮਿਲਦਾ ਹੈ ਤੇ ਉਸ ਨੂੰ ਆਪਣੀ ਸਿਮਰਤੀ ਅਤੇ ਵੇਦਨਾ ਦਾ ਵਿਸ਼ਲੇਸ਼ਣ ਕਰਨ ਦੇ ਸਮਰਥ ਬਣਾਉਂਦਾ ਹੈ ।

ਇਹ ਨਾਵਲ ਪਰੰਪਰਕ ਪੰਜਾਬੀ ਨਾਵਲ ਦੇ ਸਿਰਜਣਾਤਮਕ ਪ੍ਰਤਿਮਾਨਾਂ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਵਲ ਰੁਚਿਤ ਦਿਖਾਈ ਦਿੰਦਾ ਹੈ ਅਤੇ ਨਿਸਚੇ ਹੀ ਇਸ ਨੂੰ ਇਕ ਨਵੀਨ ਨਾਵਲੀ ਪ੍ਰਯੋਗ ਆਖਿਆ ਜਾ ਸਕਦਾ ਹੈ । ਇਉਂ ਰਾਜ ਗਿੱਲ ਦੇ ਇਹ ਦੋਵੇਂ ਨਾਵਲ ਉਸ ਦੀ ਨਾਵਲੀ ਵਿਲੱਖਣਤਾ ਦਾ ਪ੍ਰਮਾਣ ਪੇਸ਼ ਕਰਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਵਲ 'ਨਾਦ-ਬਿੰਦ' : ਇਕ ਅਧਿਐਨ

ਜੋਗਿੰਦਰ ਕੈਰੋਂ ਪੰਜਾਬੀ ਨਾਵਲ ਨਿਗਾਰੀ ਦੇ ਖੇਤਰ ਵਿਚ ਨਵਾਂ ਹਸਤਾਖਰ ਹੈ। 'ਨਾਦ-ਬਿੰਦ ਉਸਦਾ ਪਹਿਲਾ ਤੇ ਹਾਲੀ ਤਕ ਦਾ ਇਕੋ ਇਕ ਨਾਵਲ ਹੈ। ਇਸ ਤੋਂ ਪਹਿਲਾਂ ਉਸਦੇ ਦੋ ਕਹਾਣੀ ਸੰਗ੍ਰਹਿ --'ਕੋਲਾਜ ਕਿਤਾਬ' (ਸਮਿਲਤ ਰਚਨਾ ਦੇ ਰੂਪ ਵਿਚ) ਅਤੇ 'ਆਖਰੀ ਲੜਾਈ ਦਾ ਨਾਇਕ'—ਪ੍ਰਕਾਸ਼ਿਤ ਹੋ ਚੁਕੇ ਹਨ। ਇਨ੍ਹਾਂ ਗਲਪੀ ਰਚਨਾਵਾਂ ਦੇ ਮਾਧਿਅਮ ਰਾਹੀਂ ਕੈਰੋਂ ਨੇ ਆਪਣੀ ਵਿਲੱਖਣ ਭਾਂਤ ਦੀ ਗਲਪੀ ਯੋਗਤਾ ਦਾ ਪ੍ਰਮਾਣ ਪੇਸ਼ ਕੀਤਾ ਹੈ। ਉਹ ਆਧੁਨਿਕ ਚੇਤਨਾ ਤੇ ਸੰਵੇਦਨਾ ਦਾ ਧਾਰਣੀ ਹੁੰਦੇ ਹੋਏ ਵੀ ਪੰਜਾਬੀ ਲੋਕਯਾਨ ਦੀ ਪਰੰਪਰਕ ਵਿਰਾਸਤ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਉਸਨੇ ਲੋਕ ਯਾਨ ਦੇ ਵਿਸ਼ੇ ਉਪਰ ਖੋਜ ਕਾਰਜ ਕੀਤਾ ਹੈ ਅਤੇ ਇਸਨੂੰ ਘਣੇ ਅਧਿਆਪਨ ਦਾ ਵਿਸ਼ਾ ਵੀ ਬਣਾਇਆ ਹੈ। ਇਉਂ ਪਰੰਪਰਾ ਤੇ ਨਵੀਨਤਾ ਕੈਰੋਂ ਦੀ ਗਲਪ ਸਿਰਜਣਾ ਨੂੰ ਪ੍ਰਭਾਵਿਤ ਕਰਨ ਵਾਲੇ ਦੋ ਮੂਲ ਧੁਰੇ ਹਨ ਜਿਨ੍ਹਾਂ ਦਾ ਪ੍ਰਤੱਖ ਪ੍ਰਮਾਣ 'ਨਾਦ-ਬਿੰਦ' ਨਾਵਲ ਦੇ ਸਿਰਜਿਤ ਸੰਸਾਰ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ। ਪੰਜਾਬ ਦਾ ਪਰੰਪਰਕ ਲੋਕ-ਵਿਰਸਾ ਇਸ ਨਾਵਲ ਦੇ ਰਚਨਾ-ਵਿਧਾਨ ਦਾ ਅਟੁੱਟ ਹਿੱਸਾ ਬਣ ਕੇ ਪੇਸ਼ ਹੁੰਦਾ ਹੈ ਪਰ ਤਾਂ ਵੀ ਉਹ ਇਸ ਪਰੰਪਰਕ ਵਿਰਸੇ ਦੇ ਮੋਹ ਦਾ ਸ਼ਿਕਾਰ ਨਹੀਂ ਹੁੰਦਾ ਸਗੋਂ ਇਸਨੂੰ ਅਰਥ-ਉਤਪਾਦਨ ਦਾ ਮਾਧਿਅਮ ਬਣਾਉਣ ਵਲ ਰੁਚਿਤ ਹੁੰਦਾ ਹੈ। ਇਸ ਤੋਂ ਇਲਾਵਾ ਉਹ ਮੱਧਕਾਲ ਤੋਂ ਤੁਰੀ ਆ ਰਹੀ ਸੋਚ ਨੂੰ ਆਧੁਨਿਕਤਾ ਦੇ ਸੰਦਰਭ ਨਾਲ ਜੋੜ ਕੇ ਇਸਦੀ ਸਮੀਖਿਆ ਵੀ ਕਰਦਾ ਹੈ। ਇਉਂ ਵਿਸ਼ੇ-ਪ੍ਰਬੰਧ ਅਤੇ ਰੂਪ-ਵਿਧੀ ਦੇ ਨੁਕਤੇ ਤੋਂ ਪਰੰਪਰਕ ਪੰਜਾਬੀ ਨਾਵਲ ਦੀ ਲੀਹ ਤੋਂ ਹਟ ਕੇ ਲਿਖਿਆ ਹੋਇਆ ਇਹ ਨਾਵਲ ਇਕ ਪ੍ਰਯੋਗਸ਼ੀਲ ਰਚਨਾ ਹੋਣ ਦਾ ਪ੍ਰਮਾਣ ਪੇਸ਼ ਕਰਦਾ ਹੈ।

ਨਾਵਲ ਦਾ ਮੁੱਖ-ਪਾਤਰ, ਰੰਗੀਨਾਥ, ਪ੍ਰਗਤੀਸ਼ੀਲ-ਰੋਮਾਨੀ ਵਿਚਾਰਾਂ ਵਾਲਾ ਇਕ ਨੌਜਵਾਨ ਕਵੀ ਹੈ ਜਿਸਦਾ ਸੰਬੰਧ ਜੁਝਾਰ ਇਨਕਲਾਬੀ ਲਹਿਰ (ਨਕਸਲਬਾੜੀ) ਨਾਲ ਰਿਹਾ ਹੈ। ਉਹ ਪੁਲੀਸ ਤਸ਼ੱਦਦ ਅਤੇ ਇੰਟੈਰੋਗੇਸ਼ਨ ਸੈਂਟਰ ਦੇ ਤਸੀਹਿਆਂ ਤੋਂ ਬਚਣ ਲਈ ਘਰੋਂ ਭਜਿਆ ਹੋਇਆ ਹੈ ਅਤੇ ਰੂਹਪੋਸ਼ੀ ਦੀ ਸੂਰਤ ਵਿਚ ਪਿੰਡ ਪਿੰਡ ਭਟਕ ਰਿਹਾ ਸੀ ਜਦੋਂ ਇਕ ਦਿਨ ਅਚਾਨਕ ਉਹ ਕਿਸੇ ਅਜਿਹੇ ਪਿੰਡ ਆ ਨਿਕਲਿਆ ਜਿਥੇ ਨਾਥ ਜੋਗੀਆਂ ਦਾ ਡੇਰਾ ਸੀ। ਆਇਆ ਤਾਂ ਭਾਵੇਂ ਉਹ ਪਿਛਾ ਕਰ ਰਹੀ

CC-0. In Public Domain. Gurukul Kangri Collection, Haridwar

ਪੁਲਿਸ ਨੂੰ [illegible] ਹੀ ਸੀ ਪਰ Digitized by Arya Samaj Foundation Chennai and eGangotri
ਡੇਰੇ ਦੇ 'ਪਰਮਾਰਥਕ' ਮਾਹੌਲ ਤੋਂ ਪ੍ਰਭਾਵਿਤ ਹੋ ਕੇ ਉਹ ਇਥੇ ਹੀ ਟਿਕ ਜਾਂਦਾ ਹੈ। ਡੇਰੇ ਦਾ ਮਹਾਂਪੀਰ ਸੁਗੰਧ ਨਾਥ ਸਦੀਆਂ ਤੋਂ ਨਿਰੰਤਰ ਤੁਰੀ ਆ ਰਹੀ ਧੂਣੀ ਦੁਆਲੇ ਜੁੜੇ ਆਪਣੇ ਸ਼ਰਧਾਲੂਆਂ ਨੂੰ ਜੋਗ ਮਾਰਗ ਦੀ ਪਰਮਾਰਥਕ ਸਿਖਿਆ ਦੇ ਰਿਹਾ ਸੀ—

"ਜਹਾਂ ਯੋਗ ਹੋਤਾ ਹੈ ਵਹਾਂ ਭੋਗ ਨਹੀਂ ਹੋਤਾ, ਔਰ ਵਹਾਂ ਯੋਗ ਨਹੀਂ ਹੋ ਸਕਤਾ ਜਹਾਂ ਭੋਗ ਹੋਤਾ ਹੈ। ਦੋਨੋ ਮੇਂ ਸੇ ਏਕ ਹੀ ਏਕ ਜਗ੍ਹਾਂ ਰਹਿ ਸਕਤਾ ਹੈ, ਦੋਨੋ ਏਕ ਸਾਥ ਨਹੀਂ ਰਹਿ ਸਕਤੇ, ਜੋ ਪੁਰਖ ਦੋਨੋ ਕਾ ਦੰਭ ਕਰਤੇ ਹੈਂ ਵੋਹ ਕਿਸੀ ਮੇਂ ਭੀ ਪਰਵਾਨ ਨਹੀਂ ਹੋਤੇ — ਜਬ ਤਕ ਪੁਰਸ਼ ਅਕਲਵੀਰ ਰੂਪੀ ਅਦਵੈਤ ਗਿਆਨ ਕੀ ਪ੍ਰਾਪਤੀ ਨਹੀਂ ਕਰ ਲੇਤਾ ਤਬ ਤਕ ਵਾ ਬਾਲ ਬੁੱਧੀ ਵਾਲਾ ਰਹਿਤਾ ਹੈ..."

ਪਹਿਲਾਂ ਤਾਂ ਉਸਦੇ ਮਨ ਵਿਚ ਸੰਕਾ ਉੱਠੀ ਕਿ ਚੇਤਨਾ ਆਰੰਭ ਵਿਚ ਸੀ ਜਾਂ ਪਦਾਰਥ ਤੇ ਉਸਦੇ ਮਨ ਵਿਚ ਮਹਾਂਪੀਰ ਨਾਲ ਇਸ ਸ਼ੰਕੇ ਦੀ ਨਿਵਰਤੀ ਲਈ ਗਿਆਨ ਗੋਸ਼ਟ ਕਰਨ ਦਾ ਵਿਚਾਰ ਪੈਦਾ ਹੋਇਆ ਪਰ ਫੇਰ ਉਸਨੂੰ ਅਹਿਸਾਸ ਹੋਇਆ ਕਿ ਉਸਦੀ ਇਸੇ ਸ਼ੰਕਾ ਨੇ ਉਸਦਾ ਭੇਤ ਖੋਲ੍ਹ ਦੇਣਾ ਸੀ ਕਿਉਂ ਜੋ ਇਹ ਇਨਕਲਾਬੀ ਫਲਸਫੇ ਦੀ ਮੂਲ ਧਾਰਾਣਾ ਵਿਚੋਂ ਉਠਣ ਵਾਲਾ ਸਵਾਲ ਸੀ। 'ਪਹਾੜ ਜਿੱਡੀ ਸਰਦ ਰਾਤ ਦੇ ਭੈ' ਨੇ ਉਸਦੇ ਗਿਆਨ ਨੂੰ ਪੇਸ਼ ਕਰਨ ਤੋਂ ਰੋਕ ਲਿਆ ਤੇ ਉਹ ਚੁਪ ਹੋ ਗਿਆ। ਉਸਨੂੰ ਚੇਤਾ ਆਇਆ ਕਿ ਇਸੇ ਕਿਸਮ ਦੇ ਗਿਆਨ ਕਾਰਣ ਹੀ ਉਹ ਮੁਸ਼ਕਲਾਂ ਵਿਚ ਪਿਆ ਸੀ। ਪੁਲੀਸ ਨੂੰ ਉਸਦਾ ਇਹੋ ਗਿਆਨ ਹੀ ਖਤਰਨਾਕ ਜਾਪਦਾ ਸੀ ਜਿਸ ਕਾਰਣ ਉਸਨੂੰ ਇੰਟੈਰੋਗੇਸ਼ਨ ਕੇਂਦਰ ਦੇ ਤਸੀਹੇ ਵੀ ਝਲਣੇ ਪਏ ਸਨ। ਮਹਾਂਪੀਰ ਸੁਗੰਧ ਨਾਥ ਦੇ ਪਰਮਾਰਥਕ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਹ ਯਥਾਰਥ ਦੇ ਸੰਕਟਮਈ ਅਤੇ ਸੰਘਰਸ਼ਮਈ ਰੂਪ ਨੂੰ ਭੁੱਲ ਕੇ ਜੋਗੀਆਂ ਦੇ ਪਰਮਾਰਥਕ ਸੰਦੇਸ਼ ਵਿਚ ਦਿਲਚਸਪੀ ਲੈਣ ਲਗ ਪੈਂਦਾ ਹੈ ਤੇ ਉਸਦੇ ਮਨ ਵਿਚ ਇਕ ਅਜੀਬ ਤਰ੍ਹਾਂ ਦੀ ਦੁਬਿਧਾ ਜਨਮ ਲੈਂਦੀ ਹੈ—

"ਜ਼ਿੰਦਗੀ ਵਿਚ ਜੂਝਣ ਵਰਗੇ ਸ਼ਬਦਾ ਦੀ ਕੀ ਸਾਰਥਕਤਾ ਹੈ, ਕੀ ਬਿਨ ਜੂਝਣ ਤੋਂ ਜਿਉਣਾ ਅਕਾਰਥ ਹੈ ਜਾਂ ਜ਼ਿੰਦਗੀ ਬੇਸੁਆਦ ਹੈ? ਜ਼ਿੰਦਗੀ ਦੀ ਅਸਲੀਅਤ ਜੂਝਣ ਵਿਚ ਹੈ? ਜਾਂ ਸ਼ਾਂਤੀ ਵਿਚ ਹੈ? ਨਿਰੰਤਰਤਾ ਵਿਚ ਹੈ, ਸਹਿਜ ਵਿਚ ਹੈ? ਅਡੋਲਤਾ ਵਿਚ? ਜੋਗ ਵਿਚ ਹੈ? ਸਥਿਰਤਾ ਵਿਚ ਹੈ? ਜਾਂ ਭਟਕਣ ਵਿਚ ਹੈ?

ਜੇਕਰ ਮੈਂ ਜੂਝਦਾ ਹਾਂ ਤਾਂ ਵੀ ਮੈਂ ਇਹ ਸਮਝਦਾ ਹਾਂ ਕਿ ਇਹ ਸੰਘਰਸ਼ ਸੱਚ ਲਈ ਹੈ। ਜੇ ਕਰ ਮੈਂ ਨਹੀਂ ਜੂਝਦਾ, ਇਕਾਂਤ ਵਿਚ ਸ਼ਾਂਤ ਚਿੱਤ ਬੈਠ ਅਡੋਲ ਹਾਂ ਤਾਂ ਵੀ ਇਹ ਸੱਚ ਦੀ ਭਾਲ ਹੈ? ਸੱਚ ਆਖਰ ਕੀ ਹੈ?"

ਯਥਾਰਥ ਅਤੇ ਪਰਮਾਰਥ ਦੀ ਦੁਬਿਧਾ ਵਿਚੋਂ ਨਿਕਲ ਕੇ ਆਖਰ ਉਹ ਪਰਮਾਰਥ ਦੇ ਮਾਰਗ ਨੂੰ ਅਜਮਾਉਣ ਦਾ ਨਿਰਣਾ ਕਰ ਲੈਂਦਾ ਹੈ। ਉਸਨੂੰ ਡੇਰੇ ਦੀ ਮਰਿਯਾਦਾ ਅਨੁਸਾਰ ਸਭ ਤੋਂ ਪਹਿਲਾਂ ਚਲੀਹਾ ਕੱਟਣਾ ਪੈਂਦਾ ਹੈ ਜਿਸ ਵਿਚ ਉਸਦੀ ਸਿਦਕ ਦਿਲੀ ਤੇ ਮਨੋਬਲ ਦਾ ਇਮਤਿਹਾਨ ਲਿਆ ਜਾਂਦਾ ਹੈ। ਇਸਤੋਂ ਬਾਅਦ ਉਸਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਗਮਤ ਵਿਚ ਪ੍ਰਵੇਸ਼ ਮਿਲ ਜਾਂਦਾ ਹੈ ਅਤੇ ਉਸਦਾ ਪਹਿਲਾ ਨਾਮ ਅਤੇ ਰੂਪ ਬਦਲ ਕੇ ਰੰਗੀ ਨਾਥ ਜੋਗੀ ਬਣਾ ਦਿਤਾ ਜਾਂਦਾ ਹੈ। ਉਹ ਆਪਣੀ ਸਿਦਕ ਦਿੱਲੀ ਅਤੇ ਸ਼ਰਧਾ ਕਾਰਣ ਸੁੰਗਧ ਨਾਥ ਦਾ ਸਭ ਤੋਂ ਚਹੇਤਾ ਚੇਲਾ ਵੀ ਬਣ ਜਾਂਦਾ ਹੈ। ਉਹ ਇਸੇ ਜੀਵਨ-ਵਿਧੀ ਨੂੰ ਹੀ ਆਪਣਾ ਸਹਿਜ ਬਣਾ ਲੈਂਦਾ ਹੈ ਜਿਸਦਾ ਲੱਛਣ ਭੋਗ ਅਤੇ ਅਨੁਰਾਗ ਦੀ ਥਾਵੇਂ ਜੋਗ ਅਤੇ ਵੈਰਾਗ ਨੂੰ ਧਾਰਣ ਕਰਨਾ ਹੈ। ਇਸ ਨਵੀਂ ਜੀਵਨ-ਵਿਧੀ ਅਨੁਸਾਰ ਰੰਗੀ ਨਾਥ ਉਂਨੀ ਦੇਰ ਬੜੇ ਸਹਿਜ ਨਾਲ ਤਰਦਾ ਰਹਿੰਦਾ ਹੈ ਜਦੋਂ ਤਕ ਉਸਨੂੰ ਮੀਰਾਂ ਨਹੀਂ ਮਿਲਦੀ। ਡੇਰੇ ਦੇ ਇਕ ਸਾਲਾਨਾ ਉਤਸਵ ਉੱਤੇ ਉਸਦਾ ਸਾਮ੍ਹਣਾ ਮੀਰਾਂ ਨਾਲ ਹੁੰਦਾ ਹੈ ਤਾਂ ਉਸਦੇ ਮਨ ਵਿਚ ਪ੍ਰਥਮ ਪਿਆਰ ਦੀਆਂ ਤਰੰਗਾਂ ਉਠ ਪੈਂਦੀਆਂ ਹਨ। ਜੋਗਮਤ ਦੀ ਪਰੰਪਰਕ ਸਿਖਿਆ ਅਨੁਸਾਰ ਕਿਸੇ ਜੋਗੀ ਦਾ ਕਿਸੇ ਨਾਰੀ ਲਈ ਬਿਹਬਲ ਹੋਣਾ ਘੋਰ ਪਾਪ ਦੀ ਨਿਸ਼ਾਨੀ ਹੈ। ਇਹ ਜੋਗੀ ਦੇ 'ਮੁੰਦਰਾ ਡਿਗਣ' ਦਾ ਪ੍ਰਤੀਕ ਹੈ। ਰੰਗੀ ਨਾਥ ਤੇ ਮੀਰਾਂ ਦਾ ਪਿਆਰ ਹੌਲੀ-ਹੌਲੀ ਇਸ਼ਕ ਦੀ ਅਮੋੜ ਅਵਸਥਾ ਵਿਚ ਵਟ ਜਾਂਦਾ ਹੈ ਜਿਥੋਂ ਵਾਪਸ ਮੁੜਨਾ ਰੰਗੀ ਨਾਥ ਦੇ ਵਸ ਵਿਚ ਨਹੀਂ। ਉਹ ਚੋਰੀ ਛਿਪੇ ਮਿਲਦੇ ਹਨ ਅਤੇ ਲੋਕਾਂ ਵਿਚ ਝੂਠੀ ਸੱਚੀ ਚਰਚਾ ਦਾ ਵਿਸ਼ਾ ਬਣ ਜਾਂਦੇ ਹਨ। ਆਖਰਕਾਰ ਇਕ ਦਿਨ ਉਹ ਡੇਰੇ ਦੇ ਬਾਹਰ ਮਿਲਦੇ ਫੜੇ ਜਾਂਦੇ ਹਨ ਤੇ ਲੋਕਾਂ ਦੀ ਭੀੜ ਉਹਨਾਂ ਦੇ ਪਿਛੇ ਤੁਰ ਪੈਂਦੀ ਹੈ। ਰੰਗੀ-ਨਾਥ ਮੀਰਾਂ ਨੂੰ ਲੈਕੇ ਡੇਰੇ ਆ ਜਾਂਦਾ ਹੈ ਤਾਂ ਸੁਗੰਧ ਨਾਥ ਉਹਨਾਂ ਨੂੰ ਇਕ ਗੁਪਤ ਭੋਰੇ ਵਿਚ ਛੁਪਾ ਦਿੰਦਾ ਹੈ। ਉਹ ਡੇਰੇ ਦੀ ਮਰਿਯਾਦਾ ਭੰਗ ਹੋਣ ਤੋਂ ਡਰਦਾ ਹੈ। ਗੁਫਾ ਦਾ ਪਥਰ ਇੰਨਾ ਭਾਰਾ ਹੈ ਕਿ ਇਕਲੇ ਕਾਰੇ ਮਨੁਖ ਦੀ ਤਾਕਤ ਉਸਨੂੰ ਚੁਕ ਨਹੀਂ ਸਕਦੀ। ਲੋਕਾਂ ਨੂੰ ਭੋਰੇ ਦਾ ਕੋਈ ਇਲਮ ਨਹੀਂ ਸੀ ਇਸ ਲਈ ਉਹ ਰੰਗੀਨਾਥ ਤੇ ਮੀਰਾਂ ਨੂੰ ਡੇਰੇ ਉਤੇ ਨਾ ਦੇਖ ਕੇ ਸੁਰਮਿੰਦੀ ਅਨੁਭਵ ਕਰਕੇ ਮੁੜ ਜਾਂਦੇ ਹਨ।

ਭੋਰੇ ਵਿਚ ਰੰਗੀਨਾਥ ਤੇ ਮੀਰਾਂ ਦੇ ਜੀਵਨ ਦਾ ਇਕ ਨਵਾਂ ਕਾਂਡ ਆਰੰਭ ਹੁੰਦਾ ਹੈ। ਪਹਿਲੋਂ ਪਹਿਲ ਤਾਂ ਉਹ ਭੋਰੇ ਦੀ ਟਿਕੱਲ ਨੂੰ ਆਪਣੇ ਪਿਆਰ ਦੀ ਨਿਰਵਿਘਨ ਪ੍ਰਾਪਤੀ ਲਈ ਸਵਰਗੀ ਮੌਕਾ ਸਮਝਦੇ ਹਨ ਅਤੇ ਆਪਣੀਆਂ ਆਕਾਂਖਿਆਵਾਂ ਦੀ ਅਗਨੀ ਨੂੰ ਸ਼ਾਂਤ ਕਰਨ ਦਾ ਸੁਭਾਵਕ ਰਾਹ ਚੁਣਦੇ ਹਨ ਪਰ ਨਿਰੋਲ ਭੋਗ ਦੀ ਅਵਸਥਾ ਵੀ ਆਪਣੇ ਆਪ ਵਿਚ ਅਰਥਹੀਣ ਅਤੇ ਸੱਖਣੀ ਹੁੰਦੀ ਹੈ। ਇਸੇ ਕਿਸਮ ਦੇ ਸਖਣੇਪਨ ਦੇ ਅਹਿਸਾਸ ਵਿਚੋਂ ਲੰਘਦੇ ਹੋਏ ਇਹ ਦੋਵੇ ਇਕ ਦੂਸਰੇ ਦੀਆ ਬਾਹਾਂ ਵਿਚ ਦਮ ਤੋੜ ਦਿੰਦੇ ਹਨ। ਜਦੋਂ ਸੁਗੰਧਨਾਥ ਮੀਰਾਂ ਦੀ ਮਾਂ ਨੂਰਾਂ ਨਾਲ ਮਿਲਕੇ ਭੋਰੇ ਦਾ ਪੱਥਰ ਚੁਕਦਾ ਹੈ ਤਾਂ ਉਹਨਾਂ ਨੂੰ ਰੰਗੀਨਾਥ ਅਤੇ ਮੀਰਾਂ ਦੇ ਅਣਕੱਜੇ ਨਿਰਜਿੰਦ ਜਿਸਮ ਦੀ ਗਲਵਕੜੀ ਨਜ਼ਰ ਆਉਂਦੀ ਹੈ। ਭੋਰਾ ਉਹਨਾਂ ਲਈ ਕਬਰ ਬਣ ਗਿਆ ਸੀ।

ਨਾਵਲ ਦੀ ਕਥਾ-ਸਮੱਗਰੀ ਦੇ ਉਪਰੋਕਤ ਵੇਰਵੇ ਤੋਂ ਇਸ ਦੇ ਸਿਰਜੇ ਹੋਏ ਗਲਪੀ ਜਗਤ ਦਾ ਮੁਹਾਂਦਰਾ ਸਪੱਸ਼ਟ ਹੁੰਦਾ ਹੈ। ਸੰਸਾਰ, ਡੇਰਾ ਅਤੇ ਭੋਰਾ ਇਸ ਦੇ ਤਿੰਨ ਬਿਰਤਾਂਤ-ਖੇਤਰ ਹਨ ਜਿਹਨਾਂ ਦੇ ਕਲਾਤਮਕ ਸੰਗਠਨ ਰਾਹੀਂ ਨਾਵਲ ਦੀ ਵਿਸ਼ੇਗਤ ਸਾਰਥਕਤਾ ਉਜਾਗਰ ਹੁੰਦੀ ਹੈ। ਡੇਰੇ ਤੋਂ ਬਾਹਰ ਫੈਲਿਆ ਹੋਇਆ ਸੰਸਾਰ ਯਥਾਰਥ ਦੀ ਵਾਸਤਵਿਕਤਾ ਦਾ ਇਤਿਹਾਸਕ ਪਾਸਾਰ ਹੈ, ਜਿਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਵੰਦਾਤਮਕ ਵਿਕਾਸ ਦਾ ਸੰਘਰਸ਼ਮਈ ਅਮਲ ਜਾਰੀ ਹੈ। ਯਥਾਰਥ ਦੇ ਮੁਕਾਬਲੇ ਤੇ ਪਰਮਾਰਥ ਦਾ ਸੰਬੰਧ ਕਿਸੇ ਪਰਾ-ਇਤਿਹਾਸਕ ਪਰਿਕਲਪਨਾ ਨਾਲ ਹੈ ਜੋ ਮਿੱਥ ਅਤੇ ਮੈਟਾਫਿਜ਼ਿਕਸ ਦਾ ਸੰਸਾਰ ਸਿਰਜਦੀ ਹੈ। ਨਾਵਲ ਨਾਦ-ਬਿੰਦ ਵਿਚ ਨਾਥਜੋਗੀਆਂ ਦਾ ਡੇਰਾ ਇਸੇ ਕਿਸਮ ਦੀ ਪਰਮਾਥਰਕ ਜੀਵਨ-ਵਿਧੀ ਦਾ ਲਖਾਇਕ ਹੈ। ਨਾਵਲ ਦਾ ਮੁਖ-ਪਾਤਰ ਜੀਵਨ ਦੇ ਕਠੋਰ ਯਥਾਰਥ ਦੀ ਸੰਕਟਮਈ ਵਾਸਤਵਿਕਤਾ ਤੋਂ ਭੱਜ ਕੇ ਡੇਰੇ ਦੀ ਪਰਮਾਰਥਕ ਜੀਵਨ-ਵਿਧੀ ਨੂੰ ਗ੍ਰਹਿਣ ਕਰਕੇ ਇਤਿਹਾਸ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ। ਪਰ ਉਹ ਮੂਲ ਮਾਨਵੀ ਸਰੋਕਾਰਾਂ ਨੂੰ ਪਿੱਠ ਦੇ ਕੇ ਬਹੁਤੀ ਦੇਰ ਨਹੀਂ ਖਲੋਤਾ ਰਹਿ ਸਕਦਾ। ਜੋ ਮੌਕਾ ਪਾਉਂਦਿਆਂ ਹੀ ਪੂਰੀ ਸ਼ਿੱਦਤ ਨਾਲ ਉਭਰਦੇ ਹਨ ਤੇ ਉਸ ਨੂੰ ਨਿਰੋਲ ਆਦਿਮਤਾ (primitivity) ਦੇ ਭੋਰੇ ਵਿਚ ਸੁੱਟ ਦਿੰਦੇ ਹਨ। ਇਉਂ ਨਾਵਲ ਦੇ ਮੁੱਖ-ਪਾਤਰ ਦੀ ਸੰਸਾਰ ਤੋਂ ਡੇਰੇ ਵਲ ਅਤੇ ਡੇਰੇ ਤੋਂ ਭੋਰੇ ਵਲ ਕੀਤੀ ਗਈ ਯਾਤਰਾ ਪ੍ਰਤੀਕਾਤਮਕ ਹੋ ਨਿਬੜਦੀ ਹੈ। ਨਾਵਲ ਦੇ ਪ੍ਰਤੀਕਾਤਮਕ ਪ੍ਰਬੰਧ ਵਿਚ ਭੋਰਾ ਸਾਡੀ ਪਰੰਪਰਕ ਮਧਕਾਲੀ ਸੋਚ ਦਾ ਲਖਾਇਕ ਹੈ ਜਿਸ ਦਾ ਮੁੱਖ-ਲੱਛਣ ਧਾਰਮਿਕ ਚੇਤਨਾ-ਵਿਧੀ (mode of Consciousness) ਹੈ। ਇਸ ਕਿਸਮ ਦੀ ਚੇਤਨਾ-ਵਿਧੀ ਦੇ ਅੰਤਰਗਤ ਮਨੁੱਖ ਸਮਾਜ ਅਤੇ ਸਭਿਆਚਾਰ ਦੀ ਵਿਆਖਿਆ ਜੀਵਨ ਦੇ ਕਿਸੇ ਪਰਮਾਰਥਕ ਨੁਕਤੇ ਤੋਂ ਕੀਤੀ ਜਾਂਦੀ ਹੈ। ਇਹ ਇਤਿਹਾਸਕ ਸੰਕਟ ਦਾ ਸਮਾਧਾਨ -ਪਰਾ-ਇਤਿਹਾਸਕ ਧਰਾਤਲ ਉੱਤੇ ਕਰਨਾ ਲੋੜਦੀ ਹੈ ਜਿਸ ਤੋਂ ਵਕਤੀ ਸਕੂਨ ਤਾਂ ਭਾਵੇਂ ਮਿਲ ਸਕਦਾ ਹੈ, ਪਰ ਯਥਾਰਥ ਦੀ ਵਾਸਤਵਿਕਤਾ ਆਖ਼ਿਰਕਾਰ ਇਸ ਮਸਨੂਈ ਸਕੂਨ ਦੇ ਭਰਮ ਨੂੰ ਤੋੜ ਦਿੰਦੀ ਹੈ।

ਨਾਵਲ ਨਾਦ-ਬਿੰਦ ਦਾ ਗਲਪੀ ਜਗਤ ਇਸੇ ਕਿਸਮ ਦੀ ਸਥਿਤੀ ਨੂੰ ਮੂਰਤੀਮਾਨ ਕਰਨ ਵਲ ਰੁਚਿਤ ਦਿਖਾਈ ਦਿੰਦਾ ਹੈ। ਜੀਵਨ ਦੀ ਸੰਘਰਸ਼ਮਈ ਵਾਸਤਵਿਕਤਾ ਤੋਂ ਭੱਜ ਕੇ ਜਦੋਂ ਰੰਗੀਨਾਥ ਡੇਰੇ ਦੇ ਪਰਮਾਰਥਕ ਮਾਹੌਲ ਵਿਚ ਪ੍ਰਵੇਸ਼ ਕਰ ਜਾਂਦਾ ਹੈ ਤਾਂ ਉਸ ਨੂੰ ਵਕਤੀਂ ਤੌਰ ਤੇ ਅਥਾਹ ਸ਼ਾਂਤੀ ਅਤੇ ਸਕੂਨ ਅਨੁਭਵ ਹੁੰਦਾ ਹੈ। ਪਰ ਆਪਣੀ ਮੂਲ ਮਾਨਵਤਾ ਨੂੰ ਦੱਬ ਕੇ ਆਖਰ ਕਿੰਨਾ ਕੁ ਚਿਰ ਕੋਈ ਸਥਿਰ ਰਹਿ ਸਕਦਾ ਹੈ। ਮੌਕਾ ਮਿਲਦਿਆਂ ਹੀ ਇਹ ਮੂਲ ਮਾਨਵਤਾ ਜਾਗ ਪੈਂਦੀ ਹੈ ਅਤੇ ਸਾਰੇ ਮਸਨੂਈ ਬੰਧਨ ਟੁਟ ਜਾਂਦੇ ਹਨ। ਮੀਰਾਂ ਨੂੰ ਮਿਲਕੇ ਰੰਗੀ ਨਾਥ ਦੇ ਮਨ ਵਿਚ ਵੀ ਅਜਿਹਾ ਹੀ ਵਾਪਰਿਆ ਸੀ। ਪਰ ਡੇਰੇ ਦੀ ਸਥਾਪਤ ਮਰਿਆਦਾ ਉਸਦੇ ਵਿਦਰੋਹ ਨੂੰ ਕਿਵੇਂ ਸਹਿਨ ਕਰ ਸਕਦੀ ਸੀ ਜਿਸ ਨਾਲ ਇਸਦਾ ਆਡੰਬਰ ਢਹਿ ਢੇਰੀ ਹੋ ਜਾਣਾ ਸੀ। ਸਾਡੀ ਮੱਧਕਾਲੀ ਸੋਚ ਦਾ ਪ੍ਰਤੀਕ ਡੇਰਾ ਤਾਂ ਇਕ ਅੰਨ੍ਹੀ ਗਲੀ ਹੈ ਜਿਸਦਾ ਆਖਰੀ ਸਿਰਾ ਭੋਰੇ ਤੇ ਜਾ ਕੇ ਮੁਕਦਾ ਹੈ।

ਇਉਂ ਨਾਵਲਕਾਰ ਨੇ ਸਾਡੇ ਲੋਕਯਾਨਕ ਵਿਰਸੇ ਨੂੰ ਚਿਹਨਾਤਮਕ ਅਰਥਾਂ ਵਿਚ ਵਰਤ ਕੇ ਇਕ ਅਜਿਹੇ ਗਲਪੀ ਜਗਤ ਦੀ ਸਿਰਨਾ ਕੀਤੀ ਹੈ ਜਿਸ ਵਿਚ ਮਧਕਾਲੀ ਚੇਤਨਾ-ਵਿਧੀ ਦਾ ਖੋਖਲਾਪਨ ਉਜਾਗਰ ਹੁੰਦਾ ਹੈ। ਆਪਣੇ ਆਰੰਭ ਵਿਚ ਉਠਾਏ ਗਏ ਪ੍ਰਸ਼ਨਾਂ ਦਾ ਉੱਤਰ ਇਥੇ ਭਾਸ਼ਣ ਰਾਹੀਂ ਨਹੀਂ ਦਿਤਾ ਗਿਆ ਸਗੋਂ ਬਿਰਤਾਂਤ ਦੇ ਨਿਆਇ ਰਾਹੀਂ ਦਿਤਾ ਗਿਆ ਹੈ। ਆਰੰਭ ਵਿਚ ਰੰਗੀ ਦੇ ਮਨ ਵਿਚ ਜੋ ਪ੍ਰਸ਼ਨ ਉਠ ਰਹੇ ਸਨ ਉਹਨਾਂ ਦਾ ਸੰਬੰਧ ਯਥਾਰਥ ਅਤੇ ਪਰਮਾਰਥ ਦੇ ਮੂਲ ਵਿਰੋਧ ਨਾਲ

CC-0. In Public Domain. Gurukul Kangri Collection, Haridwar

ਹੀ ਸੀ। ਕੀ ਸਮਾਜਕ ਯਥਾਰਥ ਦੀ ਵਾਸਤਵਿਕਤਾ ਨੂੰ ਪਛਾਣ ਕੇ ਨਿਆਈਂ ਸੰਘਰਸ਼
Digitized by Arya Samaj Foundation Chennai and eGangotri
ਵਿਚ ਸ਼ਾਮਿਲ ਹੋਣਾ ਸੱਚ ਹੈ ਜਾਂ ਨਿੱਜੀ ਮੁਕਤੀ ਦੀ ਕਿਸੇ ਸਮਾਧੀ ਅਵਸਥਾ ਦੀ ਲੋਚਾ ਕਰਨਾ ਸਚ ਹੈ ? ਇਹ ਮੂਲ ਪ੍ਰਸ਼ਨ ਹਨ ਜਿਨ੍ਹਾਂ ਨੂੰ ਇਹ ਰਚਨਾ ਸੰਬੋਧਿਤ ਹੁੰਦੀ ਹੈ। ਭੋਰੇ ਦੀ ਇਕੱਲ ਵਿਚ ਭਟਕਦਿਆਂ ਰੰਗੀ ਤੇ ਮੀਰਾਂ ਜੀਵਨ-ਮੌਤ, ਪਿਆਰ-ਨਫਰਤ, ਗਿਆਨ-ਭਰਮ, ਸੁਪਨਾ-ਯਥਾਰਥ, ਜੋਗ-ਭੋਗ ਆਦਿ ਸੰਕਲਪਾਂ ਦੇ ਸਨਮੁਖ ਹੁੰਦੇ ਹਨ। ਉਹ ਕਦੇ ਪਿਆਰ ਕਰਦੇ ਹਨ ਅਤੇ ਕਦੇ ਲੜਦੇ ਝਗੜਦੇ ਹਨ—ਇਕ ਦੂਸਰੇ ਉੱਤੇ ਇਲਜ਼ਾਮ ਧਰਦੇ ਹਨ। ਪਰ ਨੇੜੇ ਆ ਰਹੀ ਮੌਤ ਦੀ ਚੇਤਨਤਾਂ ਰੰਗੀ ਨੂੰ ਜੀਵਨ ਦੇ ਯਥਾਰਥ ਬੋਧ ਨਾਲ ਭਰ ਦਿੰਦੀ ਹੈ—

"ਪਰ ਉਸਨੂੰ ਅਜੇ ਵੀ ਆਸ ਸੀ ਕਿ ਉਹ ਜ਼ਿੰਦਗੀ ਲਈ ਅਜੇ ਬੇਲੋੜਾ ਨਹੀਂ ਹੋਇਆ। ਉਸਨੇ ਤਾਂ ਜ਼ਿੰਦਗੀ ਨੂੰ ਸਮਝਣਾ ਸੀ, ਜ਼ਿੰਦਗੀ ਲਈ ਜੂਝਣਾ ਸੀ। ਉਸ ਖੂਬਸੂਰਤ ਜ਼ਿੰਦਗੀ ਲਈ ਨਹੀਂ ਜਿਥੇ ਸੋਹਲ ਤੇ ਕੋਮਲ ਜਿਸਮ ਹਨ। ਉਸ ਜ਼ਿੰਦਗੀ ਲਈ ਨਹੀਂ ਜਿਥੇ ਧੂਣੀ ਦੀ ਰਾਖ ਹੈ, ਅਖੌਤੀ ਸ਼ਾਂਤੀ ਹੈ। ਝੂਠੀ ਸਮਾਧੀ ਹੈ ਅਤੇ ਬੇਅਰਥ ਨਿਰਵਾਣ ਹੈ। ਉਹ ਜ਼ਿੰਦਗੀ ਜੋ ਭੁਖਾਂ ਦੇ ਕੋਹੜਾਂ ਨਾਲ ਭਰੀ ਪਈ ਹੈ। ਉਹ ਮਾਸੂਮ ਤੇ ਪੀੜਤ ਜ਼ਿੰਦਗੀ ਜੋ ਸਦੀਆਂ ਤੋਂ ਕੁਚਲੀ ਹੋਈ ਹੈ ਜਿਸਦਾ ਦ੍ਰਿਸ਼ ਉਸਨੇ ਆਪਣੀ ਜਵਾਨੀ ਤੇ ਪਹਿਲੇ ਸਾਲਾਂ ਵਿਚ ਦੇਖਿਆ ਸੀ ਤੇ ਜਿਸਨੂੰ ਬਦਲਣ ਵਾਸਤੇ ਉਸਨੇ ਇਕ ਵਾਰ ਸੋਚਿਆ ਵੀ ਸੀ। ਪਰ ਪਤਾ ਨਹੀਂ ਕਿਉਂ ਉਥੋਂ ਦੌੜ ਆਇਆ ਸੀ।"

ਰੰਗੀ ਨਾਥ ਲਈ ਇਹ ਨਵੀਂ ਜਾਗ੍ਰਤੀ ਦਾ ਛਿਣ ਸੀ। ਹੁਣ ਉਸਨੂੰ ਆਪਣੇ ਪ੍ਰਸ਼ਨਾਂ ਦਾ ਸਹੀ ਉਤਰ ਮਿਲ ਗਿਆ ਜਾਪਦਾ ਸੀ। ਜੀਵਨ ਦੇ ਯਥਾਰਥ ਤੋਂ ਭੱਜਣਾ ਉਸਨੂੰ ਹੁਣ ਕੂੜ ਨਜ਼ਰ ਆਉਂਦਾ ਸੀ ਤੇ ਸੰਘਰਸ਼ ਦਾ ਰਾਹ ਹੀ ਅਸਲ ਸੱਚ ਪ੍ਰਤੀਤ ਹੁੰਦਾ ਸੀ। ਇਸੇ ਚੇਤਨਾ ਨਾਲ ਉਹ ਭੋਰੇ ਵਿਚੋਂ ਇਕ ਵਾਰ ਬਾਹਰ ਆਉਣ ਲਈ ਬੇਕਰਾਰ ਹੋ ਉਠਿਆ ਸੀ—ਸਮਾਜਿਕ ਨਿਆਂ ਲਈ ਜੂਝਦੇ ਲੋਕਾਂ ਵਿਚ ਮੁੜ ਸ਼ਾਮਿਲ ਹੋਣ ਲਈ।

ਇਉਂ ਇਹ ਨਾਵਲ ਆਪਣੇ ਮੁਖ-ਪਾਤਰ ਦੀ ਮਾਨਸਿਕ ਯਾਤਰਾ ਦੇ ਨਾਲ ਨਾਲ ਤੁਰਦਾ ਹੈ। ਇਹ ਮਧਕਾਲੀ ਚੇਤਨਾ-ਵਿਧੀ ਦੇ ਅੰਦਰ ਪ੍ਰਵੇਸ਼ ਕਰਕੇ ਉਸਨੂੰ ਅੰਦਰੋਂ ਵਿਸਫੋਟਿਤ (explode) ਕਰਦਾ ਹੈ ਜਿਸ ਨਾਲ ਯਥਾਰਥ ਬੋਧ ਦਾ ਨਵਾਂ ਸੰਦਰਭ ਖੁਲ੍ਹਦਾ ਹੈ। ਉਪਰੋਕਤ ਸਥਿਤੀ ਨੂੰ ਨਾਵਲ ਦੇ ਗਲਪੀ ਜਗਤ ਵਿਚ ਮੂਰਤੀਮਾਨ ਕਰਨ ਲਈ ਲੇਖਕ ਨੇ ਪੰਜਾਬ ਦੇ ਲੋਕਯਾਨ ਦੀ ਵਿਰਾਸਤ ਨੂੰ ਚਿਹਨ ਵਜੋਂ ਵਰਤਿਆ ਹੈ। ਨਾਵਲ ਦੇ ਕਥਾ-ਪ੍ਰਬੰਧ ਵਿਚ ਇਹ ਲੋਕਯਾਨ ਸਮੱਗਰੀ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਆਪਣੇ ਆਪ ਵਿਚ ਇਕ ਮਾਹੌਲ ਦੀ ਉਸਾਰੀ ਦਾ ਸਾਧਨ ਵੀ ਬਣਦੀ ਹੈ ਅਤੇ ਨਾਵਲ ਦੇ ਮੁਖ-ਪਾਤਰ ਦੀ ਮਾਨਸਿਕ ਅਵਸਥਾ ਦੇ ਪ੍ਰਗਟਾਵੇ ਦਾ ਮੌਕਾ ਵੀ ਪ੍ਰਧਾਨ ਕਰਦੀ ਹੈ। ਨਾਵਲਕਾਰ ਨੇ ਇਸ ਸਮਗਰੀ ਦੀ ਢੁਕਵੀਂ ਕਲਾਤਮਕ ਵਰਤੋਂ ਕਰਕੇ ਇਸਨੂੰ ਅਰਥ-ਸੰਚਾਰ ਦਾ ਮਾਧਿਅਮ ਬਣਾ ਦਿਤਾ ਹੈ। ਉਪਰੋਕਤ ਸਥਿਤੀ ਦੇ ਸੰਦਰਭ ਵਿਚ ਆਖਿਆ ਜਾ ਸਕਦਾ ਹੈ ਕਿ ਇਹ ਨਾਵਲ ਪੰਜਾਬੀ ਦੀ ਨਾਵਲੀ ਪਰੰਪਰਾ ਵਿਚ ਇਕ ਨਵੀਨ ਪ੍ਰਯੋਗ ਹੈ। ਥੀਮਕ ਸੰਕਲਪਣਾ ਅਤੇ ਰੂਪ ਵਿਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਵਿਲੱਖਣਤਾ ਕਾਰਣ ਇਹ ਪਰੰਪਰਕ ਨਾਵਲਾਂ ਦੀ ਕਤਾਰ ਨਾਲੋਂ ਅੱਡਰਾ ਹੋ ਨਿਬੜਦਾ ਹੈ। ਸਮਕਾਲੀ ਸਥਿਤੀ ਦੇ ਪ੍ਰਸੰਗ ਵਿਚ ਵੀ ਇਸ ਨਾਵਲ ਦਾ ਵਿਸ਼ੇਸ਼ ਮਹੱਤਵ ਪਛਾਣਿਆ ਜਾ ਸਕਦਾ ਹੈ। ਇਹ ਸਾਡੀ ਪਰੰਪਰਕ ਮੱਧਕਾਲੀ ਚੇਤਨਾ-ਵਿਧੀ ਦੇ ਪ੍ਰਤੀਗਾਮੀ ਸੁਭਾ ਨੂੰ ਉਜਾਗਰ ਕਰਦਾ ਹੈ। ਇਹ ਕਿਸੇ ਅਖੌਤੀ ਪਰਮਾਰਥ ਦੀ ਪ੍ਰਾਪਤੀ ਪਿਛੇ ਭਟਕਨ ਨਾਲੋਂ ਯਥਾਰਥ ਦੀ ਵਾਸਤਵਿਕਤਾ ਨੂੰ ਪਛਾਨਣ ਦਾ ਭਰਪੂਰ ਅਹਿਸਾਸ ਪੈਦਾ ਕਰਦਾ ਹੈ ਜੋ ਇਸ ਦੀ ਗਲਪੀ ਸਾਰਥਕਤਾ ਦਾ ਮੂਲ ਧੁਰਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਨਾ ਅਰਜੁਨ ਨਾ ਦੁਰਯੋਧਨ' : ਇਕ ਅਧਿਐਨ

ਕੇਵਲ ਸੂਦ ਦਾ ਨਾਵਲ 'ਨਾ ਅਰਜੁਨ ਨਾ ਦੁਰਯੋਦਨ' ਮੂਲਰੂਪ ਵਿਚ ਮਹਾਂਭਾਰਤ ਦੇ ਇਕ ਗੌਣ ਪਾਤਰ, ਏਕਲਵਯ, ਦੀ ਸਥਿਤੀ ਤੋਂ ਪ੍ਰਭਾਵਿਤ ਹੋ ਕੇ ਰਚਿਆ ਗਿਆ ਹੈ। ਇਸ ਤੱਥ ਦਾ ਪ੍ਰਗਟਾਵਾ ਲੇਖਕ ਨੇ ਨਾਵਲ ਦੀ ਭੂਮਿਕਾ (ਵਿਅਥਾ-ਕਥਾ) ਵਿਚ ਸਪੱਸ਼ਟ ਤੌਰ 'ਤੇ ਕੀਤਾ ਹੈ। ਭਾਰਤ ਦੀ ਸਵਿਆਚਾਰਕ ਵਿਰਾਸਤ ਵਿਚ ਮਹਾਭਾਰਤ ਨੂੰ ਅਦੁੱਤੀ ਸਥਾਨ ਅਤੇ ਮਹੱਤਵ ਪ੍ਰਾਪਤ ਹੈ। ਇਹ ਰਚਨਾ ਆਪਣੇ ਮਹਾਕਾਵਿਕ ਵਿਸਤਾਰ ਵਿਚ ਮਿੱਥ, ਲੋਕਯਾਨ, ਪੁਰਾਤਨ ਇਤਿਹਾਸ ਨਾਲ ਸੰਬੰਧ ਰਖਣ ਵਾਲੀ ਵਿਸ਼ਵਕੋਸ਼ਕ ਸਮੱਗਰੀ ਨੂੰ ਸਮੋਈ ਬੈਠੀ ਹੈ। ਪ੍ਰਚੱਲਤ ਰਵਾਇਤ ਅਨੁਸਾਰ ਇਸ ਰਚਨਾ ਨੂੰ ਕਥਾ ਦੀ ਸੁਗਮ ਵਿਧੀ ਰਾਹੀਂ ਯਥਾਰਥ ਅਤੇ ਪਰਮਾਰਥ ਦਾ ਰਹੱਸ ਸਮਝਾਉਣ ਵਾਲੀ ਰਚਨਾ ਅਥਵਾ ਲੋਕਵੇਦ ਮੰਨਿਆ ਜਾਂਦਾ ਹੈ। ਕਾਰਣ ਇਹ ਹੈ ਕਿ ਇਸ ਰਚਨਾ ਦੇ ਬਿਰਤਾਂਤਕ ਸੰਗਠਨ ਵਿਚ ਸਮਕਾਲੀ ਸਮਾਜ ਅਤੇ ਸਭਿਆਚਾਰ ਦਾ ਭਰਪੂਰ ਚਿਤ੍ਰਣ ਕਰਨ ਦੇ ਨਾਲ ਨਾਲ ਮਨੁੱਖੀ ਹੋਂਦ ਦੇ ਸਦੀਵੀ ਸਰੋਕਾਰਾਂ ਨੂੰ ਵੀ ਮੂਰਤੀਮਾਨ ਕੀਤਾ ਗਿਆ ਹੈ। ਮਹਾਭਾਰਤ ਵਿਚਲੇ ਅਨੇਕਾਂ ਪੌਰਾਣਿਕ ਪ੍ਰਸੰਗ ਪਰਵਰਤੀ ਸਾਹਿਤਕਾਰਾਂ ਲਈ ਸਾਹਿਤ ਸਿਰਜਣ ਦਾ ਸਦੀਵੀ ਪ੍ਰੇਰਨਾ ਸਰੋਤ ਬਣੇ ਰਹੇ ਹਨ। ਆਧੁਨਿਕ ਕਾਲ ਵਿਚ ਵੀ ਧਰਮਵੀਰ ਭਾਰਤੀ ਅਤੇ ਸ਼ੰਕਰ ਸ਼ੇਸ਼ ਵਰਗੇ ਪ੍ਰਤਿਭਾਵਾਨ ਹਿੰਦੀ ਸਾਹਿਤਕਾਰਾਂ ਨੇ 'ਅੰਧਾ ਯੁੱਗ', 'ਕੋਮਲ ਗੰਧਾਰ' ਅਤੇ 'ਏਕ ਔਰ ਦ੍ਰੋਣਾਚਾਰੀਆ' ਵਰਗੀਆਂ ਮਹੱਤਵਪੂਰਣ ਨਾਟਕੀ ਲਿਖਤਾਂ ਦੀ ਰਚਨਾ ਕੀਤੀ ਹੈ ਜੋ ਮੂਲ ਰੂਪ ਵਿਚ ਮਹਾਭਾਰਤ ਦੇ ਹੀ ਕਥਾ-ਪ੍ਰਸੰਗਾਂ ਜਾਂ ਥੀਮੈਟਿਕ ਮੋਟਿਫ਼ਾਂ ਦੀ ਪੁਨਰ-ਵਿਆਖਿਆ ਕਰਨ ਵਲ ਰੁਚਿਤ ਹਨ। ਪੰਜਾਬੀ ਦੇ ਸੁਪ੍ਰਸਿੱਧ ਨਾਟਕਕਾਰ ਸੰਤ ਸਿੰਘ ਸੇਖੋਂ ਨੇ ਵੀ ਇਸੇ ਪੌਰਾਨਿਕ ਵਿਰਸੇ ਦੀ ਸਮੱਗਰੀ ਨੂੰ ਲੈ ਕੇ 'ਕਲਾਕਾਰ' ਅਤੇ 'ਦਮਯੰਤੀ' ਵਰਗੇ ਨਾਟਕਾਂ ਦੀ ਰਚਨਾ ਕੀਤੀ ਹੈ। ਪੰਜਾਬੀ ਨਾਵਲ ਦੇ ਖੇਤਰ ਵਿਚ ਕੇਵਲ ਸੂਦ ਨੇ ਇਸ ਦਿਸ਼ਾ ਵਲ ਪਹਿਲਾ ਮਹੱਤਵਪੂਰਣ ਕਦਮ ਪੁਟਿਆ ਹੈ। ਆਪਣੇ ਪ੍ਰਾਚੀਨ ਸਭਿਆਚਾਰਕ ਵਿਰਸੇ ਦੀ ਗੌਰਵਸ਼ਾਲੀ ਪਰੰਪਰਾ ਨਾਲ ਸੰਵਾਦ ਰਚਾ ਕੇ ਉਸ ਨੇ ਪੰਜਾਬੀ ਵਿਚ ਨਾਵਲੀ ਵਿਧਾ ਲਈ ਸਿਰਜਣਾਤਮਕ ਸੰਭਾਵਨਾਵਾਂ ਦਾ ਨਵਾਂ ਰਾਹ ਖੋਲ੍ਹਣ ਦੀ ਚੇਸ਼ਟਾ ਕੀਤੀ ਹੈ ਜੋ ਪ੍ਰਸੰਸਾਯੋਗ ਹੈ।

ਨਾਵਲਕਾਰ ਨੇ ਮਹਾਭਾਰਤ ਦੀ ਇਸ ਬਿਰਤਾਂਤਕ ਸਥਿਤੀ ਨੂੰ ਆਪਣੀ ਸਿਰਜਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਪ੍ਰੇਰਣਾ ਸਰੋਤ ਬਣਾਇਆ ਹੈ ਉਹ ਬੜੀ ਸੰਖੇਪ ਜਿਹੀ ਘਟਨਾ ਦੇ ਦੁਆਲੇ ਘੁੰਮਦੀ ਹੈ। ਏਕਲਵਯ ਇਕ ਸੂਦਰ ਬਾਲਕ ਹੈ ਜੋ ਆਪਣੇ ਹਮ-ਉਮਰ ਕੌਰਵ-ਪਾਂਡਵ ਰਾਜਕੁਮਾਰਾਂ (ਅਰਜੁਨ ਦਰਯੋਧਨ ਆਦਿ) ਨੂੰ ਗੁਰੂ ਦ੍ਰੋਣਾਚਾਰੀਆ ਦੀ ਸਿੱਖਿਆ-ਦੀਖਿਆ ਵਿਚ ਸ਼ਸਤਰ ਵਿੱਦਿਆ ਗ੍ਰਹਿਣ ਕਰਦਿਆਂ ਦੇਖਦਾ ਹੈ। ਉਸ ਦੇ ਮਨ ਵਿਚ ਵੀ ਇਸ ਵਿੱਦਿਆ ਨੂੰ ਗ੍ਰਹਿਣ ਕਰਨ ਦੀ ਲਾਲਸਾ ਪੈਦਾ ਹੋ ਜਾਂਦੀ ਹੈ, ਪਰ ਮੁਸ਼ਕਿਲ ਇਹ ਹੈ ਕਿ ਪ੍ਰਚੱਲਤ ਸਮਾਜਿਕ ਵਿਵਸਥਾ ਅਨੁਸਾਰ ਸ਼ੂਦਰਾਂ ਨੂੰ ਸ਼ਸਤਰਾਂ ਅਤੇ ਸ਼ਾਸਤਰਾਂ ਦੀ ਵਿੱਦਿਆ ਦਾ ਅਧਿਕਾਰੀ ਨਹੀਂ ਮੰਨਿਆ ਜਾਂਦਾ। ਏਕਲਵਯ ਮਨ ਹੀ ਮਨ ਵਿਚ ਦ੍ਰੋਣਾਚਾਰੀਆ ਨੂੰ ਗੁਰੂ ਧਾਰ ਲੈਂਦਾ ਹੈ ਅਤੇ ਆਪਣੀ ਅਸਾਧਾਰਣ ਪ੍ਰਤਿਭਾ ਸਦਕਾ ਦੂਰੋਂ ਦੇਖ ਦੇਖ ਕੇ ਹੀ ਇਸ ਵਿੱਦਿਆ ਵਿਚ ਨਿਪੁੰਨ ਹੋ ਜਾਂਦਾ ਹੈ। ਦ੍ਰੋਣਾਚਾਰੀਆ ਦੇ ਸਾਹਮਣੇ ਜਦੋਂ ਇਹ ਭੇਤ ਖੁਲ੍ਹਦਾ ਹੈ ਤਾਂ ਉਹ ਵਿਵਸਥਾ ਦੀ ਰਾਖੀ ਕਰਨ ਦੇ ਮੋਹ ਵੱਸ ਹੋ ਕੇ ਏਕਲਵਯ ਪਾਸੋਂ ਗੁਰੂ ਦਖਸ਼ਿਨਾ ਵਜੋਂ ਉਸਦੇ ਸੱਜੇ ਹੱਥ ਦੇ ਅੰਗੂਠੇ ਦੀ ਭੇਟਾ ਮੰਗਦਾ ਹੈ। ਏਕਲਵਯ ਆਪਣੇ ਮੂੰਹ-ਬੋਲੇ ਗੁਰੂ ਦੀ ਆਗਿਆ ਸਾਮ੍ਹਣੇ ਸਿਰ ਝੁਕਾ ਦਿੰਦਾ ਹੈ ਤੇ ਗੁੰਮਨਾਮੀ ਦੇ ਜੀਵਨ ਵਿਚ ਪਰਤ ਜਾਂਦਾ ਹੈ। ਮਹਾਭਾਰਤ ਵਿਚਲੀ ਇਹ ਸੰਖੇਪ ਜਿਹੀ ਕਥਾ ਡੂੰਘੇ ਵਿਚਾਰਧਾਰਕ ਅਰਥਾਂ ਦੀ ਧਾਰਣੀ ਹੈ। ਇਹ ਮਧਕਾਲੀ ਸਾਮਾਜਿਕ ਵਿਵਸਥਾ ਦੀ ਸਥਾਪਿਤ ਮਿੱਥ ਨੂੰ ਸਾਕਾਰ ਕਰਦੀ ਹੈ। ਕੇਵਲ ਸੂਦ ਨੇ ਆਪਣੀ ਸਿਰਜਣਕਾਰੀ ਯੋਗਤਾ ਰਾਹੀਂ ਇਸ ਪੌਰਾਣਿਕ ਘਟਨਾ ਨੂੰ ਆਧੁਨਿਕ ਪ੍ਰਸੰਗ ਵਿਚ ਵਿਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਉਹ ਏਕਲਵਯ ਦੀ ਸਥਿਤੀ ਨੂੰ ਥੀਮੈਟਿਕ ਮੋਟਿਫ਼ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ ਅਤੇ ਇਸੇ ਸਮਾਨੰਤਰ ਸਥਿਤੀ ਵਿਚ ਵਿਚਰਦੇ ਹੋਏ ਆਧੁਨਿਕ ਮਨੁੱਖ, 'ਚਿੰਤਨ' ਦੀ ਸਿਰਜਣਾ ਕਰਦਾ ਹੈ। ਪੌਰਾਣਿਕ ਏਕਲਵਯ ਦੀ ਸਥਿਤੀ ਨੂੰ ਆਧੁਨਿਕ ਚਿੰਤਨ ਦੀ ਸਥਿਤੀ ਵਿਚ ਵਿਸਥਾਪਨ ਕਰਨ ਦੇ ਸਿੱਟੇ ਵਜੋਂ ਨਵੀਨ ਅਰਥ ਅਤੇ ਸਾਰਥਕਤਾ ਪੈਦਾ ਹੁੰਦੀ ਹੈ ਜੋ ਸਾਡੀ ਸਮਕਾਲੀਨ ਸਾਮਾਜਿਕ ਸਭਿਆਚਾਰਕ ਸਥਿਤੀ ਦੇ ਰਹੱਸ ਨੂੰ ਖੋਲ੍ਹਣ ਵਲ ਰੁਚਿਤ ਹੁੰਦੀ ਹੈ। ਇਥੇ ਇਹ ਗੱਲ ਚੇਤੇ ਰਖਣ ਵਾਲੀ ਹੈ ਕਿ ਪੁਰਾਤਨ ਵਿਰਸੇ ਦੇ ਪੌਰਾਣਿਕ ਪ੍ਰਸੰਗ ਨੇ ਲੇਖਕ ਨੂੰ ਕੇਵਲ ਸਿਰਜਣਾ ਦਾ ਇਕ ਰੂਪਕੀ ਮਾਡਲ ਹੀ ਪ੍ਰਦਾਨ ਕੀਤਾ ਹੈ। ਇਸ ਮਾਡਲ ਨੂੰ ਲੈਕੇ ਉਹ ਸਾਡੇ ਸਮਕਾਲੀ ਯਥਾਰਥ ਨਾਲ ਕਿਸ ਕਿਸਮ ਦਾ ਗਲਪੀ ਰਿਸ਼ਤਾ ਜੋੜਦਾ ਹੈ ਇਸ ਗੱਲ ਦਾ ਨਿਖੇੜਾ ਨਾਵਲ ਦੀ ਟੈਕਸਟ ਦੇ ਆਧਾਰ 'ਤੇ ਹੀ ਹੋ ਸਕੇਗਾ। ਮਹੱਤਵਯੋਗ ਗੱਲ ਇਹ ਹੈ ਕਿ ਮਹਾਭਾਰਤ ਦਾ ਇਹ ਪਰਾਣਿਕ ਥੀਮੈਟਿਕ ਮੋਟਿਫ਼ ਇਸ ਨਾਵਲੀ ਰਚਨਾ ਦੀ ਜਿਰਜਣਕਾਰੀ ਸੰਕਲਪਨਾ ਦਾ ਆਧਾਰ ਬਣਦਾ ਹੈ ਅਤੇ ਇਸਦੇ ਚਿੰਨ੍ਹਪ੍ਰਬੰਧ ਨੂੰ ਸਮਝਣ ਲਈ ਸੂਝ ਮਾਡਲ (Model of intelligibility) ਦਾ ਕੰਮ ਕਰਦਾ ਹੈ।

ਆਪਣੀ ਵਿਚਾਰ ਅਧੀਨ ਰਚਨਾ ਦੇ ਪ੍ਰੇਰਣਾ ਸਰੋਤ ਅਤੇ ਇਸਦੀ ਸਿਰਜਣਾਤਮਕ ਸੰਕਲਪਨਾ ਵਿਚ ਕੰਮ ਕਰ ਰਹੇ ਸੂਝ ਮਾਡਲ ਦੀ ਚਰਚਾ ਕਰਨ ਤੋਂ ਬਾਅਦ ਅਸੀਂ ਇਸ ਨਾਵਲ ਦੀ ਟੈਕਸਟ ਵਲ ਪਰਤਦੇ ਹਾਂ। ਨਾਵਲ ਦਾ ਆਰੰਭ ਚਿੰਤਨ (ਮੁਖ-ਪਾਤਰ) ਵਲੋਂ ਲਿਖੀ ਗਈ ਇਕ ਚਿੱਠੀ ਨਾਲ ਹੁੰਦਾ ਹੈ ਜੋ ਕਿਸੇ ਅਣਜਾਣ ਦੋਸਤ ਵਲ ਲਿਖੀ ਗਈ ਹੈ। ਇਹ ਅਣਜਾਣ ਦੋਸਤ ਕੌਣ ਹੈ ਨਾਵਲ ਦੇ ਸਮੁਚੇ ਵਿਸਥਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਲਿਖਿਆ, ਕੋਈ ਬਹੁਤਾ ਪਤਾ ਨਹੀਂ ਲਗਦਾ ਇਸ ਲਈ ਇਸਨੂੰ ਚਿੰਤਨ ਵਲੋਂ ਲਿਖੀ ਗਈ ਇਕ ਤਰ੍ਹਾਂ ਦੀ ਨਿੱਜੀ ਡਾਇਰੀ ਦਾ ਹੀ ਇਕ ਵਰਕਾਵੀ ਮੰਨਿਆ ਜਾ ਸਕਦਾ ਹੈ। ਨਾਵਲ ਦੇ ਪੰਨਿਆਂ ਵਿਚ ਕਈ ਹੋਰ ਥਾਈਂ ਚਿੰਤਨ ਨੂੰ ਆਪਣੇ ਮਨੋ ਚਿਤਵੇ ਰਿਸ਼ਤਿਆਂ ਦੀਆਂ ਕਲਪਿਤ ਮੂਰਤੀਆਂ ਨਾਲ ਗਲ ਕਰਦਿਆਂ ਦਰਸਾਇਆ ਗਿਆ ਹੈ ਜੋ ਉਸਦੇ ਚਰਿਤ੍ਰ ਦੀ ਇਕ ਵਿਲਖਣਤਾ ਬਣੀ ਹੋਈ ਹੈ। ਇਉਂ ਇਸ ਰਚਨਾ ਦਾ ਮੁਖ-ਪਾਤਰ ਆਪਣੇ ਮਾਨਸਿਕ ਜਗਤ ਵਿਚ ਵਿਚਰਣ ਵਾਲਾ ਚਿੰਤਨਸ਼ੀਲ ਵਿਅਕਤੀ ਹੋ ਨਿਬੜਦਾ ਹੈ।

ਇਸ ਡਾਇਰੀ ਨੁਮਾ ਚਿੱਠੀ ਵਿਚ ਲੇਖਕ ਨੇ ਨਾਵਲ ਦੇ ਮੁਖ-ਪਾਤਰ (ਚਿੰਤਨ) ਦੀ ਮੁਢਲੀ ਸਥਿਤੀ ਦਾ ਵਿਗੋਪਨ ਕੀਤਾ ਹੈ ਜੋ ਇਸ ਰਚਨਾ ਦੇ ਗਲਪੀ ਜਗਤ ਨਾਲ ਸਾਡੀ ਮੁਢਲੀ ਜਾਣ ਪਛਾਣ ਕਰਾਉਣ ਦੀ ਇਕ ਜੁਗਤ ਹੈ। ਇਸ ਚਿੱਠੀ ਰਾਹੀਂ ਇਕ ਨੌਜਵਾਨ ਬੀਮਾਰ ਵਿਅਕਤੀ ਦੀ ਮਨੋ ਅਵਸਥਾ ਦਾ ਪਰਿਚਯ ਮਿਲਦਾ ਹੈ। ਚਿੰਤਨ ਪੰਜ ਛੇ ਦਿਨਾਂ ਤੋਂ ਬੀਮਾਰੀ ਅਤੇ ਇੱਕਲ ਦਾ ਜੀਵਨ ਜਿਉ ਰਿਹਾ ਹੈ ਅਤੇ ਉਸਦੇ ਮਨ ਵਿਚ ਡੂੰਘੀ ਨਿਰਾਸ਼ਾ ਭਰੀ ਹੋਈ ਹੈ। ਨਾਵਲ ਦੀ ਟੈਕਸਟ ਵਿਚ ਇਸ ਗੱਲ ਦਾ ਸੰਕੇਤ ਨਿਮਨ ਲਿਖਤ ਸ਼ਬਦਾਂ ਵਿਚ ਮਿਲਦਾ ਹੈ—

"ਕੀ ਦਸਾਂ ਦੋਸਤ, ਮੇਰੀ ਜੀਵਨ ਕਿਸ਼ਤੀ ਭੰਵਰ ਵਿਚ ਫਸੀ ਹੋਈ ਹੈ ਅਤੇ ਮੈਂ ਹੱਥਾਂ ਵਿਚ ਪਤਵਾਰ ਹੁੰਦੇ ਹੋਇਆਂ ਵੀ ਕੁਝ ਨਹੀਂ ਕਰ ਪਾ ਰਿਹਾ। ਸੱਚ ਪੁਛੇਂ ਤਾਂ ਮੇਰੇ ਹੱਥਾਂ ਵਿਚ ਪਤਵਾਰ ਹੈ ਹੀ ਨਹੀਂ। ਮੇਰਾ ਰੋਸ ਅਜਿਹਾ ਰੂਪ ਧਾਰਨ ਕਰ ਰਿਹਾ ਹੈ ਜਿਸਦਾ ਕੋਈ ਇਲਾਜ ਨਹੀਂ..."

ਇਨ੍ਹਾਂ ਪੰਗਤੀਆਂ ਵਿਚ ਘੋਰ ਨਿਰਾਸ਼ਾ ਅਤੇ ਨਿਸ਼ਕ੍ਰਿਯਤਾ ਦਾ ਜੀਵਨ ਭੋਗਣ ਵਾਲੇ ਵਿਅਕਤੀ ਦਾ ਚਿੱਤਰ ਉਭਰ ਕੇ ਸਾਮ੍ਹਣੇ ਆਉਂਦਾ ਹੈ। ਪਰ ਇਸ ਲਾਇਲਾਜ ਰੋਸ ਨਾਲ ਭਰੇ ਹੋਏ ਅਤੇ ਪਤਵਾਰ ਰਹਿਤ ਬੇੜੀ ਵਿਚ ਬੈਠੇ ਹੋਏ ਵਿਅਕਤੀ ਦੀ ਮਾਨਸਿਕਤਾ ਦੇ ਕੁਝ ਹੋਰ ਵੇਰਵੇ ਦੀ ਇਸ ਚਿੱਠੀ ਨੁਮਾ ਕਾਂਡ ਵਿਚ ਮਿਲਦੇ ਹਨ। ਮਿਸ਼ਾਲ ਵਜੋਂ ਇਹ ਪਾਤਰ ਆਪਣੇ ਬਚਪਨ ਦੀ ਮਾਸੂਮ ਖੁਸ਼ੀ ਭਰੀ ਜ਼ਿੰਦਗੀ ਨੂੰ ਵੀ ਚਿਤਾਰਦਾ ਹੈ ਅਤੇ ਤਾਰਿਆਂ ਭਰੇ ਅੰਬਰ ਨੂੰ ਛੂਹ ਲੈਣ ਦੀ ਅਕਾਂਖਿਆ ਦਾ ਪ੍ਰਗਟਾਵਾ ਵੀ ਕਰਦਾ ਹੈ। ਮੁਖ-ਪਾਤਰ ਦੀ ਵਰਤਮਾਨ ਸਥਿਤੀ ਉਸਦੀਆਂ ਰੁਮਾਂਟਿਕ ਉਡਾਰੀਆਂ ਦੀ ਲੋਚਾ ਸਾਹਮਣੇ ਇਕ ਅਜੀਬ ਕਿਸਮ ਦੇ ਤਣਾਉ ਨੂੰ ਵਿਅਕਤ ਕਰ ਰਹੀ ਹੈ। ਇਉਂ ਨਾਕਲਕਾਰ ਨੇ ਨਾਵਲ ਦੇ ਇਸ ਮੁਢਲੇ ਕਾਂਡ ਵਿਚ ਆਪਣੇ ਮੁਖ-ਪਾਤਰ ਦੀ ਮਾਨਸਿਕ/ਭਾਵੁਕ ਸਥਿਤੀ ਦਾ ਪਰਿਚਯ ਹੀ ਨਹੀਂ ਦਿਤਾ ਸਗੋਂ ਅਗੋਂ ਵਾਪਰਨ ਵਾਲੀਆਂ ਘਟਨਾਵਾਂ ਦੀ ਸੰਭਾਵਨਾ ਵਲ ਵੀ ਸੰਕੇਤ ਕਰ ਦਿਤਾ ਹੈ।

ਨਾਵਲ ਦੇ ਅਗਲੇਰੇ ਭਾਗ ਅਰਥਾਤ ਦੂਜੇ ਕਾਂਡ ਤੋਂ ਲੈਕੇ ਅੰਤਿਮ ਕਾਂਡ ਤਕ ਚਿੰਤਨ ਦੀ ਇਸੇ ਕਿਸਮ ਦੀ ਅੰਤਰਵੇਦਨਾ ਨੂੰ ਸਾਕਾਰ ਕੀਤਾ ਗਿਆ ਹੈ। ਇਥੇ ਨਾਵਲੀ ਜੁਗਤ ਵੀ ਬਦਲ ਗਈ ਹੈ। ਅਰਥਾਤ ਨਾਵਲ ਦਾ ਅਗਲੇਰਾ ਭਾਗ ਸਰਬਗਿਆਤਾ ਬਿਰਤਾਂਤਕਾਰ (Omniscient Narrator) ਦੇ ਦ੍ਰਿਸ਼ਟੀਕੋਣ ਦੀ ਪਰੰਪਰਕ ਨਾਵਲੀ ਜੁਗਤ ਨੂੰ ਅਪਣਾਉਂਦਾ ਹੈ। ਨਾਵਲ ਦੇ ਇਸ ਅੰਤਿਮ ਖੰਡ ਵਿਚ ਚਿੰਤਨ ਦੀ ਦੁਬਿਧਾ-ਗ੍ਰਸਤ ਜ਼ਿੰਦਗੀ ਨੂੰ ਖੁਦਕਸ਼ੀ ਦੀ ਅੰਤਿਮ ਮੰਜ਼ਿਲ ਵਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਧਦਿਆਂ ਦਰਸਾਇਆ ਗਿਆ ਹੈ। ਇਥੇ ਬਿਰਤਾਂਤਕਾਰ ਨੇ ਆਪਣੇ ਇਸ ਪਾਤਰ ਦੀ ਬਾਹਰਮੁਖੀ ਸਥਿਤੀ ਦੇ ਕੁਝ ਪ੍ਰਮੁਖ ਵੇਰਵੇ ਅਤੇ ਘਟਨਾਵਾਂ ਵੀ ਬਿਆਨ ਕੀਤੀਆਂ ਹਨ ਪਰ ਵਧੇਰੇ ਇਸ ਪਾਤਰ ਦੀ ਮਾਨਸਿਕ ਯਾਤਰਾ ਨੂੰ ਹੀ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਕੂਲ ਦੀ ਪੜ੍ਹਾਈ ਖ਼ਤਮ ਕਰ ਚੁਕਣ ਤੋਂ ਬਾਅਦ ਚਿੰਤਨ ਕਾਲਜ ਵਿਚ ਪੜ੍ਹਨ ਲਈ ਆਪਣੇ ਕਸਬਾ ਨੁਮਾ ਪਿੰਡ ਵਿਚੋਂ ਸ਼ਹਿਰ ਵਿਚ ਚਲਾ ਜਾਂਦਾ ਹੈ ਅਤੇ ਬੀ.ਏ. ਤਕ ਦੀ ਪੜ੍ਹਾਈ ਕਰਦਾ ਹੈ। ਇਸ ਸਮੁਚੇ ਸਮੇਂ ਨੂੰ ਨਾਵਲ ਵਿਚ ਵਿਉਤ ਅਨੁਸਾਰ ਛੋਟਾ ਵੱਡਾ ਕਰਕੇ ਬਿਆਨ ਕੀਤਾ ਹੈ। ਇਸ ਵਿਚ ਚਿੰਤਨ ਦੇ ਜੀਵਨ ਦੇ ਇਕ ਖ਼ਾਸ ਵਰ੍ਹੇ ਨੂੰ ਵਧੇਰੇ ਉਘੜਵੇਂ ਢੰਗ ਨਾਲ ਬਿਆਨ ਕੀਤਾ ਗਿਆ ਹੈ ਜਿਸ ਵਿਚ ਉਹ ਕਿਸੇ ਪੇਂਡੂ ਕੁੜੀ ਦੇ ਰੋਮਾਂਟਿਕ ਪਿਆਰ ਵਿਚ ਮਗਨ ਹੋ ਕੇ ਜਿਉਂਦਾ ਹੈ। ਇਸ ਪਾਤਰ ਦੀ ਜ਼ਿੰਦਗੀ ਦਾ ਇਹੋ ਹੀ ਇਕ ਵਰ੍ਹਾ ਹੈ ਜਿਸਨੂੰ ਉਹ ਆਪਣੇ ਬੀਤੇ ਹੋਏ ਬਚਪਨ ਦੇ ਸਮੇਂ ਵਾਂਗ ਚੇਤੇ ਕਰ ਕਰ ਝੂਰਦਾ ਹੈ। ਇਸ ਵਿਚਲੀ ਕੇਂਦਰੀ ਘਟਨਾ ਚਿੰਤਨ ਦੇ ਮਨ ਵਿਚ ਪਿਆਰ ਦੀ ਪਹਿਲੀ ਸੋਝੀ ਦਾ ਉਦੈ ਹੋਣਾ ਹੈ ਜਿਸਨੂੰ ਨਾਵਲ ਦੇ ਪੰਨਿਆਂ ਵਿਚ ਕਾਵਿਕ ਸ਼ੈਲੀ ਰਾਹੀਂ ਪ੍ਰਗਟਾਇਆ ਗਿਆ ਹੈ—

"ਪਤਾ ਨਹੀਂ ਉਹ ਕੌਣ ਸੀ ਤੇ ਕਿਥੋਂ ਆਈ ਸੀ ਜਿਹੜੀ ਅਚਾਨਕ ਹੀ ਉਹਦੇ ਜੀਵਨ ਉਤੇ ਛਾ ਗਈ। ਉਹ ਤਾਂ ਸ਼ਾਇਦ ਲੱਖ ਪਰਦਿਆਂ ਵਿਚ ਲੁਕੀ ਬੈਠੀ ਸੀ ਉਸੇ ਨੇ ਹੀ ਉਹਨੂੰ ਲਭ ਲਿਆ। ਇਕ ਅਣਪੜ੍ਹ ਜਿਹੀ ਪੇਂਡੂ ਕੁੜੀ ਜਿਹੜੀ ਦੇਖਣ-ਸੁਣਨ ਵਿਚ ਵੀ ਖ਼ਾਸ ਨਹੀਂ ਸੀ ਪਰ ਫੇਰ ਵੀ ਪਤਾ ਨਹੀਂ ਉਸ ਵਿਚ ਅਜਿਹਾ ਕੀ ਸੀ ਜੋ ਉਸਨੂੰ ਭਾ ਗਿਆ ਸੀ। ਹੁਣ ਉਹ ਉਹ ਨਹੀਂ ਸੀ ਰਹਿ ਗਿਆ। ਜੀਵਨ ਨੇ ਰਾਹਾਂ ਬਦਲ ਲਈਆਂ ਸਨ।"

ਇਕ ਕੁੜੀ ਸੀ ਇੰਦਰਾ ਜਿਸਦੇ ਨਾਨਕੇ ਚਿੰਤਨ ਦੇ ਪਿੰਡ ਵਿਚ ਸਨ ਅਤੇ ਉਹ ਕਦੇ ਕਦੇ ਆਪਣੇ ਨਾਨਾ ਨਾਨੀ ਨੂੰ ਮਿਲਣ ਲਈ ਕਿਥੇ ਆ ਜਾਂਦੀ ਸੀ। ਚਿੰਤਨ ਨਾਲ ਇਸ ਕੁੜੀ ਦੀ ਕੇਵਲ ਦੂਰੋਂ ਦੂਰੋਂ ਹੀ ਤਾਕ ਝਾਕ ਅਤੇ ਨੋਕ ਝੋਕ ਬਿਆਨ ਕੀਤੀ ਗਈ ਹੈ ਪਰ ਚਿੰਤਨ ਦੀ ਮਾਨਸਿਕਤਾ ਵਿਚ ਇਸ ਕੁੜੀ ਦਾ ਰੋਮਾਂਟਕ ਸੁਪਨਾ ਸਮਾ ਚੁਕਿਆ ਸੀ ਜਿਸ ਦੀ ਪੂਰਤੀ ਨਾ ਹੋ ਸਕੀ। ਇਸ ਤੋਂ ਉਪਰੰਤ ਉਹ ਜਜ਼ਬਾਤੀ ਭਟਕਣ ਦਾ ਸ਼ਿਕਾਰ ਹੋ ਕੇ ਇਧਰ ਓਧਰ ਭਟਕਦਾ ਹੈ। ਚਿੰਤਨ ਦੇ ਜੀਵਨ ਵਿਚ ਇਸ ਇਕ ਇਕਲੀ ਮੋਹ-ਮੁਹਬਤ ਵਾਲੀ ਘਟਨਾ ਤੋਂ ਇਲਾਵਾ ਹੋਰ ਕੋਈ ਵੀ ਜਜ਼ਬਾਤੀ ਸਕੂਨ ਦੇ ਸਕਣ ਵਾਲਾ ਰਿਸ਼ਤਾ ਨਹੀਂ। ਮਾਂ ਆਪਣੇ ਦਸ ਬੱਚਿਆਂ ਦੀ ਭੀੜ ਵਿਚ ਘਿਰੀ ਹਰ ਕਿਸੇ ਦੇ ਮੋਹ ਤੋਂ ਸਖਣੀ ਹੋ ਚੁਕੀ ਹੈ ਅਤੇ ਬਾਪ ਦੁਕਾਨਦਾਰੀ ਦੇ ਰੁਝੇਵਿਆਂ ਵਿਚ ਇੰਨਾ ਗਲਤਾਨ ਹੈ ਕਿ ਆਪਣੀ ਔਲਾਦ ਨਾਲ ਕਿਸੇ ਤਰ੍ਹਾਂ ਦਾ ਭਾਵੁਕ ਸੰਚਾਰ ਕਰਨ ਦੀ ਵਿਹਲ ਹੀ ਉਸਦੇ ਪਾਸ ਨਹੀਂ ਬਚਦੀ। ਉਹ ਮਨੁੱਖੀ ਰਿਸ਼ਤਿਆਂ ਨੂੰ ਵੀ ਕਾਰੋਬਾਰੀ ਦ੍ਰਿਸ਼ਟੀ ਨਾਲ ਤੋਲਦਾ ਹੈ। ਇਉਂ ਚਿੰਤਨ ਦੇ ਜਜ਼ਬਾਤੀ ਸਖਣੇਪਨ ਦੀ ਬੁਨਿਆਦ ਘਰ ਤੋਂ ਹੀ ਬਝ ਜਾਂਦੀ ਹੈ। ਉਸਦਾ ਜੀਵਨ ਹੋਸਟਲ ਦੇ ਮਾਹੋਲ ਵਿਚ ਵੀ ਕੋਈ ਦੋਸਤਾਨਾ ਰਿਸ਼ਤਾ ਕਾਇਮ ਕਰਨ ਤੋਂ ਸਖਣਾ ਰਹਿੰਦਾ ਹੈ। ਇਸੇ ਮਾਨਸਿਕ ਭਾਵੁਕ ਕਸ਼ਮਕਸ਼ ਵਿਚ ਉਹ ਬੀਮਾਰ ਹੋ ਜਾਂਦਾ ਹੈ।

CC-0. In Public Domain. Gurukul Kangri Collection, Haridwar

ਉਸਦੇ ਇਲਾਜ ਲਈ ਮਾਪੇ ਉਸਨੂੰ ਰਿਸ਼ੀਕੇਸ਼ ਵੀ ਭੇਜਦੇ ਹਨ ਪਰ ਉਸਨੂੰ ਇਥੇ ਵੀ ਟਿਕਾਉ ਨਹੀਂ ਆਉਂਦਾ ਤਾਂ ਆਖਰ ਉਸਨੂੰ ਆਪਣੇ ਨੌਕਰ ਦੀ ਦੇਖਰੇਖ ਵਿਚ ਕਿਸੇ ਪਹਾੜੀ ਸਥਾਨ ਤੇ ਘੱਲ ਦਿਤਾ ਜਾਂਦਾ ਹੈ ਜਿਥੇ ਆਖਰ ਉਹ ਖ਼ੁਦਕਸ਼ੀ ਵਾਲੀ ਮੌਤ ਮਰ ਜਾਂਦਾ ਹੈ ।

Digitized by Arya Samaj Foundation Chennai and eGangotri

ਚਿੰਤਨ ਦੇ ਇਨ੍ਹਾਂ ਜੀਵਨ ਵੇਰਵਿਆਂ ਵਿਚੋਂ ਲੇਖਕ ਨੇ ਕੁਝ ਇਕ ਨੂੰ ਖਾਸ ਤੌਰ 'ਤੇ ਲਮਕਾ ਕੇ ਪ੍ਰਸਤੁਤ ਕੀਤਾ ਹੈ । ਮਿਸਾਲ ਵਜੋਂ ਉਸਦੇ ਪਿੰਡ ਦੇ ਗਲੀ ਗੁਆਂਢ ਦੀਆਂ ਕੁਝ ਇਸਤਰੀਆਂ ਦੇ ਨਾਜਾਇਜ਼ ਕਾਮ-ਸੰਬੰਧਾਂ ਦੀ ਗੱਲ ਨੂੰ ਅਗਰਭੂਮੀ ਵਿਚ ਲਿਆਂਦਾ ਗਿਆ ਹੈ । ਇਸੇ ਤਰ੍ਹਾਂ ਚਿੰਤਨ ਦੇ ਨੌਕਰ ਹੰਸੂ ਦੇ ਆਪਣੇ ਪਿੰਡ ਦੀ ਇਕ ਜੱਟੀ ਨਾਲ ਨਾਕਾਮ ਮੁਹੱਬਤ ਦੀ ਗੱਲ ਦਾ ਵੇਰਵਾ ਪੇਸ਼ ਕੀਤਾ ਗਿਆ ਹੈ । ਹੰਸੂ ਨੂੰ ਆਪਣੀ ਇਸ ਆਸ਼ਕੀ ਦੀ ਹਾਰ ਦਾ ਕੋਈ ਝੋਰਾ ਨਹੀਂ ਜਾਪਦਾ ਕਿਉਂ ਜੋ ਉਹ ਮੁਹਬਤ ਕਰਕੇ ਹਾਰਿਆ ਸੀ ਪਰ ਚਿੰਤਨ ਤਾਂ ਮੁਹਬਤ ਦੇ ਇਕਤਰਫ਼ਾ ਅਹਿਸਾਸ ਨੂੰ ਹੀ ਚੁਕੀ ਫਿਰਦਾ ਸੀ । ਚਿੰਤਨ ਦੀ ਤ੍ਰਾਸਦੀ ਇਸ ਗੱਲ ਵਿਚ ਹੈ ਕਿ ਉਹ ਕਿਸੇ ਵੀ ਸਾਰਥਕ ਰਿਸ਼ਤੇ ਦੀ ਸਥਾਪਤੀ ਲਈ ਪਹਿਲ ਨਹੀਂ ਕਰ ਸਕਿਆ । ਉਹ ਕੇਵਲ ਮਾਨਸਿਕਤਾ ਦੀਆਂ ਕੰਦਰਾਂ ਵਿਚ ਹੀ ਭਟਕਦਾ ਰਿਹਾ ਅਤੇ ਅੰਤ ਇਕ ਹਨੇਰੀ ਰਾਤ ਨੂੰ ਪਹਾੜ ਦੇ ਟੇਢੇ ਮੇਢੇ ਰਸ਼ਤਿਆਂ ਤੇ ਅਨ੍ਹੇਵਾਹ ਭਜਦਾ ਹੋਇਆ ਡੂੰਘੀ ਖੱਡ ਵਿਚ ਡਿਗ ਕੇ ਮਰ ਜਾਂਦਾ ਹੈ । ਨਾਵਲ ਦੇ ਅੰਤ ਉੱਤੇ ਦਿਤੀ ਗਈ ਟਿਪਣੀ ਇਕ ਵਾਰ ਫੇਰ ਆਪਣੀ ਮੁਢਲੀ ਥੀਮਕ ਸੰਕਲਪਣਾਂ ਵਲ ਪਰਤਦੀ ਹੈ—

"ਘਾਟੀ ਦੇ ਇੱਲ੍ਹਾਂ ਤੇ ਕਾਵਾਂ ਨੂੰ ਕੀ ਪਤਾ ਸੀ ਕਿ ਉਹ ਲਾਸ਼ ਇਕ ਅਜਿਹੇ ਬੰਦੇ ਦੀ ਲਾਸ਼ ਸੀ ਜਿਹੜਾ ਵਕਤ ਤੇ ਹਾਲਾਤ ਦੇ ਦਰੋਣਾਚਾਰੀਆ ਹਥੋਂ ਜਿਉਂਦਾ ਹੀ ਮਾਰ ਦਿਤਾ ਗਿਆ ਸੀ । ਇਕ ਅਜਿਹੇ ਬੰਦੇ ਦੀ ਲਾਸ਼ ਜਿਹੜਾ ਜੀਵਨ ਦੇ ਮਹਾਂਭਾਰਤ ਵਿਚ ਨਾ ਅਰਜੁਨ ਬਣ ਸਕਿਆ, ਨਾ ਦੁਰਯੋਧਨ । ਅੱਜ ਦੇ ਏਕਲਵਯ ਦੀ ਲਾਸ਼..."

ਨਾਵਲ ਦੀ ਇਸ ਸੰਖੇਪ ਜਿਹੀ ਕਥਾ-ਸਮਗਰੀ ਦਾ ਜਦੋਂ ਅਸੀਂ ਨਿਕਟ ਅਧਿਅਨ ਕਰਦੇ ਹਾਂ ਤਾਂ ਏਕਲਵਯ ਤੇ ਚਿੰਤਨ ਦੀ ਸਥਿਤੀ ਵਿਚਲੀ ਸਮਾਨਤਾ ਟੁਟਦੀ ਜਾਪਦੀ ਹੈ । ਏਕਲਵਯ ਨੂੰ ਆਪ-ਸਵੀਕਾਰੀ ਮਰਯਾਦਾ ਦਾ ਪਾਸ ਸੀ ਉਹ ਕਿਸੇ ਮਜਬੂਰੀ ਵੱਸ ਨਹੀਂ ਸਗੋਂ ਵਿਵਸਥਾ ਦੇ ਅਨਿਆਂ ਕਾਰਣ ਨਿਸ਼ਕ੍ਰਿਯ ਹੁੰਦਾ ਹੈ ਪਰ ਚਿੰਤਨ ਨੂੰ ਕਾਹਦੀ ਮਜ਼ਬੂਰੀ ਹੈ । ਘੱਟੋ-ਘੱਟ ਨਾਵਲ ਦੇ ਪੰਨਿਆਂ ਵਿਚ ਕਿਸੇ ਅਜਿਹੀ ਸਥਿਤੀ ਦਾ ਬਿਆਨ ਨਹੀਂ ਮਿਲਦਾ ਕਿ ਉਸਨੂੰ ਸਮਕਾਲੀ ਵਿਵਸਥਾ ਦੇ ਹਥੋਂ ਅਨਿਆਂ ਦਾ ਸ਼ਿਕਾਰ ਹੋਣਾ ਪਿਆ । ਇਹ ਠੀਕ ਹੈ ਕਿ ਉਸਨੂੰ ਮਾਂ-ਬਾਪ ਦਾ ਪਿਆਰ ਨਹੀਂ ਮਿਲ ਸਕਿਆ ਅਤੇ ਨਾ ਹੀ ਉਸਨੂੰ ਆਪਣੀ ਮਨ ਚਾਹੀ ਮਹਿਬੂਬ 'ਇੰਦਰਾ' ਦਾ ਪਿਆਰ ਹੁੰਗਾਰਾ ਪ੍ਰਾਪਤ ਹੋ ਸਕਿਆ ਪਰ ਇਸ ਵਿਚ ਅਲੋਕਾਰ ਗੱਲ ਕਿਹੜੀ ਹੈ ? ਕੀ ਉਸਨੂੰ ਹੋਰ ਕੋਈ ਵਸੀਲਾ ਨਹੀਂ ਸੀ ਕਰਨਾ ਚਾਹੀਦਾ ? ਕੀ ਉਹ ਆਪਣੇ ਆਪ ਨੂੰ ਨਿੱਜੀ ਖੋਲ ਵਿਚੋਂ ਕੱਢਕੇ ਸਾਰਥਕ ਰਿਸ਼ਤਿਆਂ ਦੀ ਤਲਾਸ਼ ਨਹੀਂ ਸੀ ਕਰ ਸਕਦਾ । ਲਗਦਾ ਹੈ ਨਾਵਲਕਾਰ ਇਥੇ ਉਕਾਈ ਕਰ ਗਿਆ ਹੈ । ਉਸਨੇ ਆਪਣੇ ਮੁਖ-ਪਾਤਰ ਨੂੰ ਪ੍ਰਲੋਤਾਰੀ 'ਏਕਲਵਯ' ਬਣਾਉਣਾ ਲੋਚਿਆ ਸੀ, ਪਰ ਅਚੇਤ ਹੀ ਬੂਰਯੂਆ 'ਚਿੰਤਨ' ਦੀ ਰਚਨਾ ਹੋ ਗਈ । ਜੋ ਕਿਧਰੇ ਵੀ ਨਾ ਕਿਸੇ ਸਾਰਥਕ ਕੰਮ ਦੀ ਤਲਾਸ਼ ਕਰਦਾ ਹੈ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਹੀ ਸਾਰਥਕ ਰਿਸ਼ਤੇ ਦੀ । ਸਗੋਂ ਆਪਣੇ [illegible] ਨਾਲ ਭੇਜੇ ਹੋਏ ਪੈਸਿਆਂ ਤੇ ਹੀ ਗੁਜ਼ਾਰਾ ਕਰਦਾ ਹੈ । ਪਰ ਇਹ ਇਸ ਰਚਨਾ ਦੀ ਖ਼ਾਮੀ ਨਹੀਂ ਸਗੋਂ ਲੇਖਕ ਦੇ ਆਪ ਥਾਪੇ ਪ੍ਰਾਜੈਕਟ ਦੀ ਅਸਫਲਤਾ ਹੀ ਸਮਝੀ ਜਾ ਸਕਦੀ ਹੈ । ਇਹ ਜ਼ਰੂਰੀ ਨਹੀਂ ਹੁੰਦਾ ਕਿ ਸਾਹਿਤ ਰਚਨਾ ਸਦਾ ਲੇਖਕ ਦੇ ਸੰਕਲਪੇ ਮੱਤ ਨੂੰ ਹੀ ਸਥਾਪਤ ਕਰੇ । ਸਗੋਂ ਬਹੁਤੀ ਵਾਰ ਇਹ ਲੇਖਕ ਦੇ ਸੋਚੇ ਸਮਝੇ ਉਦੇਸ਼ ਤੋਂ ਸੁਤੰਤਰ ਹੋ ਜਾਣ ਦੀ ਪ੍ਰਵਿਰਤੀ ਦਰਸਾਉਂਦੀ ਹੈ ।

ਇਉਂ ਇਹ ਰਚਨਾ ਵੀ ਲੇਖਕ ਦੇ ਸੁਚੇਤ ਉਦੇਸ਼ ਤੋਂ ਲਾਂਭੇ ਹਟ ਕੇ ਨਵੀਨ ਅਰਥਾਂ ਦਾ ਸੰਚਾਰ ਕਰਨ ਦੀ ਸਥਿਤੀ ਪੈਦਾ ਕਰ ਦਿੰਦੀ ਹੈ । ਚਿੰਤਨ ਦੀ ਬਿਮਾਰੀ ਦਾ ਮੂਲ ਕਾਰਣ ਹੈ ਉਸ ਦੀ ਬੂਰਯੂਆ ਸੋਚ । ਉਹ ਮਨੁੱਖੀ ਰਿਸ਼ਤਿਆਂ ਨੂੰ ਸਮਾਨਤਾ ਦੇ ਆਧਾਰ 'ਤੇ ਸਥਾਪਿਤ ਕਰਨ ਦੀ ਗੱਲ ਨਹੀਂ ਸੋਚਦਾ ਸਗੋਂ ਇਕ ਵਿਸ਼ੇਸ਼ ਪ੍ਰਕਾਰ ਦੀ ਜ਼ਹਿਨੀ ਅਯਾਸ਼ੀ ਭੋਗਣਾ ਚਾਹੁੰਦਾ ਹੈ । ਉਹ ਕਿਸੇ ਰਿਸ਼ਤੇ ਲਈ ਖ਼ੁਦ ਨੂੰ ਸਮਰਪਿਤ ਕਰਨ ਦੀ ਗੱਲ ਵੀ ਨਹੀਂ ਸੋਚਦਾ । ਏਕਲਵਯ ਨੇ ਤਾਂ ਆਪਣਾ ਅੰਗੂਠਾ ਖ਼ੁਦ ਭੇਟਾ ਕਰਕੇ ਵਿਵਸਥਾ ਦੀ ਨੈਤਿਕਤਾ ਨੂੰ ਵੰਗਾਰ ਸੁਟਿਆ ਸੀ । ਉਸ ਦੀ ਸਥਿਤੀ ਘੱਟੋ ਘੱਟ ਚਿੰਤਨ ਵਰਗੇ ਇਨਸਾਨ ਦੀ ਨਹੀਂ ਹੋ ਸਕਦੀ । ਪਰ ਚਿੰਤਨ ਆਪਣੀ ਮਾਨਸਿਕ ਬਿਮਾਰੀ ਲਈ ਆਪ ਵਧੇਰੇ ਜ਼ਿੰਮੇਵਾਰ ਹੈ ਵਿਵਸਥਾ ਇਤਨੀ ਨਹੀਂ । ਇਉਂ ਇਥੇ ਮਹਾਂਭਾਰਤ ਦਾ ਪ੍ਰਤੀਕਵਾਦ ਤਾਂ ਭਾਵੇਂ ਟੁੱਟਦਾ ਹੈ, ਪਰ ਅਚੇਤ ਹੀ ਲੇਖਕ ਨੇ ਇਕ ਅਸਫਲ ਬੂਰਯੂਆ ਮਨੁੱਖ ਦੀ ਸਿਰਜਣਾ ਕਰਕੇ ਆਪਣੇ ਨਾਵਲ ਨੂੰ ਅਰਥਾਂ ਦੀ ਇਕ ਨਵੀਨ ਦਿਸ਼ਾ ਨਾਲ ਜੋੜ ਦਿੱਤਾ ਹੈ । ਇਸ ਨੁਕਤੇ ਤੋਂ ਵਾਚਿਆਂ ਇਹ ਨਾਵਲ ਆਪਣੇ ਬਿਰਤਾਂਤਕ ਸੰਗਠਨ ਰਾਹੀਂ ਸਮਕਾਲੀ ਯਥਾਰਥ ਦੇ ਕਈ ਮਹੱਤਵਪੂਰਣ ਵੇਰਵਿਆਂ ਨੂੰ ਪ੍ਰਕਾਸ਼ਮਾਨ ਕਰਦਾ ਦਿਖਾਈ ਦਿੰਦਾ ਹੈ । ਇਹ ਆਪਣੇ ਮੁੱਖ-ਪਾਤਰ ਦੀ ਸਿਰਜਣਾ ਰਾਹੀਂ ਬੂਰਯੂਆ ਮਾਨਸਿਕਤਾ ਦਾ ਪ੍ਰਮਾਣਿਕ ਚਿੱਤਰ ਪੇਸ਼ ਕਰਦਾ ਹੈ । ਬੂਰਯੂਆ ਮਨੁੱਖ ਨੂੰ ਜਦੋਂ ਆਪਣੇ ਮੂਲ ਸਰੋਕਾਰ ਜਾਂ ਮਨਸੂਬੇ ਨੂੰ ਨਾਕਾਮੀ ਦਾ ਮੂੰਹ ਦੇਖਣਾ ਪੈਂਦਾ ਹੈ ਤਾਂ ਉਹ ਮਾਹੌਲ ਨੂੰ ਦੋਸ਼ੀ ਸਮਝ ਕੇ ਭਾਂਜ ਦਾ ਰਾਹ ਅਖ਼ਤਿਆਰ ਕਰਨ ਵਲ ਰੁਚਿਤ ਹੁੰਦਾ ਹੈ । ਉਹ ਸਮਾਜਿਕ ਸ਼ਮੂਲੀਅਤ ਤੋਂ ਨਿਰਲੇਪ ਰਹਿਣ ਕਾਰਣ ਅੰਤਰਮਨ ਦੀਆਂ ਅੰਨ੍ਹੀਆਂ ਗਲੀਆਂ ਵਿਚ ਭਟਕਦਾ ਹੋਇਆ ਬੇਗਾਨਗੀ ਅਤੇ ਅਰਥਹੀਣਤਾ ਦਾ ਅਹਿਸਾਸ ਜਿਉਂਦਾ ਹੈ । ਨਾਵਲੀ ਵਿਧਾ ਦੇ ਅੰਤਰਗਤ ਇਸ ਕਿਸਮ ਦੀ ਸਥਿਤੀ ਦੇ ਪ੍ਰਗਟਾਵੇ ਨੂੰ ਬੂਰਯੂਆ ਯਥਾਰਥਵਾਦ ਦੀ ਵਿਧੀ ਦਾ ਨਾਮ ਦਿੱਤਾ ਗਿਆ ਹੈ ਜੋ ਆਪਣੇ ਸਰੂਪ ਅਤੇ ਸੁਭਾਅ ਵਜੋਂ ਸਮਾਜਵਾਦੀ ਯਥਾਰਥਵਾਦ ਨਾਲੋਂ ਮੌਲਿਕ ਤੌਰ 'ਤੇ ਵੱਖਰੀ ਹੈ ।

ਨਾਵਲ 'ਨਾ ਅਰਜੁਨ ਨਾ ਦੁਰਯੋਧਨ' ਦੀ ਰਚਨਾ-ਵਿਧੀ ਦੀ ਬੁਨਿਆਦੀ ਤੌਰ 'ਤੇ ਬੂਰਯੂਆ ਯਥਾਰਥਵਾਦ ਦੀ ਅਨੁਸਾਰੀ ਹੈ । ਇਸ ਵਿਚ ਪੇਸ਼ ਹੋਈਆਂ ਸਮੂਹ ਘਟਨਾਵਾਂ ਅਤੇ ਸਥਿਤੀਆਂ ਕੇਂਦਰੀ ਪਾਤਰ ਦੀ ਅੰਤਰਮੁਖਤਾ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ । ਇਸ ਨਾਵਲ ਦੇ ਸਿਰਜੇ ਹੋਏ ਗਲਪੀ ਜਗਤ ਨੂੰ ਜਦੋਂ ਅਸੀਂ ਵਿਚਾਰਧਾਰਾ ਦੇ ਪ੍ਰਸੰਗ ਵਿਚ ਰਖ ਕੇ ਵਿਚਾਰਦੇ ਹਾਂ ਤਾਂ ਕਈ ਸਾਰਥਕ ਸਿੱਟੇ ਪ੍ਰਾਪਤ ਹੁੰਦੇ ਹਨ । ਪ੍ਰਮੁੱਖ ਤੌਰ 'ਤੇ ਇਹ ਨਾਵਲ ਸਾਨੂੰ ਆਪਣੇ ਸਮਕਾਲੀ ਯਥਾਰਥ ਦੀ

CC-0. In Public Domain. Gurukul Kangri Collection, Haridwar

ਵਾਸਤਵਿਕਤਾ ਪਛਾਣਨ ਦਾ ਮੌਕਾ ਪ੍ਰਦਾਨ ਕਰਦਾ ਹੈ । ਇਸ ਮੰਤਵ ਦੀ ਪੂਰਤੀ
Digitized by Arya Samaj Foundation Chennai and eGangotri
ਰਚਨਾ ਵਿਚਲੇ ਪ੍ਰਗਟ ਵੇਰਵਿਆਂ ਰਾਹੀਂ ਵੀ ਹੁੰਦੀ ਹੈ ਅਤੇ ਅਪ੍ਰਗਟ ਵੇਰਵਿਆਂ ਰਾਹੀਂ ਵੀ ਜੋ ਰਚਨਾ ਵਿਚ ਗ਼ੈਰ ਹਾਜ਼ਰ ਹੋ ਕੇ ਵੀ ਆਪਣੀ ਹਾਜ਼ਰੀ ਦੀ ਦਾਸਤਾਨ ਸੁਣਾਉਂਦੇ ਹਨ । ਇਹ ਗ਼ੈਰਹਾਜ਼ਰ ਵੇਰਵੇ ਮੁੱਖ ਪਾਤਰ ਦੀ ਉਪਰਾਮਤਾ ਅਤੇ ਨਿਰਾਸ਼ਾ ਦੇ ਹਕੀਕੀ ਕਾਰਣਾਂ ਨਾਲ ਸੰਬੰਧਿਤ ਹਨ । ਚਿੰਤਨ ਦੀ ਮਾਹੌਲ ਨਾਲੋਂ ਬੇਗਾਨਗੀ ਦਾ ਮੂਲ ਕਾਰਣ ਉਸ ਦੀ ਬੂਰਯੂਆ ਸੋਚ ਹੈ ਜਿਸ ਦੇ ਅਧੀਨ ਉਹ ਨਾ ਤਾਂ ਆਪਣੀ ਸਿਰਜਣਾਤਮਕ ਸ਼ਕਤੀ ਦੇ ਹਾਣ ਦਾ ਕੋਈ ਕੰਮ ਤਲਾਸ਼ ਕਰਦਾ ਹੈ ਅਤੇ ਨਾ ਬੇਗ਼ਰਜ਼ ਮੁਹਬਤੀ ਰਿਸ਼ਤਿਆਂ ਦੀ ਤਲਾਸ਼ ਕਰਦਾ ਹੈ । ਉਹ ਕੇਵਲ ਇਕੋ ਇਕ ਨਾਕਾਮ ਮੁਹੱਬਤ ਦੀ ਘਟਨਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਅੰਤਰਮਨ ਦੀਆਂ ਕੰਦਰਾਂ ਵਿਚ ਭਟਕ ਜਾਂਦਾ ਹੈ । ਅਜਿਹੇ ਪਾਤਰ ਦੀ ਖ਼ੁਦਕੁਸ਼ੀਨੁਮਾ ਮੌਤ ਤਰਸ ਤਾਂ ਪੈਦਾ ਕਰਦੀ ਹੈ ਤ੍ਰਾਸਦੀ ਨਹੀਂ ਉਪਜਾਂਦੀ । ਚਿੰਤਨ ਦੀ ਮੌਤ ਦੀ ਸੂਚਨਾ ਇਕ ਅਖ਼ਬਾਰੀ ਘਟਨਾ ਜਿਹੀ ਗੱਲ ਬਣ ਜਾਂਦੀ ਹੈ, ਪਰ ਇਹ ਪਾਠਕ ਦੀ ਚੇਤਨਾ ਅਤੇ ਸੰਵੇਦਨਾ ਨੂੰ ਟੁੰਬ ਕੇ ਜਗਾਉਣ ਦਾ ਉਪਰਾਲਾ ਅਵੱਸ਼ ਕਰਦੀ ਹੈ । ਇਸ ਮੁੱਖ-ਪਾਤਰ ਦੀ ਸਥਿਤੀ ਅਤੇ ਗਤੀ ਗਤੀਵਿਧੀ ਦੇ ਨਾਲ ਨਾਲ ਨਾਵਲ ਵਿਚ ਇਸਤਰੀ-ਮਰਦ ਸੰਬੰਧਾਂ ਦੇ ਇਕ ਵਿਸ਼ੇਸ਼ ਪ੍ਰਸੰਗ ਨੂੰ ਪੇਸ਼ ਕੀਤਾ ਗਿਆ ਹੈ ਜੋ ਪ੍ਰਚੱਲਤ ਵਿਵਸਥਾ ਦੀ ਵਿਚਾਰਧਾਰਕ ਸਥਿਤੀ ਨੂੰ ਹੀ ਪ੍ਰਤੀਕਮਾਨ ਕਰਦਾ ਹੈ । ਮਿਸਾਲ ਵਜੋਂ ਚਿੰਤਨ ਦੇ ਨੌਕਰ ਹੰਸੂ ਦੀ ਨਾਕਾਮ ਮੁਹੱਬਤ ਜਾਤੀ ਪ੍ਰਥਾ ਦੇ ਮਸਨੂਈ ਕਿਰਦਾਰ ਨੂੰ ਉਘਾੜਦੀ ਹੈ ।

ਸਮੁੱਚੇ ਤੌਰ 'ਤੇ ਇਹ ਰਚਨਾ ਪੰਜਾਬੀ ਨਾਵਲੀ ਵਿਧਾ ਦੇ ਖੇਤਰ ਵਿਚ ਪਰੰਪਰਾ ਤੋਂ ਰਤਾ ਕੁ ਲਾਂਭੇ ਹਟ ਕੇ ਕੀਤਾ ਗਿਆ ਇਹ ਨਵਾਂ ਸਿਰਜਣਾਤਮਕ ਪ੍ਰਯੋਗ ਹੈ । ਇਥੇ ਲੇਖਕ ਨੇ ਸਾਡੇ ਪੁਰਾਤਨ ਸਭਿਆਚਾਰਕ ਵਿਰਸੇ ਦੀ ਮਿਥਕ ਸਮੱਗਰੀ ਨੂੰ ਆਧੁਨਿਕ ਪ੍ਰਸੰਗ ਵਿਚ ਪੁਨਰ ਪਰਿਭਾਸ਼ਿਤ ਕਰਨ ਦੀ ਚੇਸ਼ਟਾ ਕੀਤੀ ਹੈ । ਭਾਵੇਂ ਉਹ ਆਪਣੇ ਮਿਥੇ ਹੋਏ ਉਦੇਸ਼ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ । ਉਸ ਦਾ ਸਿਰਜਿਆ ਹੋਇਆ ਚਿੰਤਨ ਆਧੁਨਿਕ ਏਕਲਵਯ ਨਹੀਂ ਬਣ ਸਕਿਆ, ਪਰ ਤਾਂ ਵੀ ਇਹ ਥੋੜ੍ਹੀ ਬਹੁਤ ਅਸਫਲਤਾ ਰਚਨਾ ਦੇ ਸਾਹਿਤਕ ਮੁੱਲ ਨੂੰ ਘਟਾਉਂਦੀ ਨਹੀਂ ਸਗੋਂ ਇਸ ਨੂੰ ਅਰਥਾਂ ਦੇ ਨਵੀਨ ਸੰਦਰਭ ਨਾਲ ਜੋੜ ਦਿੰਦੀ ਹੈ । ਇਹ ਨਾਵਲ ਆਪਣੇ ਪ੍ਰਗਟ ਅਤੇ ਅਪ੍ਰਗਟ ਵੇਰਵਿਆਂ ਦੇ ਤਣਾਉ ਰਾਹੀਂ ਆਧੁਨਿਕ ਬੂਰਯੂਆ ਮਨੁੱਖ ਦੀ ਮਾਨਸਿਕਤਾ ਦੇ ਅੰਤਰਮੁਖੀ ਪਸਾਰਾਂ ਨੂੰ ਰੂਪਮਾਨ ਕਰਨ ਵਲ ਰੁਚਿਤ ਹੁੰਦਾ ਹੈ ਅਤੇ ਸਮਕਾਲੀ ਯਥਾਰਥ ਦੀ ਪ੍ਰਤੀਕਾਤਮਕ ਵਿਆਖਿਆ ਦਾ ਵਿਧਾਨ ਸਿਰਜਦਾ ਹੈ । ਇਹ ਗੱਲ ਆਪਣੇ ਆਪ ਵਿਚ ਸਾਰਥਕ ਅਤੇ ਮਹੱਤਵਪੂਰਣ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਲੀਪ ਕੌਰ ਟਿਵਾਣਾ ਦੀ ਨਾਵਲੀ ਵਿਲੱਖਣਤਾ

ਦਲੀਪ ਕੌਰ ਟਿਵਾਣਾ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਆਪਣੀ ਨਿਵੇਕਲੀ ਪਛਾਣ ਸਥਾਪਤ ਕਰਨ ਵਾਲੀ ਲੇਖਿਕਾ ਹੈ। ਉਸ ਦੇ ਹੁਣ ਤਕ ਤਕਰੀਬਨ ਇਕ ਦਰਜਨ ਨਾਵਲ ਪ੍ਰਕਾਸ਼ਿਤ ਹੋ ਚੁਕੇ ਹਨ ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਵਰਣਨਯੋਗ ਨਾਵਲ ਹਨ—ਏਹੁ ਹਮਾਰਾ ਜੀਵਣਾ, ਦੂਸਰੀ ਸੀਤਾ, ਪੀਲੇ ਪੱਤਿਆਂ ਦੀ ਦਾਸਤਾਨ, ਔਰ ਵੈਰ ਮਿਲਦਿਆਂ, ਹਸਤਾਖ਼ਰ, ਪੈੜ ਚਾਲ, ਲੰਘ ਗਏ ਦਰਿਆ ਅਤੇ ਜ਼ਿਮੀਂ ਪੁਛੇ ਅਸਮਾਨ। ਇਨ੍ਹਾਂ ਤੋਂ ਇਲਾਵਾ ਉਸ ਦੀ ਇਕ ਮਹੱਤਵਪੂਰਣ ਸਵੈ-ਜੀਵਨੀ ਮੂਲਕ ਰਚਨਾ—ਨੰਗੇ ਪੈਰਾਂ ਦਾ ਸਫ਼ਰ—ਵੀ ਪ੍ਰਕਾਸ਼ਿਤ ਹੋਈ ਹੈ ਜੋ ਉਸ ਦੇ ਗਲਪ-ਸੰਸਾਰ ਦੇ ਅਨੇਕਾਂ ਵਿਚਾਰਧਰਾਈ ਪ੍ਰਸੰਗਾਂ ਨੂੰ ਭੋਗੇ ਹੋਏ ਯਥਾਰਥ ਦੇ ਰੂਪ ਵਿਚ ਖੋਲ੍ਹਣ ਦਾ ਉਪਰਾਲਾ ਕਰਦੀ ਹੈ। ਟਿਵਾਣਾ ਦੀ ਨਾਵਲੀ ਵਿਲੱਖਣਤਾ ਦਾ ਮੂਲ ਆਧਾਰ ਇਕ ਵਿਸ਼ੇਸ਼ ਭਾਂਤ ਦੀ ਨਾਰੀ-ਚੇਤਨਾ ਹੈ ਜੋ ਉਸ ਦੇ ਸਮੁਚੇ ਨਾਵਲੀ ਸੰਸਾਰ ਵਿਚ ਫੈਲੀ ਹੋਈ ਹੈ। ਇਹ ਨਾਰੀ-ਚੇਤਨਾ ਪ੍ਰਚੱਲਤ ਸਮਾਜਿਕ ਵਿਵਸਥਾ ਵਿਚ ਜਿਉਣ ਵਾਲੀ ਨਾਰੀ ਦੇ ਜੀਵਨ-ਅਨੁਭਵ ਅਤੇ ਯਥਾਰਥ ਨੂੰ ਫਰੋਲ ਕੇ ਉਸ ਦਾ ਗਲਪੀ ਬਿੰਬ ਉਸਾਰਨ ਵਲ ਰੁਚਿਤ ਹੰਦੀ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲੀ ਜਗਤ ਵਿਚ ਔਰਤ ਨੂੰ ਜਾਗੀਰਦਾਰੀ ਵਿਰਸੇ ਦੀਆਂ ਪੁਰਖ-ਪ੍ਰਧਾਨ ਕਦਰਾਂ ਕੀਮਤਾਂ ਦੇ ਸੰਗਠਨ ਵਿਚ ਰਖ ਕੇ ਪ੍ਰਸਤੁਤ ਕੀਤਾ ਗਿਆ ਹੈ। ਵਰਤਮਾਨ ਵਿਚ ਭਾਵੇਂ ਜਾਗੀਰਦਾਰੀ ਅਰਥ-ਵਿਵਸਥਾ ਦਾ ਤਾਂ ਲਗਭਗ ਖ਼ਾਤਮਾ ਹੋ ਗਿਆ ਹੈ, ਪਰ ਨਵੇਂ ਉਸਰ ਰਹੇ ਸਰਮਾਇਦਾਰੀ ਵਿਅਕਤੀਵਾਦੀ ਪ੍ਰਬੰਧ ਦੇ ਅਨੁਕੂਲ ਨਵਾਂ ਵਿਚਾਰਧਾਰਾਈ ਉਸਾਰ ਅਜੇ ਆਪਣੇ ਮੁੱਢਲੇ ਪੜਾਉ ਵਿਚ ਹੀ ਵਿਚਰ ਰਿਹਾ ਹੈ। ਇਹੀ ਕਾਰਣ ਹੈ ਕਿ ਸਮਕਾਲੀ ਸਥਿਤੀ ਵਿਚ ਨਵੇਂ ਅਤੇ ਪੁਰਾਣੇ ਵਿਚਾਰਧਾਰਾਈ ਪ੍ਰਬੰਧਾਂ ਦਾ ਸੰਘਰਸ਼ਮਈ ਰਿਸ਼ਤਾ ਇਕ ਹਕੀਕਤ ਦੇ ਰੂਪ ਵਿਚ ਸਾਡੇ ਸਾਮ੍ਹਣੇ ਹੈ। ਟਿਵਾਣਾ ਦੇ ਨਾਵਲਾਂ ਵਿਚ ਇਸ ਵਿਚਾਰਧਾਰਕ ਸੰਘਰਸ਼ ਦੀ ਰੂਪ ਰੇਖਾ ਪ੍ਰਤੱਖ ਤੌਰ ਤੇ ਉਘੜਦੀ ਹੋਈ ਦੇਖੀ ਜਾ ਸਕਦੀ ਹੈ। ਉਸ ਦੇ ਮੁੱਢਲੇ ਨਾਵਲਾਂ ਵਿਚ ਜੇ ਵਿਵਸਥਾ ਹੱਥੋਂ ਪੀੜਤ ਨਾਰੀ ਦਾ ਕਰੁਣਾਜਨਕ ਬਿੰਬ ਉਜਾਗਰ ਹੰਦਾ—ਜਿਵੇਂ 'ਅਗਨੀ ਪਰੀਖਿਆ', ਏਹੁ ਹਮਾਰਾ ਜੀਵਣ'—ਵਿਚ ਤਾਂ 'ਪੀਲੇ ਪੱਤਿਆਂ ਦੀ ਦਾਸਤਾਨ' ਵਿਚ ਇਹ ਪੀੜਤ ਨਾਰੀ

CC-0. In Public Domain. Gurukul Kangri Collection, Haridwar

ਵਿਦਰੋਹ ਉਤੇ ਉਤਾਰੂ ਨਜ਼ਰ ਆਉਂਦੀ ਹੈ ਭਾਵੇਂ ਉਸ ਦਾ ਵਿਦਰੋਹ ਅਜੇ ਵਿਵਸਥਾ
Digitized by Arya Samaj Foundation Chennai and eGangotri
ਦੇ ਦੋਗਲੇ/ਦੰਭੀ ਚਰਿੱਤਰ ਨੂੰ ਨਿਰਵਸਤਰ ਕਰਨ ਤਕ ਹੀ ਸੀਮਿਤ ਹੈ। ਟਿਵਾਣਾ ਦੇ ਨਾਵਲਾਂ ਵਿਚ ਅਸਲੀ ਕ੍ਰਾਂਤੀਕਾਰੀ ਮੋੜਾ 'ਹਸਤਾਖ਼ਰ' ਅਤੇ 'ਪੈੜ ਚਾਲ' ਨਾਵਲਾਂ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ ਜਿਥੇ ਔਰਤ ਆਪਣੀ ਨਾਰੀ-ਹੋਂਦ ਦੀ ਵਾਸਤਵਿਕਤਾ ਨੂੰ ਸਵੈ-ਪਛਾਣ ਦੀ ਤਲਾਸ਼ ਵਲ ਮੋੜਨ ਦਾ ਉਪਰਾਲਾ ਕਰਦੀ ਦੇਖੀ ਜਾ ਸਕਦੀ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲੀ-ਜਗਤ ਵਿਚ ਇਸਤਰੀ ਪੁਰਖ ਸੰਬੰਧਾਂ ਅਤੇ ਪਰਿਵਾਰਕ ਰਿਸ਼ਤਿਆਂ ਦੇ ਇਰਦ ਗਿਰਦ ਫੈਲੇ ਹੋਏ ਵਿਚਾਰਧਾਰਾਈ ਧਰਾਤਲ ਨੂੰ ਫਰੋਲਣ ਦਾ ਉਪਰਾਲਾ ਕੀਤਾ ਗਿਆ ਹੈ। ਉਸ ਦੀ ਗਲਪ-ਸਿਰਜਣਾ ਦਾ ਇਹ ਸਫ਼ਰ ਘਰ ਦੀ ਚਾਰਦੀਵਾਰੀ ਵਿਚ ਘਿਰੀ ਆਤਮ ਪਛਾਣ ਤੋਂ ਸਖਣੀ ਪੇਂਡੂ ਨਾਰੀ ਤੋਂ ਲੈ ਕੇ ਵਰਤਮਾਨ ਮਹਾਨਗਰ ਵਿਚ ਵਿਚਰਨ ਵਾਲੀ ਆਰਥਕ ਤੌਰ ਤੇ ਸੁਤੰਤਰ ਹੁੰਦੀ ਜਾ ਰਹੀ ਨੌਕਰੀ-ਪੇਸ਼ਾ ਨਾਰੀ ਤਕ ਫੈਲਿਆ ਹੋਇਆ ਹੈ। ਇਹ ਨਵ-ਜਾਗ੍ਰਿਤ ਆਰਥਕ ਪੱਖੋਂ ਸੁਤੰਤਰ ਨਾਰੀ ਹਰ ਕਿਸਮ ਦੀ ਜਿਸਮਾਨੀ ਅਤੇ ਜ਼ਿਹਨੀ ਗੁਲਾਮੀ ਦੇ ਖ਼ਿਲਾਫ਼ ਬਗ਼ਾਵਤ ਕਰਨਾ ਲੋਚਦੀ ਹੈ, ਪਰ ਵਿਰਸੇ ਦੀਆਂ ਪਰੰਪਰਕ ਕਦਰਾਂ ਕੀਮਤਾਂ ਨਾਲ ਟਕਰਾਉਂਦੀ ਹੋਈ ਉਹ ਬਹੁਤ ਵਾਰੀ ਤ੍ਰਾਸਦੀ ਦੇ ਕੰਢੇ ਪਹੁੰਚ ਜਾਂਦੀ ਹੈ। ਇਉਂ ਕਰੁਣਾ ਤੋਂ ਤ੍ਰਾਸਦੀ ਤਕ ਦਾ ਸਫ਼ਰ ਦਲੀਪ ਕੌਰ ਟਿਵਾਣਾ ਦੇ ਗਲਪ- ਸੰਸਾਰ ਦੀ ਅੰਦਰਲੀ ਵਿਕਾਸ ਯਾਤਰਾ ਦਾ ਲਖਾਇਕ ਹੋ ਨਿਬੜਦਾ ਹੈ।

ਟਿਵਾਣਾ ਨੇ ਆਪਣੇ ਇਸ ਸਮੱਚੇ ਨਾਵਲੀ-ਸੰਸਾਰ ਵਿਚ ਔਰਤ ਦੀ ਸਥਿਤੀ ਅਤੇ ਗਤੀ-ਵਿਧੀ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਇਕ ਖ਼ਾਸ ਕਿਸਮ ਦੀ ਸੁਹਿਰਦਤਾ ਅਤੇ ਸੰਵੇਦਨਾ ਨਾਲ ਔਰਤ ਨੂੰ ਆਪਣੀ ਬੇ-ਜ਼ੁਬਾਨੀ ਵਿਚੋਂ ਉਭਰ ਕੇ ਬੋਲਾਂ ਨਾਲ ਰਿਸ਼ਤਾ ਗੰਢਦਿਆਂ ਦਰਸਾਇਆ ਹੈ। ਗਲਪ-ਸ਼ਾਸਤਰ ਦੀ ਅਜੋਕੀ ਸ਼ਬਦਾਵਲੀ ਅਨੁਸਾਰ ਟਿਵਾਣਾ ਦੇ ਨਾਵਲੀ-ਸੰਸਾਰ ਨੂੰ ਨਾਰੀ-ਪ੍ਰਵਚਨ ਦੀ ਸਿਰਜਣਾ ਦਾ ਸੰਸਾਰ ਵੀ ਆਖ ਸਕਦੇ ਹਾਂ। ਇਸ ਨਾਰੀ-ਪ੍ਰਵਚਨ ਦਾ ਸਪਸ਼ਟਤਮ ਪ੍ਰਗਟਾਵਾ ਟਿਵਾਣਾ ਦੇ ਨਾਵਲ 'ਐਰ ਵੈਰ ਮਿਲਦਿਆਂ' ਵਿਚ ਹੋਇਆ ਹੈ। ਪ੍ਰਮਾਣਕ ਨਾਰੀ-ਪ੍ਰਵਚਨ ਦੀ ਉਸਾਰੀ ਹੀ ਅਸਲ ਵਿਚ ਟਿਵਾਣਾ ਦੀ ਨਾਵਲੀ ਵਿਲੱਖਣਤਾ ਦਾ ਧੁਰਾ ਹੈ। ਇਸ ਲਈ ਹਥਲੇ ਪਰਚੇ ਵਿਚ ਅਸੀਂ 'ਐਰ ਵੈਰ ਮਿਲਦਿਆਂ' ਨਾਵਲ ਨੂੰ ਉਸ ਦੀ ਮੌਲਿਕ ਵਿਲੱਖਣਤਾ ਦੇ ਪ੍ਰਤੀਕ ਵਜੋਂ ਨਾਰੀ-ਪ੍ਰਵਚਨ ਦੇ ਪ੍ਰਸੰਗ ਵਿਚ ਰਖ ਕੇ ਵਾਚਣ ਦਾ ਉਪਰਾਲਾ ਕੀਤਾ ਹੈ।

ਸਾਡੇ ਸਾਹਮਣੇ ਮੂਲ ਪ੍ਰਸ਼ਨ ਇਹ ਹੈ ਕਿ ਨਾਰੀ-ਪ੍ਰਵਚਨ ਕੀ ਹੈ ਅਤੇ ਟਿਵਾਣਾ ਦੇ ਨਾਵਲੀ ਸੰਸਾਰ ਵਿਚ ਇਸ ਦੀ ਉਸਾਰੀ ਲਈ ਕਿਸ ਕਿਸਮ ਦੀਆਂ ਵਿਧੀਆਂ ਅਤੇ ਜੁਗਤਾਂ ਦਾ ਇਸਤੇਮਾਲ ਕੀਤਾ ਗਿਆ ਹੈ ? ਸਭ ਤੋਂ ਪਹਿਲਾਂ ਨਾਰੀ-ਪ੍ਰਵਚਨ ਦੀ ਗੱਲ। ਪੂਰਬ-ਆਧੁਨਿਕ ਯੁਗ ਦੇ ਸਮੁਚੇ ਸ਼ਬਦ-ਸਭਿਆਚਾਰ ਉੱਪਰ ਝਾਤੀ ਮਾਰਨ ਨਾਲ ਜੋ ਗੱਲ ਵਿਸ਼ੇਸ਼ ਤੌਰ ਤੇ ਧਿਆਨ ਆਕਰਸ਼ਿਤ ਕਰਦੀ ਹੈ ਉਹ ਇਨ੍ਹਾਂ ਸਮੂਹ ਸਿਰਜਣਾਵਾਂ ਦਾ ਪੁਰਖ ਦੇ ਨੁਕਤੇ ਤੋਂ ਰਚਿਆ ਹੋਣਾ ਹੈ। ਇਸਤਰੀ ਲੇਖਿਕਾਵਾਂ ਦੀ ਸਿਰਜਣਾ ਵੀ ਇਸ ਦਾ ਅਪਵਾਦ ਪੇਸ਼ ਨਹੀਂ ਕਰਦੀ। ਇਸ ਦਾ ਮੁਖ ਕਾਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਾਰਧਾਰਾ ਹੈ । ਪੂਰਵ-ਆਧੁਨਿਕ ਯੁਗ ਦਾ ਸਮੁੱਚਾ ਸਾਹਿਤ-ਸਭਿਆਚਾਰ ਜਿਸ ਵਿਚਾਰਧਾਰਾ ਦਾ ਉਤਪਾਦਕ ਹੈ ਉਸ ਦੀ ਬੁਨਿਆਦ ਸਦੀਆਂ ਪੁਰਾਣੀ ਸਾਮੰਤੀ/ਜਾਗੀਰਦਾਰੀ ਅਰਥ-ਵਿਵਸਥਾ ਉੱਪਰ ਟਿਕੀ ਹੋਈ ਹੈ ਜਿਥੇ ਪੁਰਖ-ਪ੍ਰਧਾਨ ਕਦਰਾਂ-ਕੀਮਤਾਂ ਦਾ ਬੋਲਬਾਲਾ ਹੈ । ਇਹ ਪੁਰਖ-ਪ੍ਰਧਾਨ ਵਿਚਾਰਧਾਰਾ ਇਸਤਰੀ ਨੂੰ ਪੁਰਖ ਦੇ ਬਰਾਬਰ ਦੀ ਸੁਤੰਤਰ ਹਸਤੀ ਜਾਂ ਹੋਂਦ ਨਹੀਂ ਮੰਨਦੀ ਸਗੋਂ ਧਨ-ਸੰਪੱਤੀ ਵਰਗੀ ਵਰਤਣ/ਵਿਹਾਜਣ ਵਾਲੀ ਵਸਤੂ ਹੀ ਤਸੱਵਰ ਕਰਦੀ ਹੈ । ਇਹ ਵਿਚਾਰਧਾਰਾ ਧਰਮ, ਸਦਾਚਾਰ, ਸਮਾਜਿਕ ਸੰਸਥਾਵਾਂ ਅਤੇ ਲੋਕਧਾਰਾਈ ਰਹੁ-ਰੀਤਾਂ ਦੇ ਮਾਧਿਅਮ ਰਾਹੀਂ ਉਜਾਗਰ ਹੁੰਦੀ ਹੈ ਅਤੇ ਅਰਥਾਂ, ਮੂਲਾਂ ਅਤੇ ਆਦਰਸ਼ਾਂ ਦਾ ਸੰਗਠਨ ਬਣ ਕੇ ਕਾਰਜਸ਼ੀਲ ਹੁੰਦੀ ਹੈ । ਵਿਸ਼ਵ ਦ੍ਰਿਸ਼ਟੀ ਅਤੇ ਜੀਵਨ-ਜੁਗਤ ਦੇ ਅਚੇਤ ਧਰਾਤਲ ਉਤੇ ਵਿਚਰਦੀ ਹੋਈ ਇਹ ਵਿਚਾਰਧਾਰਾ ਮੱਧਕਾਲੀ ਮਨੁੱਖ ਦੀਆਂ ਸਮੂਹ ਸਿਰਜਣਾਵਾਂ ਨੂੰ ਵੀ ਆਪਣੇ ਰੰਗ ਵਿਚ ਰੰਗਦੀ ਹੋਈ ਦਿਖਾਈ ਦਿੰਦੀ ਹੈ । ਇਹੀ ਕਾਰਣ ਹੈ ਕਿ ਸ਼ਬਦ-ਸਭਿਆਚਾਰ ਦੇ ਰੂਪ ਵਿਚ ਸਿਰਜਿਆ ਗਿਆ ਹਰ ਪ੍ਰਵਚਨ ਇਸੇ ਹੀ ਪੁਰਖ-ਪ੍ਰਧਾਨ ਵਿਚਾਰਧਾਰਾ ਦਾ ਉਤਪਾਦਨ ਹੋਣ ਦੀ ਸਾਖੀ ਭਰਦਾ ਹੈ ।

ਆਧੁਨਿਕ ਅਤੇ ਉੱਤਰ-ਆਧੁਨਿਕ ਯੁਗ ਵਿਚ ਗਿਆਨ-ਵਿਗਿਆਨ ਦੇ ਭਰਪੂਰ ਵਿਕਾਸ ਨੇ ਜਿਸ ਉਦਯੋਗਿਕ ਕ੍ਰਾਂਤੀ ਨੂੰ ਜਨਮ ਦਿਤਾ ਉਸ ਨੇ ਜਾਗੀਰਦਾਰੀ ਅਰਥ-ਵਿਵਸਥਾ ਨੂੰ ਵਿਸਥਾਪਿਤ ਕਰਕੇ ਸਰਮਾਇਦਾਰੀ ਦੇ ਰੂਪ ਵਿਚ ਇਕ ਨਵੀਂ ਸਮਾਜਕ-ਆਰਥਕ ਬਣਤਰ ਦਾ ਰਾਹ ਖੋਲ੍ਹ ਦਿਤਾ । ਇਸ ਨਵੀਂ ਸਾਮਾਜਿਕ ਆਰਥਕ ਬਣਤਰ ਦਾ ਵਿਚਾਰਧਾਰਾਈ ਪ੍ਰਬੰਧ ਨੂੰ ਵੀ ਆਪਣੇ ਅਨੁਕੂਲ ਢਾਲਣ ਦਾ ਉਪਰਾਲਾ ਕਰਨਾ ਸੁਭਾਵਕ ਹੀ ਸੀ । ਇਸਤਰੀ ਨੂੰ ਪੁਰਖ ਦੇ ਬਰਾਬਰ ਦੀ ਹੋਂਦ ਮੰਨਣ ਦਾ ਅਹਿਸਾਸ ਇਸੇ ਹੀ ਵਿਚਾਰਧਾਰਾ ਦੇ ਅੰਤਰਗਤ ਪੈਦਾ ਹੋਇਆ ਹੈ । ਇਸ ਨਵੀਂ ਉਸਰ ਰਹੀ ਵਿਚਾਰਧਾਰਾ ਨੇ ਭਾਵੇਂ ਅਜੇ ਤਕ ਸ਼ਬਦ-ਸਭਿਆਚਾਰ ਦੇ ਖੇਤਰ ਵਿਚ ਪ੍ਰਚਲਤ ਪੁਰਖ-ਪ੍ਰਵਚਨ ਨੂੰ ਪੂਰੀ ਤਰ੍ਹਾਂ ਵਿਸਥਾਪਿਤ ਤਾਂ ਨਹੀਂ ਕੀਤਾ ਪਰ ਇਸ ਨੇ ਇਕ ਸਮਾਨੰਤਰ ਨਾਰੀ-ਪ੍ਰਵਚਨ ਦੀ ਉਸਾਰੀ ਦਾ ਸੰਕਲਪ ਜ਼ਰੂਰ ਸਾਹਮਣੇ ਲਿਆਂਦਾ ਹੈ । ਇਸ ਪ੍ਰਵਚਨ ਦੀ ਮੁਢਲੀ ਵਿਸ਼ੇਸ਼ਤਾ ਇਸਤਰੀ ਦੀ ਸਵੈ-ਚੇਤਨਾ ਹੈ ਜੋ ਆਪਣੀ ਸੁਤੰਤਰ ਹਸਤੀ ਅਤੇ ਹੋਂਦ ਨੂੰ ਤਲਾਸ਼ ਕਰਨ ਲਈ ਤੱਤਪਰ ਹੈ । ਪੁਰਖ-ਪ੍ਰਧਾਨ ਕਦਰਾਂ-ਕੀਮਤਾਂ ਦੇ ਸੰਗਠਨ ਨੂੰ ਕਿੰਤੂ ਕਰਨਾ ਅਤੇ ਲਿੰਗਭੇਦ ਤੋਂ ਉੱਚਾ ਉਠ ਕੇ ਮਾਨਵਤਾ ਦੇ ਸਾਂਝੇ ਧਰਾਤਲ ਦੀ ਉਸਾਰੀ ਕਰਨਾ ਇਸ ਦੀ ਸੰਭਾਵਿਤ ਦਿਸ਼ਾ ਪ੍ਰਤੀਤ ਹੁੰਦੀ ਹੈ । ਇਉਂ ਨਾਰੀ-ਪ੍ਰਵਚਨ ਔਰਤ ਦੀ ਬੇਜ਼ਬਾਨੀ ਨੂੰ ਜ਼ਬਾਨ ਦੇਣ ਵਾਲਾ ਪ੍ਰਵਚਨ ਹੈ । ਜਿਥੇ ਔਰਤ ਆਪਣੇ ਸਰੀਰ ਅਤੇ ਮਨ ਉਤੇ ਹੋਏ ਸਦੀਆਂ ਪੁਰਾਣੇ ਤਸ਼ੱਦਦ ਦੇ ਖ਼ਿਲਾਫ਼ ਵਿਦਰੋਹ ਕਰਦੀ ਅਤੇ ਮਾਨਸਿਕ ਗ਼ੁਲਾਮੀ ਤੋਂ ਮੁਕਤ ਹੋਣ ਲਈ ਤੱਤਪਰ ਨਜ਼ਰ ਆਉਂਦੀ ਹੈ । ਪਰੰਪਰਾ ਅਤੇ ਮਿੱਥ ਬਣ ਚੁਕੇ ਮਨੋ-ਪ੍ਰਬੰਧਾਂ ਨੂੰ ਉਲੰਘ ਕੇ ਨਵੀਂ ਵਿਚਾਰਧਾਰਾ ਨੂੰ ਮਨੋਂਵਾਸ ਕਰਨ ਦਾ ਅਮਲ ਆਮ ਤੌਰ ਤੇ ਧੀਮਾ ਅਤੇ ਕਸ਼ਟਦਾਇਕ ਹੁੰਦਾ ਹੈ । ਇਹੀ ਕਾਰਣ ਹੈ ਅਜੋਕੇ ਸਮੇਂ ਸਿਰਜਿਆ ਜਾ ਰਿਹਾ ਵਧੇਰੇ ਨਾਰੀ-ਪ੍ਰਵਚਨ ਪਰੰਪਰਾ ਅਤੇ ਆਧੁਨਿਕਤਾ ਦੇ ਤਣਾਉ ਸੰਘਰਸ਼ ਅਤੇ ਦਵੰਦ ਦੀ ਸਾਖੀ ਭਰਦਾ ਹੈ । ਤਾਂ ਵੀ ਇਸ ਨਵੇਂ ਸਮਾਨੰਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਵਚਨ ਦੀ [illegible] ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ।

ਨਾਰੀ-ਪ੍ਰਵਚਨ ਦੀ ਇਸ ਪਰਿਭਾਸ਼ਾ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ ਜਦੋਂ ਅਸੀਂ 'ਐਰ ਵੈਰ ਮਿਲਦਿਆਂ' ਨਾਵਲ ਦੇ ਪਾਠ-ਪ੍ਰਬੰਧ ਦਾ ਅਧਿਐਨ ਵਿਸ਼ਲੇਸ਼ਣ ਕਰਨ ਵਲ ਰੁਚਿਤ ਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਇਸ ਦੇ ਬਿਰਤਾਂਤਕ ਦ੍ਰਿਸ਼ਟੀਕੋਣ **(narrative point-of view)** ਵਲ ਸਾਡਾ ਧਿਆਨ ਜਾਂਦਾ ਹੈ । ਇਹ ਨਾਵਲ ਉੱਤਮ ਪੁਰਖ ਦੇ ਬਿਰਤਾਂਤ ਦੀ ਵਿਧੀ ਨੂੰ ਅਪਣਾਉਂਦਾ ਹੈ, ਪਰ ਇਹ ਉੱਤਮ-ਪੁਰਖ ਨਾਵਲੀ-ਸੰਸਾਰ ਤੋਂ ਬਾਹਰਲੀ ਜਾਂ ਵੱਖਰੀ ਹੋਂਦ ਨਹੀਂ ਸਗੋਂ ਇਸ ਵਿਚਲਾ ਕੇਂਦਰੀ ਪਾਤਰ (ਹਰਜੀਤ) ਹੈ । ਨਾਵਲ ਦਾ ਆਰੰਭ ਇਕ ਪ੍ਰਗੀਤਕ ਮੋਟਿਫ਼ ਨਾਲ ਹੁੰਦਾ ਹੈ—

"ਦਫ਼ਤਰ ਵਿਚ ਮੇਰਾ ਕਮਰਾ ਤੇ ਅਮਰੀਕ ਦਾ ਕਮਰਾ ਨਾਲੋ-ਨਾਲ ਹਨ । ਫਿਰ ਵੀ ਨਾ ਇਹ ਕਮਰਾ ਉਸ ਵਲ ਜਾ ਸਕਦਾ ਹੈ ਤੇ ਨਾ ਉਹ ਕਮਰਾ ਇਸ ਵਲ ਆ ਸਕਦਾ ਹੈ । ਦੋਵਾਂ ਦੀ ਆਪਣੀ ਆਪਣੀ ਸੀਮਾ ਹੈ । ਦੋਵਾਂ ਦੇ ਵਿਚਕਾਰ ਇਕ ਦੀਵਾਰ ਹੈ । ਦੀਵਾਰ ਬੜੀ ਪਤਲੀ ਜਿਹੀ ਹੈ ....." (ਪੰਨਾ 9)

ਹਰਜੀਤ ਇਕ ਪੜ੍ਹੀ ਲਿਖੀ, ਸੰਵੇਦਨਸ਼ੀਲ, ਵਿਆਹੀ ਵਰੀ ਨੌਕਰੀ ਪੇਸ਼ਾ ਔਰਤ ਹੈ । ਉਹ ਆਪਣੇ ਦਫ਼ਤਰ ਦੇ ਸਹਿਯੋਗੀ ਅਮਰੀਕ ਦੀ ਦੋਸਤਾਨਾ/ਸੁਹਿਰਦ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੈ । ਦੋਹਾਂ ਪਾਤਰਾਂ ਵਿਚਕਾਰ ਸਹਿਜ-ਸਨੇਹ ਅਤੇ ਆਕਰਸ਼ਣ ਦਾ ਬੇਨਾਮ ਜਿਹਾ ਰਿਸ਼ਤਾ ਕਾਇਮ ਹੋ ਜਾਂਦਾ ਹੈ ਜਿਸ ਦੀ ਨੇੜਤਾ ਨਾਲ ਨਾਲ ਲਗਦੇ ਦੋ ਕਮਰਿਆਂ ਵਰਗੀ ਹੈ । ਕਮਰਿਆਂ ਨੂੰ ਜੋੜਨ ਅਤੇ ਨਿਖੇੜਨ ਵਾਲੀ ਪਤਲੀ ਜਿਹੀ ਦੀਵਾਰ ਦੋਹਾਂ ਪਾਤਰਾਂ ਵਿਚਾਲੇ ਭਾਵੁਕ ਸੰਬੰਧ ਨੂੰ ਪਰਿਭਾਸ਼ਿਤ ਕਰਨ ਵਾਲਾ ਮੋਟਿਫ਼ ਹੋ ਨਿਬੜਦੀ ਹੈ । ਇਕੋ ਵੇਲੇ ਨੇੜਤਾ ਅਤੇ ਦੂਰੀ ਦਾ ਲਖਾਇਕ ਇਹ ਮੋਟਿਫ਼ ਦੋਸਤੀ ਅਤੇ ਸੁਹਿਰਦਤਾ ਦਾ ਪ੍ਰਤੀਕ ਹੈ ਅਤੇ ਇਸਤਰੀ-ਪੁਰਖ ਸੰਬੰਧਾਂ ਦੀ ਪਰੰਪਰਕ ਵਲਗਣ ਵਿਚ ਨਾ ਸਮਾ ਸਕਣ ਵਾਲਾ ਨਵਾਂ ਰਿਸ਼ਤਾ ਬਣ ਕੇ ਉਜਾਗਰ ਹੁੰਦਾ ਹੈ । ਆਧੁਨਿਕ ਚੇਤਨਾ ਅਤੇ ਸੰਵੇਦਨਾ ਲਈ ਤਾਂ ਭਾਵੇਂ ਮਰਦ-ਔਰਤ ਵਿਚਕਾਰ ਇਹ ਦੋਸਤੀ ਦਾ ਨਵਾਂ ਰਿਸ਼ਤਾ ਸਹਿਜ-ਸੁਭਾਵਕ ਤੌਰ ਤੇ ਪ੍ਰਵਾਨ ਕਰਨ ਯੋਗ ਹੈ, ਪਰ ਮੱਧਕਾਲੀ ਸੋਚ ਦੇ ਘੇਰੇ ਵਿਚ ਅਜਿਹਾ ਰਿਸ਼ਤਾ ਐਬ ਜਾਂ ਗੁਨਾਹ ਹੀ ਮੰਨਿਆ ਜਾਂਦਾ ਰਿਹਾ ਹੈ । ਪਰੰਪਰਕ ਵਿਆਹ ਪ੍ਰਥਾ ਜਾਗੀਰਦਾਰੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਰਹਿੰਦ-ਖੂੰਹਦ ਉਤੇ ਆਧਾਰਿਤ ਹੋਣ ਕਾਰਣ ਮਰਦ-ਔਰਤ ਵਿਚਾਲੇ ਇਸ ਕਿਸਮ ਦੇ ਵਿਆਹ-ਬਾਹਰੇ ਦੋਸਤੀ ਦੇ ਰਿਸ਼ਤੇ ਨੂੰ ਪ੍ਰਵਾਨ ਨਹੀਂ ਕਰ ਸਕਦੀ । 'ਐਰ ਵੈਰ ਮਿਲਦਿਆਂ' ਨਾਵਲ ਵਿਚ ਪਰੰਪਰਕ ਸਭਿਆਚਾਰਕ ਮਾਪਦੰਡਾਂ ਨੂੰ ਵੰਗਾਰਨ ਵਾਲਾ ਇਹ ਸਹਿਜ ਮਨੁਖੀ ਰਿਸ਼ਤਾ ਹਰਜੀਤ ਅਤੇ ਉਸ ਦੇ ਪਤੀ ਰਜਿੰਦਰ ਵਿਚਕਾਰ ਇਕ ਦੀਵਾਰ ਬਣ ਜਾਦਾ ਹੈ ਅਤੇ ਅੰਤਾਂ ਦੇ ਕਸ਼ਟ/ਕਲੇਸ਼ ਨੂੰ ਜਨਮ ਦਿੰਦਾ ਹੈ । ਮਾਲਵੇ ਦੀ ਲੋਕਧਾਰਾ ਅਨੁਸਾਰ ਐਰ ਵੈਰ ਮਿਲਦਿਆਂ ਸੂਰਜ ਦੇ ਅਸਤ ਹੋਣ ਦਾ ਉਹ ਵੇਲਾ ਹੈ ਜਦੋਂ ਬਦਰੂਹਾਂ ਧਰਤੀ ਉਤੇ ਘੁੰਮਦੀਆਂ ਹਨ । ਨਾਵਲ ਵਿਚ ਪਰੰਪਰਾ ਅਤੇ ਆਧੁਨਿਕਤਾ ਦੇ ਸੰਕਰਾਂਤੀ ਕਾਲ ਨੂੰ ਹੀ ਐਰ ਵੈਰ ਮਿਲਦਿਆਂ ਵਾਲੀ ਰਹੱਸਮਈ ਡਰ ਦੀ ਸਥਿਤੀ ਦਾ ਪ੍ਰਤੀਕ ਬਣਾ ਕੇ ਗ੍ਰਹਿਣ ਕੀਤਾ ਗਿਆ ਹੈ । ਨਵੀਂ ਸੋਚ ਦੇ ਇਰਦ ਗਿਰਦ ਪਰੰਪਰਕ ਕਦਰਾਂ ਕੀਮਤਾਂ ਬਦਰੂਹਾਂ ਦੇ ਪ੍ਰਛਾਵੇਂ ਵਾਂਗ ਹੀ ਫੈਲੀਆਂ ਹੋਈਆਂ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਹਨਾਂ ਤੋਂ ਛੁਟਕਾਰਾ ਹਾਸਲ ਕਰਨਾ ਸੌਖਾ ਨਹੀਂ ।

ਨਾਵਲ ਦੇ ਸਮੁਚੇ ਬਿਰਤਾਂਤ ਨੂੰ ਨਾਰੀ ਮੁਖ-ਪਾਤਰ ਬਿਰਤਾਂਤਕ ਵਲੋਂ ਪੇਸ਼ ਕਰਨਾ ਇਸ ਦੀ ਪਾਠ-ਮੂਲਕ ਜੁਗਤ ਹੈ ਜੋ ਨਾਰੀ-ਪ੍ਰਵਚਨ ਦੀ ਸਿਰਜਨਾ ਦਾ ਮੁਖ ਆਧਾਰ ਹੋ ਨਿਬੜਦਾ ਹੈ। ਭਾਵੇਂ ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਹਰ ਨਾਰੀ-ਬਿਰਤਾਂਤਕ ਨਾਰੀ-ਪ੍ਰਵਚਨ ਦਾ ਨਿਰਨਾਤਾ ਹੀ ਹੋਵੇਗਾ। ਨਾਰੀ-ਪ੍ਰਵਚਨ ਲਈ ਬਿਰਤਾਂਤਕ ਦਾ ਨਾਰੀ ਹੋਣ ਨਾਲੋਂ ਵੀ ਵਧੇਰੇ ਨਾਰੀ-ਹੋਂਦ ਬਾਰੇ ਸਵੈ-ਚੇਤਨ ਹੋਣਾ ਲਾਜ਼ਮੀ ਹੈ। 'ਐਰ ਵੈਰ ਮਿਲਦਿਆਂ' ਨਾਵਲ ਦੀ ਬਿਰਤਾਂਤਕ ਹਰਜੀਤ ਆਪਣੀ ਮੁਢਲੀ ਸਵੈ-ਸੰਤੁਸ਼ਟ ਅਵਸਥਾ ਵਿਚੋਂ ਉਭਰ ਕੇ ਆਪਣੀ ਹਸਤੀ ਅਤੇ ਹੋਂਦ ਦੇ ਮੂਲ ਸਰੋਕਾਰਾਂ ਦੀ ਤਲਾਸ਼ ਨਾਲ ਜਾ ਜੁੜਦੀ ਹੈ। ਉਸ ਦੇ ਅੰਦਰ ਆਪਣੇ ਸਵੈ ਦੀ ਜਾਗ੍ਰਤੀ ਪੈਦਾ ਕਰਨ ਵਾਲਾ ਮੁਖ ਤੱਤ ਪਤੀ ਦੀ ਨਾਰਾਜ਼ਗੀ ਵਿਚੋਂ ਉਭਰਦਾ ਹੈ। ਹਰਜੀਤ ਵਿਆਹੀ ਵਰੀ ਹੋਣ ਦੇ ਬਾਵਜੂਦ ਆਪਣੇ ਸਹਿਯੋਗੀ ਅਮਰੀਕ ਨੂੰ ਇਕ ਚੰਗਾ ਇਨਸਾਨ ਸਮਝਦੀ ਹੈ। ਖ਼ਾਸ ਤੌਰ ਤੇ ਜਦੋਂ ਉਸ ਨੂੰ ਇਹ ਪਤਾ ਚਲਦਾ ਹੈ ਕਿ ਅਮਰੀਕ ਨੂੰ ਕਿਸੇ ਖ਼ੌਫ਼ਨਾਕ ਬਿਮਾਰੀ ਦਾ ਇਲਾਜ ਕਰਾਉਣ ਲਈ ਅਮਰੀਕਾ ਜਾਣਾ ਪੈ ਗਿਆ ਹੈ ਤਾਂ ਉਸ ਦੇ ਮਨ ਵਿਚ ਸਨੇਹ ਅਤੇ ਮੋਹ ਦੇ ਉਦਗਾਰ ਹੋਰ ਵੀ ਪ੍ਰਬਲ ਹੋ ਉਠਦੇ ਹਨ। ਉਹ ਅਮਰੀਕ ਨੂੰ ਇਕ ਸੰਖੇਪ ਜਿਹੀ ਚਿੱਠੀ ਵੀ ਲਿਖਦੀ ਹੈ ਜਿਸ ਵਿਚ ਉਸ ਦੀ ਸਿਹਤਯਾਬੀ ਲਈ ਦੁਆ ਕੀਤੀ ਗਈ ਹੈ। ਹਰਜੀਤ ਦਾ ਪਤੀ ਰਾਜਿੰਦਰ ਇਸ ਚਿੱਠੀ ਨੂੰ ਪੜ੍ਹ ਲੈਂਦਾ ਹੈ ਅਤੇ ਉਸ ਦਾ ਸ਼ੰਕਾਲੂ ਮਨ ਹਰਜੀਤ ਅਤੇ ਅਮਰੀਕ ਵਿਚਾਲੇ ਕਿਸੇ ਨਾਜਾਇਜ਼ ਸੰਬੰਧ ਦੀ ਕਲਪਨਾ ਕਰ ਲੈਂਦਾ ਹੈ। ਇਥੋਂ ਹੀ ਬਿਰਤਾਂਤਕ ਦੇ ਮਨ ਵਿਚ ਰਿਸ਼ਤਿਆਂ ਦੀ ਸਾਰਥਕਤਾ ਬਾਰੇ ਕਿੰਤੂ ਉਠਣੇ ਸ਼ੁਰੂ ਹੋ ਜਾਂਦੇ ਹਨ।

"ਸੋਚਦੀ ਹਾਂ ਸਾਡੇ ਰਿਸ਼ਤਿਆਂ ਦੀਆਂ ਬੁਨਿਆਦਾਂ ਕਿੰਨੀਆਂ ਕੱਚੀਆਂ ਹਨ। ਜਿਸ ਆਦਮੀ ਨੂੰ ਮੈਂ ਏਨਾ ਆਪਣਾ ਸਮਝਦੀ ਸੀ ਉਹ ਕਿੰਨੀ ਛੇਤੀ ਬੇਗਾਨਾ ਬਣ ਗਿਆ ਹੈ।

ਕੀ ਆਪਣੀ ਮਰਜ਼ੀ ਕਰਨ ਦਾ ਮੈਨੂੰ ਏਨਾ ਕੁ ਹੱਕ ਵੀ ਨਹੀਂ ਕਿ ਕਿਸੇ ਨੂੰ ਖ਼ਤ ਵੀ ਲਿਖ ਸਕਾਂ। ਕੀ ਮੇਰੀ ਕਾਇਆ ਏਡੀ ਹੀ ਕੱਚੀ ਹੈ ਕਿ ਕਿਸੇ ਹੋਰ ਦਾ ਖ਼ਿਆਲ ਆਉਣ ਨਾਲ ਹੀ ਮੈਲੀ ਹੋ ਜਾਵੇਗੀ। ਬੱਸ ਇਹੀ ਹੈ ਮੇਰਾ ਮੁੱਲ ਕਿ ਲੱਛਮਣ ਰੇਖਾ ਤੋਂ ਪਾਰ ਝਾਕਣ ਨਾਲ ਹੀ ਬੇਮਾਅਨੇ ਹੋ ਜਾਂਦੀ ਹਾਂ।" (ਪੰਨਾ 18)

ਪਰੰਪਰਕ ਰਿਸ਼ਤਿਆਂ ਨੂੰ ਆਧੁਨਿਕ ਸੋਚ ਦੇ ਅੰਤਰਗਤ ਰਖ ਕੇ ਵਿਚਾਰਨ ਦਾ ਇਹ ਉਪਰਾਲਾ ਨਾਰੀਵਾਦੀ ਪ੍ਰਵਚਨ ਦੀ ਸਿਰਜਨਾ ਵਲ ਪੁਟਿਆ ਗਿਆ ਮੁੱਢਲਾ ਮਹੱਤਵਪੂਰਣ ਕਦਮ ਹੈ। ਨਾਵਲ ਦੇ ਬਿਰਤਾਂਤ ਵਿਚ ਜਿਵੇਂ ਜਿਵੇਂ ਇਹ ਦਵੰਦ ਗੂਹੜਾ ਹੁੰਦਾ ਜਾਂਦਾ ਹੈ ਤਿਵੇਂ ਤਿਵੇਂ ਹੀ ਬਿਰਤਾਂਤਕ ਵਿਚ ਆਪਣੀ ਨਾਰੀ ਹੋਂਦ ਦੀ ਚੇਤਨਾ ਉਗਮਦੀ ਜਾਂਦੀ ਹੈ। ਨਾਵਲ ਦੇ ਪੰਨਿਆਂ ਵਿਚ ਇਸ ਸਮਾਨੰਤਰ ਪ੍ਰਵਚਨ ਦੀ ਉਸਾਰੀ ਮੁਖ ਪਾਤਰ ਦੇ ਚੇਤਨਾ ਪ੍ਰਵਾਹ ਅਤੇ ਉਸ ਦੀਆਂ ਸੋਚਾਂ ਰਾਹੀਂ ਵੀ ਹੁੰਦੀ ਹੈ ਅਤੇ ਇਕ ਦੂਸਰੇ ਪਾਤਰ ਸੋਨਲ ਨਾਲ ਵਾਰਤਾਲਾਪ ਰਾਹੀਂ ਵੀ। ਵਿਵਸਥਾ ਦੇ ਵਿਚਾਰਧਾਰਾਈ ਉਸਾਰ ਦੇ ਦਬੇ, ਕੁਚਲੇ, ਗੁੰਗੇ ਬੋਲ ਸੋਚਾਂ ਦੇ ਪ੍ਰਵਾਹ ਰਾਹੀਂ ਪ੍ਰਗਟ ਹੋਣਾ ਲੋਚਦੇ ਹਨ। ਇਹਨਾਂ ਸੋਚਾਂ ਦਾ ਘੇਰਾ ਮਿਥਿਹਾਸਕ ਵਿਰਸੇ ਅਤੇ ਦਾਰਸ਼ਨਿਕ ਚਿੰਤਨ ਤਕ ਫੈਲਿਆ ਹੋਇਆ ਹੈ। ਮਿਥਿਹਾਸਕ ਵਿਰਸੇ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰੰਪਰਕ ਨਾਰੀ ਦਾ ਬਿੰਬ ਲੈ ਕੇ ਉਸ ਨੂੰ ਆਧੁਨਿਕ ਚਿੰਤਨ ਦੀ ਰੌਸ਼ਨੀ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਉਪਰਾਲਾ ਵੀ ਅਸਲ ਵਿਚ ਨਾਰੀਵਾਦੀ ਪ੍ਰਵਚਨ ਦੀ ਉਸਾਰੀ ਨਾਲ ਹੀ ਜਾ ਜੁੜਦਾ ਹੈ। ਇਸ ਦੀਆਂ ਕੁਝ ਮਿਸਾਲਾਂ ਪੇਸ਼ ਹਨ—

"ਕਈ ਸੌ ਸਾਲ ਪਹਿਲਾਂ ਵਾਲੀ ਅਹਿੱਲਿਆ ਮੇਰੇ ਮਨ ਵਿਚੋਂ ਲੰਘੀ ਕਿ ਉਸ ਨੇ ਵੀ ਗੌਤਮ ਰਿਸ਼ੀ ਨੂੰ ਬਹੁਤ ਕੁਝ ਆਖਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਪਰ ਰਿਸ਼ੀ ਨੇ ਸ਼ਾਇਦ ਕੁਝ ਵੀ ਸੁਣਿਆ ਨਹੀਂ। ਜੇ ਸੁਣਿਆ ਤਾਂ ਇਤਬਾਰ ਨਹੀਂ ਕੀਤਾ। ਅਹਿੱਲਿਆ ਨੂੰ ਸਿਲਪੱਥਰ ਹੋਣਾ ਪਿਆ। ਅਹਿੱਲਿਆ ਨੇ ਜਦੋਂ ਪੁਛਿਆ ਅਣਕੀਤੇ ਗੁਨਾਹ ਦਾ ਭਾਰ ਕਿੰਨਾ ਚਿਰ ਢੋਣਾ ਪਵੇਗਾ ? ਤਾਂ ਰਿਸ਼ੀ ਨੇ ਆਖਿਆ ਸੀ ਤ੍ਰੇਤੇ ਯੁਗ ਵਿਚ ਰਾਮ ਆਵੇਗਾ ਤੇਰਾ ਉਧਾਰ ਕਰਨ।

ਪਰ ਨਾ ਇਹ ਸਤਯੁਗ ਹੈ, ਨਾ ਦੁਆਪਰ, ਨਾ ਤ੍ਰੇਤਾ, ਮੇਰਾ ਕੀ ਬਣੇਗਾ ?"

(ਪੰਨਾ 21)

ਹਰਜੀਤ ਦੇ ਮਨ ਵਿਚ ਉਠਦੀਆਂ ਇਹ ਸੋਚਾਂ ਦੀ ਲੜੀ ਆਖਰਕਾਰ ਅੰਤਰ ਦਵੰਦ ਵਿਚੋਂ ਉਭਰ ਕੇ ਨਾਰੀਵਾਦੀ ਦ੍ਰਿਸ਼ਟੀਕੋਣ ਦੀ ਸਪੱਸ਼ਟ ਰੂਪ-ਰੇਖਾ ਉਘਾੜਨ ਵਲ ਰੁਚਿਤ ਹੁੰਦੀ ਦਿਖਾਈ ਦਿੰਦੀ ਹੈ—

"ਕੀ ਔਰਤ ਦਾ ਆਪਣੇ ਲਈ ਜਿਉਣ ਦਾ ਕੋਈ ਅਧਿਕਾਰ ਨਹੀਂ ?

ਇਹ ਅਧਿਕਾਰ ਉਸ ਨੂੰ ਕਿਸੇ ਹੋਰ ਨੇ ਦੇਣਾ ਹੈ, ਇਹ ਫ਼ੈਸਲਾ ਕਿਸ ਨੇ ਕਰ ਦਿਤਾ ਹੈ ?

ਉਹ ਆਪਣੇ ਫ਼ੈਸਲੇ ਆਪ ਕਿਉਂ ਨਹੀਂ ਕਰ ਸਕਦੀ ?

ਮੈਂ ਨਹੀਂ ਕਹਿੰਦੀ ਹਰ ਔਰਤ ਵਿਦਰੋਹ ਕਰ ਦੇਵੇ ਕਿਉਂਕਿ ਹਰ ਔਰਤ ਆਪਣੇ ਜਿਉਣ ਦੀ ਆਪ ਜ਼ਿੰਮੇਵਾਰ ਹੋਣ ਦੀ ਜੁਰੱਤ ਕਿਥੇ ਰਖਦੀ ਹੈ। ਬਹੁਤੀਆਂ ਔਰਤਾਂ ਤਾਂ ਆਪਣੇ ਪ੍ਰਤੀ ਹਰ ਫ਼ੈਸਲੇ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਦੇ ਕੇ ਆਪ ਸੁਰਖਰੂ ਰਹਿ ਕੇ ਜਿਉਣਾ ਹੀ ਜਾਣਦੀਆਂ ਨੇ। ਉਹਨਾਂ ਲਈ ਫ਼ੈਸਲੇ ਕਦੇ ਧਰਮ ਕਰਦਾ ਹੈ, ਕਦੇ ਕਾਨੂੰਨ, ਕਦੇ ਸਮਾਜ, ਕਦੇ ਪਰੰਪਰਾ ਜੋ ਕਿਸੇ ਵੇਲੇ ਰਲ ਕੇ ਬਾਪ ਦਾ ਰੂਪ ਧਾਰ ਲੈਂਦੇ ਹਨ, ਕਦੇ ਪਤੀ ਦਾ ਤੇ ਕਦੇ ਪੁਤਰ ਦਾ। ਔਰਤ ਹੋਰ ਵਸਤੂਆਂ ਵਾਂਗ ਇਕ ਵਸਤੂ ਹੀ ਤਾਂ ਹੈ ਜੋ ਹੋਰ ਵਸਤੂਆਂ ਵਾਂਗ ਵੇਚੀ ਤੇ ਵੰਡੀ ਜਾਂਦੀ ਹੈ।"

(ਪੰਨਾ 39-40)

ਇਉਂ ਬਿਰਤਾਂਤਕ ਦਾ ਔਰਤ ਦੀ ਵਸਤੂ ਸਥਿਤੀ ਤੋਂ ਪਰਿਚਿਤ ਹੋਣਾ ਅਤੇ ਪਰੰਪਰਕ ਪੁਰਖ ਪ੍ਰਧਾਨ ਵਿਚਾਰਧਾਰਾ ਦੇ ਮੂਲ ਆਧਾਰਾਂ ਨੂੰ ਵੰਗਾਰਨਾ ਇਸ ਰਚਨਾ ਵਿਚ ਪ੍ਰਮਾਣਕ ਨਾਰੀ-ਪ੍ਰਵਚਨ ਦੀ ਉਸਾਰੀ ਦਾ ਆਧਾਰ ਹੋ ਨਿਬੜਦਾ ਹੈ। ਇਹ ਬਿਰਤਾਂਤਕ ਮੁਖ-ਪਾਤਰ ਆਪਣੀ ਨਾਰੀ ਹੋਂਦ ਦੀ ਤਲਾਸ਼ ਨੂੰ ਅਸਲ ਵਿਚ ਮਨੁਖੀ ਹੋਂਦ ਦੇ ਗੌਰਵਮਈ ਪਾਸਾਰ ਨਾਲ ਜੁੜਨ ਦਾ ਉਪਰਾਲਾ ਬਣਾਉਣਾ ਲੋਚਦਾ ਹੈ। ਇਕ ਨਿਰੋਲ ਹਿਊਮਨ ਬੀਇੰਗ ਬਣਨਾ ਲੋਚਦਾ ਹੈ।

ਸਹਿਜ ਸਰਲ ਬਿਰਤਾਂਤ ਦਾ ਸੰਗਠਨ ਕਰਨ ਵਾਲੇ ਇਸ ਗਲਪੀ ਪ੍ਰਵਚਨ ਦੀ ਵਿਲੱਖਣਤਾ ਇਸ ਦੇ ਸਪੱਸ਼ਟ ਨਾਰਵਾਦੀ ਨਜ਼ਰੀਏ ਰਾਹੀਂ ਹੀ ਸਾਕਾਰ ਹੁੰਦੀ ਹੈ। ਇਉਂ ਇਸ ਨਾਵਲ ਨੂੰ ਅਸੀਂ ਪੁਰਖ ਪ੍ਰਧਾਨ ਕਦਰਾਂ ਕੀਮਤਾਂ ਦੇ ਸੰਗਠਨ ਨੂੰ ਵੰਗਾਰਨ ਵਾਲੀ ਅਤੇ ਇਕ ਸਮਾਨੰਤਰ ਨਾਰੀ-ਪ੍ਰਵਚਨ ਦੀ ਉਸਾਰੀ ਕਰਨ ਵਾਲੀ ਮਹੱਤਵਯੋਗ ਰਚਨਾ ਸਵੀਕਾਰ ਕਰ ਸਕਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਤਾਂ ਹੋਈਆਂ ਵੱਡੀਆਂ ਨਾਵਲ : ਇਕ ਅਧਿਐਨ

ਪੰਜਾਬੀ ਦੇ ਸੁਪ੍ਰਸਿੱਧ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਦੀ ਨਵ-ਪ੍ਰਕਾਸ਼ਿਤ ਰਚਨਾ 'ਰਾਤਾਂ ਹੋਇਆਂ ਵੱਡੀਆਂ' ਦਾ ਵੇਰਵੇ ਨਾਲ ਅਧਿਅਨ ਵਿਸ਼ਲੇਸ਼ਣ ਕਰਨ ਲਈ ਸਭ ਤੋਂ ਪਹਿਲਾਂ ਇਸਦੀ ਰੂਪ-ਵਿਧੀ ਨੂੰ ਸਪਸ਼ਟ ਕਰ ਲੈਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਕਾਰਣ ਇਹ ਹੈ ਕਿ ਨਾਵਲ ਦੇ ਸਿਰਲੇਖ ਅਧੀਨ ਪ੍ਰਕਾਸ਼ਿਤ ਹੋਈ ਇਹ ਰਚਨਾ ਨਾਵਲ ਦੀਆਂ ਪਰੰਪਰਕ ਰਚਨਾ-ਰੂੜੀਆਂ ਨੂੰ ਰੱਦ ਕਰਦੀ ਹੋਈ ਦਿਖਾਈ ਦਿੰਦੀ ਹੈ। ਨਾਵਲ ਅਜੋਕੇ ਦੌਰ ਵਿਚ ਵਿਕਸਿਤ ਹੋਇਆ ਇਕ ਅਜਿਹਾ ਵਿਲੱਖਣ ਸਾਹਿਤ-ਰੂਪ ਹੈ ਜਿਸਦੇ ਅੰਤਰਗਤ ਕਥਾ ਅਤੇ ਕਥਾਨਕ ਦੀਆਂ ਪਰੰਪਰਕ ਜੁਗਤਾਂ ਰਾਹੀਂ ਇਕ ਵਿਸ਼ੇਸ਼ ਪ੍ਰਕਾਰ ਦੇ ਗਲਪੀ ਬਿਰਤਾਂਤ ਦਾ ਸੰਗਠਨ ਉਸਾਰਿਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਨਾਵਲੀ ਰਚਨਾ, ਪਾਤਰਾਂ ਦੀ ਸਥਿਤੀ ਅਤੇ ਗਤੀਵਿਧੀ ਨੂੰ ਕਾਰਜ਼ਾਂ ਅਤੇ ਘਟਨਾਵਾਂ ਦੇ ਇਕਸੁਰ/ਇਕਾਗਰ ਪ੍ਰਬੰਧ ਵਿਚ ਢਾਲ ਕੇ ਯਥਾਰਥ ਦਾ ਗਲਪੀ ਬਿੰਬ ਉਸਾਰਨ ਵਲ ਰੁਚਿਤ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਰਾਤਾਂ ਹੋਈਆਂ ਵੱਡੀਆਂ' ਵਿਚ ਪੇਸ਼ ਹੋਈ ਸੰਪੂਰਣ ਸਮੱਗਰੀ ਮੂਲਰੂਪ ਵਿਚ ਗਲਪੀ ਬਿਰਤਾਂਤ ਦੇ ਖੇਤਰ ਨਾਲ ਹੀ ਸੰਬੰਧਿਤ ਹੈ ਪਰ ਰਚਨਾਕਾਰ ਨੇ ਆਪਣੇ ਗਲਪੀ ਬਿਰਤਾਂਤ ਨੂੰ ਜਿਸ ਰੂਪ ਵਿਚ ਸੰਗਠਿਤ ਕੀਤਾ ਹੈ ਉਹ ਪਰੰਪਰਕ ਨਾਵਲ ਦੀ ਵਿਧੀ ਦੇ ਚੌਖਟੇ ਵਿਚ ਫਿਟ ਹੋ ਸਕਣ ਤੋਂ ਇਨਕਾਰੀ ਹੈ। ਇਥੇ ਨਾ ਤਾਂ ਕਥਾ ਅਤੇ ਕਥਾਨਕ ਦੇ ਰਵਾਇਤੀ ਪ੍ਰਤੀਮਾਨਾਂ ਨੂੰ ਵਰਤਿਆ ਗਿਆ ਹੈ ਅਤੇ ਨਾ ਹੀ ਕਿਸੇ ਇਕ ਇਕਾਗਰ ਬਿਰਤਾਂਤਕ ਦ੍ਰਿਸ਼ਟੀਕੋਣ (Narrative point of view) ਨੂੰ ਪੇਸ਼ਕਾਰੀ ਦਾ ਮਾਧਿਅਮ ਬਣਾਇਆ ਗਿਆ ਹੈ। ਸਿਟੇ ਵਜੋਂ ਇਹ ਰਚਨਾ ਵੱਖ-ਵੱਖ ਪਾਤਰਾਂ ਦੇ ਆਲੇ-ਦੁਆਲੇ ਸੰਗਠਿਤ ਕੀਤੇ ਗਏ ਲਘੂ-ਬਿਰਤਾਂਤਾਂ ਦਾ ਕਥਾਨਕ-ਰਹਿਤ ਗਠਜੋੜ ਬਣ ਕੇ ਰਹਿ ਗਈ ਹੈ। ਵਾਪਰ ਰਹੀਆਂ ਘਟਨਾਵਾਂ ਨੂੰ ਕਿਧਰੇ ਸਰਵ-ਗਿਆਤਾ ਬਿਰਤਾਂਤਕਾਰ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ ਅਤੇ ਕਿਧਰੇ ਕਿਸੇ ਇਕ ਪਾਤਰ ਦੀ ਮਨਬਚਨੀ ਦੁਆਰਾ। ਇਕ ਜਗਾ ਤਾਂ ਮ੍ਰਿਤ ਪਤਾਰਾਂ ਦੇ ਪਰਛਾਵਿਆਂ ਦੀ ਵਿਥਿਆ ਵੀ ਬਿਆਨ ਕੀਤੀ ਗਈ ਹੈ। ਪੰਜਾਬੀ ਨਾਵਲ ਦੇ ਪ੍ਰਸੰਗ ਵਿਚ ਇਸ ਕਿਸਮ ਦੀਆਂ ਰਚਨਾ-ਜੁਗਤਾਂ ਨੂੰ ਨਵਾਂ ਪ੍ਰਯੋਗ ਹੀ ਸਮਝਿਆ ਜਾ ਸਕਦਾ ਹੈ। ਪਰ ਤਾਂ ਕੀ ਇਸ ਰਚਨਾ ਦਾ ਇਹ ਪ੍ਰਯੋਗਸ਼ੀਲ ਸੁਭਾਅ ਨਾਵਲ ਦੇ ਪਰੰਪਰਕ ਰੂਪ ਤੋਂ ਪਾਰ ਜਾਣ ਦੀ ਕੋਸ਼ਿਸ਼ ਵਿਚ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਕੀ ਇਸਦੀ ਤੁਲਨਾ ਅਜੋਕੇ ਪਛਮੀ ਸਾਹਿਤ ਵਿਚ ਵਿਕਸਿਤ ਹੋ ਰਹੀ ਨਵ-ਨਾਵਲੀ ਲਿਖਤ ਨਾਲ ਕਰਨੀ ਉਚਿਤ ਹੈ ? ਇਸਦਾ ਸਪਸ਼ਟ ਉਤੱਰ ਹੈ —ਨਹੀਂ । ਕਿਉਂ ਜੋ ਪਛਮ ਦੀ ਨਵ-ਨਾਵਲੀ ਲਿਖਤ (New-Novel) ਉਥੋਂ ਦੇ ਅਤਿ-ਵਿਕਸਿਤ ਬੂਰਜੂਆ ਪ੍ਰਬੰਧ ਦੀ ਉਪਜ ਹੈ ਜੋ ਸਾਡੀ ਮਸਾਜਿਕ-ਆਰਥਕ ਬਣਤਰ ਨਾਲੋਂ ਗੁਣਾਤਮਕ ਤੌਰ ਤੇ ਵੱਖਰਾ ਹੈ । ਬੂਰਜੂਆ ਪ੍ਰਬੰਧ ਦਾ ਮਸ਼ੀਨੀਕ੍ਰਿਤ ਅਮਾਨਵੀ ਮਾਹੌਲ ਮਨੁੱਖ ਨੂੰ ਆਪਣੇ ਆਪ ਨਾਲੋਂ ਬੇਗਾਨਾ ਬਣਾ ਦਿੰਦਾ ਹੈ ਅਤੇ ਇਕ ਵਿਸ਼ੇਸ਼ ਪ੍ਰਕਾਰ ਦੇ ਮਨੋਵਿਰੇਤਕ ਨੂੰ ਜਨਮ ਦਿੰਦਾ ਹੈ । ਜ਼ਾਹਰ ਹੈ ਕਿ ਅਜਿਹੇ ਸਿਸਟਮ ਵਿਚ ਜਿਉਣ ਵਾਲੇ ਮਨੁੱਖ ਵਿਸ਼ੇਸ਼ ਤੌਰ ਤੇ ਬੂਰਜੂਆ ਮਨੁੱਖ ਦੀ ਹੋਂਦ-ਅਵਸਥਾ ਅਜੀਬ ਤਰ੍ਹਾਂ ਦੀਆਂ ਜਟਿਲਤਾਵਾਂ ਅਤੇ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋ ਜਾਂਦੀ ਹੈ ਜਿਨ੍ਹਾਂ ਨੂੰ ਕਥਾ ਅਤੇ ਕਥਾਨਕ ਦੇ ਰਵਾਇਤੀ ਬਿਰਤਾਂਤ ਪ੍ਰਬੰਧ ਵਿਚ ਬੰਨ੍ਹਣਾ ਮੁਸ਼ਕਲ ਹੋ ਜਾਂਦਾ ਹੈ । ਅਜਿਹੀ ਸਥਿਤੀ ਵਿਚ ਹੀ ਪਛਮ ਦੀ ਨਵ-ਨਾਵਲੀ ਲਿਖਤ ਹੋਂਦ ਵਿਚ ਆਈ ਹੈ ਜੋ ਪਰੰਪਰਕ ਨਾਵਲ ਦੇ ਰੂਪ ਦਾ ਸੁਭਾਵਕ ਵਿਕਾਸ ਮੰਨੀ ਜਾ ਸਕਦੀ ਹੈ । ਸੁਰਿੰਦਰ ਸਿੰਘ ਨਰੂਲਾ ਦੀ ਇਸ ਰਚਨਾ ਪਾਸੋਂ ਅਜਿਹੀ ਆਸ ਰਖਣਾ ਜ਼ਿਆਦਤੀ ਹੋਵੇਗੀ । ਕਿਉਂ ਜੋ ਇਸ ਵਿਚ ਪੇਸ਼ ਹੋਈ ਗਲਪ-ਸਮਗਰੀ ਕਿਸੇ ਤਰ੍ਹਾਂ ਵੀ ਅਤਿ ਵਿਕਸਿਤ ਬੂਰਜੂਆ ਸਿਸਟਮ ਵਿਚ ਜਿਉਂ ਰਹੇ ਮਨੁੱਖ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਨ ਵਲ ਰੁਚਿਤ ਦਿਖਾਈ ਨਹੀਂ ਦਿੰਦੀ ਅਤੇ ਨਾ ਹੀ ਇਸ ਵਿਚ ਨਵ-ਨਾਵਲੀ ਲਿਖਤ ਦੀ ਵਿਧੀ ਨੂੰ ਰਚਨਾ ਦਾ ਮਾਡਲ ਬਣਾਇਆ ਗਿਆ ਹੈ । ਸੱਚ ਤਾਂ ਇਹ ਹੈ ਕਿ ਇਹ ਆਪਣੇ ਪ੍ਰਯੋਗਸ਼ੀਲ ਸੁਭਾਅ ਦੇ ਬਾਵਜੂਦ ਨਾਵਲ ਦੀ ਰੂਪ-ਵਿਧੀ ਦੇ ਨੇੜੇ ਤੇੜੇ ਹੀ ਵਿਚਰਦੀ ਹੈ । ਅਜਿਹੀ ਸਥਿਤੀ ਦੇ ਪ੍ਰਸੰਗ ਵਿਚ ਇਸ ਰਚਨਾ ਨੂੰ ਪਰੰਪਰਕ ਨਾਵਲ ਦਾ ਵਿਕ੍ਰਿਤ ਰੂਪ ਮਾਤਰ ਹੀ ਸਮਝਿਆ ਜਾ ਸਕਦਾ ਹੈ । ਨਾਵਲ ਦੇ ਸਮੁੱਚੇ ਬਿਰਤਾਂਤ ਨੂੰ ਕਿਸੇ ਇਕ ਜਾਂ ਬਹੁਤੇ ਪਾਤਰਾਂ ਦੀ ਲੜੀਬੱਧ ਕਥਾ ਬਣਾ ਕੇ ਪੇਸ਼ ਕਰਨ ਦੀ ਥਾਵੇਂ ਲੇਖਕ ਵੱਖ-ਵੱਖ ਪਾਤਰਾਂ ਦੀਆਂ ਸਿਥਤੀਆਂ ਨੂੰ ਲਘੂ-ਕਥਾਵਾਂ ਦੇ ਜੋੜਮੇਲ ਰਾਹੀਂ ਪ੍ਰਸਤੁਤ ਕਰਦਾ ਹੈ ਜੋ ਨਾਵਲੀ-ਪਾਠਕ ਦੇ ਪੂਰਬ-ਅਭਿਆਸ ਨੂੰ ਰਤਾ ਅੱਖਰਦੀ ਹੀ ਹੈ ਉਸਨੂੰ ਨਵ-ਨਾਵਲੀ ਲਿਖਤ ਦੇ ਜਟਿਲ ਪ੍ਰਬੰਧ ਵਾਂਗ ਚਿੰਤਨ-ਸ਼ੀਲ ਰਵੱਈਆ ਧਾਰਣ ਲਈ ਨਹੀਂ ਪ੍ਰੇਰਦੀ ।

'ਰਾਤਾਂ ਹੋਈਆਂ ਵੱਡੀਆਂ' ਦੀ ਰੂਪ ਵਿਧੀ ਦੇ ਸਪਸ਼ਟੀਕਰਣ ਤੋਂ ਉਪਰੰਤ ਹੁਣ ਅਸੀਂ ਇਸ ਰਚਨਾ ਦੇ ਬਿਰਤਾਂਤਕ ਸੰਗਠਨ ਰਾਹੀਂ ਰੂਪਮਾਨ ਹੋਏ ਗਲਪੀ ਬਿੰਬ ਦਾ ਅਧਿਅਨ ਵਿਸ਼ਲੇਸ਼ਣ ਕਰਨ ਵਲ ਪਰਤਦੇ ਹਾਂ । ਫ੍ਰੈਡਰਿਕ ਜੇਮਸਨ ਦੇ ਅਨੁਸਾਰ ਬਿਰਤਾਂਤਕ ਰਚਨਾ-ਬੁਨਿਆਦੀ ਤੌਰ ਤੇ ਸਮਾਜਿਕ ਪ੍ਰਤੀਕਾਤਮਕ ਕਾਰਜ ਹੋਣ ਦਾ ਪ੍ਰਮਾਣ ਪੇਸ਼ ਕਰਦੀ ਹੈ ।* ਅਰਥਾਤ ਇਸਦਾ ਸਿਰਜਿਤ ਸੰਸਾਰ ਮਨੁੱਖ ਦੇ ਸਮਾਜਿਕ ਯਥਾਰਥ ਨੂੰ ਪ੍ਰਤੀਕਾਤਮਕ ਪ੍ਰਗਟਾਵਾ ਦੇਣ ਵਲ ਰੁਕਿਤ ਹੁੰਦਾ ਹੈ । ਇਹੀ ਕਾਰਣ ਹੈ ਕਿ ਬਿਰਤਾਂਤਕ ਰਚਨਾ ਦੇ ਅਧਿਐਨ ਵਿਸ਼ਲੇਸ਼ਣ ਦਾ ਅੰਤਿਮ ਟੀਚਾ ਉਸਨੂੰ ਸਮਾਜ ਅਤੇ ਸਭਿਆਚਾਰ ਦੇ ਵਿਆਪਕ ਸੰਦਰਭ ਨਾਲ ਸੰਬੰਧਿਤ ਕਰਕੇ ਵਾਚਣ ਨਾਲ ਹੀ ਪੂਰਾ ਹੋ ਸਕਦਾ ਹੈ ।

*** Jameson, Fredric, The Political Unconscious.**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਰੂਲਾ ਦੇ ਇਸ ਨਾਵਲ ਦਾ ਸਮੁੱਚਾ ਸਿਰਜਿਤ ਸੰਸਾਰ ਮੂਲਰੂਪ ਵਿਚ ਭਾਰਤ ਦੇ ਰਾਜਸੀ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਦੇ ਦੁਆਲੇ ਘੁੰਮਦਾ ਹੈ। ਇਹ ਘਟਨਾ ਅੰਮ੍ਰਿਤਸਰ ਜਲ੍ਹਿਆਂਵਾਲੇ ਬਾਗ਼ ਦਾ ਉਹ ਖ਼ੂਨੀ ਸਾਕਾ ਹੈ ਜਿਸ ਵਿਚ ਹਜ਼ਾਰਾਂ ਅਮਨਪਸੰਦ ਸ਼ਹਿਰੀਆਂ ਨੂੰ ਅੰਗਰੇਜ਼ੀ ਸਾਮਰਾਜ ਦੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ। ਭਾਰਤ ਦੇ ਕੌਮੀ ਮੁਕਤੀ-ਅੰਦੋਲਨ ਵਿਚ ਇਸ ਘਟਨਾ ਦਾ ਵਿਸ਼ੇਸ਼ ਮਹੱਤਵ ਸਵੀਕਾਰ ਕੀਤਾ ਜਾਂਦਾ ਹੈ। ਮਹਾਤਮਾ ਗਾਂਧੀ ਦੀ ਅਗਵਾਈ ਵਿਚ ਚਲ ਰਹੀ ਕੌਮੀ ਆਜ਼ਾਦੀ ਲਹਿਰ ਅਹਿੰਸਾ, ਸਤਿਆਗ੍ਰਹਿ ਅਤੇ ਨਾ-ਮਿਲਵਰਤਨ ਦੇ ਸਿਧਾਂਤਾਂ ਨੂੰ ਸਮਰਪਿਤ ਸੀ ਜਿਸਨੇ ਭਾਰਤ ਦੇ ਵਿਸ਼ਾਲ ਜਨਸਮੂਹ ਨੂੰ ਵਿਦੇਸ਼ੀ ਹਕੂਮਤ ਦੇ ਖਿਲਾਫ਼ ਰਾਜਸੀ ਸੰਘਰਸ਼ ਲਈ ਜੱਥੇਬੰਦ ਕਰ ਦਿਤਾ ਸੀ। ਅਹਿੰਸਕ ਵਿਦਰੋਹ ਦੇ ਇਸ ਨਿਵੇਕਲੇ ਹਥਿਆਰ ਸਾਮ੍ਹਣੇ ਵਿਦੇਸ਼ੀ ਹਕੂਮਤ ਅਜੀਬ ਤਰ੍ਹਾਂ ਦੀ ਝੁੰਜਲਾਹਟ ਦਾ ਸ਼ਿਕਾਰ ਹੋ ਰਹੀ ਸੀ। ਹਿੰਸਕ ਵਿਦਰੋਹ ਨੂੰ ਪ੍ਰਤਿਹਿੰਸਾ ਰਾਹੀਂ ਕੁਚਲਣਾ ਸੌਖਾ ਹੈ ਪਰ ਅਹਿੰਸਕ ਲਹਿਰ ਨੂੰ ਦਬਾਉਣਾ ਉਨਾ ਸੌਖਾ ਨਹੀਂ। ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਨੇ ਜਿੱਥੇ ਸਮੁਚੇ ਭਾਰਤ ਦੀ ਰਾਜਸੀ ਆਤਮਾ ਨੂੰ ਝੰਜੋੜ ਕੇ ਜਗਾ ਦਿਤਾ ਉਥੇ ਇਸਨੇ ਕੁਝ ਨੌਜਵਾਨਾਂ ਦੇ ਮਨਾਂ ਵਿਚ ਹਿੰਸਕ ਵਿਦਰੋਹ ਦਾ ਬੀਜ ਵੀ ਬੀਜ ਦਿਤਾ। ਨਾਵਲ 'ਰਾਤਾਂ ਹੋਈਆਂ ਵੱਡੀਆਂ' ਅਜਿਹੇ ਹੀ ਇਨਕਲਾਬੀ ਨੌਜਵਾਨਾਂ ਦੇ ਵਿਦਰੋਹੀ ਸੰਘਰਸ਼ ਨੂੰ ਪੇਸ਼ ਕਰਦਾ ਹੈ ਜੋ ਆਜ਼ਾਦੀ ਦੀ ਲਹਿਰ ਨੂੰ ਆਪਣੇ ਬਲੀਦਾਨ ਰਾਹੀਂ ਪ੍ਰਚੰਡ ਕਰਨ ਲਈ ਉਤਾਵਲੇ ਹਨ। ਇਨ੍ਹਾਂ ਉਤਸ਼ਾਹੀ ਨੌਜਵਾਨਾਂ ਦਾ ਹਿੰਸਕ ਵਿਦਰੋਹ ਅਸਲ ਵਿਚ ਹਕੂਮਤ ਦੀ ਅਮਾਨਵੀ ਹਿੰਸਕ ਕਾਰਵਾਈ ਦੇ ਖਿਲਾਫ ਭੜਕਿਆ ਆਪ ਮੁਹਾਰਾ ਰੋਹ ਹੈ। ਹਕੂਮਤ ਲਈ ਇਸ ਕਿਸਮ ਦੇ ਵਿਦਰੋਹ ਨੂੰ ਕੁਚਲਨਾ ਬਹੁਤਾ ਔਖਾ ਨਹੀਂ ਸੀ। ਅੰਗਰੇਜ਼ੀ ਸਾਮਰਾਜ ਦੀ ਅਥਾਹ ਸ਼ਕਤੀ ਦੇ ਸਾਮ੍ਹਣੇ ਇਸ ਕਿਸਮ ਦੀ ਗੈਰ-ਜੱਥੇਬੰਦ ਦਹਿਸ਼ਤ ਪਸੰਦ ਲਹਿਰ ਦਾ ਬਹੁਤੀ ਦੇਰ ਟਿਕ ਸਕਣਾ ਸੰਭਵ ਨਹੀਂ ਸੀ। ਨਤੀਜੇ ਵਜੋਂ ਇਸ ਹਿੰਸਕ ਲਹਿਰ ਨੂੰ ਹਕੂਮਤ ਨੇ ਪ੍ਰਤੀਹਿੰਸਾ ਭਰੇ ਦਮਨ ਚੱਕਰ ਰਾਹੀਂ ਸਹਿਜੇ ਹੀ ਕੁਚਲ ਕੇ ਰੱਖ ਦਿਤਾ। ਤਾਂ ਵੀ ਇਨ੍ਹਾਂ ਨੌਜਵਾਨਾਂ ਦੀਆਂ ਕੁਰਬਾਨੀਆਂ ਨੇ ਭਾਰਤ ਦੇ ਕੌਮੀ ਮੁਕਤੀ ਅੰਦੋਲਨ ਵਿਚ ਆਪਣਾ ਮਹੱਤਵਪੂਰਨ ਹਿੱਸਾ ਪਾਇਆ। ਜਿਹਲ ਜੀਵਨ ਦੇ ਤਸੀਹਿਆਂ ਅਤੇ ਯਤਨਾਵਾਂ ਨੂੰ ਆਪਣੇ ਪਿੰਡੇ ਉਪਰ ਝਲਦੇ ਹੋਏ ਅਤੇ ਫਾਂਸੀ ਦੇ ਰੱਸਿਆਂ ਨੂੰ ਚੁੰਮਦੇ ਹੋਏ ਇਹ ਨੌਜਵਾਨ ਇਨਕਲਾਬੀ ਆਪਣੀ ਕੌਮ ਦੇ ਲੋਕਾਂ ਲਈ ਜੀਵੰਤ ਉਤਸ਼ਾਹ ਦਾ ਸੰਚਾਰ ਕਰਨਾ ਲੋੜਦੇ ਹਨ ਅਤੇ ਇਉਂ ਇਨ੍ਹਾਂ ਦੀ ਕੁਰਬਾਨੀ ਤ੍ਰਾਸਦ ਅੰਤ ਦੇ ਬਾਵਜੂਦ ਸਾਰਥਕ ਸਿੱਧ ਹੁੰਦੀ ਹੈ।

ਨਾਵਲਕਾਰ ਨੇ ਉਪਰੋਕਤ ਇਤਿਹਾਸਕ ਘਟਨਾ ਦਾ ਬਿਰਤਾਂਤ ਸੰਗਠਿਤ ਕਰਨ ਲਈ ਬੜੀ ਸਰਲ ਜਿਹੀ ਘਟਨਾ ਰੇਖਾ ਨੂੰ ਚੁਣਿਆ ਹੈ। ਨਾਵਲ ਦੇ ਆਰੰਭ ਵਿਚ ਇਸ ਮੂਲ ਘਟਨਾ ਨੂੰ ਨਾਟਕੀ ਰੂਪ ਵਿਚ ਬਿਆਨ ਕੀਤਾ ਗਿਆ ਹੈ। ਗੋਰੇ ਫੌਜੀਆਂ ਦੀ ਪਲਟਨ ਗੋਰਖਿਆਂ ਅਤੇ ਬਲੋਚੀਆਂ ਦੀਆਂ ਰੈਜਮੈਂਟਾਂ ਦੀ ਅਗਵਾਈ ਕਰਦੀ ਹੋਈ ਅੰਮ੍ਰਿਤਸਰ ਦੇ ਗਲੀ ਬਾਜ਼ਾਰਾਂ ਵਿਚੋਂ ਲੰਘ ਰਹੀ ਹੈ ਅਤੇ ਹੌਲੀ ਹੌਲੀ ਜਲ੍ਹਿਆਂਵਾਲੇ ਬਾਗ਼ ਦੀ ਨਾਕਾਬੰਦੀ ਕਰ ਲੈਂਦੀ ਹੈ। ਓਧਰ ਵਿਸਾਖੀ ਦੇ ਮੇਲੇ ਤੇ ਇਕੱਠੀ ਹੋਈ ਲੋਕਾਂ ਦੀ ਭੀੜ ਰਾਜਸੀ ਨੇਤਾਵਾਂ ਦੇ ਦੁਆਲੇ ਜੁੜੀ ਹੋਈ ਸੀ। 'ਰੋਲਟ ਐਕਟ ਵਾਪਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਓ' [illegible] ਰਹੇ ਸਨ । ਨੇਤਾਵਾਂ ਵਲੋਂ ਲੋਕਾਂ ਨੂੰ ਯਕੀਨ ਦਿਵਾਇਆ ਜਾ ਰਿਹਾ ਸੀ ਕਿ ਇਸ ਤਰ੍ਹਾਂ ਦੇ ਸ਼ਾਂਤਮਈ ਜਲਸੇ ਨੂੰ ਫੌਜ ਕੁਝ ਨਹੀਂ ਕਹੇਗੀ । ਪਰ ਬਰਤਾਨਵੀ ਸਾਮਰਾਜ ਤਾਂ ਟੱਕਰ ਲਈ ਉਤਾਰੂ ਸੀ ਅਤੇ ਆਖਰ ਇਹ ਟੱਕਰ ਹੋ ਹੀ ਗਈ ਸੀ' (ਪੰਨਾ 89) ਨਾਵਲ ਦੇ ਇਸ ਮੁਢਲੇ ਕਾਂਡ ਵਿਚ ਲੇਖਕ ਨੇ ਸਰਕਾਰ ਦੀ ਹਿੰਸਕ ਕਾਰਵਾਈ ਦਾ ਭਿਆਨਕ ਪਹਿਲੂ ਅਗਰਭੂਮੀ ਵਿਚ ਲਿਆਉਣ ਦਾ ਪ੍ਰਭਾਵਸ਼ਾਲੀ ਜਤਨ ਕੀਤਾ ਹੈ । ਨਿਹੱਥੇ ਅਮਨ-ਪਸੰਦ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦੇਣ ਦੇ ਮਾਰਮਿਕ ਦ੍ਰਿਸ਼ ਅਤੇ ਫੇਰ ਲੋਥਾਂ ਦੇ ਢੇਰਾਂ ਵਿਚ ਸਹਿਕਦੇ ਜ਼ਖਮੀਆਂ ਦਾ ਵਰਣਨ ਇਸ ਕਾਂਡ ਦੀ ਵਿਸ਼ੈ-ਸਮਗਰੀ ਦਾ ਕੇਂਦਰੀ ਧੁਰਾ ਹੈ । ਇਥੇ ਹੀ ਜਸਵੰਤ ਸਿੰਘ ਅਤੇ ਕ੍ਰਾਂਤੀਕੁਮਾਰ ਦੇ ਵਿਦਰੋਹੀ ਪ੍ਰਤਿਕਰਮ ਦਾ ਪਰਿਚਯ ਵੀ ਮਿਲਦਾ ਹੈ । ਇਨ੍ਹਾਂ ਪਾਤਰਾਂ ਦੇ ਮਨ ਵਿਚ ਹਿੰਸਾ ਦੀ ਇਹ ਘਟਨਾ ਪ੍ਰਤਿਹਿੰਸਾ ਦੀ ਚੰਗਿਆੜੀ ਸੁਟ ਦਿੰਦੀ ਹੈ ਜੋ ਨਾਵਲ ਵਿਚਲੇ ਅਗਲੇਰੇ ਖੰਡ ਦੇ ਕਾਰਜ ਦੀ ਭੂਮਿਕਾ ਬਣ ਜਾਂਦੀ ਹੈ ।

ਬਾਕੀ ਦੇ ਨਾਵਲ ਵਿਚ ਜਸਵੰਤ ਸਿੰਘ ਅਤੇ ਇਸਦੇ ਉਤਸ਼ਾਹੀ ਕ੍ਰਾਂਤੀਕਾਰੀ ਨੌਜਵਾਨ ਸਾਥੀਆ ਦੀਆਂ ਵਿਦਰੋਹੀ ਸਰਗਰਮੀਆਂ ਨੂੰ ਚਿਤ੍ਰਿਆ ਗਿਆ ਹੈ ਅਤੇ ਗ੍ਰਿਫਤਾਰ ਹੋਏ ਕ੍ਰਾਂਤੀਕਾਰੀਆਂ ਦੀਆਂ ਯਾਤਨਾ ਭਰਪੂਰ ਸਥਿਤੀਆਂ ਦਾ ਬਿਰਤਾਂਤ ਸੁਣਾਇਆ ਗਿਆ ਹੈ । ਜਿਹਲ ਵਿਚੋਂ ਫਰਾਰ ਹੋਣ ਅਤੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀਆਂ ਘਟਨਾਵਾਂ ਵੀ ਵਿਚ ਦਿਤੀਆਂ ਗਈਆਂ ਹਨ ।

ਜਲ੍ਹਿਆਂਵਾਲੇ ਬਾਗ ਦੀ ਇਸ ਮੂਲ ਘਟਨਾ ਤੋਂ ਬਾਅਦ ਦਾ ਸਮੁਚਾ ਨਾਵਲੀ ਬਿਰਤਾਂਤ ਇਕ ਤਰ੍ਹਾਂ ਨਾਲ ਉਪਰੋਕਤ ਘਟਨਾ ਦਾ ਪ੍ਰਤੀਕਰਮ ਹੈ ਜਿਸਨੂੰ ਮੋਟੇ ਤੌਰ ਤੇ ਇਕ ਵੱਖਰੇ ਥੀਮਕ ਖੰਡ ਦੇ ਅੰਤਰਗਤ ਰਖ ਕੇ ਵਿਚਾਰਿਆ ਜਾ ਸਕਦਾ ਹੈ । ਇਉਂ ਨਾਵਲ ਵਿਚਲੇ ਇਹ ਦੋਵੇਂ ਥੀਮਕ ਖੰਡ ਇਕ ਦੂਸਰੇ ਨਾਲ ਕਰਮ-ਪ੍ਰਤਿਕਰਮ ਦੇ ਰਿਸ਼ਤੇ ਵਿਚ ਬੱਝੇ ਹੋਏ ਪ੍ਰਤੀਤ ਹੁੰਦੇ ਹਨ । ਨਾਵਲ ਵਿਚਲੇ ਇਸ ਦੂਸਰੇ ਥੀਮਕ ਖੰਡ ਦੀ ਸਮੁਚੀ ਸਮਗਰੀ ਵੱਖ-ਵੱਖ ਪਾਤਰਾਂ ਦੀ ਸਥਿਤੀ ਅਤੇ ਗਤੀਵਿਧੀ ਨੂੰ ਬਿਆਨ ਕਰਦੀ ਹੈ । ਮਿਸਾਲ ਵਜੋਂ ਜਸਵੰਤ ਸਿੰਘ ਵਰਗੇ ਉਤਸ਼ਾਹੀ ਨੌਜਵਾਨਾਂ ਨੂੰ ਘਟਨਾ-ਸਥਲ ਤੇ ਜਾ ਕੇ ਜ਼ਖਮੀਆਂ ਦੀ ਸੰਭਾਲ ਕਰਦਿਆਂ ਦਰਸਾਉਂਦੇ ਹੋਏ ਉਸਦੇ ਮਾਨਸਿਕ ਪਰਿਵਰਤਨ ਦੀ ਥੀਮ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਹੈ । ਉਹ ਹੈ ਆਪਣੇ ਹਮ-ਖ਼ਿਆਲ ਲੋਕਾਂ ਦੀ ਇਕਤ੍ਰਤਾ ਬੁਲਾਉਂਦਾ ਹੈ ਅਤੇ ਉਸਦੇ ਮਨ ਵਿਚ ਇਹ ਵਿਚਾਰ ਘੁੰਮ ਰਿਹਾ ਹੈ ਕਿ ਸਰਕਾਰ ਨੂੰ ਗੋਲੀ ਦਾ ਜਵਾਬ ਗੋਲੀ ਨਾਲ ਕਿਵੇਂ ਦਿਤਾ ਜਾਵੇ । ਇਥੇ ਹੀ ਲੋਕਾਂ ਦੀ ਭੀੜ ਵਲੋਂ ਇਕ ਗੋਰੇ ਸਾਰਜੈਂਟ ਨੂੰ ਬੇਇੱਜ਼ਤ ਕਰਨ ਦੀ ਘਟਨਾ ਦਾ ਬਿਆਨ ਵੀ ਦਿਤਾ ਗਿਆ ਹੈ ਜੋ ਲੋਕਾਂ ਦੇ ਮਨ ਵਿਚ ਉਭਰ ਰਹੇ ਆਕ੍ਰੋਸ਼ ਦਾ ਪ੍ਰਤੀਕ ਹੈ । ਜਸਵੰਤ ਸਿੰਘ ਵਾਂਗ ਹੀ ਇਕ ਹੋਰ ਨੌਜਵਾਨ ਕ੍ਰਾਂਤੀਕੁਮਾਰ ਹੈ ਜੋ ਨੌਜਵਾਨਾਂ ਦੀ ਕ੍ਰਾਂਤੀਕਾਰੀ ਜੱਥੇਬੰਦੀ ਦਾ ਆਗੂ ਹੈ । ਇਹ ਦੋਵੇਂ ਮਿਲ ਕੇ ਹਕੂਮਤ ਦੀ ਹਿੰਸਕ ਕਾਰਵਾਈ ਦਾ ਬਦਲਾ ਲੈਣਾ ਚਾਹੁੰਦੇ ਹਨ ਪਰ ਸ਼ਹਿਰ ਦੇ ਗਲੀ ਮੁਹੱਲਿਆਂ ਨੂੰ ਫੌਜੀਆਂ ਨੇ ਘੇਰਿਆ ਹੋਇਆ ਹੈ । ਜਿਸ ਲਈ ਇਨ੍ਹਾਂ ਦਾ ਕੋਈ ਮਨਸੂਬਾ ਕਾਮਯਾਬ ਨਹੀਂ ਹੁੰਦਾ । ਇਨ੍ਹਾਂ, ਨੌਜਵਾਨਾਂ ਦੀ ਕ੍ਰਾਂਤੀਕਾਰੀ ਜੱਥੇਬੰਦੀ ਦੇ ਹੋਰ ਸਾਥੀ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਢੰਗ ਨਾਲ ਕ੍ਰਾਂਤੀਕਾਰੀ ਪ੍ਰੋਗਰਾਮ ਵਿਚ ਸਰਗਰਮ ਦਿਖਾਏ ਹਨ ਪਰ ਹੌਲੀ-ਹੌਲੀ ਇਕ-ਇਕ ਕਰਕੇ ਇਹ ਪੁਲਿਸ ਦੇ ਕਾਬੂ ਆ ਜਾਂਦੇ ਹਨ ਅਤੇ ਇਨ੍ਹਾਂ ਨੂੰ ਕਿਲਾ ਗੋਬਿੰਦਗੜ੍ਹ ਵਿਚ ਕੈਦ ਕਰ ਦਿਤਾ ਜਾਂਦਾ ਹੈ। ਕਈ ਸਾਥੀਆਂ ਨੂੰ ਕੈਦ ਕਰਨ ਤੋਂ ਪਹਿਲਾਂ ਹੀ ਤਸੀਹੇ ਦੇ ਕੇ ਮਰ ਮੁਕਾਕਿਆ ਜਾਂਦਾ ਹੈ। ਨਾਵਲ ਦੇ ਆਖਰੀ ਅੱਧ ਦਾ ਵਡੇਰਾ ਭਾਗ ਕੈਦੀਆਂ ਦੇ ਯਾਤਨਾ ਭਰੇ ਜੀਵਨ ਦੀ ਝਾਕੀ ਪ੍ਰਸਤੁਤ ਕਰਦਾ ਹੈ। ਇਨ੍ਹਾਂ ਕੈਦੀਆਂ ਵਿਚੋਂ ਵਿਸ਼ੇਸ਼ ਤੌਰ ਤੇ ਰਾਮ ਲਾਲ, ਸੋਹਣ ਲਾਲ, ਜੈ ਰਾਮ ਦਾਸ ਅਤੇ ਕੁਲਦੀਪ ਸਿੰਘ ਦੇ ਜਿਹਲ ਜੀਵਨ ਦੀ ਸਥਿਤੀ ਨੂੰ ਵੇਰਵੇ ਨਾਲ ਬਿਆਨ ਕੀਤਾ ਗਿਆ ਹੈ। ਇਨ੍ਹਾਂ ਜਿਹਲ-ਜੀਵਨ ਦੀ ਝਾਕੀਆਂ ਦੀ ਸਰਬ-ਸਾਂਝੀ ਥੀਮ ਯਤਨਾ ਦੇ ਆਲੇ-ਦੁਆਲੇ ਹੀ ਘੁੰਮਦੀ ਹੈ। ਕਾਲ ਕੋਠੜੀ ਵਿਚ ਸੜ ਰਹੇ ਇਹ ਕੈਦੀ ਕਿਸ ਤਰ੍ਹਾਂ ਦੀਆਂ ਅਮਾਨਵੀ ਸਥਿਤੀਆਂ ਦਾ ਦੁਖ ਭੋਗਦੇ ਹਨ ਅਤੇ ਕਿਸ ਤਰ੍ਹਾਂ ਇਹ ਕੈਦ ਵਿਚੋਂ ਫਰਾਰ ਹੋਣ ਦੀਆਂ ਸਫਲ ਜਾਂ ਅਸਫਲ ਵਿਉਂਤਾਂ ਬਣਾਉਂਦੇ ਹਨ ? ਇਸ ਸਾਰੇ ਕੁਝ ਨੂੰ ਨਾਵਲਕਾਰ ਨੇ ਵੱਖ-ਵੱਖ ਕਾਂਡਾਂ ਦੀ ਸਮਗਰੀ ਰਾਹੀਂ ਪ੍ਰਸਤੁਤ ਕੀਤਾ ਹੈ। ਇਹਨਾਂ ਝਾਕੀਆਂ ਦਾ ਕਲਾਤਮਕ ਪ੍ਰਯੋਜਨ ਪਾਠਕ ਦੇ ਮਨ ਵਿਚ ਮਨੁੱਖੀ ਬਿਪਤਾ ਨਾਲ ਜੂਝਦੇ ਉਤਸ਼ਾਹੀ ਵਿਅਕਤੀਆਂ ਦਾ ਚਿਤਰ ਉਘਾੜਨਾ ਹੈ ਅਤੇ ਵਿਦਰੋਹੀ ਮਨ ਦੇ ਅਟੁਟ ਮਨੋਬਲ ਦੀ ਝਾਕੀ ਪੇਸ਼ ਕਰਨਾ ਹੈ। ਨਾਵਲ ਦਾ ਅੰਤ ਇਕ ਵਿਦਰੋਹੀ ਨੌਜਵਾਨ ਕੁਲਦੀਪ ਸਿੰਘ ਦੇ ਪੁਲੀਸ ਹਥੋਂ ਤਸੀਹੇ ਝਲਦਿਆਂ ਅਤੇ ਢੇਰੀ ਹੁੰਦਿਆਂ ਦਰਸਾਉਣ ਨਾਲ ਕੀਤਾ ਗਿਆ ਹੈ। ਇਉਂ ਇਹ ਰਚਨਾ 13 ਅਪ੍ਰੈਲ 1919 ਦੇ ਖ਼ੂੰਨੀ ਸਾਕੇ ਦਾ ਨਾਟਕੀ ਬਿਆਨ ਕਰਨ ਨਾਲ ਸ਼ੁਰੂ ਹੁੰਦੀ ਹੈ ਅਤੇ ਇਸਦੇ ਪ੍ਰਤਿਕਰਮ ਵਜੋਂ ਉਪਜੇ ਹਿੰਸਕ ਵਿਦਰੋਹ ਦੇ ਦੁਖਾਂਤਕ ਅੰਤ ਤੇ ਮੁਕਦੀ ਹੈ। ਨਾਵਲ ਵਿਚਲੀ ਬਿਰਤਾਂਤਕ ਸਮਗਰੀ ਦਾ ਵਿਸ਼ੇਗਤ ਪਾਸਾਰ ਸਾਮਰਾਜੀ ਹਿੰਸਾ ਕੌਮੀ ਪ੍ਰਤਿਹਿੰਸਾ ਅਤੇ ਦਮਨ ਦੇ ਘਟਨਾਕ੍ਰਮ ਨੂੰ ਪ੍ਰਸਤੁਤ ਕਰਦਾ ਹੈ। ਇਉਂ ਇਹ ਨਾਵਲ ਹਿੰਸਾ-ਪ੍ਰਤਿਹਿੰਸਾ ਅਤੇ ਦਮਨ-ਵਿਦਰੋਹ ਦੇ ਥੀਮਕ ਪ੍ਰਬੰਧ ਰਾਹੀਂ ਕੌਮੀ ਮੁਕਤੀ-ਅੰਦੋਲਨ ਦੇ ਸੰਘਰਸਮਈ ਰੂਪ ਨੂੰ ਪ੍ਰਕਾਸ਼ਿਤ ਕਰਦਾ ਹੈ। ਆਪਣੇ ਆਪ ਵਿਚ ਨਾਵਲ ਦੀ ਥੀਮ ਦਾ ਇਹ ਅਮੂਰਤ ਪ੍ਰਬੰਧ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਹੈ ਪਰ ਲੇਖਕ ਨੇ ਇਸ ਥੀਮ ਦੀ ਉਸਾਰੀ ਲਈ ਮਾਨਵੀ ਸੰਬੰਧਾਂ ਦੇ ਕੇਵਲ ਸਤਹੀ ਧਰਾਤਲ ਨੂੰ ਹੀ ਬਿਰਤਾਂਤ ਦਾ ਆਧਾਰ ਬਣਾਇਆ ਹੈ। ਇਸ ਅੰਦੋਲਨ ਵਿਚ ਜੁਟੇ ਹੋਏ ਮਨੁੱਖ-ਪਾਤਰਾਂ ਦੀ ਮਾਨਵੀ ਹੋਂਦ ਦੇ ਅਨੇਕਾਂ ਮਨੋਵਿਸਥਾਰ ਹੋਰ ਵੀ ਹਨ ਜਿਨ੍ਹਾਂ ਨੂੰ ਅਖੋਂ ਪਰੋਖੇ ਕੀਤਾ ਗਿਆ ਹੈ। ਸਿੱਟੇ ਵਜੋਂ ਇਹ ਨਾਵਲੀ ਰਚਨਾ ਸਮਕਾਲੀ ਯਥਾਰਥ ਦਾ ਭਰਵਾਂ ਦ੍ਰਿਸ਼ ਪ੍ਰਸਤੁਤ ਕਰਨ ਤੋਂ ਉਕ ਜਾਂਦੀ ਹੈ। ਵੱਖ-ਵੱਖ ਪਾਤਰਾਂ ਦੀਆਂ ਜਿਹਲ ਜੀਵਨ ਦੀਆਂ ਸਥਿਤੀਆਂ ਵੀ ਇਕਹਿਰੀ ਬਣਤਰ ਵਾਲੀਆਂ ਹੀ ਹਨ ਅਰਥਾਤ ਇਹਨਾਂ ਵਿਚ ਨਿਰੋਲ ਯਾਤਨਾ ਦੇ ਦ੍ਰਿਸ਼ ਹੀ ਪ੍ਰਧਾਨ ਹਨ। ਮਨੁੱਖੀ ਸ਼ਖਸੀਅਤ ਦੇ ਵਿਸਤ੍ਰਿਤ ਪਾਸਾਰਾਂ ਨਾਲ ਇਸ ਕਿਸਮ ਦੀ ਯਤਨਾ ਦਾ ਮਾਨਵੀ ਸਰੋਕਾਰ ਜੋੜਨ ਦੀ ਚੇਸ਼ਟਾ ਬਹੁਤ ਘਟ ਕੀਤੀ ਗਈ ਹੈ। ਨਰੂਲਾ ਦੇ ਪਹਿਲੇ ਨਾਵਲ ਪਿਉ-ਪੁਤਰ ਨਾਲ ਇਸ ਰਚਨਾ ਦੀ ਤੁਲਨਾ ਕਾਫੀ ਸਾਰਥਕ ਸਿੱਧ ਹੋ ਸਕਦੀ ਹੈ। ਨਾਵਲ ਪਿਓ-ਪੁਤਰ ਵੀ 1919 ਦੇ ਲਾਗੇ ਚਾਗੇ ਦੇ ਅੰਮ੍ਰਿਤਸਰ ਦੀ ਝਾਕੀ ਪ੍ਰਸਤੁਤ ਕਰਦਾ ਹੈ ਪਰ ਉਥੇ ਜਿਸ ਬਾਰੀਕੀ ਨਾਲ ਸਮਕਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਥਾਰਥ ਨੂੰ [illegible] ਦੀ ਪ੍ਰਾਪਤੀ ਬਣ ਜਾਂਦਾ ਹੈ । ਇਸ ਨਾਵਲ ਵਿਚ ਸਮਕਾਲੀ ਯਥਾਰਥ ਦਾ ਪ੍ਰਮਾਣਿਕ ਚਿੱਤਰ ਉੱਕਾ ਹੀ ਗੈਰਹਾਜ਼ਰ ਹੈ । ਇਹ ਠੀਕ ਹੈ ਕਿ ਦੋ ਰਚਨਾਵਾਂ ਦਾ ਨਾਵਲੀ ਪ੍ਰਯੋਜਨ ਵਖੋ-ਵੱਖਰਾ ਹੋ ਸਕਦਾ ਹੈ ਅਤੇ ਇਕ ਦੀ ਖ਼ੂਬੀ ਦੂਸਰੇ ਲਈ ਖਾਮੀ ਵੀ ਬਣ ਸਕਦੀ ਹੈ ਪਰ 'ਰਾਤਾਂ ਹੋਈਆਂ ਵੱਡੀਆਂ' ਅਤੇ 'ਪਿਓ-ਪੁਤਰ' ਦੇ ਪ੍ਰਸੰਗ ਵਿਚ ਸਮਕਾਲੀ ਯਥਾਰਥ ਦੇ ਚਿਤਰਣ ਬਾਰੇ ਇਹ ਮਸਲਾ ਹੱਕੀ ਤੌਰ ਤੇ ਉਠਾਇਆ ਜਾ ਸਕਦਾ ਹੈ । 'ਰਾਤਾਂ ਹੋਈਆਂ ਵੱਡੀਆਂ' ਵਿਚਲਾ ਸਤਹੀ ਅਤੇ ਇਕ ਧਾਰਾਤਲੀ ਬਿਰਤਾਂਤ ਨਿਸ਼ਚੇ ਹੀ ਉਸਦੇ ਸਾਹਿਤਕ ਮੁੱਲ ਨੂੰ ਘਟਾਉਂਦਾ ਹੈ ।

ਸਮੁਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਸੁਰਿੰਦਰ ਸਿੰਘ ਨਰੂਲਾ ਨੇ ਆਪਣੀ ਇਸ ਨਾਵਲੀ ਲਿਖਤ ਨੂੰ ਪਰੰਪਰਕ ਨਾਵਲ ਦੀ ਰਚਨਾ-ਵਿਧੀ ਨਾਲੋਂ ਨਿਖੇੜਨ ਦੀ ਪ੍ਰਯੋਗਸ਼ੀਲ ਕੋਸ਼ਿਸ਼ ਕੀਤੀ ਹੈ ਪਰ ਇਹ ਪ੍ਰਯੋਗ ਉਸਦੇ ਹੰਢੇ ਵਰਤੇ ਨਾਵਲੀ-ਅਭਿਆਸ ਦੀਆਂ ਪ੍ਰਾਪਤੀਆਂ ਨੂੰ ਹੋਰ ਵਿਕਸਿਤ ਕਰਨ ਦੀ ਥਾਵੇਂ ਖੰਡਿਤ ਕਰਦਾ ਹੈ । ਜਿਸਦੇ ਸਿਟੇ ਵਜੋਂ ਇਕ ਮਹੱਤਵਪੂਰਣ ਇਤਿਹਾਸਕ-ਰਾਜਸੀ ਨਾਵਲ ਦੇ ਰਚੇ ਜਾ ਸਕਣ ਦੀ ਸੰਭਾਵਨਾ ਸਾਕਾਰ ਨਹੀਂ ਹੋ ਸਕੀ । ਇਉਂ 'ਰਾਤਾਂ ਹੋਈਆਂ ਵੱਡੀਆਂ' ਇਕ ਦਰਮਿਆਨੇ ਦਰਜੇ ਦੀ ਨਾਵਲੀ ਲਿਖਤ ਬਣ ਕੇ ਰਹਿ ਗਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਮਰੇ ਬੰਦੇ ਦੀ ਕਹਾਣੀ (ਨਾਵਲ)

ਫ਼ਖ਼ਰ ਜ਼ਮਾਨ ਦੀ ਰਚਨਾ 'ਇਕ ਮਰੇ ਬੰਦੇ ਦੀ ਕਹਾਣੀ' ਪੰਜਾਬੀ ਗਲਪਕਾਰੀ ਦੇ ਖੇਤਰ ਵਿਚ ਇਕ ਨਵਾਂ ਪ੍ਰਯੋਗ ਹੈ। ਇਹ ਉਸ ਦੇ ਪਹਿਲੇ 'ਤਜਰਬਾਤੀ' ਨਾਵਲ, 'ਸੱਤ ਗਵਾਚੇ ਲੋਕ' ਦੀ ਪਾਈ ਹੋਈ ਪਿਰਤ ਨੂੰ ਰਤਾ ਹੋਰ ਅਗੇਰੇ ਤੋਰਨ ਦਾ ਜਤਨ ਹੈ। ਇਹਨਾਂ ਦੋਹਾਂ ਰਚਨਾਵਾਂ ਵਿਚ ਪੰਜਾਬੀ ਦੀ ਪੂਰਵ-ਪ੍ਰਚਲਿਤ ਨਾਵਲ-ਪਰੰਪਰਾ ਨਾਲੋਂ ਤਿੱਖਾ ਨਿਖੇੜ ਪੈਦਾ ਕਰਨ ਦੀ ਬਿਰਤੀ ਉਭਰਵੇਂ ਰੂਪ ਵਿਚ ਦਿਖਾਈ ਦਿੰਦੀ ਹੈ। ਇਹਨਾਂ ਵਿਚ ਨਾ ਤਾਂ ਰਿਵਾਇਤੀ ਕਿਸਮ ਦਾ ਕਹਾਣੀ ਕਹਿਣ ਦਾ ਢੰਗ ਹੈ ਅਤੇ ਨਾ ਹੀ ਸਚੇਤ ਪੱਧਰ ਤੇ ਸੰਗਠਿਤ ਕੀਤਾ ਹੋਇਆ ਪਲਾਟ। ਇਥੋਂ ਤਕ ਕਿ ਇਹ ਰਚਨਾਵਾਂ ਪਾਤਰ-ਚਿਤ੍ਰਣ ਦੀਆਂ ਮੰਨੀਆਂ ਪ੍ਰਮੰਨੀਆਂ ਧਾਰਨਾਵਾਂ ਨੂੰ ਵੀ ਰੱਦ ਕਰਦੀਆਂ ਨਜ਼ਰ ਆਉਂਦੀਆਂ ਹਨ। ਫ਼ਿਕਸ਼ਨ ਦੇ ਖੇਤਰ ਵਿਚ ਇਸ ਕਿਸਮ ਦੇ ਜਤਨ ਅਜੋਕੇ ਯੂਰਪੀ ਸਾਹਿੱਤਕਾਰਾਂ ਕਾਮੂ, ਕਾਫ਼ਕਾ, ਸਾਰਤਰ ਆਦਿ ਵਲੋਂ ਕੀਤੇ ਗਏ ਹਨ, ਜਿਹਨਾਂ ਦੀਆਂ ਲਿਖਤਾਂ ਨਾਵਲ ਦੇ ਸਥਾਪਿਤ ਰੂਪਕਾਰ (genre) ਤੋਂ ਪਾਰ ਜਾਣ ਦੀ ਕੋਸ਼ਿਸ਼ ਵਿਚ ਹਨ। ਫ਼ਖ਼ਰ ਵੀ ਅਚੇਤ ਜਾਂ ਸਚੇਤ ਤੌਰ ਤੇ ਇਸੇ ਹੀ ਧਾਰਾ ਦੇ ਲੇਖਕਾਂ ਤੋਂ ਪ੍ਰਭਾਵਿਤ ਹੈ। ਇਸ ਨਵੀਂ ਕਿਸਮ ਦੀ ਫ਼ਿਕਸ਼ਨ ਦਾ ਮੂੰਹ ਮੁਹਾਂਦਰਾ ਅਜੇ ਨਵੇਂ ਰੂਪਕਾਰ ਵਿਚ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋ ਸਕਿਆ, ਕਿਉਂ ਜੋ ਕਿਸੇ ਨਾ ਕਿਸੇ ਪੱਧਰ ਤੇ ਇਸ ਦੀ ਨਾਵਲ ਨਾਲ ਸਾਂਝ ਬਣੀ ਹੋਈ ਹੈ। ਅਜੇਹੀ ਹਾਲਤ ਵਿਚ ਸ਼ਾਇਦ ਇਹਨਾਂ ਰਚਨਾਵਾਂ ਨੂੰ 'ਤਜਰਬਾਤੀ ਨਾਵਲ' ਆਖਣਾ ਸਹੀ ਹੋਵੇਗਾ।

'ਇਕ ਮਰੇ ਬੰਦੇ ਦੀ ਕਹਾਣੀ' ਦੀ ਰੂਪਾਕਾਰੀ ਵਿਲੱਖਣਤਾ ਬਾਰੇ ਤਾਂ ਲੇਖਕ ਆਪ ਵੀ ਸਚੇਤ ਹੈ, ਕਿਉਂ ਜੋ ਉਸ ਨੇ ਇਸ ਰਚਨਾ ਨੂੰ ਨਾਵਲ ਦਾ ਨਾਮ ਦੇਣ ਤੋਂ ਵੀ ਸੰਕੋਚ ਕੀਤਾ ਹੈ। ਇਸ ਨੂੰ ਲੰਮੀ ਕਹਾਣੀ ਸਮਝਿਆ ਜਾਵੇ ਜਾਂ ਛੋਟਾ ਨਾਵਲ? ਇਸ ਮਸਲੇ ਨੂੰ ਨਜਿੱਠਣ ਦੀ ਜ਼ਿੰਮੇਵਾਰੀ ਉਸ ਨੇ ਆਪਣੇ ਪਾਠਕਾਂ, ਆਲੋਚਕਾਂ ਉਪਰ ਛੱਡ ਦਿੱਤੀ ਹੈ। ਕਈ ਵਾਰ ਖ਼ਾਮੋਸ਼ੀ ਵੀ ਔਕੜ ਤੋਂ ਬਚਣ ਦਾ ਹੀ ਵਸੀਲਾ ਹੁੰਦੀ ਹੈ।

ਇਸ ਰਚਨਾ ਦੇ ਰੂਪਾਕਾਰ ਨੂੰ ਲੈ ਕੇ ਚਰਚਾ ਛੇੜਨ ਦਾ ਸਾਡਾ ਮਨੋਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਾਦਮਿਕ ਨਹੀਂ, ਸਗੋਂ ਇਸ ਦੇ ਨਾਲ ਵਿਚਾਰ-ਪ੍ਰਧਾਨ ਰਚਨਾ ਦੀ ਵਿਲੱਖਣਤਾ ਬਾਰੇ ਸੁਚੇਤ ਹੋਣ ਦਾ ਸੁਝਾਉ ਵੀ ਜੁੜਿਆ ਹੋਇਆ ਹੈ, ਜਿਸ ਤੋਂ ਬਿਨਾਂ ਇਸ ਦਾ ਯੋਗ ਮੁੱਲ ਨਹੀਂ ਪਾਇਆ ਜਾ ਸਕਦਾ। ਦੂਸਰੇ ਸ਼ਬਦਾਂ ਵਿਚ ਜੇ ਅਸੀਂ ਨਾਵਲ ਦੇ ਰੂਪਾਕਾਰ ਦੀਆਂ ਘੜੀਆਂ ਅੜਾਈਆਂ ਧਾਰਨਾਵਾਂ ਨੂੰ ਇਸ ਦੇ ਅਧਿਐਨ-ਵਿਸ਼ਲੇਸ਼ਣ ਦਾ ਆਧਾਰ ਬਣਾਵਾਂਗੇ ਤਾਂ ਸ਼ਾਇਦ ਸਾਨੂੰ ਨਿਰਾਸ਼ਾ ਹੀ ਹੋਵੇਗੀ। ਇਸ ਤਰ੍ਹਾਂ ਸ਼ਾਇਦ ਇਸ ਰਚਨਾ ਨਾਲ ਪੂਰਾ ਇਨਸਾਫ਼ ਹੋ ਹੀ ਨਹੀਂ ਸਕਦਾ। ਇਸ ਦੀਆਂ ਸਿਰਜਨਕਾਰੀ ਜੁਗਤਾਂ ਅਤੇ ਇਸ ਦਾ ਸਿਰਜਿਤ-ਸੰਸਾਰ, ਦੋਵੇਂ ਹੀ, ਪਾਠਕ/ਆਲੋਚਕ ਨੂੰ ਪਹਿਲੀ ਨਜ਼ਰੇ ਹੀ ਆਪਣੇ ਅਜਨਬੀ ਹੋਣ ਦਾ ਅਹਿਸਾਸ ਕਰਾ ਦਿੰਦੇ ਹਨ। ਜ਼ਾਹਰਾ ਤੌਰ ਤੇ ਨਾਵਲਕਾਰੀ ਦੀਆਂ ਪੂਰਬ-ਪ੍ਰਚਲਿਤ ਰੂੜ੍ਹੀਆਂ ਦਾ ਤਿਆਗ ਕਰਨ ਵਾਲੀ ਇਸ ਰਚਨਾ ਦੇ ਪ੍ਰਸੰਗ ਵਿਚ ਇਹ ਉਚਿਤ ਹੀ ਜਾਪਦਾ ਹੈ ਕਿ ਅਧਿਐਨ-ਵਿਸ਼ਲੇਸ਼ਣ ਵੇਲੇ ਇਸ ਰਚਨਾ ਦੀ ਰੂਪਾਕਾਰੀ ਵਿਲੱਖਣਤਾ ਨੂੰ ਧਿਆਨ ਵਿਚ ਰਖਿਆ ਜਾਵੇ।

'ਇਕ ਮਰੇ ਬੰਦੇ ਦੀ ਕਹਾਣੀ' ਆਪਣੀਆਂ ਤਕਨੀਕੀ ਜੁਗਤਾਂ ਦੀ ਨਵੀਨਤਾ ਕਾਰਣ ਤਾਂ ਭਾਵੇਂ ਤਜਰਬਾਤੀ ਨਾਵਲਿਟ ਅਖਵਾਉਣ-ਜੋਗ ਹੈ, ਪਰ ਤਾਂ ਵੀ ਇਕ ਖ਼ਾਸ ਵਰਗ ਦੇ ਨਾਵਲਾਂ ਨਾਲ ਇਸ ਦੀ ਡੂੰਘੀ ਸਾਂਝ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ। ਇਸ ਵਰਗ ਵਿਚ ਅਸੀਂ ਵਿਸ਼ਵ ਦੇ ਉਹਨਾਂ ਛੋਟੇ ਨਾਵਲਾਂ (ਨਾਵਲਿਟਾਂ) ਨੂੰ ਰੱਖ ਸਕਦੇ ਹਾਂ ਜੋ ਬੁਨਿਆਦੀ ਤੌਰ ਤੇ ਮਨੁੱਖ ਦੀ ਹੋਂਦ-ਅਵਸਥਾ (existential situation) ਦਾ ਦਰਸ਼ਨਿਕ ਵਿਸ਼ਲੇਸ਼ਣ ਕਰਨ ਲਈ ਫ਼ਿਕਸ਼ਨ ਨੂੰ ਆਪਣਾ ਮਾਧਿਅਮ ਬਣਾਉਂਦੇ ਹਨ। ਇਥੇ ਅਸੀਂ ਦੋਸਤੋਵਸਕੀ (ਨੋਟਸ ਫ਼ਰਾਮ 'ਦ ਡੈੱਡ ਹਾਊਸ), ਟਾਲਸਟਾਇ (ਡੈਥ ਆਫ਼ ਈਵਾਨ ਇਲੀਐਚ), ਕਾਮੂ ('ਦ ਪਲੇਗ, 'ਦ ਫ਼ਾਲ), ਸਾਰਤਰ (ਲਾ' ਨਾਸ਼ੀਆ) ਕਾਫ਼ਕਾ ('ਦ ਟ੍ਰਾਇਲ) ਆਦਿ ਦਾ ਨਾਮ ਲੈ ਸਕਦੇ ਹਾਂ। ਇਸ ਵਰਗ ਦੇ ਸਾਹਿੱਤਕਾਰਾਂ ਦੀ ਮੁਢਲੀ ਦਿਲਚਸਪੀ ਨ ਕਹਾਣੀ ਵਿਚ ਹੈ ਨ ਪਾਤਰ ਵਿਚ, ਸਗੋਂ ਇਹ ਤਾਂ ਮਨੁੱਖ ਦੀ ਮਨੁੱਖਤਾ ਦੇ ਅੰਦਰਲੇ ਰਹੱਸ ਨੂੰ ਫਰੋਲਣਾ ਚਾਹੁੰਦੇ ਹਨ। ਇਸ ਮੰਤਵ ਲਈ ਉਹ ਮਨੁੱਖੀ ਜੀਵਨ ਨੂੰ ਕਿਸੇ ਸੰਕਟ ਦੀ ਘੜੀ ਵਿਚ ਪਕੜਦੇ ਹਨ ਕਿਉਂ ਜੋ ਕਿਸੇ ਗੰਭੀਰ ਕਿਸਮ ਦੀ ਉਥਲ-ਪੁਥਲ ਦੇ ਛਿਣਾਂ ਵਿਚ ਹੀ ਮਾਨਵਤਾ ਦਾ ਨੰਗਾ ਦੀਦਾਰ ਕੀਤਾ ਜਾ ਸਕਦਾ ਹੈ। ਆਮ ਹਾਲਤ ਵਿਚ ਮਨੁੱਖ ਆਦਤ ਤੇ ਰੁਟੀਨ ਦੇ ਬਾਹਰਮੁਖੀ ਖੋਲ ਹੇਠਾਂ ਲੁਕਿਆਂ ਰਹਿੰਦਾ ਹੈ। ਮੌਤ ਅਤੇ ਵਿਦਰੋਹ ਵਰਗੀਆਂ ਪ੍ਰਚੰਡ ਸਥਿਤੀਆਂ ਵਿਚ ਪਿਆ ਹੋਇਆ ਮਨੁੱਖ ਹੀ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੁੰਦਾ ਹੈ। ਫ਼ਖ਼ਰ ਦੀ ਇਹ ਰਚਨਾ ਵੀ ਅਜੇਹੀ ਹੀ ਸਥਿਤੀ ਵਿਚ ਵਿਚਰਦੇ ਹੋਏ ਮਨੁੱਖ (ਜੋ ਹਰ ਮਨੁੱਖ ਦਾ ਪ੍ਰਤਿਰੂਪ ਹੈ) ਦੀ ਕਹਾਣੀ ਕਹਿੰਦੀ ਹੈ।

ਕਹਾਣੀ ਕਹਿਣ ਦਾ ਮਾਧਿਅਮ ਲੇਖਕ ਨੇ ਰਚਨਾ ਵਿਚਲੇ ਮੁਖ-ਪਾਤਰ ਨੂੰ ਹੀ ਬਣਾਇਆ ਹੈ। ਇਹ ਇਕ ਅਜੇਹਾ ਵਿਅਕਤੀ ਹੈ ਜੋ ਆਪਣੇ ਆਪ ਨੂੰ ਮਰਿਆ ਹੋਇਆ ਆਖਦਾ ਹੈ। ਰਚਨਾ ਦੀਆਂ ਮੁਢਲੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ :

"ਮੈਂ ਮਰ ਤੇ ਉਸੇ ਦਿਨ ਗਿਆ ਸਾਂ ਜਦੋਂ ਮੈਂ ਪੈਦਾ ਹੋਇਆ ਸਾਂ ਪਰ ਮੈਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਫ਼ਨਾਣ ਦਫ਼ਨਾਣ ਦੀਆਂ ਰਸਮਾਂ ਨੇ ਕਵਰ (ਕਬਰ) ਹਨੇਰੇ ਕੋਲੋਂ ਕੁਝ ਚਿਰ ਦੂਰ ਰਖਿਆ।"

ਇਸ ਤਰ੍ਹਾਂ ਇਹ ਨਾਵਲ ਆਪਣੇ ਮੁੱਢ ਵਿਚ ਹੀ ਬਿਰਤਾਂਤ ਬਿੰਦੂ (Narrative point of view) ਦੀ ਸਮੱਸਿਆ ਖੜੀ ਕਰ ਦੇਂਦਾ ਹੈ। ਇਕ ਮਰੇ ਬੰਦੇ ਦਾ ਆਪਣੀ ਕਹਾਣੀ ਆਪ ਸੁਣਾਉਣਾ ਸਾਰੀ ਗੱਲ ਨੂੰ ਗੈਰ-ਕੁਦਰਤੀ ਰੰਗ ਵਿਚ ਰੰਗ ਦੇਂਦਾ ਹੈ। ਇਸ ਤਰ੍ਹਾਂ ਇਹ ਨਾਵਲ ਯਥਾਰਥ ਨਾਲੋਂ ਇਕ ਖ਼ਾਸ ਕਿਸਮ ਦੀ ਵਿੱਥ ਸਿਰਜ ਲੈਂਦਾ ਹੈ। ਇਸ ਵਿੱਥ ਦਾ ਅਹਿਸਾਸ, ਆਦਿ ਤੋਂ ਅੰਤ ਤਕ ਬਣਾਈ ਰਖਿਆ ਗਿਆ ਹੈ। ਮਿਸਾਲ ਵਜੋਂ ਇਸ ਦੀਆਂ ਅੰਤਲੀਆਂ ਸਤਰਾਂ ਪੇਸ਼ ਹਨ :

"ਫੇਰ ਧੰਮੀ ਵੇਲੇ ਖੜਾਕ ਆਇਆ। ਕੋਈ ਮੇਰੇ ਸਿਰ੍ਹਾਣੇ ਕੁਤਬਾ ਠੋਕ ਰਿਹਾ ਸੀ। ਦੀਵਾ ਬਲ ਰਿਹਾ ਸੀ। ਕੁਝ ਚਿਰ ਖੜਾਕ ਕਰਨ ਮਗਰੋਂ ਆਉਣ ਵਾਲਾ ਵਾਪਸ ਟੁਰ ਗਿਆ। ਉਹਦੇ ਪੈਰਾਂ ਦੀ ਚਾਪ ਫ਼ਜ਼ਾ ਵਿਚ ਕਈ ਲਮਹੇ ਗੂੰਜਦੀ ਰਹੀ। ਮੈਂ ਕੁਤਬਾ ਪੜ੍ਹਿਆ :

'ਮੈਂ ਭੀ ਝੋਕ ਰਾਂਝਣ ਦੀ ਜਾਣਾ
ਨਾਲ ਮੇਰੇ ਕੋਈ ਚਲੇ।' —ਸ਼ਾਹ ਹੁਸੈਨ

ਏਸ ਬੰਦੇ ਨੇ ਜਿਹੜਾ ਇਥੇ ਦਫ਼ਨ ਏ, ਮੇਰੇ ਨਾਲ ਚਲਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਝੋਕ ਰਾਂਝਣ ਦੀ ਇਹ ਵੀ ਨ ਅਪੜ ਸਕਿਆ।"

ਇਕ ਮਰੇ ਬੰਦੇ ਦਾ ਆਪਣੇ ਕਫ਼ਨ ਦਫ਼ਨ ਨੂੰ ਉਡੀਕਣਾ ਅਤੇ ਦਫ਼ਨਾਏ ਜਾਣ ਤੋਂ ਬਾਅਦ ਵੀ ਆਪਣੀ ਕਹਾਣੀ ਸੁਣਾਂਦੇ ਜਾਣਾ ਮਿੱਥ ਦੇ ਜਗਤ ਵਿਚ ਤਾਂ ਸੰਭਵ ਹੈ, ਯਥਾਰਥ ਜਗਤ ਵਿਚ ਨਹੀਂ। ਇਉਂ ਇਸ ਰਚਨਾ ਦਾ ਬਿਰਤਾਂਤਬਿੰਦੂ ਇਕ ਤਰ੍ਹਾਂ ਨਾਲ ਉਸਦੇ ਅੰਦਰਲੇ ਗਲਪ-ਜਗਤ ਦੀ ਪ੍ਰਕਿਰਤੀ ਬਾਰੇ ਬਹੁਤ ਮਹੱਤਵਸ਼ੀਲ ਸੰਕੇਤ ਦੇ ਜਾਂਦਾ ਹੈ। ਇਥੇ ਯਥਾਰਥ ਅਤੇ ਮਿੱਥ ਇਸ ਤਰ੍ਹਾਂ ਰਲਗੱਡ ਹੋ ਕੇ ਪੇਸ਼ ਹੋਏ ਹਨ ਕਿ ਇਨ੍ਹਾਂ ਨੂੰ ਇਕ ਦੂਸਰੇ ਨਾਲੋਂ ਨਿਖੇੜਨਾ ਔਖਾ ਹੈ।

ਰੂਸੀ ਰੂਪਵਾਦੀਆਂ ਦੇ ਨਾਵਲ ਸੰਬੰਧੀ ਸਿੱਧਾਂਤ ਚਿੰਤਨ ਦੀ ਰੋਸ਼ਨੀ ਵਿਚ ਇਸ ਤੱਥ ਨੂੰ ਅਜਨਬੀਕਰਣ ਦੀ ਜੁਗਤ ਦੇ ਰੂਪ ਵਿਚ ਸਮਝਾਇਆ ਜਾ ਸਕਦਾ ਹੈ। ਇਕ ਮਰੇ ਬੰਦੇ ਦਾ ਆਪ ਬੀਤੀ ਸੁਣਾਨਾ ਯਥਾਰਥ ਨੂੰ ਅਜਨਬੀ ਬਣਾਉਣ ਦੀ ਹੀ ਇਕ ਜੁਗਤ ਹੈ, ਕਿਉਂ ਜੋ ਇਸ ਤਰ੍ਹਾਂ ਕਰਨ ਨਾਲ ਪਾਠਕ ਦੀ ਉਤਸੁਕਤਾ ਫ਼ੌਰਨ ਹੀ ਹਰਕਤ ਵਿਚ ਆ ਜਾਂਦੀ ਹੈ। ਮਰੇ ਬੰਦੇ ਦੀ ਗੱਲ ਨੂੰ ਕੌਣ ਗਹੁ ਨਾਲ ਨਹੀਂ ਸੁਣਨਾ ਚਾਹੇਗਾ ਤੇ ਫੇਰ ਜਦੋਂ ਸੁਣਾਣ ਵਾਲਾ ਕਿਸੇ ਇਕ ਧਰਮ ਜਾਂ ਕੌਮ ਨਾਲ ਆਪਣੇ ਆਪ ਨੂੰ ਸੰਬੰਧਿਤ ਨਾ ਕਰ ਕੇ ਸਮੁੱਚੀ ਮਨੁੱਖਤਾ ਨਾਲ ਨਾਤਾ ਜੋੜਨ ਦੀ ਗੱਲ ਕਹਿ ਰਿਹਾ ਹੋਵੇ ਤਾਂ ਸੁਭਾਵਕ ਹੀ ਇਹ ਉਤਸੁਕਤਾ ਹੋਰ ਗਹਿਰੀ ਹੋ ਜਾਂਦੀ ਹੈ। ਇਸ ਤਰ੍ਹਾਂ ਮਰਨ ਅਤੇ ਦਫ਼ਨਾਏ ਜਾਣ ਦੀ ਇਹ ਗੱਲ-ਕੱਥ ਅਜਨਬੀਅਤ ਦੇ ਰੰਗ ਵਿਚ ਰੰਗੀ ਹੋਣ ਕਰ ਕੇ ਪਾਠਕ ਦੀ ਸੁਹਜ-ਚੇਤਨਾ ਨੂੰ ਟੁੰਬ ਜਗਾਉਂਦੀ ਹੈ ਅਤੇ ਕਥਿਤ ਵੇਰਵਿਆਂ ਨੂੰ ਨੀਝ ਲਾ ਕੇ ਤੱਕਣ ਲਈ ਪ੍ਰੇਰਦੀ ਹੈ। ਨਾਵਲ ਵਿਚ ਪੇਸ਼ ਹੋ ਰਿਹਾ ਮਨੁੱਖੀ ਦ੍ਰਿਸ਼ ਇਸੇ ਅਜਨਬੀਅਤ ਕਾਰਣ ਹੀ ਆਪਣੇ ਅੰਦਰ ਲੁਕੇ ਹੋਏ ਡੂੰਘੇ ਦਾਰਸ਼ਨਿਕ ਸੱਚ ਦੀ ਸੋਝੀ ਕਰਾਉਂਦਾ ਪ੍ਰਤੀਤ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਮਨੁੱਖੀ ਚਿਤ੍ਰ ਹੀ ਹੈ ਅਤੇ [illegible] [illegible] [illegible] ਅਰਥ ਕਿਵੇਂ ਉਘਾੜਿਆ ਗਿਆ ਹੈ ? ਇਸ ਗੱਲ ਦੀ ਵਿਆਖਿਆ ਤਾਂ ਰਚਨਾ ਦੇ ਥੀਮਕ ਪ੍ਰਬੰਧ ਦੇ ਅਧਿਐਨ-ਵਿਸ਼ਲੇਸ਼ਣ ਨਾਲ ਹੀ ਕੀਤੀ ਜਾ ਸਕਦੀ ਹੈ। ਇਸ ਮੰਤਵ ਦੀ ਪੂਰਤੀ ਲਈ ਅਸੀਂ ਇਸ ਦੀਆਂ ਤਿੰਨ ਥੀਮਕ ਇਕਾਈਆਂ ਬਣਾ ਸਕਦੇ ਹਾਂ। ਪਹਿਲੀ ਇਕਾਈ 'ਮਰੇ ਬੰਦੇ' ਦੇ ਆਪਣੇ ਦਫ਼ਨ ਹੋਣ ਤਕ ਮੰਨੀ ਜਾ ਸਕਦੀ ਹੈ। ਇਸ ਤੋਂ ਉਪਰੰਤ ਉਸਦਾ ਆਪਣੇ ਬੀਤੇ ਜੀਵਨ ਦੇ ਯਥਾਰਥ ਵੇਰਵਿਆਂ, ਆਪਣੇ ਸੁਪਨਿਆਂ ਅਤੇ ਅਦਰਸ਼ਾਂ ਦਾ ਕਥਨ ਆ ਜਾਂਦਾ ਹੈ, ਜਿਸਨੂੰ ਦੂਸਰੀ ਇਕਾਈ ਮੰਨਿਆ ਜਾ ਸਕਦਾ ਹੈ। ਅੰਤ ਵਿਚ ਨਾਵਲ ਦੇ ਪਾਠ-ਪ੍ਰਬੰਧ ਦਾ ਉਹੀ ਆਖ਼ਰੀ ਹਿੱਸਾ ਤੀਸਰੀ ਇਕਾਈ ਵਿਚ ਰਖਿਆ ਜਾ ਸਕਦਾ ਹੈ ਜਿਥੇ ਮਰੇ ਬੰਦੇ ਦੇ ਦਫ਼ਨ ਹੋ ਜਾਣ ਬਾਅਦ ਦਾ ਇਕ ਅੱਧ ਵੇਰਵਾ ਵਰਣਨ ਕੀਤਾ ਗਿਆ ਹੈ।

ਪਹਿਲੀ ਇਕਾਈ ਵਿਚ ਥੀਮਕ ਦ੍ਰਿਸ਼ਟੀ ਤੋਂ ਮਹਤਵਸ਼ੀਲ ਵੇਰਵਾ ਕਫ਼ਨ-ਦਫ਼ਨ ਨਾਲ ਸੰਬੰਧਿਤ ਹੈ :

"ਕਫ਼ਨਾਣ ਦਫ਼ਨਾਣ ਦੇ ਅਮਲ ਵਿਚ ਕਈ ਧਿਰਾਂ ਸ਼ਰੀਕ ਸਨ। ਪਰ ਮੇਰੀਆਂ ਆਕੜੀਆਂ ਪਲਕਾਂ ਨੂੰ ਪਥਰਾਈਆਂ ਅੱਖਾਂ ਉਪਰ ਧਰੂਣ, ਅੱਡਿਆ ਮੂੰਹ ਬੰਦ ਕਰਨ ਵਿੰਗੀਆਂ ਉੱਗਲਾਂ ਸਿੱਧੀਆਂ ਕਰਨ ਤੋਂ ਲੈ ਕੇ ਮੇਰੀ ਲਾਸ਼ ਨੂੰ ਨੁਹਾਣ ਕਫ਼ਨਾਣ ਤੇ ਖੁਸ਼ਬੂਆਂ ਲਾਣ ਤੀਕ ਦੇ ਮਰਹਲਿਆਂ ਵਿਚ ਜਿਨ੍ਹਾਂ ਰੱਜ ਕੇ ਭਾਜੀ ਪਾਈ, ਉਹ ਸਨ ਮੇਰੇ ਮਾਪੇ, ਕੁਝ ਰਿਸ਼ਤੇਦਾਰ, ਸੱਜਣ ਬੇਲੀ, ਅਫ਼ਸਰ ਲੋਕ, ਸਿਆਸਤਦਾਨ ਤੇ ਕੁਝ ਸੂਝਵਾਨ, ਵਗੈਰਾ। ਮੈਨੂੰ ਕਬਰੇ ਲਾਹੁਣ ਤੇ ਫ਼ੇਰ ਕਬਰ ਦਾ ਮੰਘਾਰ ਮਿੱਟੀ ਨਾਲ ਭਰਨ ਦਾ ਅਖ਼ੀਰਲਾ ਅਮਲ ਸਾਰੀਆਂ ਧਿਰਾਂ ਨੇ ਸਾਂਝਾ ਤੋੜ ਅਪੜਾਇਆ।"

ਜ਼ਾਹਰੀ ਤੌਰ ਤੇ ਇਸ ਕਥਨ ਵਿਚ ਕਫ਼ਨ-ਦਫ਼ਨ ਦੇ ਅਤਿ ਸਾਧਾਰਨ ਵੇਰਵੇ ਹੀ ਦੱਸੇ ਗਏ ਹਨ, ਜੋ ਸਾਡੇ ਸਭਿਆਚਾਰ ਦੀ ਹੀ ਝਾਕੀ ਪੇਸ਼ ਕਰਦੇ ਹਨ। ਪਰ ਅੱਗੇ ਜਾ ਕੇ (ਦੂਸਰੀ ਇਕਾਈ ਵਿਚ) ਜਦੋਂ ਮਾਪਿਆਂ ਰਿਸ਼ਤੇਦਾਰਾਂ ਸਜਣਾਂ-ਬੇਲੀਆਂ, ਅਫ਼ਸਰ ਲੋਕਾਂ, ਗਿਆਸਤਦਾਨਾਂ ਅਤੇ ਸੂਝਵਾਨਾਂ ਨਾਲ ਸੰਬੰਧਿਤ ਜੀਵਨ ਦੀਆਂ ਉਹ ਸਮੂਰਤ ਸਥਿਤੀਆਂ ਪੇਸ਼ ਕੀਤੀਆਂ ਗਈਆਂ ਹਨ, ਜੋ 'ਮਰੇ ਬੰਦੇ' ਨੂੰ ਇਕ ਵਸਤ ਵਾਂਗ ਵਰਤਣ ਦਾ ਦ੍ਰਿਸ਼ ਉਘਾੜਦੀਆਂ ਹਨ ਤਾਂ ਮੁਢਲੀ ਸਥਿਤੀ ਦਾ ਸਾਧਾਰਣ ਸਹਿਜ-ਸੱਚ ਨਵੇਂ ਰੰਗ ਵਿਚ ਉਜਾਗਰ ਹੋਣਾ ਸ਼ੁਰੂ ਹੋ ਜਾਂਦਾ ਹੈ।

"ਮਾਪੇ ਔਲਾਦ ਦੀ ਸ਼ਕਲ ਵਿਚ ਇਨਵੈਸਟਮੈਂਟ ਕਰਦੇ ਨੇਂ..."

ਮਨੁੱਖੀ ਭਾਈਚਾਰੇ ਵਿਚ ਮਨੁੱਖ ਦਾ ਵਸਤੂਕਰਣ ਕਰਨ ਵਾਲੀ ਪਹਿਲੀ ਧਿਰ ਮਾਪੇ ਹਨ। ਬੱਚੇ ਨੂੰ ਇਕ ਸੁਤੰਤਰ ਮਨੁੱਖੀ ਹੋਂਦ ਨ ਮੰਨ ਕੇ ਮਾਪਿਆਂ ਦਾ ਨਿਰੋਲ ਆਪਣੇ ਨਫ਼ੇ ਨੁਕਸਾਨ ਦੀ ਗੱਲ ਸੋਚਣਾ ਆਖ਼ਰ ਉਨ੍ਹਾਂ ਨੂੰ ਵਸਤ ਵਾਂਗ ਵਿਹਾਜਣ ਦੀ ਗੱਲ ਤਾਂ ਹੈ। 'ਮਰੇ ਬੰਦੇ' ਨੇ ਆਪਣੇ ਨਿੱਜੀ ਜੀਵਨ ਦੇ ਏਸ ਪਹਿਲੂ ਦੀ ਗੱਲ ਕਰਦਿਆਂ ਹੋਇਆਂ ਆਪਣੀ ਜਾਣ-ਪਛਾਣ ਵਾਲੀ ਇਕ ਕੁੜੀ ਦੀ ਕਹਾਣੀ ਵੀ ਦੱਸੀ ਹੈ ਜੋ ਇਕ ਡਾਕਟਰ ਸੀ।

"ਉਹਦੇ ਮਾਪੇ ਉਹਨੂੰ ਛੇਤੀ ਛੇਤੀ ਵਿਆਹੁਣਾ ਨਹੀਂ ਸਨ ਚਾਹੁੰਦੇ ਤਾਂ ਜੋ ਉਹਦੀ ਤ਼ਾਲੀਮ ਤੇ ਹੋਣ ਵਾਲਾ ਖ਼ਰਚ ਕੱਢ ਸਕਣ।" ਇਸ ਕੁੜੀ ਨੂੰ ਆਪਣੀ ਦੁਖਦ ਸਥਿਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਭਰਵਾਂ ਅਹਿਸਾਸ ਓਦੋਂ ਹੁੰਦਾ ਹੈ ਜਦੋਂ ਇਹ ਜਵਾਨੀ ਦੀ ਉਮਰ ਦੇ ਹਿੱਸਿਓਂ ਲੰਘ ਜਾਂਦੀ ਹੈ ਅਤੇ :

"ਉਹ ਇਕ 'ਰੋਬਟ' ਤਰ੍ਹਾਂ ਜ਼ਿੰਦਗੀ ਬਸਰ ਕਰ ਰਹੀ ਏ। ਨ ਰੋਂਦੀ ਏ, ਨਾ ਹੱਸਦੀ ਏ, ਨ ਗੁਸਾ ਕਰਦੀ ਏ, ਨ ਖੁਸ਼ ਹੁੰਦੀ ਏ, ਸਾਰੇ ਜਜ਼ਬੇ ਉਹਦੇ ਸਰੀਰ ਵਿਚੋਂ ਨੁਚੱੜ ਘੱਤੇ ਹੋਏ ਨੇਂ।"

ਇਹ ਕਰੁਣ ਸਥਿਤੀ ਮਾਨਵ ਦੇ 'ਰੋਬਟ' ਬਣਨ ਦੀ ਘਟਨਾ ਦਾ ਸੱਚ ਉਘਾੜ ਰਹੀ ਹੈ :

ਇਸ ਤੋਂ ਉਪਰੰਤ 'ਮਰੇ ਬੰਦੇ' ਦੇ ਮੁਢਲੇ ਜੀਵਨ ਦੇ ਉਹ ਵੇਰਵੇ ਹਨ ਜਿਨ੍ਹਾਂ ਵਿਚ ਮਾਪਿਆਂ ਦੀ ਆਪਹੁਦਰੀ ਮਰਜ਼ੀ ਦੇ ਪ੍ਰਵਾਨ ਚੜ੍ਹਨ ਦੀ ਗੱਲ ਹੈ। ਮਾਪਿਆਂ ਨੇ ਜੋ ਚਾਹਿਆ ਉਹੀ ਮਜ਼ਮੂਨ ਇਸ ਨੂੰ ਲੈਣਾ ਪਿਆ। ਧਰਮ ਵੀ ਇਕ ਬੰਨ੍ਹੇ ਬੰਨ੍ਹਾਏ ਪੈਕਟ ਵਾਂਗ ਇਸਨੂੰ ਫੜਾ ਦਿੱਤਾ ਗਿਆ। ਇਸੇ ਤਰ੍ਹਾਂ ਹੀ ਮਾਪਿਆਂ ਦੀ ਮਰਜ਼ੀ ਅਨੁਸਾਰ ਉਸਦਾ ਵਿਆਹ ਹੋ ਗਿਆ। ਇਨ੍ਹਾਂ ਸਾਰੇ ਵੇਰਵਿਆਂ ਵਿਚ ਇਕੋ ਥੀਮ ਬਾਰ-ਬਾਰ ਦੁਹਰਾਈ ਗਈ ਹੈ—ਉਹ ਹੈ "ਪਰਾਈ ਮਰਜ਼ੀ ਦਾ ਮੰਨਿਆ ਜਾਣਾ।" ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰ ਸਕਣ ਦੀ ਸੁਤੰਤਰਤਾ ਜੇ ਮਨੁੱਖੀ-ਹੋਂਦ ਦਾ ਗੌਰਵਸ਼ੀਲ ਅਧਿਕਾਰ ਹੈ ਤਾਂ ਮਾਪਿਆਂ ਵੱਲੋਂ ਇਸ ਕਿਸਮ ਦੇ ਤਾਨਾਸ਼ਾਹ ਰਵੱਈਏ ਦਾ ਅਰਥ ਕੀ ਹੋ ਸਕਦਾ ਹੈ ? ਔਲਾਦ ਨੂੰ ਇਨਵੈਸਟਮੈਂਟ ਮੰਨਣਾ, ਵਸਤ ਮੰਨਣਾ। ਇਸ ਅਮਾਨਵੀਕਰਣ ਦੀ ਸ਼ਕਤੀ ਦਾ ਸਾਮ੍ਹਣਾ ਮਨੁੱਖ ਨੂੰ ਘਰ ਵਿਚ ਹੀ ਕਰਨਾ ਪੈਂਦਾ ਹੈ। 'ਮਰੇ ਬੰਦੇ' ਦੇ ਇਸ ਮੁਢਲੇ ਜੀਵਨ ਦੇ ਬਿਰਤਾਂਤ ਵਿਚ ਮਨੁੱਖ ਦੀ ਸਮਾਜਿਕ ਸਥਿਤੀ ਦਾ ਕਰੁਣ ਵਿਅੰਗ ਛੁਪਿਆ ਨਜ਼ਰ ਆਉਂਦਾ ਹੈ।

ਪਰ ਆਪਣੀ ਮਰਜ਼ੀ ਦੇ ਖ਼ਿਲਾਫ਼ ਵਿਆਹੇ ਜਾਣ ਤੋਂ ਬਾਅਦ ਇਸ ਪਾਤਰ ਦੇ ਜੀਵਨ ਵਿਚ ਵਿਦਰੋਹ ਦੇ ਬੀਜ ਪੁੰਗਰ ਪੈਂਦੇ ਹਨ। ਉਸ ਨੂੰ ਸ਼ਾਹ ਹੁਸੈਨ ਦੀ ਉਹ ਕਾਫ਼ੀ ਚੇਤੇ ਆਉਂਦੀ ਹੈ ਜਿਸ ਵਿਚ ਮਨੁੱਖ ਨੂੰ ਅਵੇਸਲੇਪਨ ਵਿਚ ਉਮਰਾ ਵਿਹਾ ਦੇਣ ਅਤੇ ਮਰਨਾਚਿੱਤ ਨ ਧਰਨ ਵਲੋਂ ਚੇਤਾਵਨੀ ਦਿੱਤੀ ਗਈ ਹੈ :

'ਕਿਹੜੇ ਦੇਸੋਂ ਆਈਓਂ ਨੀ ਕੁੜੀਏ
ਤੈਂ ਕਿਹਾ ਕਿਹਾ ਸ਼ੋਰ ਮਚਾਇਓ ਕਿਉਂ।
... ...
ਕਹੈ ਹੁਸੈਨ ਫ਼ਕੀਰ ਨਿਮਾਣਾ
ਮਰਨਾ ਚਿੱਤ ਨ ਆਇਓ ਕਿਉਂ।

ਸੂਫ਼ੀ ਫ਼ਕੀਰ ਦੇ ਇਹਨਾਂ ਬਚਨਾਂ ਨੂੰ ਬਦਲੀ ਹੋਈ ਸਥਿਤੀ ਦੇ ਪ੍ਰਸੰਗ ਵਿਚ ਰੱਖ ਕੇ ਨਵੇਂ ਅਰਥਾਂ ਦਾ ਸੰਚਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜੀਵਨ ਦੇ ਰਹੱਸ ਨੂੰ ਫ਼ਰੋਲਣ ਦੀ ਮਨੁੱਖ ਦੀ ਆਦਿ-ਜੁਗਾਦੀ ਲੋਚਾ ਅਮਾਨਵੀਕਰਣ ਦੀਆਂ ਸ਼ਕਤੀਆਂ ਦੀ ਜਕੜ ਵਿਚੋਂ ਵਿਦਰੋਹ ਬਣ ਕੇ ਹੀ ਨਿਕਲ ਸਕਦੀ ਹੈ। ਫ਼ਕੀਰੀ ਦਾ ਸੰਦੇਸ਼ ਗ੍ਰਿਹਸਤ ਜੀਵਨ ਦੇ ਮਸ਼ੀਨੀ ਚੱਕਰ ਨੂੰ ਉਲੰਘ ਜਾਣ ਦਾ ਰਿਹਾ ਹੈ। ਫ਼ਖ਼ਰ ਨੇ ਇਸੇ ਸੂਫ਼ੀ ਸੰਦੇਸ਼ ਨੂੰ ਆਧੁਨਿਕ ਮਨੁੱਖ ਦੀ ਹੋਂਦ-ਅਵਸਥਾ ਨਾਲ ਜੋੜ ਕੇ ਅਤਿਅੰਤ ਸਾਰਥਕ ਬਣਾ ਦਿੱਤਾ ਹੈ। ਫ਼ਕੀਰੀ ਨੂੰ ਜੀਵਨ-ਜਾਚ ਦਾ ਇਕ ਰੂਪ ਬਣਾ ਕੇ ਪੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨਾ ਮਾਨਵ[illegible] ਪ੍ਰਕਿਰਿਆ ਵਜੋਂ [illegible] ਗਿਆ ਹੈ। ਇਉਂ ਇਸ ਰਚਨਾ ਵਿਚ ਸ਼ਾਹ ਹੁਸੈਨ ਮਰੇ ਹੋਇਆਂ ਦੀ ਦੁਨੀਆਂ ਦਾ ਇਕ ਅਜੇਹਾ ਪਾਤਰ ਹੈ, ਜੋ ਜੀਉਂਦਿਆਂ ਨਾਲੋਂ ਵਧੇਰੇ ਜੀਉਂਦਾ ਪ੍ਰਤੀਤ ਹੁੰਦਾ ਹੈ। ਇਹ ਮਨੁੱਖ ਨੂੰ ਆਪਣੇ ਮਾਨਵੀ ਗੌਰਵ ਦੀ ਸੋਝੀ ਕਰਾਉਣ ਵਾਲਾ ਇਕ ਅਜਿਹਾ ਆਰਕੀਟਾਈਪ ਮੰਨਿਆ ਜਾ ਸਕਦਾ ਹੈ, ਜਿਸ ਦਾ ਸਾਡੀ ਸੰਸਕ੍ਰਿਤੀ ਵਿਚ ਮਹੱਤਵਸ਼ੀਲ ਰੋਲ ਰਿਹਾ ਹੈ।

'ਮਰੇ ਬੰਦੇ' ਦੇ ਜੀਵਨ ਵਿਚ ਇਹ ਟ੍ਰਾਂਸਫ਼ਰਮੇਸ਼ਨ ਦਾ ਛਿਣ ਸੀ ਜਿਸ ਨੇ ਉਸਨੂੰ ਆਦਤ, ਰੁਟੀਨ ਅਤੇ ਦੂਜਿਆਂ ਦੀ ਮਰਜ਼ੀ ਦੇ ਖ਼ਿਲਾਫ਼ ਵਿਦਰੋਹ ਦਾ ਰਸਤਾ ਚੁਣਨ ਦੀ ਪ੍ਰੇਰਣਾ ਪ੍ਰਦਾਨ ਕੀਤੀ। ਇਸ ਬਦਲੀ ਹੋਈ ਬਿਰਤੀ ਨੂੰ ਧਾਰਣ ਕਰਨ ਦਾ ਸਿੱਟਾ ਲਾਜ਼ਮੀ ਤੌਰ ਤੇ ਬੇਗਾਨਗੀ (Alienation) ਵਿਚ ਹੀ ਨਿਕਲਣਾ ਸੀ। 'ਮਰੇ ਬੰਦੇ' ਨੂੰ ਮਹਿਸੂਸ ਹੋਣ ਲਗਾ ਕਿ ਉਸ ਦੇ ਮਾਂਪਿਆਂ ਵਾਂਗ ਉਸਦੇ ਹੋਰ ਰਿਸ਼ਤੇਦਾਰ, ਸੱਜਣ-ਮਿੱਤਰ ਹੌਲੀ ਹੌਲੀ ਉਸਨੂੰ ਆਪਣੇ ਘੇਰੇ ਵਿਚੋਂ ਕੱਢ ਰਹੇ ਹਨ। ਆਪੇ ਦੀ ਪਛਾਣ ਦਾ ਇਹ ਮਾਰਗ ਕਿੰਨਾ ਬਿਖੜਾ ਤੇ ਇਕੱਲਾ ਹੁੰਦਾ ਹੈ? ਇਸ ਗੱਲ ਦੀ ਸੋਝੀ ਨੇ ਇਸ ਪਾਤਰ ਦੇ ਮਨ ਵਿਚ ਕਈ ਕਿਸਮ ਦੇ ਸਵਾਲ ਵੀ ਖੜੇ ਕਰ ਦਿਤੇ ਹਨ:

"ਮੈਂ ਹਰ ਧਿਰ ਲਈ ਨੁਕਸਾਨ ਦਾ ਮੂਜਿਬ ਬਣ ਰਿਹਾ ਸਾਂ। ਕੀ ਮੇਰੇ ਵਿਚ ਕੋਈ ਨੁਕਸ ਸੀ? ਕੀ ਸਿਰਫ ਮੈਂ ਸੱਚਾ ਤੇ ਬਾਕੀ ਸਾਰੇ ਝੂਠੇ ਸਨ? ਪਰ, ਝੂਠ ਸੱਚ ਦਾ ਨਿਤਾਰਾ ਕੌਣ ਕਰਦਾ ਏ?"

ਇਥੇ ਆ ਕੇ 'ਮਰੇ ਬੰਦੇ' ਨੂੰ ਮਨੁੱਖੀ ਹੋਂਦ ਦੇ ਤ੍ਰਾਸਦ ਸੱਚ ਦਾ ਅਹਿਸਾਸ ਹੁੰਦਾ ਹੈ। ਮਨੁੱਖ ਨੂੰ ਆਪਣੀ ਮਾਨਵਤਾ ਬਚਾਉਣ ਲਈ ਪਰਾਧੀਨਤਾ ਤਿਆਗਣੀ ਪੈਂਦੀ ਹੈ ਅਤੇ ਆਪਣਾ ਰਾਹ ਆਪ ਬਣਾਉਂਣਾ ਪੈਂਦਾ ਹੈ। ਪਰ ਅਜਿਹਾ ਕਰਦਿਆਂ ਉਹ ਆਲੇ ਦੁਆਲੇ ਨਾਲੋਂ ਜਜ਼ਬਾਤੀ ਤੌਰ ਤੇ ਟੁੱਟ ਜਾਂਦਾ ਹੈ। ਵਸਤ ਵਾਂਗ ਵਰਤੇ ਨ ਜਾਣ ਦਾ ਮੁੱਲ ਬੇਗਾਨਗੀ ਦੀ ਕੀਮਤ ਦੇ ਕੇ ਤਾਰਨਾ ਪੈਂਦਾ ਹੈ। ਆਪਣੀ ਇਕੱਲ ਵਿਚ ਵਿਚਰਦੇ ਹੋਇਆਂ ਇਸ ਪਾਤਰ ਨੂੰ ਦੁਨਿਆਵੀ ਰਿਸ਼ਤਿਆਂ ਵਿਚ ਗ਼ਰਜ਼ ਦੇ ਬੀਜ ਛੁਪੇ ਹੋਏ ਨਜ਼ਰ ਆਏ ਤਾਂ ਉਹ ਸਾਰਿਆਂ ਤੋਂ ਆਕੀ ਹੋ ਖਲੋਤਾ। ਸੈਕਸ ਦੀ ਸ਼ਕਲ ਵਿਚ ਮਿਲਣ ਵਾਲੀ ਥੋੜ ਚਿਰੀ ਰਾਹਤ ਵੀ ਉਸਨੂੰ ਗ਼ਰਜ਼ ਦਾ ਹੀ ਇਕ ਰੂਪ ਜਾਪਣ ਲੱਗੀ।

ਮਨੁੱਖੀ ਜਾਤੀ ਦੇ ਇਤਿਹਾਸ ਵਿਚ ਆਪਣਾ ਰਾਹ ਆਪ ਬਣਾਉਣ ਵਾਲੇ ਅਨੇਕਾਂ ਹੋਏ ਹਨ। ਹੁਣ 'ਮਰੇ ਬੰਦੇ' ਨੂੰ ਜੀਉਂਦਿਆਂ ਨਾਲੋਂ ਵਧੇਰੇ ਇਨ੍ਹਾਂ ਮਰੇ ਹੋਇਆਂ ਦੇ ਸੁਪਨਿਆਂ ਵਿਚ ਸਕੂਨ ਜਾਪਦਾ ਸੀ। ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਪਰਵਾਨਿਆਂ—ਖਰਲ, ਗੁਰਦਿੱਤ ਸਿੰਘ, ਭਕਨਾ, ਸਰਾਭਾ, ਊਧਮ ਸਿੰਘ, ਭਗਤ ਸਿੰਘ ਉਸਨੂੰ ਟੀਮ 'ਬੀ' ਦੇ ਕ੍ਰਿਕਟ ਖਿਡਾਰੀ ਜਾਪਦੇ ਹਨ ਜੋ ਓਡਵਾਇਰ, ਡਾਇਰ, ਸਾਂਡਰਜ਼, ਸਕਾਟ ਆਦਿ ਖਿਡਾਰੀਆਂ (ਟੀਮ ਏ) ਨਾਲ ਮੈਚ ਖੇਡਦੇ ਹਨ। ਇਨ੍ਹਾਂ ਇਤਿਹਾਸਕ ਵਿਅਕਤੀਆਂ ਅਤੇ ਇਤਿਹਾਸਕ ਘਟਨਾਵਾਂ ਨੂੰ ਕਲਪਣਾ ਦਾ ਰੰਗ ਦੇ ਕੇ ਪੇਸ਼ ਕੀਤਾ ਗਿਆ ਹੈ। ਇਸ ਸਾਰੇ ਪ੍ਰਸੰਗ ਨੂੰ ਅਸੀਂ 'ਮਰੇ ਬੰਦੇ' ਦੀ ਜਾਗ੍ਰਿਤ ਕਲਪਣਾ ਦਾ ਇਕ ਸੁਪਨਾ ਮੰਨ ਸਕਦੇ ਹਾਂ। ਇਹ ਮਨੁੱਖ ਦੀ ਗੌਰਵਸ਼ੀਲ ਸੁਤੰਤਰ ਭਾਵਨਾ ਦੀ ਥੀਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਹੈ ਜੋ ਮੁਢਲੇ ਪਰਾਧੀਨਤਾ ਵਾਲੇ ਜੀਵਨ ਦੇ ਵਿਰੋਧ ਵਿਚ ਰੱਖ ਕੇ ਵਧੇਰੇ ਸਪਸ਼ਟ ਹੋ ਸਕਦੀ ਹੈ ।

ਇਸ ਤੋਂ ਉਪਰੰਤ ਨਾਵਲ ਦਾ ਸਾਰਾ ਫੈਲਾਉ ਸਮਾਜਿਕ ਅਤੇ ਇਤਿਹਾਸਕ ਸਥਿਤੀਆਂ ਦੇ ਨਿਰੂਪਣ ਨਾਲ ਜਾ ਜੁੜਦਾ ਹੈ, ਇਸ ਵਿਚ ਰਾਜਸੀ ਚੇਤਨਾ ਦੇ ਨਾਲ-ਨਾਲ ਵਿਅਕਤੀਗਤ ਸੁਤੰਤਰਤਾ ਦੀ ਥੀਮ ਰਲਗੱਡ ਹੋ ਕੇ ਪੇਸ਼ ਹੁੰਦੀ ਹੈ । ਮਨੁੱਖ ਆਪਣੀ, ਸਮਕਾਲੀ ਸਥਿਤੀ ਦੇ ਪ੍ਰਸੰਗ ਵਿਚ ਹੀ ਆਪਣੀ ਸੁਤੰਤਰ ਚੋਣ ਦਾ ਰਾਹ ਚੁਣ ਸਕਦਾ ਹੈ । ਉਸਦੀ ਯਾਤਰਾ ਇਤਿਹਾਸ ਨਾਲ ਜੁੜੀ ਹੋਈ ਹੈ ਜਿਸ ਲਈ ਕਦਮ-ਕਦਮ ਤੇ ਉਸਨੂੰ ਆਪਣੇ ਅੰਦਰਲੇ ਸੱਚ ਦੇ ਹਾਣ ਦਾ ਕੋਈ ਨ ਕੋਈ ਕਾਰਜ ਖੇਤਰ ਚੁਣਨਾ ਪੈਂਦਾ ਹੈ । ਫ਼ਕੀਰੀ ਪ੍ਰਾਪਤ ਕਰ ਲੈਣ ਤੋਂ ਬਾਅਦ ਇਹ ਵਾਪਸ ਸੰਸਾਰ ਵਿਚ ਪ੍ਰਵੇਸ਼ ਕਰਨ ਦੀ ਨਵੀਂ ਕੋਸ਼ਿਸ਼ ਮੰਨੀ ਜਾ ਸਕਦੀ ਹੈ । ਫ਼ਕੀਰੀ ਮਨੁੱਖ ਨੂੰ ਗਰਜ਼ ਤੋਂ ਮੁਕਤ ਕਰ ਦੇਂਦੀ ਹੈ ਅਤੇ ਦੂਸਰਿਆਂ ਲਈ ਕੁਝ ਕਰਨ ਦੀ ਅਚੇਤ ਪ੍ਰੇਰਣਾ ਜਗਾਉਂਦੀ ਹੈ । ਨਾਵਲ ਦੇ ਇਸ ਖੰਡ ਵਿਚ ਫ਼ਰੀਦ, ਨਾਨਕ, ਸ਼ਾਹ ਹੁਸੈਨ, ਬੁਲ੍ਹੇਸ਼ਾਹ ਅਤੇ ਬਾਹੂ ਵਰਗੇ ਫ਼ਕੀਰ ਹਨ ਤਾਂ ਰਾਂਝਾ, ਮਿਰਜ਼ਾ, ਦੁੱਲਾ, ਹੀਰ, ਸੱਸੀ, ਸੋਹਣੀ ਅਤੇ ਸਾਹਿਬਾਂ ਵੀ ਹਨ । 'ਮਰੇ ਬੰਦੇ' ਨੂੰ ਇਤਿਹਾਸ ਅਤੇ ਗਲਪ-ਜਗਤ ਦੇ ਇਹ ਪਾਤਰ ਜਿਉਂਦੀ ਜਾਗਦੀ ਹਕੀਕਤ ਜਾਪਦੇ ਹਨ । ਉਸਦੀ ਮਾਨਸਿਕਤਾ ਯਥਾਰਥ ਦੇ ਕੁਰਖਤ ਪਾਸਾਰ ਨਾਲੋਂ ਆਪਣਾ ਨਾਤਾ ਤੋੜ ਕੇ ਇਨ੍ਹਾਂ ਇਸ਼ਕ ਹਕੀਕੀ ਅਤੇ ਮਜਾਜ਼ੀ ਦੇ ਪ੍ਰਤੀਕਾਂ ਦੀ ਸੰਗਤ ਵਿਚ ਵਿਚਰਦੀ ਹੈ । ਦੁਨਿਆਵੀ ਨਜ਼ਰ ਤੋਂ ਉਹ ਇਕ ਦੀਵਾਨਾ ਬਣ ਗਿਆ ਹੈ ਪਰ ਰਤਾ ਕੁ ਡੂੰਘੇਰੀ ਨਜ਼ਰ ਨਾਲ ਤੱਕਿਆ ਉਸਦੀ ਦੀਵਾਨਗੀ ਵਿਚ ਵੀ ਇਕ ਮੈਥਡ ਦੀ ਝਲਕ ਪੈਂਦੀ ਹੈ । ਇਸ ਤਰ੍ਹਾਂ ਇਹ ਪਾਤਰ ਹੁਣ ਯਥਾਰਥ ਨਾਲੋਂ ਵਧੇਰੇ ਮਿੱਥ ਵਿਚ ਜਿਉਂਦਾ ਪ੍ਰਤੀਤ ਹੁੰਦਾ ਹੈ, ਜਿਥੇ ਸਮੇਂ ਸਥਾਨ ਦੀ ਚੇਤਨਾ ਤਰਲ ਹੋ ਗਈ ਹੈ ।

ਇਸ ਕਿਸਮ ਦੀ ਮਿੱਥ-ਚੇਤਨਾ ਵਾਲਾ ਵਿਅਕਤੀ ਸਮਾਜਿਕ, ਧਾਰਮਿਕ ਅਤੇ ਰਾਜਸੀ ਮਾਹੌਲ ਵਿਚ ਵਧ ਰਹੇ ਝੂਠ, ਫ਼ਰੇਬ ਅਤੇ ਪਾਖੰਡ ਨੂੰ ਕਿਵੇਂ ਸਹਾਰ ਸਕਦਾ ਹੈ । ਉਸਦੇ ਅੰਦਰ ਦਾ ਵਿਦਰੋਹ ਜਾਂ ਤਾਂ ਕ੍ਰਾਂਤੀ ਦੇ ਪੰਧ ਨੂੰ ਚੁਣ ਲੈਂਦਾ ਹੈ ਅਤੇ ਜਾਂ ਫੇਰ ਉਸਦੀ ਆਪਣੀ ਮਾਨਸਿਕਤਾ ਖੰਡਿਤ ਹੋ ਜਾਂਦੀ ਹੈ । ਨਾਵਲ ਦੇ ਇਸ ਖੰਡ ਵਿਚ 'ਮਰੇ ਬੰਦੇ' ਦੇ ਸਮਕਾਲੀ ਵਾਤਾਵਰਣ ਵਿਚ ਇਤਿਹਾਸ ਦੀਆਂ ਸੁਤੰਤਰਤਾ ਵਿਰੋਧੀ ਅਤੇ ਲੁਟ-ਖਸੁਟ ਕਰਨ ਵਾਲੀਆਂ ਸ਼ਕਤੀਆਂ ਦੇ ਉਭਾਰ ਦਾ ਵਰਣਨ ਹੈ । ਆਪਣੀ ਸ਼ਕਤੀ ਅਤੇ ਸਮਰੱਥਾ ਨਾਲੋਂ ਵਡੇਰੀ ਇਸ ਦਮਨਕਾਰੀ ਹਕੀਕਤ ਨਾਲ ਟਕਰਾ ਕੇ ਉਸਦੀ ਮਾਨਸਿਕਤਾ ਆਪਣਾ ਸੰਤੁਲਨ ਗਵਾ ਬੈਠਦੀ ਹੈ ਅਤੇ ਉਹ ਇਕ ਦਿਨ ਸ਼ਹਿਰ ਦੇ ਵੱਡੇ ਚੌਕ ਵਿਚ ਆ ਖਲੋਂਦਾ ਹੈ ਅਤੇ :

"ਮੈਂ ਜ਼ੋਰ ਦੀਆਂ ਗਾਲ੍ਹਾਂ ਕੱਢੀਆਂ, ਹਕੂਮਤੀ ਧਿਰ ਨੂੰ ਵੀ ਤੇ ਵਿਰੋਧੀ ਧਿਰ ਨੂੰ ਵੀ । ਮੈਂ ਜ਼ੋਰ ਜ਼ੋਰ ਦਾ ਹੱਸ ਰਿਹਾ ਸਾਂ । ਰੋ ਵੀ ਰਿਹਾ ਸਾਂ...ਮੈਂ ਛੇਤੀ ਛੇਤੀ ਆਪਣੇ ਜੁੱਸੇ ਤੇ ਤੇਲ ਤਰੌਂਕਿਆ ਤੇ ਮਾਚਿਸ ਦੀ ਤੀਲੀ ਵਿਖਾ ਦਿੱਤੀ...।"

ਇਸ ਤੋਂ ਬਾਅਦ ਇਸ ਪਾਤਰ ਦੇ ਹਸਪਤਾਲ ਵਿਚ ਨੀਮ-ਮੁਰਦਾ ਹਾਲਤ ਵਿਚ ਪਏ ਹੋਣ ਦੀ ਝਾਕੀ ਹੈ । "ਇਸੇ ਹਾਲਤ ਵਿਚ ਦਿਨ ਮਹੀਨੇ ਸਾਲ ਲੰਘਦੇ ਰਹੇ, "ਤ੍ਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਇਕ ਦਿਨ ਮੇਰੀ ਅਜ਼ੀਅਤ ਦਾ ਬਹਾਨਾ ਬਣਾ ਕੇ ਮਾਪਿਆਂ ਤੇ ਦੋਸਤਾਂ ਰਿਸ਼ਤੇਦਾਰਾਂ ਨੇ ਮੈਨੂੰ ਉੱਕਾ ਮੁਕਾਵਣ ਦਾ ਫ਼ੈਸਲਾ ਕਰ ਲਿਆ"। ਇਸ ਤਰ੍ਹਾਂ ਮਰਸੀ ਕਿਲਿੰਗ ਦੀ ਓਟ ਲੈ ਕੇ ਡਾਕਟਰਾਂ ਰਾਹੀਂ ਇਸ ਬੰਦੇ ਨੂੰ ਮਰਵਾ ਦਿੱਤਾ ਜਾਂਦਾ ਹੈ। ਵਿਅੰਗ ਦੀ ਗੱਲ ਤਾਂ ਇਹ ਹੈ ਕਿ ਮਰਸੀ ਕਿ ਲਿੰਗ ਦੀ ਸਿਫ਼ਾਰਸ਼ ਕਰਨ ਵਾਲੇ ਉਹੀ ਮਾਪੇ, ਦੋਸਤ, ਰਿਸ਼ਤੇਦਾਰ ਹੀ ਹਨ, ਕੋਈ ਪਰਾਏ ਨਹੀਂ ਹਨ। ਸ਼ਾਇਦ ਇਹ ਬੰਦਾ ਹੁਣ ਇਨ੍ਹਾਂ ਲਈ ਕਿਸੇ ਦੇ ਵੀ ਕੰਮ ਦੀ ਸ਼ੈਅ ਨਹੀਂ ਸੀ ਰਹਿ ਗਿਆ, ਸਗੋਂ ਦੁਖ ਅਤੇ ਨੁਕਸਾਨ ਦਾ ਕਾਰਣ ਬਣਿਆ ਹੋਇਆ ਸੀ।

ਇਨਸਾਨੀ ਹੋਂਦ ਅਤੇ ਅਣਹੋਂਦ ਬਾਰੇ ਇਸ ਥੀਮਕ ਇਕਾਈ ਵਿਚ ਬਹੁਤ ਡੂੰਘਾ ਵਿਅੰਗ ਛੁਪਿਆ ਹੋਇਆ ਹੈ। ਆਪਣੇ ਪੈਦਾ ਹੋਣ ਵੇਲੇ ਦੀ ਘਟਨਾ ਨੂੰ ਹੀ 'ਮਰੇ ਬੰਦੇ' ਨੇ ਮਰਨ ਦੀ ਘਟਨਾ ਕਿਉਂ ਆਖਿਆ ਹੈ? ਇਸ ਦਾ ਉਤਰ ਹੁਣ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ।

"ਮੈਂ ਮਰ ਤੇ ਓਸੇ ਦਿਨ ਈ ਗਿਆ ਸਾਂ, ਜਿਸ ਦਿਨ ਮੈਂ ਪੈਦਾ ਹੋਇਆ ਸਾਂ...।" ਪੈਦਾ ਹੋਣ ਵੇਲੇ ਹੀ ਮਾਪਿਆਂ ਦੀ ਗ਼ਰਜ਼ ਆਪਣਾ ਗ਼ਲਬਾ ਪਾਉਣਾ ਸ਼ੁਰੂ ਕਰ ਦੇਂਦੀ ਹੈ, ਜਿਸ ਕਾਰਣ ਬੱਚਾ ਆਪਣੀ ਮਾਨਵੀ ਹੋਂਦ ਦੀਆਂ ਸੰਭਾਵਨਾਵਾਂ ਨਾਲੋਂ ਟੁਟ ਜਾਂਦਾ ਹੈ। ਮਾਪਿਆਂ ਲਈ ਨਫ਼ੇ ਜਾਂ ਨੁਕਸਾਨ ਦੀ ਵਸਤ ਬਣ ਕੇ ਜਿਉਣ ਨੂੰ ਦਾਰਸ਼ਨਿਕ ਪੱਧਰ ਤੇ ਹੋਂਦ ਨਾਲੋਂ ਵਧੇਰੇ ਅਣਹੋਂਦ ਹੀ ਮੰਨਿਆ ਜਾ ਸਕਦਾ ਹੈ। ਅਣਹੋਂਦ ਦਾ ਇਹ ਦੌਰ ਉਦੋਂ ਤਕ ਜਾਰੀ ਰਹਿੰਦਾ ਹੈ ਜਦੋਂ ਤੀਕ ਇਹ ਪਾਤਰ ਵਿਦਰੋਹੀ ਸੁਰ ਬੁਲੰਦ ਨਹੀਂ ਕਰਦਾ ਅਤੇ ਦੂਸਰਿਆਂ ਦੀ ਮਰਜ਼ੀ ਅਨੁਸਾਰ ਜਿਉਣ ਦੀ ਵਿਧੀ ਨੂੰ ਰਿਜੈਕਟ ਨਹੀਂ ਕਰ ਦਿੰਦਾ। ਅੰਤ ਵਿਚ ਮਾਪਿਆਂ, ਰਿਸ਼ਤੇਦਾਰਾਂ, ਦੋਸਤਾਂ ਦੀ 'ਮਰਸੀ ਕਿਲਿੰਗ' ਦੀ ਯੋਜਨਾ ਉਸਨੂੰ ਮਾਰ ਤਾਂ ਮੁਕਾਂਦੀ ਹੈ ਪਰ ਇਹ ਉਸਦੀ ਹੋਂਦ ਨੂੰ ਅਣਹੋਂਦ ਨਹੀਂ ਬਣਾ ਸਕਦੀ, ਕਿਉਂ ਜੋ ਇਕ ਵਾਰ ਜਾਗੀ ਹੋਈ ਹੋਂਦ ਤਕ ਕੋਈ ਵੀ ਹਥਿਆਰ ਨਹੀਂ ਅਪੜ ਸਕਦਾ।

ਨਾਵਲ ਦੀ ਤੀਸਰੀ ਇਕਾਈ ਵਿਚ ਇਸ 'ਮਰੇ ਬੰਦੇ' ਦੀ ਕਬਰ ਤੇ ਸ਼ਾਹ ਹੁਸੈਨ ਦੇ ਆਉਣ ਦਾ ਬਿਰਤਾਂਤ ਹੈ। ਸ਼ਾਹ ਹੁਸੈਨ ਇਕ ਕੁਤਬਾ ਠੋਕ ਰਿਹਾ ਸੀ ਜਿਸ ਉਪਰ ਹੇਠ ਲਿਖੀ ਇਬਾਰਤ ਦਰਜ ਸੀ :

"ਏਸ ਬੰਦੇ ਨੇ, ਜਿਹੜਾ ਏਥੇ ਦਫ਼ਨ ਏ, ਮੇਰੇ ਨਾਲ ਚਲਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਝੋਕ ਰਾਂਝਣ ਦੀ ਇਹ ਵੀ ਨ ਅਪੜ ਸਕਿਆ।"

—ਸ਼ਾਹ ਹੁਸੈਨ

ਇਸ ਘਟਨਾ ਤੋਂ ਬਾਅਦ ਅੰਤ ਵਿਚ 'ਮਰੇ ਬੰਦੇ' ਨੇ ਆਪਣੇ ਬੀਤੇ ਜੀਵਣ ਤੇ ਪੂਰੀ ਝਾਤ ਮਾਰਦਿਆਂ ਆਪਣੇ ਦੁਖਾਂਤ ਦੀ ਗੱਲ ਕੀਤੀ ਹੈ :

"ਮੇਰਾ ਦੁਖਾਂਤ ਇਹ ਸੀ ਕਿ ਮੇਰੇ ਲਈ ਕੋਈ ਨ ਬਹੁੜਿਆ। ਪਰ ਕੁਝ ਲੋਕਾਂ ਦਾ ਦੂਜਿਆਂ ਲਈ ਬਹੁੜਨਾ ਮੁਕੱਦਰ ਹੁੰਦਾ ਏ ਆਪੇ ਉਹ ਹਮੇਸ਼ਾਂ ਉਡੀਕ ਦੇ ਬੰਦੀਵਾਨ ਰਹਿੰਦੇ ਨੇਂ। ਮੈਂ ਨ ਸਹੀ ਮੇਰੇ ਲਹੂ ਤੋਂ ਪੁੰਗਰਨ ਵਾਲੇ ਹੋਰ ਤੇ ਝੋਕ ਰਾਂਝਣ ਦੀ ਜ਼ਰੂਰ ਅਪੜਨਗੇ।"

ਇਕ ਤਰ੍ਹਾਂ ਨਾਲ ਇਹ ਆਖ਼ਰੀ ਸਤਰਾਂ ਮਰੇ ਬੰਦੇ ਦੀ ਅਸਫਲ ਜੀਵਨ ਯਾਤਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਦੁਖਾਂਤਕ ਪਹਿਲੂ ਨੂੰ ਉਜਾਗਰ ਕਰਦੀਆਂ ਹਨ। ਸ਼ੁਧ ਦੁਖਾਂਤ ਵਾਂਗ ਹੀ ਇਸ ਵਿਚਲਾ ਨਾਇਕ (ਭਾਵੇਂ ਸਾਧਾਰਣ ਮਨੁੱਖ ਹੀ ਹੈ) ਆਪਣੇ ਤੋਂ ਵਡੇਰੀ ਸਮਰੱਥਾ ਵਾਲੀ ਸ਼ਕਤੀ ਨਾਲ ਟੱਕਰ ਲੈਂਦਾ ਹੈ ਅਤੇ ਆਪਣੇ ਵਿਦਰੋਹ ਨਾਲ ਜੁੜਿਆ ਰਹਿ ਕੇ ਮਰਨਾ ਕਬੂਲ ਕਰਦਾ ਹੈ। ਉਸ ਦੀ ਮੌਤ ਉਸਦੇ ਅੰਦਰਲੇ ਤੱਤ ਨੂੰ ਸਗੋਂ ਹੋਰ ਵੀ ਉਘਾੜ ਕੇ ਰਖ ਦੇਂਦੀ ਹੈ।

ਸਮੁਚੇ ਤੌਰ ਤੇ ਇਸ ਰਚਨਾ ਦੀ ਕੇਂਦਰੀ ਥੀਮ ਅਣਹੋਂਦ ਨੂੰ ਹੋਂਦ ਵਿਚ ਵਟਾਉਣ ਵਾਲੀ ਵਿਦਰੋਹੀ ਚੇਤਨਾ ਹੈ। ਇਹ ਗੱਲ ਇਸਦੇ ਸਮੁਚੇ ਸੰਗਠਨ ਵਿਚ ਸਮਾਈ ਹੋਈ ਹੈ ਕਿ ਪਰਾਈ ਮਰਜ਼ੀ, ਰੁਟੀਨ ਅਤੇ ਆਦਤ ਦੀ ਗ਼ੁਲਾਮੀ ਨੂੰ ਕਬੂਲ ਕਰਨ ਦਾ ਅਰਥ ਆਪਣੀ ਮਾਨਵੀ ਹੋਂਦ ਨੂੰ ਗਵਾਉਣ ਤੇ ਤੁਲ ਹੈ। ਅਜੇਹੀ ਸਥਿਤੀ ਵਿਚ ਵਿਦਰੋਹ ਹੀ ਮਨੁਖ ਦੀ ਹੋਂਦ-ਅਵਸਥਾ ਦਾ ਪ੍ਰਮਾਣਿਕ ਲੱਛਣ ਹੈ। ਇਸ ਤੋਂ ਬਿਨਾਂ ਮਨੁੱਖ ਆਪਣੀ ਮਾਨਵਤਾ ਨੂੰ ਪ੍ਰਾਪਤ ਹੀ ਨਹੀਂ ਕਰ ਸਕਦਾ ਸਗੋਂ ਆਪਣਿਆਂ ਪਰਾਇਆਂ ਦੇ ਹੱਥਾਂ ਵਿਚ ਇਕ ਵਸਤ ਬਣ ਕੇ ਰਹਿ ਜਾਂਦਾ ਹੈ—ਕਦੇਂ ਨਫ਼ਾ ਬਖਸ਼ਣ ਵਾਲੀ ਵਸਤ ਅਤੇ ਕਦੇ ਨੁਕਸਾਨ ਦੇਣ ਵਾਲੀ।

ਇਉਂ ਹੋਂਦ ਅਤੇ ਅਣਹੋਂਦ ਨੂੰ ਇਸ ਨਾਵਲ ਵਿਚ ਗੰਭੀਰ ਕਿਸਮ ਦੇ ਦਾਰਸ਼ਨਿਕ ਅਰਥ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਵਲ ਦੇ ਅੰਤ ਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਜੋ ਪ੍ਰਮਾਣਿਕ ਰੂਪ ਵਿਚ ਆਪਣੇ ਮਨੁਖ ਹੋਣ ਦਾ ਸਬੂਤ ਦੇ ਜਾਂਦਾ ਹੈ ਉਹ ਮਰ ਕੇ ਵੀ ਨਹੀਂ ਮਰਦਾ। ਉਹ ਸ਼ਾਹ ਹੁਸੈਨ ਵਾਂਗ ਦੂਜਿਆਂ ਲਈ ਸਦਾ ਹੀ 'ਝੋਕ ਰਾਂਝਣ ਦੀ' ਜਾਣ ਦਾ ਸੰਦੇਸ਼ ਦਿੰਦਾ ਰਹੇਗਾ। ਰਾਂਝਣ ਦੀ ਝੋਕ ਸਾਡੀ ਕਲਚਰ ਦਾ ਬੜਾ ਸ਼ਕਤੀਸ਼ਾਲੀ ਪ੍ਰਤੀਕ ਹੈ ਜੋ ਮਨੁਖੀ ਜੀਵਨ ਦੀ ਅੰਤਿਮ ਸਾਰਥਕਤਾ ਪਛਾਣਨ ਵਲ ਸੰਕੇਤ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਖੇਰੂ (ਨਾਵਲ) : ਇਕ ਅਧਿਐਨ

ਪਾਕਿਸਤਾਨ ਦੇ ਲੇਖਕ ਮੁਸਤਨੱਸਰ ਹੁਸੈਨ ਤਾਰੜ ਦਾ ਨਾਵਲ 'ਪਖੇਰੂ' ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਇਕ ਮੁਬਾਰਕ ਕਦਮ ਮੰਨਿਆ ਜਾ ਸਕਦਾ ਹੈ। ਇਹ ਨਾਵਲ ਜਿਥੇ ਅੱਜ ਦੇ ਦੌਰ ਵਿਚ ਜਿਉਂ ਰਹੇ ਸਾਧਾਰਨ ਮਨੁੱਖ ਦੀ ਹੋਂਦ-ਅਵਸਥਾ (existential situation) ਦਾ ਡੂੰਘਾ ਵਿਸ਼ਲੇਸ਼ਣ ਪੇਸ਼ ਕਰਦਾ ਹੋਇਆ ਕਈ ਸੰਜੀਦਾ ਨੁਕਤੇ ਉਭਾਰਦਾ ਹੈ, ਉਥੇ ਇਸ ਦੀਆਂ ਰਚਨਾ-ਵਿਧਾਨਕ ਵਿਸ਼ੇਸ਼ਤਾਵਾਂ ਵੀ ਉਚੇਚਾ ਧਿਆਨ ਖਿੱਚਣ ਵਾਲੀਆਂ ਹਨ। ਇਸ ਵਿਚ ਵਰਤੀਆਂ ਗਈਆਂ ਰਚਨਾ-ਜੁਗਤਾਂ ਪੰਜਾਬੀ ਕਿੱਸਾਕਾਰੀ ਨਾਲ ਡੂੰਘੀ ਸਮਾਨਤਾ ਰਖਦੀਆਂ ਹਨ। ਇਸ ਦਾ ਗਲਪੀ ਜਗਤ (fictional world) ਮਿੱਥ, ਰੋਮਾਂਸ ਅਤੇ ਯਥਾਰਥ ਦੀ ਰਲਗੱਡਤਾ ਦਾ ਝਾਂਵਲਾ ਦੇਂਦਾ ਹੈ। ਸ਼ਾਇਦ ਇਸੇ ਕਾਰਨ ਹੀ ਲੇਖਕ ਨੇ ਇਸ ਨੂੰ 'ਕਿੱਸਾ ਇਕ ਬੰਦੇ ਤੇ ਪਖੇਰੂ' ਦਾ ਆਖਿਆ ਹੈ। ਕਿੱਸਿਆਂ ਵਾਂਗ ਹੀ ਇਸ ਵਿਚਲੇ ਕਈ ਗ਼ੈਰ-ਮਨੁੱਖੀ ਪਾਤਰ (ਜਿਵੇਂ ਗਿਰਝਾਂ, ਪੰਖੇਰੂ, ਆਦਿ) ਮਨੁਖੀ ਬੋਲੀ ਬੋਲਦੇ ਹਨ ਅਤੇ ਮਿੱਥ ਤੇ ਰੋਮਾਂਸ ਦੇ ਵਾਸੀ ਜਾਪਦੇ ਹਨ। ਪਰ ਤਾਂ ਵੀ ਇਸ ਦਾ ਰੂਪਾਕਾਰ (genre) ਨਾਵਲ ਵਾਲਾ ਹੈ। ਮਿੱਥ ਤੇ ਰੋਮਾਂਸ ਦੀਆਂ ਨੁਮਾਇੰਦਾ ਜੁਗਤਾਂ ਨੂੰ ਇਥੇ ਯਥਾਰਥ ਦੀ ਬਣਤਰ ਫਿਰੋਲਣ ਲਈ ਸਾਧਨ ਵਜੋਂ ਵਰਤਿਆ ਗਿਆ ਹੈ। ਲੇਖਕ ਦੀ ਦ੍ਰਿਸ਼ਟੀ, ਆਦਿ ਤੋਂ ਅੰਤ ਤਕ ਮਨੁਖੀ ਜੀਵਨ ਦੀ ਹਕੀਕਤ ਤੇ' ਹੀ ਟਿਕੀ ਹੈ। ਇਹ ਦ੍ਰਿਸ਼ਟੀ ਯਥਾਰਥ ਤੋਂ ਵੱਖਰੇ ਅਤੇ ਪਰ੍ਹਾਂ ਦੇ ਕਿਸੇ ਰੋਮਾਂਸ ਜਗਤ ਵਲ ਸਫ਼ਰ ਨਹੀਂ ਕਰਦੀ, ਸਗੋਂ ਯਥਾਰਥ ਦੇ ਅਰਥਾਂ ਨੂੰ ਪ੍ਰਤੀਕਾਤਮਕ ਗਹਿਰਾਈ ਦੇਣ ਲਈ ਹੀ ਮਿੱਥ ਤੇ ਰੋਮਾਂਸ ਦੀ ਵਰਤੋਂ ਕਰਦੀ ਹੈ।

ਨਾਵਲ ਦਾ ਆਰੰਭ ਗਿਰਝਾਂ ਦੇ ਵਾਰਤਾਲਾਪ ਨਾਲ ਹੁੰਦਾ ਹੈ :

"ਇਕ ਗਿਰਝ ਦੂਜੇ ਨੂੰ ਆਖਿਆ, "ਹੇਠਾਂ ਵੇਖ।"

ਦੂਜੇ ਗਿਰਝ ਖੰਭ ਖਿਲਾਰੇ, "ਕੁਝ ਵੀ ਨਹੀਂ...ਇਕ ਬੰਦਾ ਏ, ਉਜਾੜ ਰੜਾ ਮੈਦਾਨ ਏ, ਇਕ ਟੁੰਡ ਏ...ਬਸ! ਖਾਣ ਆਲੀ ਕਾਈ ਸ਼ੈ ਨਈਂ .।" "ਬੰਦਾ ਈ ਤਾਂ ਖਾਣ ਆਲੀ ਸ਼ੈ ਹੁੰਦੀ ਏ, ਕਮਲਿਆ...।" ਪਹਿਲੇ ਗਿਰਝ ਦੇ ਖੰਭਾਂ ਦੀ ਸ਼ੂਕਰ ਅਸਮਾਨਾਂ ਦੇ ਚੁਪ ਚਾਂ ਸ਼ੀਸ਼ੇ ਉਤੇ ਲੋਹੇ ਦੇ ਇਕ ਵੱਟੇ ਹਾਰ ਡਿੱਗੀ ਤੇ ਉਹਨੂੰ ਲੀਰਾਂ-ਲੀਰਾਂ ਕਰ ਦਿੱਤਾ—"ਕਿਉਂ ਜੇ ਇਹ ਦੂਜਿਆਂ ਜਨੌਰਾਂ ਤੋਂ ਵੱਖ ਹੁੰਦਾ ਏ... ਅਸ਼ਰਫੁਲਮਖ਼ਲੂਕਾਤ...।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਜਾੜ ਰੜੇ ਮੈਦਾਨ ਵਿਚ ਖਲੋਤੇ ਹੋਏ ਇਕੱਲੇ ਮਨੁੱਖ ਦੇ ਉੱਪਰ ਗਿਰਝਾਂ ਦੇ ਮੌਤ-ਰੂਪੀ ਪਰਛਾਵੇਂ ਦਾ ਮੰਡਲਾਉਣਾ ਨਾਵਲ ਦੀ ਮੁਢਲੀ ਸਥਿਤੀ ਹੈ। ਸੁਭਾਵਿਕ ਹੀ ਉਤਸੁਕਤਾ ਜਾਗਦੀ ਹੈ ਕਿ ਇਹ ਬੰਦਾ ਕੌਣ ਹੈ ? ਉਜਾੜ ਅਤੇ ਰੜੇ ਮੈਦਾਨ ਵਿਚ ਕੀ ਕਰ ਰਿਹਾ ਹੈ ? ਅਤੇ ਕਿਉਂ ਖਲੋਤਾ ਹੈ ? ਲੇਖਕ ਨੇ ਇਸ ਬੰਦੇ ਦੀ ਸਥਿਤੀ ਦਾ ਵੇਰਵਾ (exposition) ਦੇਣ ਲਈ ਫਲੈਸ਼-ਬੈਕ ਦੀਆਂ ਜੁਗਤਾਂ ਵਰਤੀਆਂ ਹਨ, ਜਿਨ੍ਹਾਂ ਸਦਕਾ ਇਸ ਦੀ ਸਥਿਤੀ ਦਾ ਸਮਾਜਕ ਅਤੇ ਦਾਰਸ਼ਨਿਕ ਪਹਿਲੂ ਉੱਘੜਦਾ ਨਜ਼ਰ ਆਉਂਦਾ ਹੈ। ਇਹ ਬੰਦਾ ਜਿਸ ਦਾ ਨਾਵਲ ਵਿਚ ਕੋਈ ਨਾਂ ਨਹੀਂ ਹੈ, ਚਾਲ੍ਹੀ ਸਾਲਾਂ ਦੀ ਉਮਰ ਨੂੰ ਪਹੁੰਚਿਆ ਹੋਇਆ ਇਕ ਔਸਤ ਦਰਜੇ ਦੇ ਕਿਸਾਨ ਪਰਿਵਾਰ ਦਾ ਪੜ੍ਹਿਆ ਲਿਖਿਆ ਇਨਸਾਨ ਹੈ, ਜੋ ਬਚਪਨ ਦੀ ਸਾਦਗੀ ਅਤੇ ਮਾਸੂਮੀਅਤ ਵਿਚੋਂ ਲੰਘ ਕੇ ਸਰਮਾਏਦਾਰੀ ਜੀਵਨ-ਪ੍ਰਬੰਧ ਦੇ ਕਠੋਰ ਯਥਾਰਥ ਨਾਲ ਟਕਰਾ ਜਾਂਦਾ ਹੈ। ਉਸ ਦੇ ਮਨ ਵਿਚ ਜੀਵਨ ਦੇ ਸੱਚ ਅਤੇ ਰਹੱਸ ਨੂੰ ਫਰੋਲਣ ਦੇ ਸੁਪਨੇ ਹਨ ਪਰ ਪੈਸੇ ਦੀ ਸਰਦਾਰੀ ਵਾਲੇ ਇਨਸਾਨ-ਦੋਖੀ ਵਰਤਾਰੇ ਨਾਲ ਸਮਝੌਤਾ ਨਾ ਕਰਨ ਦੀ ਲੋਚਾ ਕਾਰਨ ਇਹ ਅਤਿ ਦਰਜੇ ਦੀ ਬਿਪਤਾ ਭੋਗਣ ਲਈ ਮਜਬੂਰ ਹੁੰਦਾ ਹੈ। "ਸੱਚ ਦੇ ਸੂਰਜ ਨੂੰ ਫਾਹੁਣ" ਦੀ ਇਸ ਦੀ ਬਚਪਨ ਦੀ ਰੀਝ ਇਸ ਨੂੰ ਕੂੜ, ਫ਼ਰੇਬ ਅਤੇ ਪਖੰਡ ਭਰੇ ਵਾਤਾਵਰਣ ਵਿਚ ਵਿਆਕੁਲ ਕਰ ਛੱਡਦੀ ਹੈ। ਇਸ ਦਾ ਵਿਦਰੋਹ ਇਸ ਨੂੰ ਆਪਣੇ ਆਲੇ ਦੁਆਲੇ ਨਾਲੋਂ ਮਾਨਸਿਕ ਅਤੇ ਭਾਵੁਕ ਤੌਰ ਤੇ ਵੱਖ ਕਰ ਦਿੰਦਾ ਹੈ। ਇਹ ਆਪਣੇ ਇਕਲਾਪੇ ਦੀ ਸੁੰਞ ਵਿਚ ਭਟਕ ਜਾਂਦਾ ਹੈ। ਯਾਰ, ਦੋਸਤ, ਰਿਸ਼ਤੇਦਾਰ ਅਤੇ ਆਲੇ ਦੁਆਲੇ ਦਾ ਸਮਾਜ ਜੀਵਨ ਨਿਰਬਾਹ ਦੀਆਂ ਲੋੜਾਂ ਦੀ ਪੂਰਤੀ ਹਿਤ ਜਿਸ ਤਰ੍ਹਾਂ ਦੇ ਸਮਝੌਤੇ ਕਰਨ ਲਈ ਉਕਸਾਉਂਦਾ ਹੈ, ਉਹ ਇਸ ਨੂੰ ਪਰਵਾਨ ਨਹੀਂ ਅਤੇ ਜਦੋਂ ਇਹ ਆਪਣੇ ਸੱਚ ਦਾ ਵਿਦਰੋਹੀ ਬੋਲ ਉਚਾਰਦਾ ਹੈ ਤਾਂ ਸਭ ਵਲੋਂ ਦੁਰਕਾਰਿਆ ਜਾਂਦਾ ਹੈ। ਇਸ ਬੇਗਾਨੀਆਂ ਭਰੇ ਵਾਤਾਵਰਣ ਵਿਚ ਜਦੋਂ ਉਸ ਲਈ ਸਾਹ ਲੈਣਾ ਔਖਾ ਹੋ ਜਾਂਦਾ ਹੈ ਤਾਂ ਉਹ ਇਸ ਉਜਾੜ ਰੜੇ ਮੈਦਾਨ ਵਿਚ ਆ ਖਲੋਂਦਾ ਹੈ। ਉਸ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ ਉਹ ਇਥੇ ਆਪ ਭੱਜ ਆਇਆ ਹੈ ਜਾਂ ਉਸ ਨੂੰ ਇਥੇ ਭਜਾ ਦਿੱਤਾ ਗਿਆ ਹੈ।

ਮੁਖ ਪਾਤਰ ਦੀ ਇਸ ਸਥਿਤੀ ਦੀ ਵਿਆਖਿਆ ਕਰਨ ਲਈ ਨਾਵਲਕਾਰ ਨੇ ਉਸ ਦੇ ਬੀਤੇ ਜੀਵਨ ਦੀਆਂ ਕੁਝ ਪ੍ਰਤੀਨਿਧ ਝਾਕੀਆਂ ਬਿਆਨ ਕੀਤੀਆਂ ਹਨ। ਮਿਸਾਲ ਵਜੋਂ ਉਸ ਦੇ ਬਚਪਨ ਦੀ ਇਕ ਝਾਕੀ, ਜਦੋਂ ਫੱਟੀ ਬਸਤਾ ਫੜੀ ਪਿੰਡ ਤੋਂ ਦੁਰਾਡੇ ਨਾਰਮਲ ਸਕੂਲ ਜਾ ਰਿਹਾ ਹੁੰਦਾ ਹੈ। "ਸ਼ਟ੍ਹਾਲੇ ਦੀਆਂ ਪੈਲੀਆਂ ਵਿਚੋਂ ਲੰਘ ਕੇ ਫਿਰ ਗੱਡੀ ਦੀ ਲਾਈਨੋਂ ਪਾਰ। ਢਿੱਡ ਵਿਚ...(ਬਿਸਕੁਟ, ਬਿਸਕੁਟ, ਡੰਡਾ ਲੈ ਕੇ ਢਿੱਡ ਘੁਟ) ਪਰ ਢਿੱਡ ਵਿਚ ਤੰਦੂਰ ਦੀ ਬਹੀ ਰੋਟੀ ਤੇ ਸੱਜਰੇ ਮੱਖਣ ਦੇ ਪੇੜੇ ਦੀ ਗਰਮਾਈ ਉਹਦੇ ਹੱਡਾਂ ਪੈਰਾਂ ਨੂੰ ਇੰਜ ਗਰਮਾਇਸ਼ ਪੁਚਾਂਦੀ ਜੇ, ਉਹ ਨਾਰਮਲ ਸਕੂਲ ਤਾਂ ਕੀ, ਦਸ ਕੋਹ ਦੁਰਾਡੇ ਸ਼ਹਿਰ ਤੀਕਰ ਵੀ ਟੁਰ ਜਾਂਦਾ ਤੇ ਉਹਨੂੰ ਉੱਕਾ ਥਕੇਵਾਂ ਨਾ ਚੜ੍ਹਦਾ।"

(ਪੰਨਾ 19)

ਸਕੂਲ ਜਾਂਦੇ ਹੋਏ ਉਹਨੂੰ ਰਾਹ ਵਿਚ ਅਧਮੋਏ ਖੋਤੇ ਉੱਪਰ ਗਿਰਝਾਂ ਮੰਡਲਾਉਂਦੀਆਂ ਨਜ਼ਰ ਆਉਂਦੀਆਂ ਹਨ। 'ਅਹਿਮੇ' ਜੁਲਾਹੇ ਦਾ ਇਹ ਖੋਤਾ ਲੱਤ

CC-0. In Public Domain. Gurukul Kangri Collection, Haridwar

ਟੁਟੀ ਹੋਈ ਹੋਣ ਕਾਰਨ ਇਸ ਵੀਰਾਨੇ ਵਿਚ ਫ਼ਾਲਤੂ ਜਾਣ ਕੇ ਸੁਟ ਦਿਤਾ ਗਿਆ ਸੀ
Digitized by Arya Samaj Foundation Chennai and eGangotri
ਤੇ ਹੁਣ ਗਿਰਝਾਂ ਇਸ ਦਾ ਮਾਸ ਨੋਚਣ ਆ ਰਹੀਆਂ ਸਨ। ਮੁਖ ਪਾਤਰ ਦੇ ਮਨ ਵਿਚ ਇਹ ਝਾਕੀ ਡੂੰਘਾ ਪ੍ਰਭਾਵ ਛੱਡ ਜਾਂਦੀ ਹੈ। ਫ਼ਾਲਤੂ ਹੋਣ ਦਾ ਅਹਿਸਾਸ ਅਤੇ ਮੌਤ ਦਾ ਪਰਛਾਵਾਂ ਇਸ ਝਾਕੀ ਦੀ ਥੀਮੈਟਿਕ ਟੋਨ ਹੈ ਜੋ ਤੀਹਾਂ ਦੀ ਉਮਰ ਤੋਂ ਟੱਪ ਜਾਣ ਤੋਂ ਬਾਅਦ ਉਸ ਦੇ ਆਪਣੇ ਜੀਵਨ ਨਾਲ ਸੰਬੰਧਿਤ ਹੋ ਜਾਂਦੀ ਹੈ, ਜਦੋਂ ਉਸਨੂੰ ਜ਼ਮੀਨ ਵੇਚ ਕੇ ਬਿਪਤਾ ਨਾਲ ਕਰਾਈ ਗਈ ਸੋਲ੍ਹਾਂ ਵਰ੍ਹਿਆਂ ਦੀ ਪੜ੍ਹਾਈ ਜੀਵਨ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰ ਸਕਣ, ਆਪਣੇ ਬੀਵੀ-ਬੱਚਿਆਂ ਦੀਆਂ ਨਿਗੂਣੀਆਂ ਰੀਝਾਂ ਪੂਰੀਆਂ ਕਰ ਸਕਣ ਅਤੇ ਮਾਂ-ਬਾਪ ਦੀ ਆਰਥਿਕ ਸਹਾਇਤਾ ਕਰਨ ਯੋਗ ਵੀ ਨਹੀਂ ਬਣਾ ਸਕਦੀ। ਉਸਨੂੰ ਸਕੂਲ ਟੀਚਰ ਦੀ ਇਕ ਨਿਗੂਣੀ ਜਿਹੀ ਨੌਕਰੀ ਮਿਲਦੀ ਹੈ। ਉਚੇਰੀਆਂ ਅਸਾਮੀਆਂ ਨੂੰ ਉਹ ਆਪਣੇ ਸੱਚ ਬੋਲਣ ਕਾਰਨ ਗੁਆ ਲੈਂਦਾ ਹੈ। ਜਦੋਂ ਇੰਟਰਵਿਊ ਵਿਚੋਂ ਉਹ ਸਥਾਪਤੀ ਦੇ ਹਾਮੀ ਐਕਸਪਰਟਾਂ ਦੀਆਂ ਪੁੱਛਾਂ ਦਾ ਜਵਾਬ ਉਹਨਾਂ ਦੇ ਅਨੁਕੂਲ ਦੇਣ ਦੀ ਬਜਾਏ, ਆਪਣੇ ਅੰਦਰਲੇ ਸੱਚ ਦੀ ਨਜ਼ਰ ਤੋਂ ਦਿੰਦਾ ਹੈ ਤਾਂ ਉਸਨੂੰ ਰੀਜੈਕਟ ਕਰ ਦਿੱਤਾ ਜਾਂਦਾ ਹੈ।

ਉਸ ਦੇ ਦੋਸਤ ਉਸ ਦੀ ਖਿੱਲੀ ਉਡਾਉਂਦੇ ਹਨ। ਬੀਵੀ ਤਾਅਨੇ ਮਾਰਦੀ ਹੈ, ਪਰ ਉਹ ਚੁਪ-ਚਾਪ ਆਪਣੇ ਕਮਰੇ ਦੀ ਚਿੱਟੀ ਕੰਧ ਦੇ ਖਿਲਾਅ ਵਲ ਝਾਕਦਾ ਰਹਿੰਦਾ ਹੈ ਜਾਂ ਸ਼ਮਸ਼ਾਨ ਵੱਲ ਜਾਂਦੇ ਮੁਰਦਿਆਂ ਨੂੰ ਤੱਕਦਾ ਰਹਿੰਦਾ ਹੈ। ਇਹਨਾਂ ਝਾਕੀਆਂ ਵਿਚ ਇਨਸਾਨ-ਵਿਰੋਧੀ ਚੌਗਿਰਦੇ ਨਾਲ ਸਮਸੌਤਾ ਨ ਕਰਨ ਵਾਲੇ ਇਕ ਸੱਚੇ ਇਨਸਾਨ ਦੀ ਇਕੱਲਤਾ ਨੂੰ ਉਭਾਰ ਕੇ, ਉਸ ਦੇ ਮਨ ਅੰਦਰ ਪੈਦਾ ਹੋ ਰਹੇ ਫ਼ਾਲਤੂ ਹੋਣ ਦੇ ਅਹਿਸਾਸ ਦੀ ਨਿਰਾਸਤਾ-ਗ੍ਰਸੀ ਸਥਿਤੀ ਨੂੰ ਉਘਾੜਿਆ ਗਿਆ ਹੈ।

ਆਪਣੇ ਮਨ ਅੰਦਰ ਪੈਦਾ ਹੋਈ ਨਿਰਾਸਤਾ ਕਾਰਨ ਜਦੋਂ ਇਹ ਇਨਸਾਨ ਸਮਾਜਿਕ ਅਤੇ ਭਾਈਚਾਰਕ ਚੌਗਿਰਦੇ ਵਿਚੋਂ ਬਾਹਰ ਆ ਜਾਂਦਾ ਹੈ ਅਤੇ ਇਸ ਰੜੇ ਮੈਦਾਨ ਦੀ ਇੱਕਲ ਵਿਚ ਜ਼ਿੰਦਗੀ ਦੇ ਗੁਆਚੇ ਰਾਹ ਤਲਾਸ਼ ਕਰਨ ਲਈ ਸੋਚਾਂ ਦੀਆਂ ਉਡਾਰੀਆਂ ਨੂੰ ਖੁੱਲਾ ਛੱਡ ਦਿੰਦਾ ਹੈ ਤਾਂ ਉਸਨੂੰ ਲੋਕਾਂ ਵਲੋਂ ਮਿਲੇ ਤਾਅਨਿਆਂ ਅਤੇ ਮਿਅਣਿਆਂ ਦਾ ਚੇਤਾ ਆਉਂਦਾ ਹੈ :

"ਲੋਕਾਂ ਆਖਿਆ, ਉਹ ਡਰਾਕਲ ਏ, ਸਮਝੌਤਾ ਕਿਉਂ ਨਹੀਂ ਕਰ ਲੈਂਦਾ ? ਮੁਆਸ਼ਰੇ ਦੇ ਬੂ ਛੱਡਦੇ ਛੱਪੜ ਵਿਚ ਖਲੋਤਾ ਰਹੇ...ਘਰ ਆਲੀ ਦੇ ਅੱਗੇ ਆਪਣੇ ਜੁੱਸੇ ਨੂੰ ਪੱਥਰ ਬਣਾ ਲਏ। ਪੱਥਰ ਦੀਆਂ ਨਾੜਾਂ ਅਤੇ ਪੱਥਰ ਦਾ ਦਿਮਾਗ। ਯਾਰਾਂ ਦੇ ਰੁਤਬੇ ਦੀ ਕਦਰ ਕਰੇ, ਆਪਣੀ ਥਾਂ ਪਛਾਣੇ। ਇੰਜ ਕਰਨਾ ਤਾਂ ਡਾਢਾ ਸੌਖਾ ਏ। ਕਿਉਂ ਨਹੀਂ ਕਰਦਾ ? ਨੱਸਦਾ ਕਿਉਂ ਏ ? ਪਰ ਤੁਸੀਂ ਇਹ ਦੱਸੋ ਜੇ ਉਹ ਡਰਾਕਲ ਹੁੰਦਾ ਤਾਂ ਡਰ ਕੇ ਸਮਝੌਤਾ ਨ ਕਰ ਲੈਂਦਾ। ਡਾਢਿਆਂ ਦਿਆਂ ਹੁਕਮਾਂ ਦੀ ਪੰਡ 'ਚਾ ਕੇ ਹਯਾਤੀ ਦੀ ਪੈਲੀ ਵਿਚ ਤ੍ਰਿਖੇ, ਦਾਂਦ ਹਾਰ ਭੱਜ ਵਗਦਾ...ਉਹਨੇ ਅਜਿਹਾ ਕਰਨ ਤੋਂ ਨਾਂਹ ਕਰ ਛੱਡਿਆ ਤੇ ਉਸ ਦੇ ਚਾਰੇ ਪਾਸੇ ਚੁੰਝਾਂ ਦੀਆਂ ਕੰਧਾਂ ਖਲੋ ਗਈਆਂ। ਇਹ ਕੰਧਾਂ ਵੇਲੇ ਨਾਲ ਨੇੜੇ ਹੁੰਦੀਆਂ ਗਈਆਂ...ਉਹਨੇ ਆਪਣੇ ਅੰਦਰ ਵਿਚ ਬਹੁਕਰ ਫੇਰ ਉਹਨੂੰ ਇੰਜ ਸਾਫ ਕਰ ਲਿਆ ਨੇ ਜੋ ਸਿਵਾਏ ਉਡੀਕ ਦੇ ਹੋਰ ਕੋਈ ਉਥੇ ਨਹੀਂ ਸੀ ਤੇ ਉਹ ਇਸ ਮੈਦਾਨ ਵਿਚ ਆ ਖਲੋਤਾ।' (ਪੰਨਾ 50-51)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਾਵਲ ਦੇ ਇਸ ਮੁਢਲੇ ਖੰਡ ਵਿਚ ਜਿਸ ਰੜੇ ਮੈਦਾਨ ਵਿਚ ਖਲੋਤੇ ਬੰਦੇ ਦੇ ਸਿਰ 'ਤੇ ਗਿਰਝਾਂ ਦੇ ਮੰਡਲਾਉਣ ਦੀ ਗੱਲ ਕੀਤੀ ਗਈ ਹੈ, ਉਹ ਅਜਿਹੇ ਸਮਾਜਿਕ ਪ੍ਰਬੰਧ ਵਿਚੋਂ ਉਪਰਾਮ ਹੋ ਕੇ ਆਇਆ ਹੈ ਜਿਥੇ ਮਨੁੱਖ-ਵਿਰੋਧੀ ਜੀਵਨ ਕਦਰਾਂ ਗਿਰਝਾਂ ਤੇ ਜੋਕਾਂ ਵਾਂਗ ਸਾਧਾਰਨ ਮਨੁਖ ਦੇ ਜੁਸੇ ਵਿਚੋਂ ਰੱਤ ਨਿਚੋੜਦੀਆਂ ਹਨ। ਬੰਦੇ ਦੇ ਸਿਰ 'ਤੇ ਜੋ ਮੌਤ ਰੂਪੀ ਗਿਰਝ ਮੰਡਲਾ ਰਹੇ ਹਨ, ਉਹ ਸਮਾਜਿਕ ਪ੍ਰਬੰਧ ਦੇ ਲੁਟ-ਖਸੁਟ, ਦੰਭ ਅਤੇ ਫ਼ਰੇਬ-ਭਰੇ ਵਾਤਾਵਰਣ ਦਾ ਹੀ ਪ੍ਰਤੀਕ-ਕਾਤਮਕ ਦੁਹਰਾਓ ਹੈ।

ਇਸ ਤੋਂ ਅਗੇ ਨਾਵਲ ਵਿਚ ਪਖੇਰੂ ਦਾ ਪ੍ਰਸੰਗ ਆਉਂਦਾ ਹੈ। ਬੰਦੇ ਨੂੰ ਆਕਾਸ਼ ਵਿਚ ਉੱਡਦੀਆਂ ਗਿਰਝਾਂ ਦਾ ਇਕ ਬਹੁਤ ਵੱਡਾ ਇਕੱਠ ਨਜ਼ਰ ਆਉਂਦਾ ਹੈ ਅਤੇ ਉਹਨਾਂ ਵਿਚਕਾਰ ਚਿੱਟੇ ਰੰਗ ਦਾ ਇਕ ਸੁਹਲ ਜਿਹਾ ਪਖੇਰੂ ਜ਼ਖ਼ਮੀ ਹਾਲਤ ਵਿਚ ਫਸਿਆ ਹੋਇਆ ਨਜ਼ਰ ਆਉਂਦਾ ਹੈ। ਪਖੇਰੂ ਡਿਗਦਾ ਹੈ ਤਾਂ ਬੰਦਾ ਆਪਣੀ ਹਥੇਲੀ ਉਤੇ ਉਸਨੂੰ ਬੋਚ ਲੈਂਦਾ ਹੈ। ਗਿਰਝਾ ਉਸਦੀਆਂ ਨਜ਼ਰਾਂ ਦੀ ਤਾਬ ਨਾ ਝੱਲਦੀਆਂ ਹੋਈਆਂ ਦੂਰ ਉੱਡ ਜਾਂਦੀਆਂ ਹਨ। ਪਖੇਰੂ ਹੌਲੀ ਜਿਹੀ ਉਡ ਕੇ ਸੁਕੇ ਬਿਰਖ ਦੀ ਟਾਹਣੀ 'ਤੇ ਬੈਠ ਜਾਂਦਾ ਹੈ। ਕੁਝ ਸਮੇਂ ਦੀ ਖ਼ਾਮੋਸ਼ੀ ਤੋਂ ਬਾਅਦ ਬੰਦਾ ਪਖੇਰੂ ਨਾਲ ਵਾਰਤਾਲਪ ਦੀ ਸਾਂਝ ਪਾਉਂਦਾ ਹੈ। ਪਖੇਰੂ ਆਪਣੀ ਹਡ ਬੀਤੀ ਸੁਣਾਉਂਦਾ ਹੈ। ਉਸ ਦੀ ਹਡ ਬੀਤੀ ਦਾ ਇਹ ਭਾਗ ਲੇਖਕ ਨੇ ਮਿੱਥ ਦੀ ਜੁਗਤ ਰਾਹੀਂ ਉਸਾਰਿਆ ਹੈ। ਇਸ ਨੂੰ ਅਸੀਂ ਇਕ ਤਰ੍ਹਾਂ ਦੀ ਪ੍ਰਾਈਵੇਟ ਮਿੱਥ ਦਾ ਨਾਂ ਦੇ ਸਕਦੇ ਹਾਂ। ਪਖੇਰੂ ਦਸਦਾ ਹੈ ਕਿ ਇਕ ਵਾਰ ਸੰਸਾਰ ਦੇ ਕੁਝ ਪਖੇਰੂਆਂ ਨੇ ਇਕੱਠ ਕੀਤਾ ਅਤੇ ਆਪਣੇ ਵਡੇਰੇ (ਸੱਚ) ਨੂੰ ਤਲਾਸ਼ ਕਰਨ ਦਾ ਨਿਸ਼ਚਾ ਬਣਾਇਆ। ਉਸ ਨੂੰ ਦਸ ਪਈ ਸੀ ਕਿ ਉਹਨਾਂ ਦਾ ਪ੍ਰਧਾਨ ਜਾਂ ਵਡੇਰਾ (ਸੱਚ) ਕਾਫ ਦੀਆਂ ਪਹਾੜੀਆਂ ਪਿੱਛੇ ਰਹਿੰਦਾ ਹੈ ਜਿਸਦਾ ਨਾਂ ਸੀਮੁਰਗ ਹੈ। ਜਦੋਂ ਉਹ ਇਸ ਸੀਮੁਗ ਦੀ ਤਲਾਸ਼ ਵਿਚ ਜਾਣ ਲਈ ਤਿਆਰ ਹੋਏ ਤਾਂ ਬਹੁਤਿਆਂ ਨੇ ਆਪਣਾ ਮਨ ਬਦਲ ਲਿਆ। "ਸੀਮੁਰਗ ਤਕ ਅਪੜਣ ਲਈ ਰਾਹਵਾਂ ਔਖੀਆਂ ਸਨ ਤੇ ਸਾਡੇ ਵਿਚੋਂ ਕਿਸੇ ਨੂੰ ਮਰਨ ਦਾ ਸ਼ੌਕ ਨਹੀਂ ਸੀ। ਸਭਨਾਂ ਪਖੇਰੂਆਂ ਬਹਾਨੇ ਬਣਾ ਲਏ। ਕਿਸੇ ਆਖਿਆ, "ਮੈਨੂੰ ਸਚ ਦੀ ਕੀ ਲੋੜ ਏ, ਮੈਂ ਚੰਗਾ ਖਾਂਦਾ, ਚੰਗਾ ਹੰਢਾਂਦਾ ਹਾਂ, ਮੈਂ ਸੱਚ ਨੂੰ ਕੀ ਕਰਨਾ ਏ।" ਕਿਸੇ ਆਖਿਆ, "ਔਖੀਆਂ ਰਾਹਵਾਂ ਵਿਚ ਮੌਤ ਨੇ ਝੰਪ ਲਿਆ ਤਾਂ ਫੇਰ..." (ਪੰਨਾ, 65)। ਕੁਝ ਚੋਣਵੇਂ ਪਖੇਰੂ ਜਦੋਂ ਸਮੁੰਦਰਾਂ, ਪਹਾੜਾਂ, ਰੇਗਿਸ-ਤਾਨਾਂ, ਜੰਗਲਾਂ ਅਤੇ ਵਾਦੀਆਂ ਵਿਚੋਂ ਮੁਸ਼ਕਿਲ ਸਹਾਰਦੇ ਹੋਏ ਕਾਫ਼ ਦੀਆਂ ਪਹਾੜੀਆਂ ਕੋਲ ਅਪੜੇ ਤਾਂ ਉਹਨਾਂ ਵਿਚੋਂ ਕੁਲ ਤੀਹ ਜਿਉਂਦੇ ਰਹਿ ਗਏ ਸਨ।..."ਸਾਡੇ ਸਾਹਵੇਂ ਇਕ ਪਰਦਾ ਸੀ...ਇਸ ਪਰਦੇ ਪਿਛੇ ਸੀਮੁਰਗ ਏ ਸੱਚ ਏ...ਪਰਦਾ ਲੱਥਾ ਤਾਂ ਅਸਾਂ ਵੇਖਿਆ ਜੇ ਸਾਡੇ ਸਾਹਵੇਂ ਖੌਰੇ ਇਕ ਸ਼ੀਸ਼ਾ ਸੀ, ਸਾਵੀਂ ਸਾਡੀ ਸ਼ਕਲ ਦੇ ਉੱਕਾ ਸਾਡੇ ਚਿਹਰੇ ਮੁਹਰੇ ਦੇ ਤਰੀਹ ਪਖੇਰੂ ਖਲੋਤੇ ਹੋਏ ਸਨ...ਸ਼ੀਸ਼ੇ ਵਿਚ ਅਸੀਂ ਆਪ ਸੀ। ਅਸੀਂ ਆਪ ਹੀ ਸੱਚ ਸਾ, ਅਸੀਂ ਆਪ ਹੀ ਸਭੋ ਸਾਂ।" (ਪੰਨਾ 66)।

ਇਥੇ ਇਸ ਪਖੇਰੂ ਨੂੰ ਡਾਰ ਤੋਂ ਬਾਹਰ ਕੱਢ ਦਿਤਾ ਗਿਆ ਕਿਉਂਜੋ ਉਸ ਨੇ ਸੱਚ ਨੂੰ ਦੇਖਣ ਤੋਂ ਬਾਅਦ 'ਢਿੱਡ' ਦੀ ਗੱਲ ਕੀਤੀ ਸੀ। ਡਾਰ ਤੋਂ ਵੱਖ ਹੋ ਕੇ ਇਹ ਪਖੇਰੂ

CC-0. In Public Domain. Gurukul Kangri Collection, Haridwar

ਇਕੱਲਾ ਆਕਾਸ਼ੀਂ ਉੱਡਦਾ ਹੋਇਆ ਆਪਣੀ ਧਰਤੀ ਵਲ ਵਾਪਸ ਆਉਂਦਾ ਹੈ।
Digitized by Arya Samaj Foundation Chennai and eGangotri
ਉਹ ਜੀਵਨ ਦੇ ਅਨੰਤ ਖਿਲਾਰੇ ਦਾ ਰਹੱਸ ਜਾਣਨ ਲਈ ਖਿਲਾਅ ਵਲ ਉਡਾਰੀਆਂ ਮਾਰਨਾ ਚਾਹੁੰਦਾ ਹੈ। ਪਰ ਜਦੋਂ ਉਸ ਦੀ ਸ਼ਕਤੀ ਜਵਾਬ ਦੇ ਦਿੰਦੀ ਹੈ ਤਾਂ ਉਹ ਧਰਤੀ ਵਲ ਡਿੱਗਣ ਲੱਗ ਪੈਂਦਾ ਹੈ। ਉਸ ਦੇ ਖੰਭਾਂ ਵਿਚ ਹਵਾ ਨਾਲ ਮੋਰੀਆਂ ਹੋ ਜਾਂਦੀਆਂ ਹਨ ਅਤੇ ਉਹ ਸਮੁੰਦਰ ਦੀ ਸਤਹ 'ਤੇ ਡਿਗ ਕੇ ਅਧਮੋਇਆ ਹੋ ਜਾਂਦਾ ਏ। ਪਰ ਜਦੋਂ ਫਿਰ ਆਪਣੀ ਸ਼ਕਤੀ ਨੂੰ ਇਕੱਠਿਆਂ ਕਰ ਕੇ ਉੱਡਦਾ ਹੈ ਤਾਂ ਗਿਰਝਾਂ ਦੇ ਵੱਸ ਪੈ ਜਾਂਦਾ ਹੈ।

ਬੰਦਾ ਵੀ ਪਖੇਰੂ ਨੂੰ ਆਪਣੀ ਬੀਤ ਚੁੱਕੀ ਜ਼ਿੰਦਗੀ ਦੇ ਕੁਝ ਕੌੜੇ ਮਿੱਠੇ ਹਾਦਸੇ ਸੁਣਾਉਂਦਾ ਹੈ। ਉਸਨੂੰ ਜਾਪਦਾ ਹੈ ਜਿਵੇਂ ਉਹ ਪਖੇਰੂ ਉਹ ਆਪ ਹੀ ਹੋਵੇ। ਜਿਵੇਂ ਉਹ ਵੀ ਇਸ ਪਖੇਰੂ ਵਾਂਗ ਸੱਚ ਦੀਆਂ ਲੰਮੀਆਂ ਉਡਾਰੀਆਂ ਮਾਰ ਕੇ ਥੱਕ ਹਾਰ ਗਿਆ ਸੀ ਅਤੇ ਹੁਣ ਬੀਤ ਰਿਹਾ ਸੀ। ਪਖੇਰੂ ਅਤੇ ਬੰਦਾ ਹੁਣ ਦੋਵੇ ਹੀ ਚੁਪ ਹੋ ਜਾਂਦੇ ਹਨ। ਦੋਹਾਂ ਕੋਲ ਹੁਣ ਕੋਈ ਵੀ ਸਾਂਝੀ ਕਰਨ ਵਾਲੀ ਗੱਲ ਨਹੀਂ। ਹੁਣ ਮੌਤ ਹੀ ਉਹਨਾਂ ਦੀ ਅੰਤਿਮ ਉਡੀਕ ਹੈ ਅਤੇ ਦੋਹਾਂ ਗਿਰਝਾਂ ਹੇਠਾਂ ਵੇਖਿਆ, ਉਹੋ ਬੰਦਾ— ਇਕ ਟੁੰਡ ਤੇ ਟੁੰਡ ਕੋਲ ਪਖੇਰੂ, ਚਾਰ ਚੁਫੇਰੇ ਰੜੇ ਮੈਦਾਨ ਵਿਚ ਇਕਲਾਪੇ ਦਾ ਰਾਜ --ਇਕ ਗਿਰਝ ਨੇ ਦੂਜੇ ਨੂੰ ਆਖਿਆ—"ਹੁਣ ਵੇਲਾ ਆ ਗਿਆ ਏ" ਤੇ ਦੋਹਾਂ ਗਿਰਝਾਂ ਜ਼ਮੀਨ ਵਲ ਚੁੰਝਾਂ ਕਰ ਕੇ ਖੰਭ ਖਿਲਾਰ ਦਿਤੇ। (ਪੰਨਾ 84)

ਇਹ ਬੰਦੇ ਤੇ ਪਖੇਰੂ ਦਾ ਅੰਤ ਸੀ ਅਤੇ ਗਿਰਝਾਂ ਦੀ ਉਹਨਾਂ ਦੇ ਖ਼ਿਲਾਫ਼ ਜਿੱਤ ਪਰ ਕੁਝ ਸਮੇਂ ਬਾਅਦ ਜਦੋਂ ਗਿਰਝ ਉਸੇ ਮੈਦਾਨ ਵਲ ਫਿਰ ਝਾਕਦੇ ਹਨ ਤਾਂ ਟੁੰਡ ਹੇਠ ਰੜੇ ਮੈਦਾਨ ਦੀ ਇੱਕਲ ਵਿਚ ਉਹਨਾਂ ਨੂੰ ਇਕ ਹੋਰ ਬੰਦਾ ਖਲੋਤਾ ਹੋਇਆ ਨਜ਼ਰ ਆਉਂਦਾ ਹੈ। ਸ਼ਾਇਦ 'ਬੰਦਾ' ਕਦੇ ਨਹੀਂ ਮਰਦਾ, ਸਿਰਫ਼ 'ਬੰਦੇ' ਮਰਦੇ ਹਨ। ਨਾਵਲ ਦੇ ਬਿਰਤਾਂਤਕ ਸੰਗਠਨ ਦੀ ਉਪਰਲੀ ਸੰਖੇਪ ਜਿਹੀ ਰੂਪ-ਰੇਖਾ ਵਿਚ ਮਨੁਖ ਦੀ ਹੋਂਦ ਅਵਸਥਾ ਬਾਰੇ ਡੂੰਘੇ ਵਿਸ਼ਲੇਸ਼ਣ ਦੀ ਝਲਕ ਨਜ਼ਰ ਆਉਂਦੀ ਹੈ। ਇਹ ਨਾਵਲ ਇਕ ਅਜਿਹੇ ਬੰਦੇ ਦੀ ਕਹਾਣੀ ਕਹਿੰਦਾ ਹੈ ਜਿਸ ਨੂੰ ਆਪਣੇ ਨਿਰੋਲ ਬੰਦੇ ਹੋਣ ਦਾ ਮਾਣ ਹੈ ਅਤੇ ਜੋ ਲੁਟ-ਖਸੁਟ, ਦੰਭ ਅਤੇ ਪਖੰਡ ਦੀਆਂ ਬੁਨਿਆਦਾਂ ਉਪਰ ਉਸਰੇ ਹੋਏ ਸਮਾਜਕ ਪ੍ਰਬੰਧ ਨਾਲ ਸਮਝੌਤਾ ਕਰਨ ਦੀ ਥਾਏਂ ਆਪਣੇ ਅੰਦਰਲੇ ਸੱਚ ਦੀ ਆਵਾਜ਼ ਸੁਣਦਾ ਹੈ। ਇਸ ਸੱਚ ਦੀ ਆਵਾਜ਼ ਨੂੰ ਸੁਣਨ ਵਾਲੇ ਨੂੰ ਗਹਿਰੀ ਬਿਪਤਾ ਸਹੇੜਨੀ ਪੈਂਦੀ ਹੈ। ਅਜਿਹੇ ਬੰਦੇ ਨੂੰ ਆਪਣਾ ਸਫ਼ਰ ਬਹੁਤਾ ਇਕੱਲਿਆਂ ਹੀ ਤੈ ਕਰਨਾ ਪੈਂਦਾ ਹੈ ਕਿਉਂਜੋ ਸਥਾਪਿਤ ਨਿਜ਼ਾਮ ਨਾਲ ਸਮਝੌਤਾ ਕਰਨ ਵਾਲੇ ਅਤੇ ਰਿਵਾਇਤੀ ਲੀਹਾਂ 'ਤੇ ਤੁਰਨ ਵਾਲੇ ਬਹੁ-ਗਿਣਤੀ ਦੇ ਲੋਕ ਸੱਚ ਦੇ ਵਿਦਰੋਹੀ-ਬੋਲ ਸੁਣਨ ਦੀ ਤਾਬ ਨਹੀਂ ਝਲ ਸਕਦੇ ਅਤੇ ਹਰ ਅਜਿਹੇ ਬੰਦੇ ਦਾ ਸਾਥ ਛੱਡ ਦਿੰਦੇ ਹਨ ਜੋ ਜੀਵਨ ਦੀ ਮਸ਼ੀਨੀ ਕਿਸਮ ਦੀ ਰੂਟੀਨ ਤੋਂ ਆਕੀ ਹੋ ਕੇ ਤੁਰਨਾ ਚਾਹੁੰਦਾ ਹੈ। 'ਬੰਦੇ' ਦੀ ਇਸੇ ਗਲ ਵਿਚ ਬਿਪਤਾ ਤਾਂ ਹੈ ਪਰ ਅੰਤਿਮ ਹਕੀਕਤ ਦਾ ਨੰਗਾ ਦੀਦਾਰ ਕਰਨ ਦੀ ਦੀਵਾਨਗੀ ਉਸ ਨੂੰ ਅਥਾਹ ਆਤਮ ਵਿਸ਼ਵਾਸ ਨਾਲ ਭਰ ਦਿੰਦੀ ਹੈ ਅਤੇ ਉਹ ਆਪਣੇ ਇਨਸਾਨ ਹੋਣ ਦੇ ਗੌਰਵ ਨੂੰ ਪਛਾਣਦਾ ਹੈ। ਬਿਪਤਾ, ਇਕੱਲ ਅਤੇ ਸੁੰਞ ਦੀ ਭਟਕਣ ਤਾਂ ਇਸ ਸੱਚ ਦੀ ਤਲਾਸ਼ ਦੇ ਅਰਪਣ ਕੀਤੀ ਗਈ ਬਹੁਤ

CC-0. In Public Domain. Gurukul Kangri Collection, Haridwar

ਨਿਗੂਣੀ ਕੀਮਤ ਹੈ। Digitized by Arya Samaj Foundation Chennai and eGangotri

ਇਸ ਤਰ੍ਹਾਂ ਇਹ ਨਾਵਲ ਮਨੁੱਖੀ ਜੀਵਨ ਦੇ ਸੱਚ ਅਤੇ ਰਹੱਸ ਦੀਆਂ ਡੂੰਘੀਆਂ ਤੈਹਾਂ ਫਰੋਲਦਾ ਹੈ। ਮਨੁਖ ਦੇ ਸਾਹਮਣੇ ਜੇ ਇਕ ਪਾਸੇ ਤਨ ਦੀਆਂ ਲੋੜਾਂ ਪੂਰੀਆਂ ਕਰਨ ਦੀ ਮਜਬੂਰੀ ਹੈ ਜੋ ਉਸ ਨੂੰ ਇਤਿਹਾਸ ਦੇ ਸਚ ਨਾਲ ਜੋੜਦੀ ਹੈ ਅਤੇ ਆਪਣਾ ਫ਼ਰਜ਼ ਪਛਾਣਨ ਦੀ ਪ੍ਰੇਰਨਾ ਦਿੰਦੀ ਹੈ, ਤਾਂ ਦੂਜੇ ਪਾਸੇ ਜੀਵਨ ਦਾ ਅੰਤਿਮ ਰਹੱਸ ਜਾਣਨ ਦੀ ਅਥਾਹ ਲੋਚਾ ਵੀ ਹੈ, ਜੋ ਮਨ ਦੀ ਕਿਸੇ ਤਹਿ ਵਿਚ ਸਿਮਟੀ ਪਈ ਰਹਿੰਦੀ ਹੈ ਤੇ ਮੌਕਾ ਪਾਉਂਦਿਆਂ ਹੀ ਮਨੁਖ ਨੂੰ ਵਿਆਕੁਲ ਕਰ ਦਿੰਦੀ ਹੈ। ਇਕ ਵਾਰੀ ਜਾਗੀ ਹੋਈ ਇਹ ਲੋਚਾ ਸੌਂ ਨਹੀਂ ਸਕਦੀ ਸਗੋਂ ਹੋਰ ਪ੍ਰਚੰਡ ਹੁੰਦੀ ਜਾਂਦੀ ਹੈ। ਇਹ ਨਾਵਲ ਤਨ ਦੀਆਂ ਲੋੜਾਂ ਅਤੇ ਮਨ ਦੀ ਲੋਚਾ ਦੇ ਅਜਿਹੇ ਹੀ ਸੰਘਣੇ ਰਿਸ਼ਤੇ ਨੂੰ ਪ੍ਰਤੀਕਾਤਮਕ ਪੱਧਰ ਤੇ ਪੇਸ਼ ਕਰਦਾ ਹੋਇਆ ਮਨੁੱਖੀ ਜ਼ਿੰਦਗੀ ਦੇ ਸੱਚ ਅਤੇ ਰਹੱਸ ਵਲ ਸੰਕੇਤ ਕਰਦਾ ਹੈ। ਪੰਜਾਬੀ ਨਾਵਲਕਾਰੀ ਵਿਚ ਇਸ ਕਿਸਮ ਦੀ ਸੰਜੀਦਾ ਰਚਨਾ ਨੂੰ ਜੀ ਆਇਆਂ ਕਹਿਣਾ ਹੱਕੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਕਾਲੀ ਪੰਜਾਬੀ ਕਹਾਣੀ ਅਤੇ ਪੰਜਾਬ-ਸੰਕਟ

ਕੋਈ ਵੀ ਸਚੇਤ ਅਤੇ ਸੰਵੇਦਨਸ਼ੀਲ ਸਾਹਿਤਕਾਰ ਆਪਣੇ ਸਮਕਾਲੀ ਯਥਾਰਥ ਦੀ ਕਿਸੇ ਗੰਭੀਰ ਸੰਕਟ-ਸਥਿਤੀ ਜਾਂ ਜੀਵਨ ਦੇ ਮੂਲ ਸਰੋਕਾਰਾਂ ਵਿਚ ਉਥਲ-ਪੁਥਲ ਮਚਾਉਣ ਵਾਲੀ ਸਮਸਿਆ ਤੋਂ ਪ੍ਰਭਾਵਿਤ ਹੋਣੋ ਨਹੀਂ ਰਹਿ ਸਕਦਾ। ਸਾਹਿਤ, ਮੂਲ ਰੂਪ ਵਿਚ ਭਾਸ਼ਾਈ ਚਿਹਨਾਂ ਦੇ ਮਾਧਿਅਮ ਰਾਹੀਂ ਅਰਥ ਅਤੇ ਸਾਰਥਕਤਾ ਦਾ ਸੰਗਠਨ ਉਸਾਰਨ ਦੀ ਕਲਾ ਹੈ। ਇਸ ਅਰਥ-ਸਾਰਥਕਤਾ ਦਾ ਉਤਪਾਦਨ ਸਮਾਜ ਅਤੇ ਸਭਿਆਚਾਰ ਦੇ ਪ੍ਰਸੰਗ ਵਿਚ ਹੀ ਹੁੰਦਾ ਹੈ ਕਿਉਂ ਜੋ ਸਾਹਿਤਕਾਰ ਆਪਣੇ ਜੀਵਨ-ਅਨੁਭਵ ਅਤੇ ਸੰਚਿਤ ਗਿਆਨ ਰਾਹੀਂ ਉਸਰੇ ਯਥਾਰਥ ਬੋਧ ਨੂੰ ਹੀ ਸਾਹਿਤਕ ਯੋਗਤਾ ਦੇ ਨਿਭਾਉ ਦਾ ਮੂਲ ਆਧਾਰ ਬਣਾਉਂਦਾ ਹੈ। ਇਹੀ ਕਾਰਣ ਹੈ ਕਿ ਮਨੁਖੀ ਜੀਵਨ ਨੂੰ ਵਿਆਪਕ ਪੱਧਰ ਉਤੇ ਪ੍ਰਭਾਵਿਤ ਕਰਨ ਵਾਲੇ ਕਿਸੇ ਗੰਭੀਰ ਸੰਕਟ ਦਾ ਬੋਧ, ਸਾਹਿਤਕਾਰ ਨੂੰ ਪ੍ਰਤੱਖ ਜਾਂ ਪਰੋਖ ਰੂਪ ਵਿਚ ਸੰਕਟ ਦੇ ਪ੍ਰਤਿ ਉੱਤਰ ਲਈ ਪ੍ਰੇਰਿਤ ਕਰਦਾ ਹੈ। ਇਹ ਸਾਹਿਤਕਾਰ ਦੀ ਆਪਣੀ ਯੋਗਤਾ ਅਤੇ ਸਾਮਾਜਿਕ ਪ੍ਰਤਿਬੱਧਤਾ ਉਤੇ ਨਿਰਭਰ ਕਰਦਾ ਹੈ ਕਿ ਉਸਨੇ ਵਿਆਪੇ ਹੋਏ ਸੰਕਟ ਦੇ ਰੂਬਰੂ ਹੋਣਾ ਹੈ ਜਾਂ ਭਾਂਜ ਦਾ ਰਾਹ ਅਖਤਿਆਰ ਕਰਨਾ ਹੈ। ਪਿਛਲੇ ਦਸ ਬਾਰਾਂ ਵਰ੍ਹਿਆਂ ਤੋਂ ਪੰਜਾਬ ਦੀ ਧਰਤੀ ਉਤੇ ਵਿਆਪਕ ਉਥਲ-ਪੁਥਲ ਮਚਾਉਣ ਵਾਲੀਆਂ ਘਟਨਾਵਾਂ ਵਾਪਰੀਆਂ ਅਤੇ ਹਾਲੀ ਤੀਕਰ ਵਾਪਰ ਰਹੀਆਂ ਹਨ ਜਿਨ੍ਹਾਂ ਨੇ ਪੰਜਾਬ ਦੇ ਸਾਮਾਜਿਕ ਅਤੇ ਸਭਿਆਚਾਰਕ ਮਾਹੌਲ ਨੂੰ ਅਸ਼ਾਂਤ ਕਰ ਦਿਤਾ ਹੈ। ਰਾਜਨੀਤੀ ਦੀਆਂ ਕੁਟਿਲ ਚਾਲਾਂ ਅਤੇ ਕੁਰਸੀ ਯੁਧ ਦੇ ਫਰੇਬੀ ਹਥਕੰਡਿਆਂ ਨੇ ਫਿਰਕੂ ਤਣਾਉ ਅਤੇ ਟਕਰਾਉ ਨੂੰ ਹਵਾ ਦੇ ਕੇ ਸਰਬ-ਸਾਂਝੀ ਪੰਜਾਬੀਅਤ ਨੂੰ ਡੂੰਘੇ ਸੰਕਟ ਦੇ ਕੰਢੇ ਲਿਆ ਖਲ੍ਹਾਰਿਆ ਹੈ। ਪੰਜਾਬੀ ਸਾਹਿਤਕਾਰਾਂ ਨੇ ਇਸ ਸਮਕਾਲੀ ਸੰਕਟ ਦੇ ਸਨਮੁਖ ਹੋ ਕੇ ਇਸਦਾ ਸਾਹਿਤਕ ਪ੍ਰਤਿ-ਉਤਰ ਪੇਸ਼ ਕਰਨ ਦੀ ਚੇਸ਼ਟਾ ਕੀਤੀ ਹੈ। ਇਹ ਪ੍ਰਤਿ-ਉਤਰ ਸਮਕਾਲੀ ਪੰਜਾਬੀ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਵਿਚ ਬਹੁਤ ਉਘੜਵੇਂ ਰੂਪ ਵਿਚ ਸਾਮ੍ਹਣੇ ਆਇਆ ਹੈ। ਹਥਲੇ ਪਰਚੇ ਵਿਚ ਸਾਡਾ ਸਰੋਕਾਰ ਕੇਵਲ ਸਮਕਾਲੀ ਪੰਜਾਬੀ ਕਹਾਣੀ ਨਾਲ ਹੈ ਅਤੇ ਅਸੀਂ ਪੰਜਾਬ ਦੀ ਸੰਕਟ ਸਥਿਤੀ ਅਤੇ ਸਮਸਿਆ ਨੂੰ ਸੰਬੋਧਿਤ ਹੋ ਕੇ ਲਿਖੀਆਂ ਗਈਆਂ ਕੁਝ ਚੋਣਵੀਆਂ ਕਹਾਣੀਆਂ ਨੂੰ ਹੀ ਚਰਚਾ ਦਾ ਆਧਾਰ ਬਣਾਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੀ ਅਜੋਕੀ ਸਥਿਤੀ ਨਿਤ ਪ੍ਰਤਿ ਵਾਪਰ ਰਹੀਆਂ ਤਰਕਹੀਣ ਹਿੰਸਾ ਅਤੇ ਪ੍ਰਤਿ ਹਿੰਸਾ ਦੀਆਂ ਘਟਨਾਵਾਂ ਕਾਰਣ ਉਪਜੇ ਦਹਿਸ਼ਤ, ਦਮਨ ਅਤੇ ਅਸੁਰਖਿਆ ਦੇ ਮਾਹੌਲ ਦੀ ਸਥਿਤੀ ਹੈ। ਪੰਜਾਬ ਅਤੇ ਪੰਜਾਬੀਆਂ ਲਈ ਘੋਰ ਨਿਰਾਸ਼ਾ ਅਤੇ ਦੁਖਾਂਤ ਨਾਲ ਭਰੀ ਹੋਈ ਇਹ ਸਥਿਤੀ ਸਮੁਚੇ ਭਾਰਤ ਲਈ ਵੀ ਇਕ ਵਿਕਰਾਲ ਸਮਸਿਆ ਬਣੀ ਹੋਈ ਹੈ। ਕੇਂਦਰ ਵਿਚ ਬਦਲਦੀ ਹੋਈ ਹਰ ਸਰਕਾਰ ਨੇ ਪੰਜਾਬ-ਸਮੱਸਿਆ ਨੂੰ ਪਹਿਲ ਦੇ ਆਧਾਰ ਸੁਲਝਾਉਣ ਦੇ ਅਨੇਕਾਂ ਵਾਅਦੇ ਅਤੇ ਦਾਅਵੇ ਕੀਤੇ ਹਨ ਪਰ ਇਹ ਉਲਝੀ ਹੋਈ ਤਾਣੀ ਦਿਨੋ ਦਿਨ ਉਲਝਦੀ ਜਾ ਰਹੀ ਹੈ। ਹਰ ਬੁਧੀਜੀਵੀ ਵਰਗ ਨੇ ਆਪੋ ਆਪਣੇ ਢੰਗ ਨਾਲ ਇਸ ਅੰਤਹੀਣ ਦੁਖਾਂਤ ਦਾ ਵਿਸ਼ਲੇਸ਼ਣ ਕਰਨ ਜਾਂ ਇਸ ਵਿਚੋਂ ਉਭਰਨ ਦੀ ਚਿੰਤਾਂ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਕਹਾਣੀਕਾਰਾਂ ਨੇ ਉਪਰੋਕਤ ਸਮਸਿਆ ਨੂੰ ਸੰਬੋਧਿਤ ਹੋ ਕੇ ਜੋ ਕਹਾਣੀਆਂ ਲਿਖੀਆਂ ਹਨ ਉਹਨਾਂ ਵਿਚ ਵੀ ਇਸੇ ਕਿਸਮ ਦੀ ਚਿੰਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਹਰ ਕਹਾਣੀ ਇਸ ਸਮਸਿਆ ਨਾਲ ਜੁੜੇ ਕਿਸੇ ਨ ਕਿਸੇ ਪੱਖ ਜਾਂ ਪਹਿਲੂ ਨੂੰ ਗਲਪ ਦੇ ਮਾਧਿਅਮ ਰਾਹੀਂ ਪੁਨਰ-ਸੰਗਠਿਤ ਕਰਨ ਦਾ ਉਪਰਾਲਾ ਕਰਦੀ ਹੈ। ਭਿੰਨ ਭਿੰਨ ਪੱਤਰ-ਪਤ੍ਰਿਕਾਵਾਂ ਵਿਚ ਸਮੇਂ ਸਮੇਂ ਪ੍ਰਕਾਸ਼ਿਤ ਹੋਈਆਂ ਇਹਨਾਂ ਕਹਾਣੀਆਂ ਦਾ ਇਕ ਪ੍ਰਤਿਨਿਧ ਸੰਕਲਨ ਰਾਮ ਸਰੂਪ ਅਣਖੀ ਦੀ ਸੰਪਾਦਿਤ ਪੁਸਤਕ 'ਰਤੁ ਕਾ ਕੁੰਗੂ' ਵੀ ਹੁਣੇ ਜਿਹੇ ਪ੍ਰਕਾਸ਼ਿਤ ਹੋਇਆ ਹੈ। ਪੁਸਤਕ ਦਾ ਸਿਰਲੇਖ ਮੱਧਕਾਲ ਦੇ ਸ਼ੋਮਣੀ ਪੰਜਾਬੀ ਸ਼ਾਇਰ ਗੁਰੂ ਨਾਨਕ ਦੇਵ ਜੀ ਦੀ ਉਸ ਬਾਣੀ ਵਿਚੋਂ ਲਿਆ ਗਿਆ ਹੈ ਜੋ ਗੁਰੂ ਕਵੀ ਨੇ ਪੰਜ ਸਦੀਆਂ ਪਹਿਲਾਂ ਭਾਰਤ ਦੀ ਧਰਤੀ ਉਤੇ ਹੋਏ ਬਾਬਰ ਦੇ ਹਮਲੇ ਦੀ ਭਿਆਨਕ ਤਬਾਹੀ ਦੇ ਪ੍ਰਤਿ ਉੱਤਰ ਵਜੋਂ ਉਚਾਰੀ ਸੀ—

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ.
ਰਤੁ ਕਾ ਕੁੰਗੂ ਪਾਇ ਵੇ ਲਾਲੋ।

ਇਕ ਵਿਦੇਸ਼ੀ ਧਾੜਵੀ ਦੀ ਹਿੰਸਾ ਦਾ ਸ਼ਿਕਾਰ ਹੋਈ ਖਲਕਤ ਦੇ ਦੁਖ-ਦਰਦ ਤੋਂ ਦ੍ਰਵਿਤ ਹੋ ਕੇ ਉਚਾਰੀਆਂ ਗਈਆਂ ਇਹ ਪੰਗਤੀਆਂ ਪ੍ਰਤਿਬੱਧ ਸਾਹਿਤ ਦਾ ਆਦਰਸ਼ ਸਥਾਪਿਤ ਕਰਦੀਆਂ ਹਨ। ਸਮਕਾਲੀ ਪੰਜਾਬੀ ਕਹਾਣੀਕਾਰਾਂ ਨੇ ਵੀ ਅਜੋਕੇ ਸੰਦਰਭ ਵਿਚ ਇਸੇ ਗੁਰਵਾਕ ਨੂੰ ਸਚਿਆਉਣ ਦਾ ਉਪਰਾਲਾ ਕੀਤਾ ਹੈ। ਅਧਿਐਨ ਦੀ ਸੌਖ ਲਈ ਇਸੇ ਪੁਸਤਕ ਨੂੰ ਆਧਾਰ ਬਣਾ ਕੇ ਜਦੋਂ ਅਸੀਂ ਇਸ ਵਿਚਲੀਆਂ ਚੌਂਤੀ ਕਹਾਣੀਆਂ ਨੂੰ ਵਾਚਦੇ ਹਾਂ ਤਾਂ ਸਾਨੂੰ ਪੰਜਾਬ ਦੀ ਅਜੋਕੀ ਸਥਿਤੀ ਦੇ ਪ੍ਰਸੰਗ ਨਾਲ ਜੁੜੀਆਂ ਪ੍ਰਤਿਨਿਧ ਰਚਨਾਵਾਂ ਦੀ ਝਲਕ ਦਿਖਾਈ ਦਿੰਦੀ ਹੈ। ਪੁਸਤਕ ਵਿਚ ਸ਼ਾਮਿਲ ਹਰ ਕਹਾਣੀ ਆਪੋ ਆਪਣੇ ਅੰਦਾਜ਼ ਵਿਚ ਪੰਜਾਬ ਸਮਸਿਆ ਦਾ ਪ੍ਰਤਿ ਉਤਰ ਬਣ ਕੇ ਹੀ ਸਾਮ੍ਹਣੇ ਆਉਂਦੀ ਹੈ। ਇਥੇ ਪਿੰਡਾਂ, ਸ਼ਹਿਰਾਂ, ਨਦੀਆਂ, ਨਹਿਰਾਂ, ਸੜਕਾਂ ਅਤੇ ਪਹਿਆਂ ਵਿਚ ਨਿਰੰਤਰ ਡੁਲ ਰਹੇ ਖੂਨ ਵਿਚੋਂ ਉਪਜੀ ਮਨੁਖੀ ਬਿਪਤਾ ਦੀ ਦਾਸਤਾਨ ਵੀ ਬਿਆਨ ਕੀਤੀ ਗਈ ਹੈ, ਅਤੇ ਘੋਰ ਦੁਖਾਂਤ ਨਾਲ ਸੰਵੇਦਨਾ ਦਾ ਰਿਸ਼ਤਾ ਜੋੜ ਕੇ ਗਲਪ ਦੇ ਮੁਹਾਵਰੇ ਵਿਚ. ਸਮਸਿਆ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਵੀ ਕੀਤਾ ਗਿਆ ਹੈ। ਪੰਜਾਬੀਆਂ ਦੀ ਸਦੀਆਂ ਪੁਰਾਣੀ ਸਦਭਾਵਨਾ ਅਤੇ ਸਾਂਝ ਵਿਚ ਤ੍ਰੇੜਾਂ ਪਾਉਣ ਵਾਲੀਆਂ ਅਤੇ ਫਿਰਕੂ ਤਣਾਉ ਪੈਦਾ ਕਰਨ ਵਾਲੀਆਂ, ਕੁਟਿਲ ਚਾਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਰਾਜਨੀਤਕ [illegible] ਕਹਾਣੀਆਂ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਹੈ। ਇਉਂ ਅਸੀਂ ਇਸ ਪੁਸਤਕ ਵਿਚਲੀਆਂ ਕਹਾਣੀਆਂ ਨੂੰ ਮੁਖ ਰੂਪ ਵਿਚ ਦੋ ਵਰਗਾਂ ਵਿਚ ਵੰਡ ਕੇ ਵਿਚਾਰ ਸਕਦੇ ਹਾਂ। ਪਹਿਲੇ ਵਰਗ ਵਿਚ ਉਹਨਾਂ ਕਹਾਣੀਆਂ ਨੂੰ ਰਖਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਪੰਜਾਬ-ਸਮਸਿਆ ਕਾਰਣ ਉਪਜੀ ਨਿਰੋਲ ਮਨੁਖੀ ਬਿਪਤਾ ਜਾਂ ਦੁਖਾਂਤ ਨੂੰ ਜ਼ੁਬਾਨ ਦਿਤੀ ਗਈ ਹੈ ਅਤੇ ਦੂਜੇ ਵਰਗ ਵਿਚ ਅਸੀਂ ਸਮਸਿਆ ਦਾ ਵਿਸ਼ਲੇਸ਼ਣ ਪ੍ਰਸਤੁਤ ਕਰਨ ਵਾਲੀਆਂ ਕਹਾਣੀਆਂ ਨੂੰ ਰਖ ਸਕਦੇ ਹਾਂ। ਇਉਂ ਇਹ ਕਹਾਣੀ-ਸੰਗ੍ਰਹਿ ਆਪਣੇ ਸਮੁਚੇ ਵਿਸਤਾਰ ਵਿਚ ਸਮਸਿਆਗ੍ਰਸਤ ਮਾਹੌਲ ਵਿਚ ਘਿਰੇ ਹੋਏ ਪੰਜਾਬੀ ਮਨ ਦੀ ਚਿੰਤਾ, ਚੇਤਨਾ, ਸੰਵੇਦਨਾ ਅਤੇ ਪ੍ਰਤਿਬੱਧ ਮਾਨਵਤਾ ਦਾ ਗਲਪੀ ਬਿੰਬ ਉਸਾਰਨ ਵਲ ਰੁਚਿਤ ਦਿਖਾਈ ਦਿੰਦਾ ਹੈ।

ਸਭ ਤੋਂ ਪਹਿਲਾਂ ਵੇਦਨਾ-ਸੰਵੇਦਨਾਂ ਉਤੇ ਕੇਂਦਰਿਤ ਕਹਾਣੀਆਂ ਦੀ ਗਲ ਕਰਨੀ ਉਚਿਤ ਹੈ। ਇਸ ਸੰਗ੍ਰਹਿ ਵਿਚਬੀਆਂ ਨਿਮਨ-ਅੰਕਿਤ ਕਹਾਣੀਆਂ ਨੂੰ ਇਸ ਵਰਗ ਵਿਚ ਰਖਿਆ ਜਾ ਸਕਦਾ ਹੈ—

1. ਅਬ ਨਾ ਬਸਉ ਇਹ ਗਾਉ	:	ਕਰਤਾਰ ਸਿੰਘ ਦੁਗੱਲ
2. ਮੁਰਗੇ ਦਾ ਪੰਜਾ	:	ਗੁਲਜ਼ਾਰ ਸਿੰਘ ਸੰਧੂ
3. ਬਦਲੀ ਹੋਈ ਹਵਾ	:	ਸੰਤੋਖ ਸਿੰਘ ਧੀਰ
4. ਕੀ ਜਾਣਾਮੈਂ ਕੌਣ	:	ਗੁਰਬਚਨ ਸਿੰਘ ਭੁਲਰ
5. ਇਹ ਉਹ ਜਸਬੀਰ ਨਹੀਂ	:	ਪ੍ਰੇਮ ਪ੍ਰਕਾਸ਼
6. ਬੋਹਣੀ	:	ਜਗਦੀਸ਼ ਕੌਸ਼ਿਕ
7. ਅੱਖ ਦਾ ਪਾਣੀ	:	ਕੇ. ਐਲ. ਗਰਗ
8. ਧਰਮ ਯੁਧ ਜਾਰੀ ਹੈ	:	ਦਲਬੀਰ ਚੇਤਨ
9. ਚਿੱੜੀਆਂ	:	ਰਘੁਬੀਰ ਢੰਡ
10. ਇਹ ਮੈਂ ਹੀ ਸੀ	:	ਨਛੱਤਰ
11. ਆਪਣੀ ਧਰਤੀ	:	ਰਾਮ ਸਰੂਪ ਅਣਖੀ

ਇਹਨਾਂ ਕਹਾਣੀਆਂ ਵਿਚ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਾਪਰੇ ਪੰਜਾਬੀਆਂ ਨਾਲ ਦੁਖਾਂਤ ਦੀ ਦਰਦ ਕਹਾਣੀ ਬਿਆਨ ਕੀਤੀ ਗਈ ਹੈ। ਪੰਜਾਬ ਅਤੇ ਪੰਜਾਬੀਅਤ ਨੂੰ ਜੜ੍ਹੋਂ ਹਿਲਾਉਣ ਵਾਲੀਆਂ ਘਟਨਾਵਾਂ ਵਿਚੋਂ ਮੁਖ ਤੌਰ ਤੇ ਵਰਣਨ ਯੋਗ ਘਟਨਾਵਾਂ ਹਨ—ਅਪ੍ਰੇਸ਼ਨ ਬਲੂ ਸਟਾਰ, ਦਿੱਲੀ ਦੇ ਸਿੱਖ-ਵਿਰੋਧੀ ਦੰਗੇ, ਦਹਿਸ਼ਤ ਗਰਦੀ ਜਾਂ ਹਿੰਸਾ, ਪ੍ਰਤਿ-ਹਿੰਸਾ, ਪ੍ਰਤਿ-ਪ੍ਰਤਿ-ਹਿੰਸਾ ਦੀਆਂ ਨਿਤ ਵਾਪਰਦੀਆਂ ਘਟਨਾਵਾਂ ਜਿਨ੍ਹਾਂ ਵਿਚ ਬੇਕਸੂਰ ਲੋਕਾਂ ਦਾ ਖੂਨ ਵਗਦਾ ਰਿਹਾ ਹੈ। ਅਤੇ ਸੱਚੇ/ਝੂਠੇ ਪੁਲਿਸ ਮੁਕਾਬਲੇ ਦੀਆਂ ਘਟਨਾਵਾਂ ਵੀ ਜਿਨ੍ਹਾਂ ਵਿਚ ਬਹੁਤੀ ਵਾਰੀ ਦੋਸ਼ੀਆਂ ਦੇ ਨਾਲ ਕਈ ਨਿਰਦੋਸ਼ ਵੀ ਮਾਰੇ ਜਾਂਦੇ ਰਹੇ ਹਨ। ਪੰਜਾਬੀ ਕਹਾਣੀਕਾਰਾਂ ਨੇ ਇਸ ਸਮੁੱਚੇ ਘਟਨਾਂਕ੍ਰਮ ਦੇ ਆਲੇ-ਦੁਆਲੇ ਆਪਣੇ ਗਲਪੀ ਜਗਤ ਦੀ ਉਸਾਰੀ ਕਰਕੇ ਦੁਖਾਂਤਕ ਸੰਵੇਦਨਾ ਨੂੰ ਹੀ ਜ਼ਬਾਨ ਦਿਤੀ ਹੈ ਇਥੇ ਕਰਤਾਰ ਸਿੰਘ ਦੁਗਲ ਦੀ ਸੂਖਮਭਾਵੀ ਕਹਾਣੀ 'ਅਬ ਨ ਬਸਉ ਇਹ ਗਾਉ' ਦੀ ਮਿਸਾਲ ਵੀ ਦਿਤੀ ਜਾ ਸਕਦੀ ਹੈ ਜਿਸ ਵਿਚ ਸਿੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਨਸਿਕਤਾ ਦੇ ਜ਼ਖਮੀ ਹੋਣ ਦਾ ਪ੍ਰਭਾਵਮਈ ਬਿੰਬ ਸਾਕਾਰ ਹੁੰਦਾ ਹੈ ਅਤੇ ਰਾਮ ਸਰੂਪ ਅਣਖੀ ਦੀ ਕਹਾਣੀ 'ਆਪਣੀ ਧਰਤੀ' ਵਾਚੀ ਜਾ ਸਕਦੀ ਹੈ ਜਿਥੇ ਦਹਿਸ਼ਤ ਗਰਦੀ ਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੋਕੇ ਪੰਜਾਬ ਤੋਂ ਬਾਹਰ ਹਿਜਰਤ ਕਰ ਗਏ ਹਿੰਦੂ ਪੰਜਾਬੀ ਦੇ ਸੰਤਾਪ ਅਤੇ ਆਪਣੀ ਧਰਤੀ ਲਈ ਤੜਪ ਨੂੰ ਜ਼ਬਾਨ ਦਿਤੀ ਗਈ ਹੈ। ਇਸੇ ਤਰ੍ਹਾਂ ਹੀ ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਮੁਰਗੇ ਦਾ ਪੰਜਾ' ਦਿੱਲੀ ਦੰਗਿਆਂ ਵਿਚ ਹੋਈ ਅਮਾਨਵੀ ਕਤਲੋਗਾਰਤ ਦੀ ਖੌਫਨਾਕ ਝਾਕੀ ਬਿਆਨ ਕਰਦੀ ਹੈ। ਗੁਰਬਚਨ ਸਿੰਘ ਭੁਲੱਰ, ਗੁਰਦੇਵ ਰੁਪਾਣਾ, ਨਿਛੱਤਰ, ਜਗਦੀਸ਼ ਕੌਸ਼ਲ ਅਤੇ ਹੋਰਨਾਂ ਲੇਖਕਾਂ ਦੀ ਕਹਾਣੀਆਂ ਵੀ ਪੰਜਾਬ ਅਤੇ ਪੰਜਾਬੋਂ ਬਾਹਰ ਵਸਦੇ ਪੰਜਾਬੀਆਂ—ਹਿੰਦੂਆਂ ਅਤੇ ਸਿੱਖਾਂ ਨਾਲ ਵਾਪਰਦੇ ਦੁਖਾਂਤ ਨੂੰ ਹੀ ਆਪੋ ਆਪਣੇ ਅੰਦਾਜ਼ ਵਿਚ ਪੇਸ਼ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ। ਮੁਖ ਗੱਲ ਇਹ ਹੈ ਪੰਜਾਬੀ ਕਹਾਣੀਕਾਰ ਨੇ ਫਿਰਕਾ-ਪ੍ਰਸਤੀ ਦੀ ਜ਼ਹਿਰੀਲੀ ਹਵਾ ਨੂੰ ਆਪਣੇ ਜ਼ਮੀਰ ਉੱਤੇ ਹਾਵੀ ਨਹੀਂ ਹੋਣ ਦਿਤਾ। ਇਹ ਸਰਬ-ਸਾਂਝੀ ਪੰਜਾਬੀਅਤ ਲਈ ਚਿੰਤਾਂ ਅਤੇ ਦੁਖਾਂਤ ਚੇਤਨਾ ਦਾ ਪ੍ਰਮਾਣ ਹੈ। ਇਸ ਵਰਗ ਦੀਆਂ ਕਹਾਣੀਆਂ ਦੀ ਸੁਰ ਕਿਧਰੇ ਭਾਵੁਕਤਾ ਕਾਰਣ ਉੱਚੀ ਤਾਂ ਅਵੱਸ਼ ਹੋ ਗਈ ਹੋਵੇਗੀ ਪਰ ਇਸ ਵਿਚ ਪੱਖਪਾਤੀ ਉਲਾਰ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਇਹੀ ਕਾਰਣ ਹੈ, ਕਿ ਜਦੋਂ ਪ੍ਰੇਮ ਪ੍ਰਕਾਸ਼ ਵਰਗਾ ਪ੍ਰਬੁਧ ਕਹਾਣੀਕਾਰ ਪੰਜਾਬ ਦੀ ਹਿੰਦੂ ਵਸੋਂ ਦੇ ਅਚੇਤਨ ਵਿਚ ਵਸੇ ਦਹਿਸ਼ਤਗਰਦੀ ਦੇ ਤ੍ਰਾਸ ਦੀ ਸਥਿਤੀ ਨੂੰ ਆਪਣੀ ਕਹਾਣੀ 'ਇਹ ਉਹ ਜਸਬੀਰ ਨਹੀਂ' ਵਿਚ ਅੰਕਿਤ ਕਰਦਾ ਹੈ ਤਾਂ ਉਹ ਅਖੌਤੀ ਆਤੰਕਵਾਦੀ ਦੀ ਮਨੋਸਥਿਤੀ ਵਿਚ ਵੀ ਝਾਕਣ ਦਾ ਉਪਰਾਲਾ ਕਰਦਾ ਹੈ। ਦਹਿਸ਼ਤ ਦੇ ਮਾਹੌਲ ਵਿਚ ਜਿਉਂ ਰਹੇ ਮਨੁਖ ਦੀ ਇਹ ਯਥਾਰਥਕ ਝਾਕੀ ਅਜੋਕੀ ਸਥਿਤੀ ਉਤੇ ਸੰਵੇਦਨਾਤਮਕ ਟਿੱਪਣੀ ਹੀ ਤਾਂ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਨਛੱਤਰ ਦੀ ਕਹਾਣੀ 'ਇਹ ਮੈਂ ਹੀ ਸੀ' ਬੜੀ ਸੂਖਮਤਾ ਨਾਲ ਪੰਜਾਬ ਅੰਦਰ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਦਿੱਲੀ ਦੰਗਿਆਂ ਦੀ ਭਿਆਨਕਤਾ ਦੇ ਸਮਾਨੰਤਰ ਰਖ ਕੇ ਪ੍ਰਸਤੁਤ ਕਰਦੀ ਹੋਈ ਪੰਜਾਬੀਆਂ ਦੇ ਸਾਂਝੇ ਦੁਖ ਦਰਦ: ਦੀ ਤਸਵੀਰ ਪੇਸ਼ ਕਰਦੀ ਹੈ। ਇਨ੍ਹਾਂ ਕਹਾਣੀਆਂ ਵਿਚ ਨਿਕਟ-ਸਮਕਾਲੀ ਇਤਿਹਾਸ ਦੀਆਂ ਤੱਤਕਾਲੀ ਘਟਨਾਵਾਂ ਨਾਲ ਸੰਬੰਧਿਤ ਹੋਣ ਕਰਕੇ ਲੋੜੀਂਦੀ ਸੁਹਜਾਤਮਕ ਵਿਥ ਦਾ ਨਾ ਹੋਣਾ ਸੁਭਾਵਕ ਹੀ ਹੈ ਤਾਂ ਵੀ ਇਥੇ ਕਿਸੇ ਇਕ ਫਿਰਕੇ ਦੀ ਤੰਗਨਜ਼ਰੀ ਨੂੰ ਫੋਕਸ ਨਾ ਬਣਾ ਕੇ ਪੰਜਾਬੀਅਤ ਦੇ ਸਾਂਝੇ ਦੁਖਾਂਤ ਦਾ ਸੰਵੇਦਾਭਰਪੂਰ ਪ੍ਰਗਟਾਵਾ ਸਾਮ੍ਹਣੇ ਆਉਂਦਾ ਹੈ।

ਪੰਜਾਬ ਦੀ ਸਮਕਾਲੀ ਸਮਸਿਆ ਨਾਲ ਸੰਬੰਧਿਤ ਕਹਾਣੀਆਂ ਦਾ ਦੂਸਰਾ ਪ੍ਰਮੁੱਖ ਵਰਗ ਉਹਨਾਂ ਕਹਾਣੀਆਂ ਦਾ ਹੈ ਜਿਨ੍ਹਾਂ ਵਿਚ ਸੰਕਟ ਸਥਿਤੀ ਜਾਂ ਸਮਸਿਆ ਦਾ ਨਿਰੋਲ ਸੰਵੇਦਨਾ-ਮੂਲਕ ਪ੍ਰਗਟਾਵਾ ਕਰਨ ਦੀ ਚੇਸ਼ਟਾ ਨਹੀਂ ਕੀਤੀ ਗਈ ਸਗੋਂ ਸਮਸਿਆ ਦੇ ਅੰਤਰੀਵ ਵਿਚ ਲੁਕੇ ਹੋਏ ਕਾਰਣਾ ਦੀ ਤਲਾਸ਼ ਵੀ ਕੀਤੀ ਗਈ ਹੈ। ਇਹ ਕਹਾਣੀਆਂ ਗਲਪ ਦੇ ਮੁਹਾਵਰੇ ਵਿਚ ਸਮਕਾਲੀ ਸਥਿਤੀ ਦੇ ਰਾਜਨੀਤਕ ਅਚੇਤਨ ਦਾ ਵਿਸ਼ਲੇਸ਼ਣ ਪੇਸ਼ ਕਰਨ ਵਲ ਰੁਚਿਤ ਹੁੰਦੀਆਂ ਹਨ। ਇਸ ਵਰਗ ਦੀਆਂ ਕਹਾਣੀਆਂ ਪੰਜਾਬੀ ਕਹਾਣੀਕਾਰ ਦੀ ਚੇਤਨਾ ਅਤੇ ਸੰਵੇਦਨਾ ਦੇ ਨਾਲ ਉਸਦੀ ਚਿੰਤਨ–

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੀਲਤਾ ਦਾ ਪ੍ਰਗਟਾਵਾ ਵੀ ਕਰਦੀਆਂ ਹਨ । ਪੰਜਾਬੀ ਦੇ ਬਹੁਤੇ ਕਹਾਣੀਕਾਰ ਪ੍ਰਗਤੀ-ਵਾਦੀ ਵਿਚਾਰਧਾਰਾ ਨਾਲ ਪ੍ਰਤੱਖ ਜਾਂ ਪਰੋਖ ਰੂਪ ਵਿਚ ਹਮਦਰਦੀ ਰਖਦੇ ਹਨ । ਇਹੀ ਕਾਰਣ ਹੈ ਇਨ੍ਹਾਂ ਕਹਾਣੀਆਂ ਵਿਚ ਮਾਨਵਤਾਵਾਦੀ ਫੋਕਸ ਨੂੰ ਗਲਪ ਸਿਰਜਨ ਦਾ ਆਧਾਰ ਬਣਾਇਆ ਗਿਆ ਹੈ । ਇਥੇ ਨਿਕਟ ਸਮਕਾਲੀ ਇਤਿਹਾਸ ਦੇ ਰਾਜਨੀਤਕ ਅਚੇਤਨ ਦਾ ਵਿਸ਼ਲੇਸ਼ਣ ਕਰਨ ਦੀ ਚਿੰਤਾ ਵੀ ਉਤਨੀ ਹੀ ਪ੍ਰਬਲ ਹੈ ਜਿਤਨੀ ਇਨ੍ਹਾਂ ਘਟਨਾਵਾਂ ਦੇ ਨਿਰੋਲ ਮਾਨਵੀ ਦੁਖਾਂਤਕ ਪਹਿਲੂ ਦਾ ਸੰਵੇਦਨਾਤਮਕ ਚਿਤ੍ਰਣ ਕਰਨ ਦੀ । ਇਸ ਪ੍ਰਸੰਗ ਵਿਚ ਮੁਖ ਤੌਰ ਤੇ ਵਰਨਣਯੋਗ ਕਹਾਣੀਆਂ ਹਨ—'ਭੱਜੀਆਂ ਬਾਹੀਂ' (ਵਰਿਆਮ ਸਿੰਘ ਸੰਧੂ), 'ਰਾਤ ਦੀ ਕੁਖ ਵਿਚਲਾ ਸੂਰਜ' (ਬਲਦੇਵ ਸਿੰਘ) 'ਬੁੱਢੀ ਲੂੰਬੜੀ ਅਤੇ ਜੰਗਲੀ ਘੋੜੇ' (ਜਸਬੀਰ ਭੁਲੱਰ) । ਇਨ੍ਹਾਂ ਕਹਾਣੀਆਂ ਵਿਚ ਅਜਨਬੀਕਰਣ ਦੀ ਜੁਗਤ ਨੂੰ ਆਧਾਰ ਬਣਾ ਕੇ ਸਮਸਿਆ ਦੇ ਅੰਤਰੀਵ ਸੰਗਠਨ ਨੂੰ ਫਰੋਲਣ ਦਾ ਉਪਰਾਲਾ ਕੀਤਾ ਗਿਆ ਹੈ ।

ਵਰਿਆਮ ਸਿੰਘ ਸੰਧੂ ਦੀ ਬਹੁਚਰਚਿਤ ਕਹਾਣੀ 'ਭੱਜੀਆਂ ਬਾਹੀਂ' ਇਕ ਘਰ ਦੀ ਕਹਾਣੀ ਨੂੰ ਪੰਜਾਬ ਸਮਸਿਆ ਨਾਲ ਪ੍ਰਤੀਕਾਤਮਕ ਤੌਰ ਤੇ ਸੰਬੰਧਿਤ ਕਰਕੇ ਉਸਦੇ ਲੁਕਵੇਂ ਪਾਸਾਰਾਂ ਨੂੰ ਖੋਲ੍ਹਦੀ ਦਿਖਾਈ ਦਿੰਦੀ ਹੈ । ਇਸ ਕਹਾਣੀ ਦਾ ਮੁਖ ਪਾਤਰ ਕੇਵਲ, ਹਿੰਦੂ ਘਰਾਣੇ ਨਾਲ ਸੰਬੰਧਿਤ ਹੈ ਜੋ ਆਪਣੇ ਭਰਾਵਾਂ ਦੀ ਬੇਇਨਸਾਫੀ ਦਾ ਵੀ ਸ਼ਿਕਾਰ ਹੁੰਦਾ ਹੈ ਅਤੇ ਦਹਿਸਤਗਰਦ ਹਿੰਸਾ ਦਾ ਵੀ । ਇਸ ਮੂਲ ਘਟਨਾ ਦੇ ਇਰਦ-ਗਿਰਦ ਕਹਾਣੀਕਾਰ ਨੇ ਪੰਜਾਬ ਅਤੇ ਕੇਂਦਰ ਦੇ ਸੰਬੰਧਾਂ ਦੀ ਪ੍ਰਤੀਕਾਤਮਕ ਵਿਆਖਿਆ ਵੀ ਸਮਾਨੰਤਰ ਰਖ ਕੇ ਕੀਤੀ ਹੈ ਅਤੇ ਸਮਸਿਆ ਵਿਚ ਘਿਰੇ ਭਿੰਨ-ਭਿੰਨ ਵਰਗਾਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਵੀ ਬੜੀ ਖੂਬਸੂਰਤੀ ਨਾਲ ਕੀਤਾ ਗਿਆ ਹੈ ।

ਇਸੇ ਤਰ੍ਹਾਂ ਬਲਦੇਵ ਸਿੰਘ ਦੀ ਕਹਾਣੀ 'ਰਾਤ ਦੀ ਕੁਖ ਵਿਚਲਾ ਸੂਰਜ' ਪੰਜਾਬ ਸਮੱਸਿਆ ਨੂੰ ਇਕ ਪਿੰਡ ਦੇ ਲਘੂ-ਮਾਡਲ ਉੱਤੇ ਘਟਾ ਕੇ ਪੁਨਰ ਸੰਗਠਿਤ ਕਰਨ ਦਾ ਪ੍ਰਭਾਵਸ਼ਾਲੀ ਜਤਨ ਕਰਦੀ ਹੈ । ਪਿੰਡ ਦੇ ਸਰਪੰਚ ਦੀ ਮੌਤ ਤੋਂ ਬਾਅਦ ਪਿੰਡ ਵਾਲਿਆਂ ਵਲੋਂ ਉਸਦੀ ਧੀ ਨੂੰ ਅਰਜ਼ੀ ਤੌਰ ਤੇ ਸਰਪੰਚ ਚੁਣਨਾ 'ਕੁਰਸੀ ਯੁਧ ਦੀ ਅਜਿਹੀ ਕੁਲਹਿਣੀ ਸ਼ੁਰੂਆਤ ਹੋ ਨਿਬੜਦਾ ਹੈ ਜਿਸ ਵਿਚ ਹਰ ਤਰ੍ਹਾਂ ਦੇ ਹਥਕੰਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਪਿੰਡ ਦੇ ਮਜ਼ਲੂਮ ਲੋਕਾਂ ਨੂੰ ਮਸਨੂਈ ਵੰਡੀਆਂ ਪਾ ਕੇ ਇਕ ਦੂਸਰੇ ਦੇ ਵੈਰੀ ਬਣਾਉਣ ਦੀਆਂ ਸ਼ਾਜ਼ਿਸ਼ਾਂ ਦਾ ਚੱਕਰ ਚਲ ਪੈਂਦਾ ਹੈ । ਇਉਂ ਇਹ ਕਹਾਣੀ ਇਕ ਪਿੰਡ ਦੇ ਜਾਣੇ ਪਛਾਣੇ ਮਾਹੌਲ ਰਾਹੀਂ ਦੇਸ਼ ਵਿਆਪੀ ਘਟਨਾਵਾਂ ਦਾ ਵਿਅੰਗਾਤਮਕ ਵਿਸ਼ਲੇਸ਼ਣ ਕਰਦੀ ਦਿਖਾਈ ਦਿੰਦੀ ਹੈ ।

ਜਸਬੀਰ ਭੁਲੱਰ ਨੇ ਆਪਣੀ ਕਹਾਣੀ 'ਬੁਢੀ ਲੂੰਮੜੀ ਅਤੇ ਜੰਗਲੀ ਘੋੜੇ' ਵਿਚ ਪੰਚ ਤੰਤਰ ਦੀ ਲੋਕ ਕਥਾਤਮਕ ਰੂੜ੍ਹੀ ਨੂੰ ਅਜੋਕੀ ਨਿਕੀ ਕਹਾਣੀ ਵਿਚ ਵਿਸਥਾਪਿਤ ਕਰਕੇ ਪ੍ਰਤੀਕਾਤਮਕ ਢੰਗ ਦੀ ਵਰਤੋਂ ਕੀਤੀ ਹੈ । ਪੰਜਾਬ ਸਮਸਿਆ ਨੂੰ ਉਲਝਾਉਣ ਵਾਲੀਆਂ ਸੰਬੰਧਿਤ ਧਿਰਾਂ ਦੇ ਕਿਰਦਾਰ ਨੂੰ ਪਸ਼ੂ ਪੰਛੀਆਂ ਦੇ ਪ੍ਰਤੀਕ ਰਾਹੀਂ ਉਜਾਗਰ ਕਰਨ ਵਾਲੀ ਇਹ ਕਹਾਣੀ ਸਥਿਤੀ ਦੇ ਰਾਜਨੀਤਕ ਅਚੇਤਨ ਦਾ ਹੀ ਵਿਸ਼ਲੇਸ਼ਣ ਪੇਸ਼ ਕਰਦੀ ਹੈ । ਇਉਂ ਦੂਸਰੇ ਵਰਗ ਦੀਆਂ ਇਹ ਕਹਾਣੀਆਂ ਪ੍ਰਤੀਕਾਤਮਕ ਢੰਗ ਨਾਲ ਸਮਕਾਲੀ ਸਥਿਤੀ ਉੱਤੇ ਵਿਅੰਗ ਅਤੇ ਕਟਾਖ ਭਰੀ ਟਿਪਣੀ ਪੇਸ਼ ਕਰਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ ਅਤੇ ਸਮਸਿਆ ਦੇ ਰਾਜਨੀਤਕ ਕਾਰਣਾ ਦਾ ਆਪੋ ਆਪਣੇ ਅੰਦਾਜ਼ ਵਿਚ ਵਿਸ਼ਲੇਸ਼ਣ ਕਰਦੀਆਂ ਹਨ। ਇਹਨਾਂ ਕਹਾਣੀਆਂ ਦੀ ਰਚਨਾ-ਵਿਧੀ, ਅਜਨਬੀਕਰਣ ਵਰਗੀਆਂ ਜੁਗਤਾਂ ਦੇ ਇਸਤੇਮਾਲ ਰਾਹੀਂ, ਤਤਕਾਲੀ ਸਮਸਿਆ ਨਾਲੋਂ ਲੋੜੀਂਦੀ ਸੁਹਜਾਤਮਕ ਵਿਥ ਉਸਾਰਨ ਦਾ ਉਪਰਾਲਾ ਵੀ ਕਰਦੀ ਹੈ ਜੋ ਗਲਪੀ ਸੰਸਾਰ ਦੀ ਸਫਲਤਾ ਦਾ ਮੂਲ ਆਧਾਰ ਹੋ ਨਿਬੜਦਾ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਪੰਜਾਬ ਦੀ ਅਜੋਕੀ ਸਥਿਤੀ ਦੇ ਸੰਦਰਭ ਵਿਚ ਲਿਖੀ ਗਈ ਸਮਕਾਲੀ ਪੰਜਾਬੀ ਕਹਾਣੀ ਪ੍ਰਤਿ-ਬੱਧ ਸਹਿਤ ਦੀਆਂ ਬਿਹਤਰਹੀਨ ਰਵਾਇਤਾਂ ਅਨੁਸਾਰ ਪੰਜਾਬ ਅਤੇ ਪੰਜਾਬੀਅਤ ਦੀ ਸਮਸਿਆਗ੍ਰਸਤ ਦੁਖਾਂਤ ਸਥਿਤੀ ਦਾ ਗਲਪ ਉਸਾਰਦੀ ਹੈ। ਇਹ ਸੰਕਟ ਵਿਚ ਘਿਰੇ ਅਤੇ ਉਸ ਨਾਲ ਜੂਝਦੇ ਹੋਏ ਪੰਜਾਬੀ ਮਨ ਦਾ ਗਲਪ ਦੀ ਬੋਲੀ ਵਿਚ ਪੇਸ਼ ਕੀਤਾ ਗਿਆ ਸੰਵੇਦਨਸ਼ੀਲ ਅਤੇ ਚਿੰਤਨਮਈ ਪ੍ਰਗਟਾਵਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾਣੀ "ਡੈੱਡ-ਲਾਈਨ" ਇਕ ਅਧਿਐਨ

ਪ੍ਰੇਮ ਪ੍ਰਕਾਸ਼ ਦੀ ਕਹਾਣੀ "ਡੈੱਡ-ਲਾਈਨ" ਦਾ ਵੇਰਵੇ ਨਾਲ ਅਧਿਐਨ/ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਕਹਾਣੀ ਦੇ ਰੂਪਕਾਰ (Genre) ਦਾ ਸਿਧਾਂਤਕ ਸਪਸ਼ਟੀਕਰਣ ਜ਼ਰੂਰੀ ਪ੍ਰਤੀਤ ਹੁੰਦਾ ਹੈ। ਕਾਰਣ ਇਹ ਹੈ ਕਿ ਸਮੁੱਚੇ ਕਥਾ ਸਾਹਿਤ (ਵਿਸ਼ੇਸ਼ ਤੌਰ ਤੇ ਨਿੱਕੀ ਕਹਾਣੀ) ਦੀ ਸਮੀਖਿਆ ਵਿਧੀ ਅਜੇ ਆਪਣੇ ਵਿਕਾਸ ਦੇ ਮੁਢਲੇ ਪੜਾਵਾਂ ਤੇ ਹੀ ਵਿਚਰ ਰਹੀ ਹੈ। ਗਲਪ ਦਾ ਵਿਲੱਖਣ ਕਾਵਿ ਸ਼ਾਸਤਰ ਉਸਾਰਨ ਦੀ ਚੇਤਨਾ ਅਜੋਕੇ ਸਮੇਂ ਹੀ ਪੈਦਾ ਹੋਈ ਹੈ ਅਤੇ ਇਸਦੇ ਕਈ ਮਹੱਤਵਪੂਰਨ ਸਿਧਾਂਤਕ ਮਸਲੇ ਅਜੇ ਨਜਿੱਠੇ ਜਾਣੇ ਹਨ।

ਨਿੱਕੀ ਕਹਾਣੀ ਆਧੁਨਿਕ ਗਲਪ ਦਾ ਪ੍ਰਮੁੱਖ ਰੂਪਾਕਾਰ ਹੈ। ਇਸਦੇ ਅੰਤਰਗਤ ਪਾਤਰ, ਸਥਿਤੀ ਅਤੇ ਘਟਨਾ ਨੂੰ ਬਿਰਤਾਂਤਕ ਵਿਧੀ ਦੇ ਮਾਧਿਅਮ ਰਾਹੀਂ ਸੰਗਠਿਤ ਕਰਕੇ ਇਕ ਵਿਸ਼ੇਸ਼ ਪ੍ਰਕਾਰ ਦਾ ਗਲਪੀ ਜਗਤ ਉਸਾਰਨ ਦਾ ਜਤਨ ਕੀਤਾ ਜਾਂਦਾ ਹੈ। ਕਹਾਣੀ ਦੇ ਰਚਨਾ-ਪ੍ਰਬੰਧ ਰਾਹੀਂ ਹੋਂਦ ਵਿਚ ਆਇਆ ਇਹ ਗਲਪੀ ਜਗਤ ਸਿੱਧੇ ਜਾਂ ਅਸਿਧੇ ਤੌਰ ਤੇ ਯਥਾਰਥ ਦੀ ਰੂਪਰਚਨਾ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੁੰਦਾ ਹੈ। ਕਹਾਣੀਕਾਰ ਅਨੁਭਵ ਅਤੇ ਦ੍ਰਿਸ਼ਟੀ ਦੇ ਕਿਸੇ ਇਕਾਗਰ ਬਿੰਦੂ ਉੱਪਰ ਖਲੋਤਾ ਹੋਇਆ ਆਪਣੀ ਰਚਨਾ ਰਾਹੀਂ ਯਥਾਰਥ ਦੇ ਹੀ ਕਿਸੇ ਮਹਤਵਪੂਰਨ ਵੇਰਵੇ ਨੂੰ ਪੇਸ਼ ਕਰਨ ਦਾ ਉਪਰਾਲਾ ਕਰਦਾ ਹੈ। ਪਰ ਉਸਦੀ ਸਿਰਜਨਾਤਮਕ ਕਲਪਨਾ ਯਥਾਰਥ ਦੀ ਵਾਸਤਵਿਕਤਾ ਨੂੰ ਅਰਥ ਅਤੇ ਸਾਰਥਕਤਾ ਦੇ ਸੰਗਠਨ ਵਿਚ ਢਾਲਕੇ ਨਵੀਨ ਬੋਧ ਦੇ ਰੂਪ ਵਿਚ ਪ੍ਰਕਾਸ਼ਮਾਨ ਕਰਦੀ ਹੈ। ਯਥਾਰਥ ਦੇ ਇਸ ਨਵੀਨ ਬੋਧ ਦਾ ਨਿਵਾਸ ਕਹਾਣੀ ਦੁਆਰਾ ਸਿਰਜੇ ਹੋਏ ਗਲਪੀ ਬਿੰਬ (ਜਾਂ ਗਲਪੀ ਜਗਤ) ਵਿਚ ਹੀ ਹੁੰਦਾ ਹੈ। ਅਜਿਹੀ ਸਥਿਤੀ ਵਿਚ ਕਿਸੇ ਕਹਾਣੀ ਕਿਰਤ ਦਾ ਗਿਆਨ-ਮੂਲਕ ਅਧਿਐਨ ਵਿਸ਼ਲੇਸ਼ਨ ਉਸ ਵਿਚਲੇ ਗਲਪ-ਬਿੰਬ ਦੀ ਭਰਪੂਰ ਵਿਆਖਿਆ ਵਲ ਸੰਕੇਤ ਕਰਦਾ ਹੈ।

ਇਸ ਸੰਖੇਪ ਜਿਹੀ ਸਿਧਾਂਤਕ ਟਿੱਪਣੀ ਤੋਂ ਉਪ੍ਰੰਤ ਅਸੀਂ ਆਪਣੀ ਵਿਚਾਰ-ਅਧੀਨ ਰਚਨਾ ਵਲ ਪਰਤਦੇ ਹਾਂ। ਕਹਾਣੀ ਦੇ ਗਲਪ-ਜਗਤ ਵਿਚ ਪ੍ਰਵੇਸ਼ ਕਰਨ ਲਈ ਸਭ ਤੋਂ ਪਹਿਲਾਂ ਅਸੀਂ ਇਸਦੀਆਂ ਮੁੱਢਲੀਆਂ ਪੰਗਤੀਆਂ ਨੂੰ ਦ੍ਰਿਸ਼ਟੀ ਗੋਚਰ ਕਰਦੇ ਹਾਂ :--

'ਸਤਪਾਲ ਐਸ. ਪੀ. ਆਨੰਦ, ਸੱਤੀ ਜਾਂ ਪਾਲੀ—ਮਰਨ ਵਾਲੇ ਦੇ ਹੀ ਨਾਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਮੈਂ ਇਸ ਘਰ ਵਿਚ ਵਿਆਹੀ ਆਈ ਸੀ ਤਾਂ ਸਮਾਜੀ ਰਿਸ਼ਤੇ 'ਚ ਇਹ ਮੇਰਾ ਦਿਉਰ ਸੀ—ਵਿਹੜੇ 'ਚ ਬਾਲ ਖੇਲ੍ਹਣ ਵਾਲਾ ਨਿੱਕੀ ਨਿੱਕੀ ਗੱਲ 'ਤੇ ਰੁੱਸਣ ਵਾਲਾ ਤੇ ਜਿਹੜੀ ਸਬਜ਼ੀ ਬਣਦੀ ਉਹੀ ਨਾ ਖਾਣ ਵਾਲਾ। ਪਰ ਕੁਦਕਤ ਦੇ ਰਿਸ਼ਤੇ 'ਚ ਉਹ ਮੇਰਾ ਪੁੱਤ ਵੀ ਸੀ, ਭਰਾਵੀ ਸੀ ਤੇ ਪ੍ਰੇਮੀ ਵੀ।''

ਸੰਰਚਨਾਤਮਕ ਦ੍ਰਿਸ਼ਟੀ ਤੋਂ ਉਪਰੋਕਤ ਪੰਗਤੀਆਂ ਵਿਚ ਤਿੰਨ ਪ੍ਰਕਾਰ ਦੀ ਸੂਚਨਾ ਮਿਲਦੀ ਹੈ। ਨੰਬਰ, ਇਕ, ਇਹ ਕਹਾਣੀ ਦੀ ਸਮੁਚੀ ਰਚਨਾ-ਜੁਗਤ ਦੇ ਇਕ ਮਹੱਤਵ-ਪੂਰਣ ਪਹਿਲੂ ਵਲ ਸੰਕੇਤ ਕਰਦੀਆਂ ਹਨ। ਅਰਥਾਤ ਇਸ ਵਿਚ ਕਾਰਜਸ਼ੀਲ ਬ੍ਰਿਤਾਂਤਕ ਦ੍ਰਿਸ਼ਟੀ (Narrative point of view) ਇਕ ਪਾਤਰ (ਮਿਸਿਜ਼ ਆਨੰਦ) ਨਾਲ ਸੰਬੰਧਿਤ ਹੈ। ਸਾਰੀ ਕਥਾ-ਸਮੱਗਰੀ ਨੂੰ ਇਸੇ ਮੁਖ-ਪਾਤਰ ਦੇ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕੀਤਾ ਗਿਆ ਹੈ। ਇਹ ਜੁਗਤ ਕਹਾਣੀ ਦੀ ਮੁਖ ਥੀਮ ਨੂੰ ਪ੍ਰਸਤੁਤ ਕਰਨ ਵਿਚ ਸਹਾਈ ਹੁੰਦੀ ਹੈ ਕਿਉਂ ਜੋ ਇਹ ਥੀਮ ਇਸੇ ਪਾਤਰ ਦੀ ਮਾਨਸਿਕਤਾ ਦੇ ਅੰਦਰੂਨੀ ਪਾਸਾਰ ਨਾਲ ਸੰਬੰਧ ਰਖਦੀ ਹੈ। ਪਾਤਰ ਦਾ ਆਪਣੀ ਮਾਨਸਿਕਤਾ ਨੂੰ ਖੁਦ ਪ੍ਰਗਟਾਉਣਾ ਉਸ ਦੇ ਪ੍ਰਮਾਣਿਕ ਅਤੇ ਭਰੋਸੇਯੋਗ ਹੋਣ ਦੀ ਦਲੀਲ ਪੇਸ਼ ਕਰਦਾ ਹੈ। ਇਉਂ ਲੇਖਕ ਨੇ ਪਾਠਕ ਦੇ ਮਨ ਵਿਚ ਵਾਸਤਵਿਕਤਾ ਦਾ ਭਰਮ ਪੈਦਾ ਕਰਨ ਦਾ ਉਪਰਾਲਾ ਕੀਤਾ ਹੈ। ਇਸ ਕਿਸਮ ਦਾ ਬ੍ਰਿਤਾਂਤਕ ਦ੍ਰਿਸ਼ਟੀਕੋਣ ਮਾਨਸਿਕਤਾ-ਪ੍ਰਧਾਨ ਕਹਾਣੀ ਲਈ ਵਿਸ਼ੇਸ਼ ਤੌਰ ਤੇ ਢੁਕਵਾਂ ਹੁੰਦਾ ਹੈ। ਨੰਬਰ ਦੋ ਕਹਾਣੀ ਦੀਆਂ ਇਨ੍ਹਾਂ ਮੁੱਢਲੀਆਂ ਪੰਗਤੀਆਂ ਵਿਚ ਇਸ ਵਿਚਲੀ ਮੁਖ ਘਟਨਾ ਦਾ ਸੰਕੇਤ ਮਿਲਦਾ ਹੈ। ਇਹ ਘਟਨਾ ਇਸਦੇ ਇਕ ਹੋਰ ਪਾਤਰ (ਸਤਪਾਲ) ਦੀ ਮੌਤ ਨਾਲ ਸੰਬੰਧਿਤ ਹੈ। ਕਹਾਣੀ ਵਿਚ ਮੌਤ ਦੀ ਘਟਨਾ ਕੇਂਦਰੀ ਮਹੱਤਵ ਰੱਖਦੀ ਹੈ। ਇਹ ਜਿਥੇ ਮਰਨ ਵਾਲੇ ਦੀ ਕਰੁਣ ਸਥਿਤੀ ਨੂੰ ਪ੍ਰਗਟਾਉਂਦੀ ਹੈ ਉਥੇ ਦੂਸਰੇ ਪਾਤਰਾਂ (ਵਿਸ਼ੇਸ਼ ਤੌਰ ਤੇ ਕਹਾਣੀ ਦੀ ਮੁਖ ਪਾਤਰ) ਦੇ ਭਾਵਕ ਸੰਤਾਪ ਨੂੰ ਉਜਾਗਰ ਕਰਦੀ ਹੈ। ਨੰਬਰ ਤਿੰਨ, ਇਹਨਾਂ ਪੰਗਤੀਆਂ ਵਿਚ ਕਹਾਣੀ ਵਿਚਲੇ ਮੂਲ ਸੰਘਰਸ਼ ਦੀ ਬੁਨਿਆਦ ਵੀ ਰੱਖ ਦਿਤੀ ਗਈ ਹੈ। ਇਹ ਸੰਘਰਸ਼ ਮੁਖ-ਪਾਤਰ ਦੀ ਮਾਨਸਿਕਤਾ ਵਿਚ ਤੁਰਦਾ ਹੈ ਅਤੇ ਇਸਦਾ ਆਧਾਰ ਹੈ ਸਮਾਜੀ ਰਿਸ਼ਤੇ ਅਤੇ ਕੁਦਰਤੀ ਰਿਸ਼ਤੇ ਦੀ ਖਿਚੋਤਾਣ। ਉਪ੍ਰੋਕਤ ਮਾਨਸਿਕ ਸੰਘਰਸ਼ ਨੂੰ ਵਾਸਤਵ ਵਿਚ ਕਹਾਣੀ ਦੇ ਥੀਮਿਕ-ਪ੍ਰਬੰਧ ਦਾ ਮੂਲ ਆਧਾਰ ਵੀ ਮੰਨਿਆ ਜਾ ਸਕਦਾ ਹੈ। ਇਉਂ ਰਚਨਾ ਦੀਆਂ ਇਹ ਮੁਢਲੀਆਂ ਕੁਝ ਕੁ ਪੰਗਤੀਆਂ ਕਲਾਤਮਕ ਸੰਜਮ ਦਾ ਪਰਿਚਯ ਦਿੰਦੀਆਂ ਹੋਈਆਂ ਕਹਾਣੀ ਦੀ ਰਚਨਾ ਜੁਗਤ ਅਤੇ ਇਸ ਦੀ ਕੇਂਦਰੀ ਥੀਮ ਦੇ ਸੰਭਾਵੀ ਫੈਲਾਉ ਦਾ ਭਰਪੂਰ ਸੰਕੇਤ ਦੇ ਜਾਂਦੀਆਂ ਹਨ।

ਇਹਨਾਂ ਪੰਗਤੀਆਂ ਤੋਂ ਬਾਅਦ ਇਕ ਛੋਟੀ ਜਿਹੀ ਪੰਗਤੀ "ਅਜ ਉਹਦੀ ਪਹਿਲੀ ਬਰਸੀ ਸੀ" ਇਸ ਕਹਾਣੀ ਦੇ ਗਲਪੀ ਵਰਤਮਾਨ ਦਾ ਸੁਝਾਉ ਦਿੰਦੀ ਹੈ। ਇਸ ਤੋਂ ਬਾਅਦ ਸਾਰੀ ਗੱਲ ਕੱਥ "ਇਸੇ ਮੌਕੇ" ਨਾਲ ਸੰਬੰਧਿਤ ਹੈ। ਭਾਵੇਂ ਉਸ ਮੁਖ ਪਾਤਰ ਨੇ ਆਪਣੇ ਅਤੇ ਸਤਪਾਲ ਦੇ ਜੀਵਨ ਦੀਆਂ ਕਈ ਸੰਬੰਧਿਤ ਸਥਿਤੀਆਂ ਨੂੰ ਪਿਛਲ ਝਾਤ ਦੀ ਤਕਨੀਕ ਰਾਹੀਂ ਵੀ ਪ੍ਰਸਤੁਤ ਕੀਤਾ ਹੈ। ਪਰ ਇਹ ਸਮੂਹ ਘਟਨਾਵਾਂ ਉਸੇ ਮੌਤ ਦੇ ਸੰਤਾਪ ਅਤੇ ਭਾਵਕ ਤਣਾਉ ਨੂੰ ਹੀ ਹੋਰ ਗਹਿਰਾ ਕਰਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾਣੀ ਵਿਚ ਵਿਸ਼ੇਸ਼ ਤੌਰ ਤੇ ਉਹਨਾਂ ਸਥਿਤੀਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਹੈ ਜਿਹਨਾਂ ਵਿਚ ਸਤਪਾਲ ਅਤੇ ਮਿਸਿਜ਼ ਆਨੰਦ ਦੇ ਭਾਵੁਕ ਰਿਸ਼ਤੇ ਦੀਆਂ ਬਹੁਪਰਤੀ ਤੰਦਾਂ ਇਕ ਦੂਸਰੇ ਵਿਚ ਗਡਮਡ ਹੁੰਦੀਆਂ ਦਿਸਦੀਆਂ ਹਨ। ਇਹਨਾਂ ਬਹੁਪਰਤੀ ਭਾਵਕ ਤੰਦਾਂ ਦਾ ਤਾਣਾ ਪੇਟਾ ਪਿਆਰ ਅਤੇ ਮੋਹ ਦੇ ਇਰਦ ਗਿਰਦ ਫੈਲਦਾ ਹੈ। ਸਮਾਜਕ ਰਿਸ਼ਤਾ (ਦਿਉਰ/ਭਾਬੀ) ਸਹਿਜ ਸਨੇਹ ਦੀ ਭਾਵਨਾ ਨਾਲ ਜੁੜਿਆ ਹੋਇਆ ਵੀ ਨੇਮ ਅਤੇ ਮਰਯਾਦਾ ਦੀ ਮੰਗ ਕਰਦਾ ਹੈ ਪਰ ਪੁਰਖ/ਇਸਤਰੀ ਵਿਚਲਾ ਪਿਆਰ ਸੰਬੰਧ ਕਿਸੇ ਵੀ ਨੇਮ ਅਤੇ ਮਰਯਾਦਾ ਵਿਚ ਬੱਝ ਸਕਣ ਤੋਂ ਅਸਮਰਥ ਹੈ। ਲੇਖਕ ਨੇ ਇਸੇ ਨੂੰ ਹੀ ਕੁਦਰਤੀ ਰਿਸ਼ਤੇ ਦਾ ਨਾਮ ਦਿਤਾ ਹੈ। ਇਹ ਕੁਦਰਤੀ ਰਿਸ਼ਤਾ ਅਚੇਤ ਮਨ ਦੀ ਅਤਾਰਕਿਕ ਸਤਹ ਉਪਰ ਵਿਚਰਦਾ ਹੈ ਜੋ ਅਸਾਧਾਰਣ ਪਰਸਥਿਤੀ ਦੇ ਪ੍ਰਗਟ ਹੋਣ ਨਾਲ ਆਪ ਮੁਹਾਰੇ ਪ੍ਰਚੰਡ ਹੋ ਉਠਦਾ ਹੈ। ਕਹਾਣੀ ਵਿਚਲੀ ਅਸਾਧਾਰਣ ਪਰਿਸਥਤੀ ਹੈ 'ਸਤਪਾਲ' ਦੇ ਗਲੇ ਵਿਚ ਕੈਂਸਰ ਹੋਣ ਦੀ ਸੂਚਨਾ। ਇਹੀ ਕਾਰਣ ਹੈ ਕਿ ਕੈਂਸਰ ਦੇ ਪ੍ਰਗਟ ਹੋਣ ਤੋਂ ਪਹਿਲਾਂ ਦੀ ਪਰਿਸਥਿਤੀ ਵਿਚ ਪਾਤਰਾਂ ਦਾ ਭਾਵਕ ਰਿਸ਼ਤਾ ਪ੍ਰੇਮ/ਮਰਯਾਦਾ ਦੀ ਸੀਮਾਂ ਦੇ ਅੰਦਰ ਰਹਿੰਦਾ ਹੈ। ਇਸਦਾ ਪ੍ਰਗਟਾਵਾਂ ਪੁਤਰ/ਭਰਾ/ਦੋਸਤ ਦੀ ਨੈਤਿਕ ਹੱਦਬੰਦੀ ਦਾ ਉਲੰਘਣ ਨਹੀਂ ਕਰਦਾ। ਪਰ ਫੇਰ ਵੀ ਮਿਸਿਜ਼ ਆਨੰਦ ਨੂੰ ਸੱਤੀ ਵਿਚ ਆਪਣੇ ਕਿਸੇ ਗੁਆਚੇ ਪ੍ਰੇਮੀ ਦਾ ਮੁਹਾਂਦਰਾ ਵੀ ਕਦੇ ਕਦੇ ਝਲਕਦਾ ਦਿਸ ਆਉਂਦਾ ਹੈ ਜੋ ਅਚੇਤ ਮਨ ਦੀਆਂ ਡੂੰਘਾਈਆਂ ਵਿਚ ਹੀ ਲੁਕਿਆ ਰਹਿੰਦਾ ਹੈ।

ਕੈਂਸਰ ਦੀ ਸੂਚਨਾ ਨਾਲ ਹੀ ਮੁਖ-ਪਾਤਰ ਦੇ ਭਾਵਕ ਰਿਸ਼ਤੇ ਦਾ ਰੰਗ ਵੱਟਣਾ ਸ਼ੁਰੂ ਹੋ ਜਾਂਦਾ ਹੈ। ਉਦੋਂ ਸਤੀ ਦੇ ਨਾਲ ਜੁੜੀਆਂ ਉਸਦੀਆਂ ਮੋਹ ਅਤੇ ਸਨੇਹ ਦੀਆਂ ਭਾਵਨਾਵਾਂ ਹੋਰ ਵੀ ਪ੍ਰਚੰਡ ਹੋ ਜਾਂਦੀਆਂ ਹਨ। ਸਗੋਂ ਇਹਨਾਂ ਦੇ ਨਾਲ ਨਾਲ ਅਚੇਤ ਮਨ ਵਿਚ ਲੁਕੀ ਹੋਈ ਨਿਰੋਲ ਪਿਆਰ-ਭਾਵਨਾ ਦਾ ਰੰਗ ਵੀ ਉਘੜਨਾਂ ਸ਼ੁਰੂ ਹੋ ਜਾਂਦਾ ਹੈ। ਮਿਸਿਜ਼ ਆਨੰਦ ਲਈ ਮੋਈ ਬੱਚੀ, ਵਿਛੜੇ ਭਰਾ ਅਤੇ ਗੁਆਚੇ ਪ੍ਰੇਮੀ ਦਾ ਵਿਗੋਚਾ ਕਾਫੀ ਹੱਦ ਤਕ ਸੱਤੀ ਦੀ ਹੋਂਦ ਨੇ ਦੂਰ ਕਰ ਦਿਤਾ ਸੀ। ਪਰ ਹੁਣ ਜਦੋਂ ਡਾਕਟਰਾਂ ਨੇ ਕੈਂਸਰ ਹਥੋਂ ਹੋਣ ਵਾਲੀ ਉਸ ਦੀ ਸੰਭਾਵੀ-ਪਰ ਅੱਟਲ ਮੌਤ ਦੀ "ਡੈੱਡ-ਲਾਈਨ" ਮਿਥ ਦਿਤੀ ਤਾਂ ਇਸ ਪਾਤਰ ਲਈ ਅਥਾਹ ਭਾਵੁਕ ਸੰਕਟ ਦਾ ਵਿਆਪ ਜਾਣਾ ਸੁਭਾਵਕ ਸੀ। ਇਸ ਸੰਕਟ ਸਥਿਤੀ ਵਿਚ ਘਿਰੀ ਹੋਈ ਮਿਸਿਜ਼ ਆਨੰਦ ਸਭ ਤਰ੍ਹਾਂ ਦੇ ਮਸਨੂਈ ਰਿਸ਼ਤਿਆਂ ਨੂੰ ਭੁਲਕੇ ਆਪਣਾ ਤਨ ਮਨ ਅਤੇ ਧਨ ਅਰਪਨ ਕਰਨ ਲਈ ਤੱਤਪਰ ਹੋ ਉਠਦੀ ਹੈ। ਵਾਸਤਵ ਵਿਚ ਮੌਤ ਦੀ ਚੇਤਨਾ ਮਨੁਖ ਨੂੰ ਆਪਣੀ ਹੋਂਦ ਦੇ ਰੂਬਰੂ ਖੜਾ ਕਰ ਦਿੰਦੀ ਹੈ। ਅਜਿਹੀ ਸਥਿਤੀ ਵਿਚ ਮਨੁੱਖ ਦਾ ਸਮੁੱਚਾ ਵਿਹਾਰ ਅਸਾਧਾਰਣ ਹੋ ਉਠਦਾ ਹੈ। ਇਸ ਲਈ ਇਹ ਕੋਈ ਅਲੋਕਾਰ ਗੱਲ ਨਹੀਂ ਕਿ ਆਪਣੀ ਭਾਵੁਕ ਸੰਪਤੀ ਦੇ ਗੁੰਮ ਗੁਆਚ ਜਾਣ ਦਾ ਤ੍ਰਾਸ ਇਸ ਪਾਤਰ ਨੂੰ ਸਮਾਜਿਕ ਨੈਤਿਕ ਰਿਸ਼ਤਿਆਂ ਤੋਂ ਕਿਸੇ ਹੱਦ ਤਕ ਨਿਰਲੇਪ ਕਰ ਦਿੰਦਾ ਹੈ। ਮਰਨ ਵਾਲੇ ਦੀਆਂ ਅਤ੍ਰਿਪਤ ਅਕਾਂਖਿਆਂਵਾਂ ਨੂੰ ਸੰਤੁਸ਼ਟ ਕਰਨ ਲਈ ਇਹ (ਪਾਤਰ) ਆਪਣਾ ਸਭ ਕੁਝ ਵਾਰਨ ਲਈ ਤਿਆਰ ਹੋ ਜਾਂਦੀ ਹੈ। ਉਸਦੇ ਇਲਾਜ ਲਈ ਆਪਣੀ ਸਾਰੀ ਜਮ੍ਹਾਂ ਪੂੰਜੀ ਨੂੰ ਖਰਚਣ ਤੋਂ ਲੈ ਕੇ ਆਪਣੇ ਤਨ ਦੀ ਅਹੂਤੀ ਤਕ ਦੇਣ ਵਿਚ ਇਸਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਸੰਕੋਚ ਨਹੀਂ ਹੁੰਦਾ। ਇਥੇ ਇਹ ਗੱਲ ਧਿਆਨ ਯੋਗ ਹੈ ਕਿ ਪਾਤਰ ਦੀ ਮਾਨਸਿਕਤਾਂ ਵਿਚ ਤਨ ਦੀ ਅਹੂਤੀ ਨਿਰੋਲ ਆਹੂਤੀ ਹੀ ਹੈ ਇਸ ਵਿਚ ਨਿਜੀ ਸੁਖ ਦੀ ਕੋਈ ਲਾਲਸਾ ਨਹੀਂ। ਪਰ ਤਾਂ ਵੀ ਮਿਸਿਜ਼ ਆਨੰਦ ਨੂੰ ਆਪਣੀ ਸਿਮਰਤੀ ਵਿਚ ਕੁਝ ਪਲ ਇਸ ਨੈਤਿਕ ਉਲੰਘਣਾ ਦਾ ਸੰਸਾ ਵੀ ਵਿਆਪਦਾ ਹੈ। ਇਸੇ ਲਈ ਉਹ ਮਰਨ ਵਾਲੇ ਦੀ ਬਰਸੀ ਮਨਾਉਂਦੀ ਹੋਈ ਉਸ ਨਾਲ ਆਪਣੇ ਭਾਵਕ ਰਿਸ਼ਤੇ ਨੂੰ ਪੂਰੀ ਪਰਿਭਾਸ਼ਾ ਦੇ ਸਕਣ ਤੋਂ ਅਸਮਰਥ ਮਹਿਸੂਸ ਕਰਦੀ ਹੈ। ਰਚਨਾ ਦੇ ਅੰਤਿਮ ਸ਼ਬਦਾਂ ਵਿਚ ਇਸੇ ਗੱਲ ਦਾ ਸੰਕੇਤ ਛੁਪਿਆ ਹੋਇਆ ਹੈ :

"ਅੱਜ ਇਸ ਹੋਣੀ ਨੂੰ ਹੋਈ ਨੂੰ ਇਕ ਸਾਲ ਬੀਤ ਗਿਆ ਹੈ ਪਰ ਅੱਜ ਵੀ ਮੈਨੂੰ ਇਸ ਸਵਾਲ ਦਾ ਜਵਾਬ ਨਹੀਂ ਮਿਲ ਰਿਹਾ ਕਿ ਉਹ ਮੇਰਾ ਕੀ ਸੀ ?"

"ਡੈਡ-ਲਾਈਨ" ਕਹਾਣੀ ਦੇ ਗਲਪੀ ਜਗਤ ਦਾ ਉਪ੍ਰੋਕਤ ਵਿਸ਼ਲੇਸ਼ਣ ਕਰਨ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਇਸ ਰਚਨਾ ਵਿਚ ਮਨੁੱਖ ਦੀ ਮਰਨਸ਼ੀਲ ਹੋਣੀ ਦੇ ਪ੍ਰਸੰਗ ਨੂੰ ਭਾਵੁਕ ਸੰਤਾਪ ਅਤੇ ਪੀੜਾ ਨਾਲ ਸੰਬੰਧਿਤ ਕਰਕੇ ਪੇਸ਼ ਕੀਤਾ ਗਿਆ ਹੈ। ਮੌਤ ਦੀ ਤੀਬਰ ਚੇਤਨਾ ਵਿਚ ਮਨੁੱਖ ਨਿਰੋਲ ਆਪਣੀ ਨੰਗੀ ਹੋਂਦ ਦੇ ਰੂਬਰੂ ਮਹਿਸੂਸ ਕਰਦਾ ਹੈ ਜਿਥੇ ਸਭ ਤਰ੍ਹਾਂ ਦੇ ਮਨਸੂਈ ਰਿਸ਼ਤਿਆਂ ਦੀ ਪਕੜ ਢਿੱਲੀ ਹੋ ਜਾਂਦੀ ਹੈ। ਇਹ ਮਨੁਖੀ ਹੋਂਦ ਅਵਸਥਾ ਉਪਰ ਇਕ ਗੰਭੀਰ ਕਿਸਮ ਦੀ ਦਾਰਸ਼ਨਿਕ ਟਿਪਣੀ ਹੈ। ਕਹਾਣੀ ਦੇ ਸਿਰਜੇ ਹੋਏ ਗਲਪੀ ਜਗਤ ਵਿਚ ਭਾਵੇਂ ਇਕ ਵਿਸ਼ੇਸ਼ ਮਨੁਖ ਪਾਤਰ ਨੂੰ ਰੂਪਮਾਨ ਕੀਤਾ ਗਿਆ ਹੈ ਪਰ ਇਸ ਕਿਸਮ ਦਾ ਭਾਵਕ ਤਣਾਉ ਅਸਲ ਵਿਚ ਮਨੁੱਖੀ ਹੋਂਦ ਦਾ ਸਹਿਜ ਗੁਣ ਹੈ। ਸੁਭਾ ਵਜੋਂ ਮਨੁੱਖ ਪ੍ਰਕਿਰਤਕ ਜੀਵ ਹੈ ਪਰ ਉਹ ਆਪਣੀ ਪ੍ਰਕਿਰਤੀ (ਕੁਦਰਤ) ਨੂੰ ਸੰਸਕ੍ਰਿਤੀ ਦੇ ਰੂਪਾਂਤਰਕਾਰੀ ਅਮਲ ਵਿਚ ਢਾਲ ਕੇ ਸਮਾਜਿਕ ਮਰਯਾਦਾ ਅਤੇ ਵਿਵਸਥਾ ਦਾ ਪ੍ਰਬੰਧ ਉਸਾਰਦਾ ਹੈ। ਸੰਸ-ਕ੍ਰਿਤੀ ਦਾ ਇਹ ਅਮਲ ਮਨੁੱਖ ਵਿਚਲੀ ਪ੍ਰਕਿਰਤੀ ਨੂੰ ਨੇਮ ਬੱਧ ਕਰਕੇ ਉੱਦਾਤ ਬਣਾਉਣ ਦਾ ਉਪਰਾਲਾ ਕਰਦਾ ਹੈ। ਪਰ ਸੰਸਕ੍ਰਿਤੀ ਦਾ ਜਾਮਾ ਪਹਿਨ ਕੇ ਵੀ ਮਨੁੱਖ ਵਿਚਲੀ ਇਹ ਪ੍ਰਕਿਤੀ ਮਰਦੀ ਨਹੀਂ ਸਗੋਂ ਅਚੇਤ ਮਨ ਦੇ ਅਤਾਰਕਿਕ ਧਰਾਤਲ ਵਿਚ ਜਿਉਂਦੀ ਹੈ। ਅਚੇਤ/ਸੁਚੇਤ ਵਿਚਲੀ ਇਹ ਵਿਥ ਇਕ ਸਦੀਵੀ ਤਣਾਓ ਨੂੰ ਜਨਮ ਦਿੰਦੀ ਹੈ ਜੋ ਇਕ ਇਕਲੇ ਵਿਅਕਤੀ ਦਾ ਨਹੀਂ ਸਗੋਂ ਸਮੁਚੀ ਮਾਨਵਜਾਤੀ ਦਾ ਖਾਸਾ ਹੈ। ਸਾਧਾਰਣ ਹਾਲਤਾਂ ਵਿਚ ਜੇ ਸਚੇਤ/ਸਮਾਜੀ ਰਿਸ਼ਤਿਆਂ ਦਾ ਪਲੜਾ ਭਾਰੀ ਹੁੰਦਾ ਹੈ ਤਾਂ ਕਿਸੇ ਵੀ ਅਸਾਧਾਰਣ ਸਥਿਤੀ ਵਿਚ ਕੁਦਰਤੀ ਰਿਸ਼ਤਿਆਂ ਦਾ ਅਤਾਰਕਿਕ ਪਾਸਾਰ ਵਿਦਰੋਹੀ ਰੂਪ ਧਾਰਕੇ ਅਗਰਭੂਮੀ ਵਿਚ ਆ ਜਾਂਦਾ ਹੈ। ਇਸ ਕਹਾਣੀ ਵਿਚ ਪ੍ਰਸਤੁਤ ਹੋਇਆ ਮਾਨਸਿਕ ਤਣਾਓ ਪ੍ਰਤੀਕਾਤਮਕ ਤੌਰ ਤੇ ਮਾਨਵ ਜੀਵਨ ਦੇ ਵਿਆਪਕ ਅਤੇ ਸਮਾਨਯ ਸੱਚ ਨੂੰ ਹੀ ਰੂਪਮਾਨ ਕਰਦਾ ਹੈ। ਇਉਂ ਅਸੀਂ ਇਸ ਕਹਾਣੀ ਦੇ ਕਥਾ-ਪ੍ਰਬੰਧ ਵਿਚ ਵਿਸ਼ੇਸ਼ ਅਤੇ ਨਿਰ--ਵਿਸ਼ੇਸ਼ ਨੂੰ ਇਕ ਦੂਸਰੇ ਵਿਚ ਅਭੇਦ ਹੁੰਦਿਆਂ ਦੇਖ ਸਕਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰਸੇਮ ਨੀਲਗਿਰੀ ਦੇ ਕਥਾ-ਜਗਤ ਵਿਚ ਪ੍ਰਵਾਸੀ ਚੇਤਨਾ

ਤਰਸੇਮ ਨੀਲਗਿਰੀ ਪੰਜਾਬੀ ਦੇ ਉਹਨਾਂ ਪ੍ਰਵਾਸੀ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੇ ਓਪਰੀ ਧਰਤੀ ਅਤੇ ਓਪਰੇ ਸਭਿਆਚਾਰਕ ਮਾਹੌਲ ਵਿਚ ਜਿਉਣ ਵਾਲੇ ਪ੍ਰਵਾਸੀ ਮਨੁੱਖ ਦੀ ਜੀਵਨ-ਵਿਧੀ ਦਾ ਗਲਪੀ ਬਿੰਬ ਉਸਾਰਨ ਦੀ ਚੇਸ਼ਟਾ ਕੀਤੀ ਹੈ। ਰੋਟੀ ਰੋਜ਼ੀ ਦੀ ਤਲਾਸ਼ ਵਿਚ ਭਟਕਦਾ ਹੋਇਆ ਮਨੁੱਖ ਜਦੋਂ ਆਪਣੇ ਜਾਣੇ-ਪਛਾਣੇ ਸਭਿਆਚਾਰਕ ਮਾਹੌਲ ਵਿਚੋਂ ਨਿਕਲ ਕੇ ਓਪਰੀ ਧਰਤੀ ਉਤੇ ਜਾ ਵਸਦਾ ਹੈ ਤਾਂ ਸੁਭਾਵਕ ਹੀ ਉਸ ਨੂੰ ਕਈ ਕਿਸਮ ਦੀਆਂ ਸਮਾਜਿਕ ਅਤੇ ਸਭਿਆਚਾਰਕ ਸਮੱਸਿਆਵਾਂ ਦੇ ਰੂਬਰੂ ਹੋਣਾ ਪੈਂਦਾ ਹੈ। ਖ਼ਾਸ ਤੌਰ ਤੇ ਜਦੋਂ ਤੀਸਰੀ ਦੁਨੀਆਂ ਦੇ ਵਿਕਾਸਸ਼ੀਲ ਦੇਸ਼ਾਂ ਦੇ ਲੋਕ ਪੱਛਮ ਦੇ ਕਿਸੇ ਉੱਨਤ ਦੇਸ਼ ਵਿਚ ਪ੍ਰਵਾਸੀ ਬਣ ਕੇ ਨਿਵਾਸ ਕਰਦੇ ਹਨ ਤਾਂ ਉਹਨਾਂ ਨੂੰ ਆਪਣੇ ਵਿਰਸੇ ਦੀਆਂ ਪਰੰਪਰਕ ਕਦਰਾਂ-ਕੀਮਤਾਂ ਤਿੜਕਦੀਆਂ ਹੋਈਆਂ ਮਹਿਸੂਸ ਹੁੰਦੀਆਂ ਹਨ। ਬਦਲੇ ਹੋਏ ਸਮਾਜਿਕ ਅਤੇ ਸਭਿਆਚਾਰਕ ਮਾਹੌਲ ਵਿਚ ਉਹਨਾਂ ਨੂੰ ਆਪਣੀ ਆਦਤ ਬਣੀ ਜੀਵਨ-ਵਿਧੀ ਦੇ ਟੁੱਟਣ ਦਾ ਅਹਿਸਾਸ ਹੁੰਦਾ ਹੈ। ਦਿਨੋ ਦਿਨ ਗੁਆਚ ਰਹੀ ਸਵੈ-ਪਛਾਣ ਉਹਨਾਂ ਨੂੰ ਗਹਿਰੇ ਜਜ਼ਬਾਤੀ ਸੰਕਟ ਦੇ ਕੰਢੇ ਲਿਆ ਖੜਾ ਕਰਦੀ ਹੈ। ਹੱਡ-ਭੰਨਵੀਂ ਮਿਹਨਤ ਨਾਲ ਵੱਧ ਤੋਂ ਵਧ ਧਨ ਕਮਾਉਣ ਦੀ ਲਾਲਸਾ ਜਾਂ ਮਜਬੂਰੀ ਇਹਨਾਂ ਪ੍ਰਵਾਸੀ ਮਨੁੱਖਾਂ ਨੂੰ ਜੀਵਨ ਦੀ ਸਹਿਜ-ਸੁਭਾਵਕ ਧਾਰਾ ਨਾਲੋਂ ਤੋੜ ਕੇ ਮਸ਼ੀਨ ਵਰਗਾ ਬਣਾ ਦਿੰਦੀ ਹੈ। ਇਸ ਮਸ਼ੀਨੀਕਰਣ ਦੀ ਜਕੜ ਵਿਚੋਂ ਕੋਈ ਵਿਰਲਾ ਹੀ ਬਚ ਸਕਦਾ ਹੈ। ਇਹੀ ਕਾਰਣ ਹੈ ਕਿ ਲੋੜੀਂਦੇ ਸੁਖ-ਸਾਧਨਾਂ ਦੇ ਹੁੰਦਿਆਂ ਸੁੰਦਿਆਂ ਵੀ, ਪ੍ਰਵਾਸੀ, ਅਜੀਬ ਤਰ੍ਹਾਂ ਦੀ ਬੇਗਾਨਗੀ ਅਤੇ ਉਦਰੇਵੇਂ ਦੇ ਅਹਿਸਾਸ ਨਾਲ ਵਿਆਕੁਲ ਹੋ ਉਠਦੇ ਹਨ। ਇਸ ਕਿਸਮ ਦੀ ਬੇਗਾਨੀਗੀ ਅਤੇ ਘਰ-ਵੈਰਾਗ ਦੀ ਚੇਤਨਾ ਪਹਿਲੀ ਪੀੜ੍ਹੀ ਦੇ ਪ੍ਰਵਾਸੀਆਂ ਵਿਚ ਕੁਝ ਵਧੇਰੇ ਹੀ ਪ੍ਰਬਲ ਹੁੰਦੀ ਹੈ। ਬਾਅਦ ਦੀਆਂ ਪੀੜ੍ਹੀਆਂ ਹੌਲੀ-ਹੌਲੀ ਨਵੇਂ ਸਭਿਆਚਾਰਕ ਯਥਾਰਥ ਨਾਲ ਇਕਸਾਰ ਹੋ ਕੇ ਜਿਉਣ ਜਾਚ ਸਿਖ ਲੈਂਦੀਆਂ ਹਨ ਅਤੇ ਮੁਕਾਬਲਤਨ ਆਪਣੇ ਆਪ ਨੂੰ ਘਟ ਵਿਜੋਗਿਆ ਅਨੁਭਵ ਕਰਦੀਆਂ ਹਨ। ਤਾਂ ਵੀ ਉਹਨਾਂ ਨੂੰ ਪ੍ਰਵਾਸੀ ਹੋਣ ਦਾ ਸੰਤਾਪ ਕਿਸੇ ਨ ਕਿਸੇ ਰੂਪ ਵਿਚ ਅੱਵਸ਼ ਭੋਗਣਾ ਪੈਂਦਾ ਹੈ। ਪੰਜਾਬੀ ਦੇ ਪ੍ਰਵਾਸੀ ਲੇਖਕ ਵੇਧਰੇ ਉਸ ਪਹਿਲੀ ਪੀੜ੍ਹੀ ਨਾਲ ਹੀ ਸੰਬੰਧ ਰਖਦੇ ਹਨ ਜੋ ਆਪਣੇ ਜੀਵਨ ਦੇ ਮੁਢਲੇ ਵਰ੍ਹੇ ਪੰਜਾਬ ਦੀ ਧਰਤੀ ਉਤੇ ਬਿਤਾ ਚੁਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ ਅਤੇ ਜਿਨ੍ਹਾਂ ਦੀ ਸਿਮਰਤੀ ਵਿਚ ਵਸਿਆ ਹੋਇਆ ਬਚਪਨ ਅਤੇ ਜਵਾਨੀ ਦੀਆਂ ਮੋਹ-ਮੁਹਬਤ ਭਰੀਆਂ ਘਰ ਪਰਿਵਾਰ ਦੀਆਂ ਯਾਦਾਂ ਵਿਆਕੁਲ ਕਰਦੀਆਂ ਹਨ। ਤਰਸੇਮ ਨੀਲਗਿਰੀ ਵੀ ਇਸੇ ਪੀੜੀ ਦਾ ਪ੍ਰਵਾਸੀ ਪੰਜਾਬੀ ਲੇਖਕ ਹੈ।

ਹਥਲੇ ਪਰਚੇ ਵਿਚ ਅਸੀਂ ਨੀਲਗਿਰੀ ਦੇ ਕਹਾਣੀ ਸੰਗ੍ਰਹਿ 'ਮੰਟੋ ਮਰ ਗਿਆ' ਵਿਚੋਂ ਕੇਵਲ ਦੋ ਅਜਿਹੀਆਂ ਕਹਾਣੀਆਂ ਨੂੰ ਅਧਿਐਨ ਵਿਸ਼ਲੇਸ਼ਣ ਲਈ ਚੁਣਿਆ ਹੈ ਜੋ ਸਿਧੇ ਜਾਂ ਅਸਿਧੇ ਤੌਰ ਤੇ ਪ੍ਰਵਾਸੀ ਜੀਵਨ ਅਨੁਭਵ ਨੂੰ ਸਮਰਪਿਤ ਹਨ। ਇਹ ਕਹਾਣੀਆਂ ਹਨ—'ਦੋ ਕਿਨਾਰੇ' ਅਤੇ 'ਉਸਤਰੇ'। ਪੁਸਤਕ ਵਿਚਲੀਆਂ ਬਾਕੀ ਕਹਾਣੀਆਂ ਵੀ ਭਾਵੇਂ ਪ੍ਰਵਾਸ ਨਾਲ ਸਿੱਧੇ ਤੌਰ ਤੇ ਤਾਂ ਸੰਬੰਧਿਤ ਨਹੀਂ ਹਨ ਪਰ ਉਹਨਾਂ ਦੀ ਕਥਾ ਵਸਤੂ ਵਿਚ ਪ੍ਰਧਾਨ ਸੁਰ ਬੇਗਾਨਗੀ ਜਾਂ ਘਰ ਵੈਰਾਗ ਦੀ ਹੀ ਹੈ ਜਿਸਦਾ ਮੂਲ ਪ੍ਰੇਰਣਾ ਸਰੋਤ ਲੇਖਕ ਦੀ ਪ੍ਰਵਾਸੀ ਚੇਤਨਾ ਵਿਚ ਲਭਿਆ ਜਾ ਸਕਦਾ ਹੈ।

ਪੁਸਤਕ ਵਿਚਲੀ ਪਹਿਲੀ ਕਹਾਣੀ 'ਦੋ ਕਿਨਾਰੇ' ਇੰਗਲੈਂਡ ਤੋਂ ਹੁਣੇ ਜਿਹੇ ਵਾਪਸ ਪਰਤੇ ਪਾਖਰ ਸਿੰਘ ਦੀ ਮਨੋਸਥਿਤੀ ਵਿਚ ਝਾਕਣ ਦਾ ਉਪਰਾਲਾ ਕਰਦੀ ਹੈ। ਪਾਖਰ ਸਿੰਘ ਉਪਰੀ ਧਰਤੀ ਨੂੰ ਹਮੇਸ਼ਾ ਲਈ ਛੱਡ ਆਇਆ ਹੈ ਪਰ ਉਸਦੇ ਜਿਹਨ ਵਿਚ ਪ੍ਰਵਾਸੀ ਜੀਵਨ-ਅਨੁਭਵ ਦੀਆਂ ਅਤਿਅੰਤ ਦੁਖਦਾਈ ਘਟਨਾਵਾਂ ਚੀਸ ਬਣ ਬਣ ਕੇ ਸਮਾਈਆਂ ਹੋਈਆਂ ਹਨ। ਇਹੀ ਕਾਰਣ ਹੈ ਕਿ ਪਾਖਰ ਸਿੰਘ ਨੂੰ ਆਪਣੇ ਪਿੰਡ ਦੀ ਜੂਹ ਵਿਚ ਵਾਪਸ ਪਰਤਣਾ ਇੰਤਹਾਈ ਸਕੂਨ ਨਾਲ ਭਰ ਦਿੰਦਾ ਹੈ। ਕਹਾਣੀ ਦੀਆਂ ਮੁਢਲੀਆਂ ਪੰਗਤੀਆਂ ਇਸੇ ਕਿਸਮ ਦੀ ਸਥਿਤੀ ਨੂੰ ਮੂਰਤੀਮਾਨ ਕਰਦੀਆਂ ਹਨ :—

"ਪਾਖਰ ਸਿੰਘ ਨੇ ਆਪਣੀ ਨਿੱਕੀ ਨਿੱਕੀ ਕੰਡਿਆਲੀ ਦਾਹੜੀ ਵਿਚ ਹੱਥ ਫੇਰਿਆ। "ਤੂੰ ਵੀ ਵਧ ਜਾਏਗੀ ਹੁਣ। ਪਹਿਲਾਂ ਘਾਣ ਗੋਰਿਆਂ ਨੇ ਤੇਰਾ ਈ ਕੀਤਾ ਸੀ। ਉਹਨੇ ਸੋਚਦਿਆਂ ਵੱਡਾ ਸਾਰਾ ਸਾਹ ਲਿਆ।

ਟੈਂਪੂ ਜਦ ਪਿੰਡ ਦੀ ਜੂਹ ਵਿਚ ਵੜਨ ਲਗਾ ਤਾਂ ਪਾਖਰ ਸਿੰਘ ਬੋਲਿਆ, ਰੋਕੀਂ ਬਈ ਜ਼ਰਾ।"

"ਅੱਛਾ ਜੀ।" ਕਹਿ ਕੇ ਡਰਾਈਵਰ ਨੇ ਟੈਂਪੂ ਰੋਕ ਦਿਤਾ। ਪਾਖਰ ਸਿੰਘ ਟੈਂਪੂ ਚੋਂ ਹੇਠਾਂ ਉਤਰਿਆ। ਇਕ ਛਿਨ ਲਈ ਉਹਨੇ ਉਪਰ ਅਸਮਾਨ ਵਲ ਤਕਿਆ। ਫਿਰ ਗੋਡਿਆਂ ਭਾਰ ਹੋ ਉਹਨੇ ਆਪਣਾ ਸਿਰ ਜਮੀਨ ਤੇ ਰਖ ਦਿਤਾ ਫਿਰ ਚੁਕਿਆ ਤੇ ਫਿਰ ਰਖ ਦਿਤਾ।"

ਕਥਾ ਦੇ ਇਨ੍ਹਾਂ ਵੇਰਵਿਆਂ ਵਿਚ ਮੁਖ-ਪਾਤਰ ਦੇ ਪ੍ਰਵਾਸੀ ਜੀਵਨ ਨਾਲ ਸੰਬੰਧਿਤ ਕਿਸੇ ਹੋ ਬੀਤੀ ਸੰਕਟ-ਸਥਿਤੀ ਵਲ ਸੰਕੇਤ ਛੁਪਿਆ ਹੋਇਆ ਹੈ। 'ਗੋਰਿਆਂ ਹਥੋਂ ਦਾਹੜੀ ਦਾ ਪਹਿਲਾ ਘਾਣ' ਪਾਖਰ ਸਿੰਘ ਨੂੰ ਜਿਥੇ ਆਪਣੀ ਪਛਾਣ ਦੇ ਚਿੰਨ੍ਹ ਮਿਟ ਜਾਣ ਦਾ ਅਹਿਸਾਸ ਕਰਾਉਂਦਾ ਹੈ ਉਥੇ ਕਿਸੇ ਹੋਰ ਵਡੇਰੇ ਘਾਣ ਵਲ ਵੀ ਸੰਕੇਤ ਕਰਦਾ ਹੈ ਜਿਸਦੀ ਸੂਚਨਾ ਟੈਕਸਟ ਦੇ ਅਗਲੇਰੇ ਖੰਡ ਵਿਚੋਂ ਪ੍ਰਾਪਤ ਹੋਣ ਦੀ ਆਸ ਜਗਾਉਂਦੀ ਹੈ। ਮੁਖ-ਪਾਤਰ ਦਾ ਪਿੰਡ ਦੀ ਜੂਹ ਵਿਚ ਆ ਕੇ ਧਰਤੀ ਨੂੰ ਸਿਰ ਝੁਕਾਉਣਾ ਵੀ ਅਸਾਧਾਰਣ/ਅਜਨਬੀ ਵਿਹਾਰ ਦਾ ਸੂਚਕ ਹੈ ਅਤੇ ਉਸਦੇ ਅਤੀਤ ਵਿਚ ਹੰਢਾਏ ਘਰ ਵੈਰਾਗ ਦੀ ਹੀ ਦੱਸ ਪਾਉਂਦਾ ਹੈ। ਇਉਂ 'ਦੋ ਕਿਨਾਰੇ' ਕਹਾਣੀ ਦਾ

CC-0. In Public Domain. Gurukul Kangri Collection, Haridwar

ਕਥਾ-ਜਗਤ ਪਿੰਡ ਵਾਪਸੀ ਦੇ ਇਕ ਕਿਨਾਰੇ ਤੋਂ ਉਪਰੀ ਧਰਤੀ ਦੇ ਪ੍ਰਵਾਸ ਨਾਲ
Digitized by Arya Samaj Foundation Chennai and eGangotri
ਸੰਬੰਧ ਰਖਣ ਵਾਲੇ ਦੂਸਰੇ ਕਿਨਾਰੇ ਤਕ ਫੈਲਿਆ ਹੋਇਆ ਹੈ। ਗੱਲ ਅਸਲ ਵਿਚ ਦੂਸਰੇ ਕਿਨਾਰੇ ਦੀ ਹੀ ਹੈ ਜਿਸਦੀ ਜਕੜ ਵਿਚੋਂ ਮੁਕਤ ਹੋਣ ਲਈ ਕਹਾਣੀ ਦਾ ਮੁਖ ਪਾਤਰ ਬੁਰੀ ਤਰ੍ਹਾਂ ਛਟਪਟਾ ਰਿਹਾ ਹੈ। ਇਉਂ ਇਹ ਕਹਾਣੀ ਪ੍ਰਵਾਸੀ ਚੇਤਨਾ ਦੀ ਕਹਾਣੀ ਬਣ ਕੇ ਉਜਾਗਰ ਹੁੰਦੀ ਹੈ।

ਪਾਖਰ ਸਿੰਘ ਆਪਣੇ ਜਾਣੇ ਪਛਾਣੇ ਮਾਹੌਲ ਵਿਚ ਵਾਪਸ ਪਰਤਣ ਦਾ ਸਕੂਨ ਅਨੁਭਵ ਕਰਦਾ ਹੋਇਆ ਨਾਲ ਨਾਲ ਆਪਣੇ ਪ੍ਰਵਾਸੀ ਜੀਵਨ ਦੀਆਂ ਦੁਖਦਾਈ ਘਟਨਾਵਾਂ ਨੂੰ ਵੀ ਚੇਤੇ ਕਰਦਾ ਜਾ ਰਿਹਾ ਹੈ। ਆਪਣੇ ਬਾਪੂ ਨੂੰ ਮਿਲਦਿਆਂ ਭਾਵੁਕ ਸੁਰ ਵਿਚ ਉਸਦਾ ਇਹ ਕਹਿਣਾ—"ਉਏ ਬਾਪੂ, ਮਾਰਤਾ ਗੋਰਿਆਂ ਕੰਜਰਾਂ ਉਏ।" ਉਸਦੇ ਅੰਦਰ ਦੀ ਚੀਖ ਨੂੰ ਹੀ ਪ੍ਰਗਟਾਉਂਦਾ ਹੈ। ਇਸ ਕਥਨ ਦਾ ਪ੍ਰਸੰਗ ਉਦੋਂ ਸਪਸ਼ਟ ਹੁੰਦਾ ਹੈ ਜਦੋਂ ਪਾਖਰ ਦੋ ਮਹੀਨੇ ਪਹਿਲਾਂ ਦੀ ਘਟਨਾ ਬਾਰੇ ਸੋਚਦਾ ਹੈ—
"ਹੁਣ ਉਹ ਰਾਤ ਦੀ ਘਟਨਾ ਬਾਰੇ ਸੋਚ ਰਿਹਾ ਸੀ। ਉਹਦੇ ਢਿੱਡ ਦਾ ਨਿਸ਼ਾਨ ਦੇਖ ਕੇ ਪਾਲ ਕੌਰ ਦਾ ਦਿਲ ਡੁਬ ਗਿਆ ਸੀ ਤੇ ਉਹਦੀਆਂ ਅੱਖਾਂ ਅਗੇ ਇਹ ਦ੍ਰਿਸ਼ ਘੁੰਮ ਗਿਆ। ਦੋ ਮਹੀਨੇ ਪਹਿਲਾਂ ਜਦ ਉਹ ਬੇਕਰੀ 'ਚੋ' ਕੰਮ ਦੀ ਲੇਟ ਸ਼ਿਫਟ ਕਰਕੇ ਵਾਪਸ ਆਪਣੇ ਟਿਕਾਣੇ ਆ ਰਿਹਾ ਸੀ ਤਾਂ ਦੋ ਸਕਿਨ ਹੈਡ ਮੁੰਡਿਆਂ ਨੇ ਉਹਨੂੰ ਗਲੀ ਦੇ ਕੋਨੇ ਤੇ ਖੜਾ ਕਰ ਲਿਆ ਸੀ। ਬਸ ਫਿਰ ਚਾਕੂ ਉਹਦੇ ਅੰਦਰ ਧਸ ਗਿਆ ਸੀ। ਉਹਨੂੰ ਕੋਈ ਹੋਸ਼ ਨਹੀਂ ਰਹੀ ਸੀ। ਜਦ ਉਹਨੂੰ ਹੋਸ਼ ਆਈ ਸੀ ਤਾਂ ਨਲਕੀਆਂ ਉਹਦੇ ਜਿਸਮ ਨੂੰ ਲੱਗੀਆਂ ਹੋਈਆਂ ਸਨ ਤੇ ਪੱਟੀਆਂ ਬਝਿਆ ਉਹ ਹਸਪਤਾਲ ਦੇ ਬੈਡ ਤੇ ਪਿਆ ਸੀ" ਬਸ ਉਹਨੇ ਬੈਡ ਤੇ ਪਿਆਂ ਹੀ ਮਨ ਬਣਾ ਲਿਆ ਸੀ ਕਿ ਹੁਣ ਇਕ ਪਲ ਲਈ ਇਸ ਦੇਸ਼ ਵਿਚ ਧੱਕੇ ਨਹੀਂ ਖਾਣੇ।"

ਸਕਿਨ ਹੈੱਡ ਮੁੰਡਿਆਂ ਦਾ ਹਮਲਾ ਓਥੋਂ ਦੇ ਲੋਕਾਂ ਦੇ ਮਨਾਂ ਵਿਚ ਸਮਾਈ ਹੋਈ ਡੂੰਘੀ ਰੇਸਿਜ਼ਮ (ਜਾਤੀਵਾਦ) ਦੀਆਂ ਭਾਵਨਾਂ ਦਾ ਹੀ ਹਿੰਸਕ ਪ੍ਰਗਟਾਵਾ ਹੈ। ਪਾਖਰ ਸਿੰਘ ਨੂੰ ਇਹੋ ਜਿਹੀਆਂ ਹੋਰ ਵੀ ਘਟਨਾਵਾਂ ਚੇਤੇ ਆਉਂਦੀਆਂ ਹਨ ਜੋ ਹਿੰਸਕ ਨਾ ਹੁੰਦੀਆਂ ਹੋਈਆਂ ਵੀ ਸਵੈਮਾਣ ਨੂੰ ਜ਼ਖਮੀ ਕਰ ਜਾਂਦੀਆਂ ਹਨ। ਪਾਖਰ ਸਿੰਘ ਨੂੰ ਆਪਣੇ ਫੈਕਟਰੀ ਮੈਨੇਜਰ ਦਾ ਜ਼ਲੀਲ ਕਰਨ ਵਾਲਾ ਵਤੀਰਾ ਸਕਿਨ ਹੈੱਡਾਂ ਵਰਗਾ ਹੀ ਮਹਿਸੂਸ ਹੁੰਦਾ ਹੈ। ਉਹ ਆਪਣੇ ਪਿੰਡ ਹੀ ਕੋਈ ਕੰਮ ਧੰਦਾ ਕਰਨ ਦਾ ਮਨ ਬਣਾਉਂਦਾ ਹੈ। ਘਰ ਦੇ ਸਾਰੇ ਜੀਅ ਕੁਝ ਹੋਰ ਉਮੀਦਾਂ ਲਾਈ ਬੈਠੇ ਹਨ। ਉਹ ਸੋਚਦੇ ਹਨ ਕਿ ਪਾਖਰ ਸਿੰਘ ਆਪਣੇ ਬੀਵੀ ਬਚਿਆਂ ਨੂੰ ਵੀ ਇੰਗਲੈਂਡ ਲੈ ਜਾਵੇਗਾ ਜਿਥੋਂ ਦੀ ਕਮਾਈ ਨੇ ਉਹਨਾਂ ਦੇ ਘਰ ਦੀ ਹਾਲਤ ਨੂੰ ਸੁਧਾਰ ਦਿਤਾ ਸੀ। ਇਸੇ ਲਈ ਪਾਖਰ ਸਿੰਘ ਨੂੰ ਇਹ ਕਿਨਾਰਾ ਦੂਸਰੇ ਕਿਨਾਰੇ ਵਲ ਧੱਕਦਾ ਦਿਖਾਈ ਦਿੰਦਾ ਹੈ। ਉਹ ਪੋਲਟਰੀ ਫਾਰਮ ਖੋਹਲਣ ਲਈ ਸਾਰਾ ਪ੍ਰਬੰਧ ਕਰ ਆਇਆ ਸੀ ਪਰ ਜਦੋਂ ਉਸਦੇ ਬਾਪੂ ਨੂੰ ਪਤਾ ਚਲਦਾ ਹੈ ਤਾਂ ਉਹ ਵਿਰੋਧ ਕਰਦਾ ਹੋਇਆ ਆਖਦਾ ਹੈ।

"ਹੁਣ ਤੂੰ ਕੁਕੜ ਪਾਲਣੇ ਆਂ ?"

ਪਹਿਲਾਂ ਤੂੰ ਇਹਨਾਂ ਨੂੰ ਪਾਲੇਂਗਾ। ਫਿਰ ਜੀਅ ਘਾਤ ਕਰੇਂਗਾ। ਆਪਣੇ ਹੱਥ ਖੂੰਨ ਨਾਲ ਰੰਗੇਂਗਾ। ਦਸਾਂ ਨੌਹਾਂ ਦੀ ਕਿਰਤ ਚੰਗੀ ਆ ਕਿ ਜੀਅ ਘਾਤ।" ਇਥੇ ਪਾਖਰ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਆਪਣੀ ਅਜੀਬ ਕਿਸਮ ਦੀ ਹੋਣੀ ਦਾ ਵਿਅੰਗ ਅਨੁਭਵ ਹੁੰਦਾ ਹੈ। ਟੈਕਸਟ ਦੇ ਸ਼ਬਦਾਂ ਵਿਚ—

"ਪਾਖਰ ਸਿੰਘ ਕੁਝ ਨਾ ਬੋਲਿਆ। ਉਥੇ ਬਹੁਤੀ ਦੇਰ ਤਕ ਠਹਿਰ ਸਕਣਾ; ਉਸ ਲਈ ਮੁਸ਼ਕਲ ਸੀ। ਚੁਪਚਾਪ ਘਰ ਜਾ ਕੇ ਬੈਠਕ ਵਿਚ ਲੰਮਾ ਪੈ ਗਿਆ। ਉਸ ਦੀ ਕਲਪਣਾ ਵਿਚੋਂ ਦੀ ਕਈ ਤਸਵੀਰਾਂ ਘੁੰਮਣ ਲਗੀਆਂ। ਪਿਛਲੇ ਨੌਂਆਂ ਸਾਲਾਂ ਦੀ ਗ਼ੁਲਾਮੀ, ਹਰਨਾਮ ਕੌਰ, ਪਾਲ ਕੌਰ ਗਿੰਦਾਂ, ਨਿੰਮਾ ਤੇ ਉਹ ਸਕਿਨ ਹੈਂਡ। 'ਬਾਸਟਰਡ ਪਾਕੀ ਨਿੱਗ ਨੌਗਜ਼'। ਉਹ ਹਸਪਤਾਲ ਦਾ ਸੀਨ ਜਿਥੇ ਉਹਦੇ ਜਿਸਮ ਨੂੰ ਨਲਕੀਆਂ ਲੱਗੀਆਂ ਹੋਈਆਂ ਸਨ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਹੁਣ ਵੀ ਹਸਪਤਾਲ ਦੇ ਬੈੱਡ ਤੇ ਹੀ ਪਿਆ ਸੀ। ਉਸ ਦੇ ਅੰਦਰੋਂ ਹੂਕ ਵਰਗਾ ਕੁਝ ਇਹੋ ਜਿਹਾ ਨਿਕਲ ਰਿਹਾ ਸੀ, "ਜੀਣ ਨਹੀਂ ਹੋਇਆ ਜਾਂਦਾ। ਉਥੇ ਗੋਰੇ ਨਹੀਂ ਜੀਣ ਦਿੰਦੇ ਤੇ ਇਥੇ ਗਿੰਦੇ ਨਿੰਮੇ ਦਾ ਭਵਿੱਖ। ਬਾਪੂ ਦੀ ਭੁੱਖ। ਕਿੱਥੇ ਜਾਵੇ...।"

ਇਉਂ ਗੱਲ ਭਾਵੇਂ ਪ੍ਰਵਾਸੀ ਚੇਤਨਾ ਤੋਂ ਵੀ ਦੂਰ ਨਿਕਲ ਜਾਂਦੀ ਹੈ, ਪਰ ਤਾਂ ਵੀ ਨੀਲਗਿਰੀ ਦੀ ਇਹ ਕਹਾਣੀ ਬੜੇ ਉਘੜਵੇਂ ਰੂਪ ਵਿਚ ਪ੍ਰਵਾਸੀ ਮਨੁੱਖ ਦੀ ਦੁਬਿਧਾ ਗ੍ਰਸਤ ਮਨੋਸਥਿਤੀ ਨੂੰ ਮੂਰਤੀਮਾਨ ਕਰਨ ਦਾ ਸਫਲ ਉਪਰਾਲਾ ਕਰਦੀ ਹੈ।

ਨੀਲਗਿਰੀ ਦੇ ਕਹਾਣੀ-ਸੰਗ੍ਰਹਿ ਵਿਚਲੀ ਪ੍ਰਵਾਸੀ ਜੀਵਨ-ਅਨੁਭਵ ਨਾਲ ਸੰਬੰਧਿਤ ਦੂਸਰੀ ਕਹਾਣੀ ਹੈ 'ਉਸਤਰੇ'। ਇਸ ਕਹਾਣੀ ਦਾ ਘਟਨਾ-ਸਥਲ ਇੰਗਲੈਂਡ ਹੈ। ਕਹਾਣੀ ਦੀ ਮੁੱਖ-ਪਾਤਰ ਲਤਾ ਭਾਗਰਥ ਕਿਸੇ ਰੇਜ਼ਰ ਫ਼ੈਕਟਰੀ ਵਿਚ ਕੰਮ ਕਰਦੀ ਹੈ ਜਿਸ ਦਾ ਨਾਮ ਉਥੇ ਕੰਮ ਕਰਨ ਵਾਲੀਆਂ ਪੰਜਾਬੀ ਪ੍ਰਵਾਸੀ ਕੁੜੀਆਂ ਨੇ ਉਸਤਰੇ ਬਣਾਉਣ ਵਾਲੀ ਫ਼ੈਕਟਰੀ ਰਖ ਦਿਤਾ ਹੈ। ਲਤਾ ਭਾਗਰਥ ਆਪਣੇ ਬਦਸੂਰਤ ਹੋਣ ਦੀ ਹੀਣ-ਭਾਵਨਾ ਦੀ ਸ਼ਿਕਾਰ ਹੈ। ਉਸ ਦੇ ਇਸ ਅਹਿਸਾਸ ਨੂੰ ਪੱਕਿਆਂ ਕਰਨ ਵਿਚ ਫ਼ੈਕਟਰੀ ਦੇ ਫ਼ੋਰਮੈਨ ਕਰਿਸ ਜੇਮਜ਼ ਦਾ ਘਿਰਣਾ ਅਤੇ ਦੁਰੈਤ ਨਾਲ ਭਰਿਆ ਵਤੀਰਾ ਹੈ। ਕਰਿਸ ਜੇਮਜ਼ ਆਪਣੇ ਲੰਪਟ ਸੁਭਾਅ ਕਰਕੇ ਬਦਨਾਮ ਹੈ। ਉਹ ਪਰਕਾਸ਼ ਬਾਮਰਾ ਨਾਂ ਦੀ ਪੰਜਾਬਣ ਕੁੜੀ ਦੀ ਇੰਟਰਵੀਊ ਕਰਕੇ ਆਇਆ ਹੈ ਅਤੇ ਲਤਾ ਦੇ ਸਾਹਮਣੇ ਉਸ ਦੀ ਖ਼ੂਬਸੂਰਤੀ ਦਾ ਬਖਾਣ ਕਰ ਰਿਹਾ ਹੈ।

"ਬੰਬ ਆ ਬੰਬ। ਸੁਨਹਿਰੀ ਵਾਲ ਰੰਗਦੀ ਐ। ਬਹੁਤ ਵੱਧੀਆ ਅੰਗ੍ਰੇਜ਼ੀ ਬੋਲਦੀ ਐ। ਸੁਹਣੇ ਦੰਦਾਂ ਵਾਲੀ।" ਫਿਰ ਕਰਿਸ ਜੇਮਜ਼ ਨੇ ਅੱਖਾਂ ਮਟਕਾਈਆਂ, ਸਾਹ ਉੱਪਰ ਨੂੰ ਚੜ੍ਹਾਇਆ, ਬਾਂਹਾਂ ਅੱਗੇ ਫੈਲਾਈਆਂ ਤੇ ਡਾਂਸ ਦੇ ਅੰਦਾਜ਼ ਵਿਚ ਮਿਸਿਜ਼ ਭਾਗਰਥ ਦੇ ਸਟੂਲ ਦੇ ਖੱਬੇ ਪਾਸੇ ਖ਼ਾਲੀ ਥਾਂ ਵਿਚ ਇਕ ਗੇੜਾ ਕੱਢ ਦਿਤਾ।"

ਲਤਾ ਭਾਗਰਥ ਨੂੰ ਕਰਿਸ ਜੇਮਜ਼ ਦੀਆਂ ਇਹ ਹਰਕਤਾਂ ਪਸੰਦ ਨਹੀਂ। ਉਸ ਨੂੰ ਪਰਕਾਸ਼ ਬਾਮਰਾ (ਪਾਸ਼ੀ ਬਾਮਰਾ) ਦਾ ਵੀ ਖ਼ਿਆਲ ਆਇਆ ਜੋ ਕਿਸੇ ਹੋਰ ਫ਼ੈਕਟਰੀ ਵਿਚ ਉਸ ਦੇ ਨਾਲ ਕੰਮ ਕਰ ਚੁਕੀ ਸੀ, "ਉਥੇ ਉਹਨੇ ਯੂਨੀਅਨ ਦੇ ਇਕ ਸ਼ੌਪ ਸਟੂਅਰਡ ਨਾਲ ਨੇੜਤਾ ਕਰ ਲਈ ਸੀ। ਲੰਚ ਵੇਲੇ ਉਹਦੇ ਨਾਲ ਫ਼ੈਕਟਰੀ ਦੀ ਕਲੱਬ ਵਿਚ ਜਾ ਕੇ ਦਾਰੂ ਪੀਂਦੀ ਸੀ।" ਲਤਾ ਭਾਗਰਥ ਨੂੰ ਹੋਰਨਾਂ ਪ੍ਰਵਾਸੀ ਕੁੜੀਆਂ ਦਾ ਵਤੀਰਾ ਵੀ ਚੰਗਾ ਨਹੀਂ ਲਗਦਾ ਜੋ ਆਪਣੀ ਖ਼ੂਬਸੂਰਤੀ ਦਾ ਪ੍ਰਦਰਸ਼ਨ ਕਰਕੇ ਫ਼ੋਰਮੈਨ ਨੂੰ ਆਕਰਸ਼ਿਤ ਕਰਨ ਅਤੇ ਮਨਮਰਜ਼ੀ ਦੀਆਂ ਰਿਆਇਤਾਂ ਹਾਸਲ ਕਰਨ

CC-0. In Public Domain. Gurukul Kangri Collection, Haridwar

ਵਿਚ ਸਫਲ ਹੁੰਦੀਆਂ ਹਨ । ਲਤਾ ਨੂੰ ਆਪਣੀ ਬਦਸੂਰਤੀ ਦਾ ਹੋਰ ਵੀ ਸ਼ਿੱਦਤ ਨਾਲ
Digitized by Arya Samaj Foundation Chennai and eGangotri
ਅਹਿਸਾਸ ਹੁੰਦਾ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਕਰਦੀ ਹੈ । ਇਸ ਕਿਸਮ ਦੇ ਅਹਿਸਾਸ ਵਿਚ ਉਦੋਂ ਹੋਰ ਵੀ ਵਾਧਾ ਹੋ ਜਾਂਦਾ ਹੈ ਜਦੋਂ ਮੈਰਾਥਨ ਵਿਚ ਭਾਗ ਲੈਣ ਲਈ ਉਸ ਨੂੰ ਇਕੱਲੀ ਨੂੰ ਹੀ ਅਣਡਿੱਠ ਕਰ ਦਿਤਾ ਜਾਂਦਾ ਹੈ । ਲਤਾ ਦੇ ਮਨ ਵਿਚ ਵਿਦਰੋਹ ਪੈਦਾ ਹੁੰਦਾ ਹੈ ਅਤੇ ਉਹ ਫ਼ੈਕਟਰੀ ਮੈਨੇਜਰ ਪਾਸ ਫ਼ੋਰਮੈਨ ਦੀ ਸ਼ਿਕਾਇਤ ਕਰਦੀ ਹੈ । ਉਸ ਦੀ ਸ਼ਿਕਾਇਤ ਦਾ ਅਸਰ ਇਹ ਹੁੰਦਾ ਹੈ ਕਿ ਉਸ ਨੂੰ ਮੈਰਾਥਨ ਵਿਚ ਫ਼ੈਕਟਰੀ ਦੇ ਹੋਰਨਾਂ ਵਰਕਰਾਂ ਨਾਲ ਸ਼ਾਮਲ ਹੋਣ ਦੀ ਇਜਾਜ਼ਤ ਮਿਲ ਜਾਂਦੀ ਹੈ । ਪਰ ਬਾਅਦ ਵਿਚ ਜਦੋਂ ਕਰਿਸ ਜੇਮਜ਼ ਉਸ ਨੂੰ ਇਸ ਗੱਲ ਦਾ ਤਾਅਨਾ ਮਾਰਦਾ ਹੈ ਤਾਂ ਲਤਾ ਭਾਗਰਥ ਦਾ ਵਿਦਰੋਹ ਹੋਰ ਵੀ ਤੇਜ਼ੀ ਨਾਲ ਭੜਕ ਉਠਦਾ ਹੈ ਅਤੇ ਉਸ ਨੂੰ ਅਗਲੀਆਂ ਪਿਛਲੀਆਂ ਸਾਰੀਆਂ ਜ਼ਿਆਦਤੀਆਂ ਚੇਤੇ ਆ ਜਾਂਦੀਆਂ ਹਨ । ਉਹ ਬੇਕਾਬੂ ਹੋ ਜਾਂਦੀ ਹੈ......"

"ਉਹਦੇ ਅਚੇਤ ਮਨ ਵਿਚ ਉਹਦੀ ਪੁਰਾਣੀ ਬੈਂਚ ਤੇ ਪਾਸ਼ੀ ਬਮਰਾ ਦੇ ਪਏ ਬਲੇਡ ਦਾ ਲਿਸ਼ਕਾਰਾ ਵਜ ਰਿਹਾ ਸੀ । ਜ਼ਿੰਦਗੀ ਵਿਚ ਸ਼ਾਇਦ ਪਹਿਲੀ ਵਾਰ ਏਨੀ ਫੁਰਤੀ ਆਈ ਸੀ ਉਹਦੇ ਵਿਚ । ਉਹਨੇ ਬਲੇਡ ਚੁਕਿਆ ਤੇ ਕਰਿਸ ਜੇਮਜ਼ ਦੇ ਚਿਹਰੇ ਤੇ ਲੰਮੀ ਲਕੀਰ ਵਾਹ ਦਿੱਤੀ ।'

ਇਉਂ ਨੀਲਗਿਰੀ ਦੀ ਇਹ ਕਹਾਣੀ ਸਰਮਾਇਦਾਰੀ ਅਰਥ-ਵਿਵਸਥਾ ਦੇ ਹੱਥੋਂ ਮਨੁੱਖ ਦੇ ਮਸ਼ੀਨੀਕਰਣ ਜਾਂ ਅਮਾਨਵੀਕਰਣ ਦੀ ਸਥਿਤੀ ਨੂੰ ਉਜਾਗਰ ਕਰਦੀ ਹੈ । ਇਸ ਕਹਾਣੀ ਵਿਚ ਵਿਸ਼ੇਸ਼ ਤੌਰ ਤੇ ਪ੍ਰਵਾਸੀ ਪੰਜਾਬੀ ਔਰਤ ਦੀ ਸਵੈਮਾਣ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ । ਕਨਜ਼ਿਊਮਰ ਕਲਚਰ ਨੂੰ ਉਤਸਾਹਤ ਕਰਨ ਵਾਲਾ ਸਮਾਜਿਕ-ਆਰਥਕ ਪ੍ਰਬੰਧ ਔਰਤ ਨੂੰ ਵੀ ਭੋਗ ਦੀ ਇਕ ਵਸਤੂ ਬਣਾ ਦੇਣ ਵਲ ਰੁਚਿਤ ਹੁੰਦਾ ਹੈ । ਅਜਿਹੀ ਵਿਵਸਥਾ ਵਿਚ ਔਰਤ ਦੀ ਖ਼ੂਬਸੂਰਤੀ ਨਿਰੋਲ ਸੁਹਜ (ਮਾਨਵੀ) ਮੁਲ ਨਾ ਰਹਿ ਕੇ ਉਪਯੋਗਿਤਾ-ਮੁਲ ਬਣ ਜਾਂਦੀ ਹੈ ਅਤੇ ਮਨੁੱਖੀ ਕਦਰਾਂ ਦੇ ਸ਼ੋਸ਼ਣ ਦਾ ਆਧਾਰ ਤੇ ਹਥਿਆਰ ਬਣ ਸਕਦੀ ਹੈ । ਨੀਲਗਿਰੀ ਦੀ ਇਸੇ ਕਹਾਣੀ ਵਿਚ ਕੁਝ ਇਸੇ ਕਿਸਮ ਦੀ ਥੀਮਕ ਸਾਰਥਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ । ਵਿਸ਼ੇਸ਼ ਤੌਰ ਤੇ ਇਹ ਪ੍ਰਵਾਸੀ ਮਨੁਖ ਦੀ ਸਮਸਿਆਂ ਵਜੋਂ ਪੇਸ਼ ਹੁੰਦੀ ਹੈ । ਇਉਂ ਤਰਸੇਮ ਨੀਲਗਿਰੀ ਦੇ ਕਥਾ ਜਗਤ ਵਿਚ ਸਾਨੂੰ ਓਪਰੀ ਧਰਤੀ ਅਤੇ ਉਪਰੇ ਸਭਿਆਚਾਰਕ ਮਾਹੌਲ ਵਿਚ ਜਿਉਂ ਰਹੇ ਪੰਜਾਬੀ ਪ੍ਰਵਾਸੀਆਂ ਦੀ ਸਮਸਿਆਗ੍ਰਸਤ ਜੀਵਨ-ਵਿਧੀ ਦਾ ਭਰਪੂਰ ਪ੍ਰਗਟਾਵਾ ਦ੍ਰਿਸ਼ਟੀਗੋਚਰ ਹੁੰਦਾ ਹੈ । ਉਸਦੀ ਪ੍ਰਵਾਸੀ ਚੇਤਨਾ ਉਸ ਦੇ ਸਮੁਚੇ ਗਲਪ-ਸਿਰਜਨ ਨੂੰ ਮਹਤਵਯੋਗ ਢੰਗ ਨਾਲ ਪ੍ਰਭਾਵਿਤ ਕਰਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਰਿਸ਼ਤਿਆਂ ਦੇ ਆਰ-ਪਾਰ" : ਇਕ ਅਧਿਐਨ

ਨਿਕੀ ਕਹਾਣੀ ਆਧੁਨਿਕ ਗਲਪ ਦਾ ਇਕ ਵਿਸ਼ੇਸ਼ ਰੂਪਕਾਰ ਹੈ। ਤਕਨੀਕੀ ਦ੍ਰਿਸ਼ਟੀ ਤੋਂ ਇਸ ਦਾ ਵਿਕਾਸ ਸਾਹਿਤਕ ਖੇਤਰ ਵਿਚ ਯਥਾਰਥ ਦੀ ਪ੍ਰਵਿਰਤੀ ਦੇ ਪ੍ਰਵੇਸ਼ ਨਾਲ ਸੰਬੰਧਿਤ ਮੰਨਿਆ ਜਾ ਸਕਦਾ ਹੈ। ਇਹ ਸਾਧਾਰਣ ਮਨੁੱਖ ਦੇ ਨਿਤਾ-ਪ੍ਰਤੀ ਦੇ ਜੀਵਨ ਅਨੁਭਵ ਅਤੇ ਯਥਾਰਥ ਨੂੰ ਸਿਰਜਣਾ ਦਾ ਮਾਡਲ ਬਣਾਉਂਦਾ ਹੈ। ਇਉਂ ਜੀਵਨ ਦੇ ਯਥਾਰਥ ਨੂੰ ਗਲਪੀ ਸੰਗਠਨ ਵਿਚ ਢਾਲਣਾ ਨਿੱਕੀ ਕਹਾਣੀ ਦੀ ਰਚਨਾ ਪ੍ਰਕਿ-ਰਿਆ ਦਾ ਮੂਲਧਾਰ ਹੈ। ਜੀਵਨ ਦੇ ਅਤਿਅੰਤ ਨੇੜੇ ਹੋ ਕੇ ਵਿਚਰਨ ਵਾਲਾ ਇਹ ਰੂਪਕਾਰ ਕਈ ਵਾਰ ਤਾਂ ਜੀਵਨ ਦੀ ਵਾਸਤਵਿਕਤਾ ਦਾ ਹੀ ਇਕ ਟੋਟਾ ਜਾਪਦਾ ਹੈ। ਪਰ ਇਹ ਕੇਵਲ ਜਾਪਦਾ ਹੀ ਹੈ ਹੁੰਦਾ ਨਹੀਂ। ਸੱਚ ਤਾਂ ਇਹ ਹੈ ਕਿ ਨਿਕੀ ਕਹਾਣੀ ਜਾਂ ਸਾਹਿਤ ਦਾ ਕੋਈ ਵੀ ਹੋਰ ਰੂਪਕਾਰ ਯਥਾਰਥ ਦਾ ਕੇਵਲ ਭੁਲੇਵਾਂ ਹੀ ਸਿਰਜਦਾ ਹੈ। ਯਥਾਰਥ ਨੂੰ ਵਾਸਤਵਿਕ ਰੂਪ ਵਿਚ ਹਾਜ਼ਰ ਨਹੀਂ ਕਰਦਾ। ਗਲਪ ਦੀ ਸਿਰਜਣ ਪ੍ਰਕਿਰਿਆ ਥਾਣੀਂ ਲੰਘ ਕੇ ਯਥਾਰਥ ਦੀ ਵਾਸਤਵਿਕਤਾ ਨਵੇਂ ਅਰਥ ਅਤੇ ਨਵੀਂ ਸਾਰਥਕਤਾ ਗ੍ਰਹਿਣ ਕਰਦੀ ਹੈ ਜਿਸ ਦਾ ਸੰਬੰਧ ਰਚਨਾਕਾਰ ਦੀ ਚੇਤਨਾ ਤੇ ਸੰਵੇਦਨਾ ਨਾਲ ਹੁੰਦਾ ਹੈ। ਅੰਤਿਮ ਤੌਰ ਤੇ ਯਥਾਰਥ ਨਾਲ ਡੂੰਘੀ ਤਰ੍ਹਾਂ ਸੰਬੰਧਿਤ ਹੁੰਦੀ ਹੋਈ ਵੀ ਗਲਪੀ ਰਚਨਾ ਯਥਾਰਥ ਦਾ ਚ੍ਰਿਤਰਣ ਮਾਤ੍ਰ ਨਹੀਂ ਸਮਝੀ ਜਾ ਸਕਦੀ ਸਗੋਂ ਇਸ ਨੂੰ ਯਥਾਰਥ ਬਾਰੇ ਕੀਤੀ ਗਈ ਟਿੱਪਣੀ ਜਾਂ ਅਲੋਚਨਾ ਆਖਣਾ ਵਧੇਰੇ ਉਚਿਤ ਹੋਵੇਗਾ।

ਯਥਾਰਥ ਅਤੇ ਗਲਪ ਦੇ ਪ੍ਰਸਪਰ ਸੰਬੰਧਾਂ ਬਾਰੇ ਕੀਤੀ ਗਈ ਉਪਰੋਕਤ ਚਰਚਾ ਦੀ ਰੋਸ਼ਨੀ ਵਿਚ ਅਸੀਂ ਦਲਬੀਰ ਚੇਤਨ ਦੇ ਕਹਾਣੀ ਸੰਗ੍ਰਹਿ "ਰਿਸ਼ਤਿਆਂ ਦੇ ਆਰ ਪਾਰ" ਦਾ ਅਧਿਐਨ-ਵਿਸ਼ਲੇਸ਼ਣ ਕਰਾਂਗੇ। ਸਾਡੇ ਧਿਆਨ ਯੋਗ ਮੂਲ ਨੁਕਤਾ ਇਹ ਹੈ ਕਿ ਇਹਨਾਂ ਕਹਾਣੀਆਂ ਵਿਚ ਪੇਸ਼ ਹੋਇਆ ਗਲਪੀ ਜਗਤ ਯਥਾਰਥ ਦੇ ਕਿਸ ਕਿਸਮ ਦੇ ਪ੍ਰਸੰਗਾਂ ਨੂੰ ਨਾਲ ਲੈ ਕੇ ਤੁਰਦਾ ਹੈ ਅਤੇ ਇਹਨਾਂ ਕਹਾਣੀਆਂ ਦਾ ਸਿਰਜਿਤ ਸੰਸਾਰ ਯਥਾਰਥ ਦੀ ਕਿਸ ਕਿਸਮ ਦੀ ਸਾਰਥਕਤਾ ਦਾ ਬਿੰਬ ਉਸਰਦਾ ਹੈ। ਇਸ ਤੋਂ ਇਲਾਵਾ ਇਹਨਾਂ ਕਹਾਣੀਆਂ ਦੀ ਰਚਨਾ ਪ੍ਰਕਿਰਿਆ ਅਤੇ ਉਸ ਵਿਚ ਵਰਤੀਆਂ ਗਲਪੀ ਜੁਗਤਾਂ ਦਾ ਅਧਿਐਨ ਕਰਨਾ ਵੀ ਸਾਡਾ ਮਨੋਰਥ ਹੈ।

CC-0. In Public Domain. Gurukul Kangri Collection, Haridwar

ਇਸ ਸੰਗ੍ਰਿਹ ਦੀਆਂ ਵਧੇਰੇ ਕਹਾਣੀਆਂ ਪੰਜਾਬ ਦੇ ਸਮਕਾਲੀ ਯਥਾਰਥ ਦੀ ਧਰਤੀ ਉਪਰ ਖਲਤੀਆਂ ਹਨ । ਵਿਸ਼ੇਸ਼ ਤੌਰ ਤੇ ਇਹਨਾਂ ਵਿਚ ਪੰਜਾਬ ਦੇ ਪੇਂਡੂ ਜੀਵਨ ਦਾ ਸਾਮਾਜਿਕ ਅਤੇ ਸਭਿਆਚਾਰਕ ਮਾਹੌਲ ਦ੍ਰਿਸ਼ਟੀ ਗੋਚਰ ਹੁੰਦਾ ਹੈ । ਰਚਨਾਕਾਰ ਨੇ ਸਮਕਾਲੀ ਜੀਵਨ ਦੇ ਯਥਾਰਥ ਵਿਚ ਵਿਚਰਨ ਵਾਲੇ ਵੱਖ-ਵੱਖ ਵਰਗਾਂ ਦੇ ਸਾਧਾਰਨ ਮਨੁਖਾਂ ਨੂੰ ਪਾਤਰ ਬਣਾਇਆ ਹੈ । ਇਹਨਾਂ ਪਾਤਰਾਂ ਦੀ ਭਾਵਕ ਅਤੇ ਮਾਨਸਿਕ ਅਵਸਥਾ ਦਾ ਚਿਤ੍ਰਣ ਇਹਨਾਂ ਕਹਾਣੀਆਂ ਦੇ ਥੀਮਕ-ਪ੍ਰਬੰਧ ਦਾ ਮੂਲਧਾਰ ਹੈ । ਬਹੁਤੀ ਵਾਰ ਇਹ ਪਾਤਰ ਸਮਾਜ-ਪ੍ਰਵਾਨ ਰਿਸ਼ਤਿਆਂ ਦੇ ਆਰ ਪਾਰ ਫੈਲੀਆਂ ਹੋਈਆਂ ਭਾਵੁਕ ਸਨੇਹ ਦੀਆਂ ਤੰਦਾਂ ਵਿਚ ਬੱਝੇ ਹੋਏ ਦਿਖਾਈ ਦੇਂਦੇ ਹਨ । ਇਹ ਮਨੁੱਖ ਨੂੰ ਮਨੁੱਖ ਰੂਪ ਵਿਚ ਪਛਾਨਣ ਅਤੇ ਸਵੀਕਾਰਨ ਦੀ ਸਥਿਤੀ ਹੈ ਜੋ ਸਮਾਜ ਦੇ ਬਣਾਏ ਹੋਏ ਮਸਨੂਹੀ ਰਿਸ਼ਤਿਆਂ ਦੀ ਸੀਮਾ ਤੋਂ ਸੁਤੰਤਰ ਹੈ । ਦਲਬੀਰ ਚੇਤਨ ਦੀਆਂ ਕਹਾਣੀਆਂ ਅਸਲ ਵਿਚ ਅਜੇਹੇ ਹੀ ਪਰਾ ਸਾਮਾਜਿਕ ਮਨੁੱਖੀ ਸਨੇਹ ਦੀ ਤਲਾਸ਼ ਵਿਚ ਹਨ ਜਿਸ ਦੇ ਅੰਤਰਗਤ ਮਨੁਖ ਆਪਣੀ ਮੂਲ ਮਾਨਵਤਾ ਨਾਲ ਜਾ ਜੁੜਦਾ ਹੈ । ਅਤੇ ਆਪਣੇ ਪਰਾਏ ਦੀ ਮਨਸੂਹੀ ਵੰਡ ਨੂੰ ਰੱਦ ਕਰ ਦੇਂਦਾ ਹੈ । ਇਸ ਕਹਾਣੀ ਸੰਗ੍ਰਹਿ ਵਿਚਲਾ ਪਾਤਰ ਲੰਬਰਦਾਰ ਜੋਗਿੰਦਰ ਸਿੰਘ (ਰਿਸ਼ਤਿਆਂ ਦੇ ਆਰ ਪਾਰ) ਇਸ ਥੀਮ ਦਾ ਪ੍ਰਤੀਨਿਧ ਪਾਤਰ ਮੰਨਿਆ ਜਾ ਸਕਦਾ ਹੈ । ਇਹ ਪਾਤਰ ਆਪਣੇ ਦੋਸਤ ਦੀ ਵਿਧਵਾ ਨਾਲ ਕੋਈ ਸਾਮਾਜਿਕ ਰਿਸ਼ਤਾ ਨਾ ਹੁੰਦਿਆਂ ਹੋਇਆਂ ਵੀ ਜਿਸ ਤਰ੍ਹਾਂ ਦੇ ਮਨੁਖੀ ਸਨੇਹ ਦਾ ਸਿਦਕ ਪਾਲਦਾ ਹੈ ਉਹ ਉਸ ਦੇ ਅੰਦਰ ਵਸਦੀ ਮਾਨਵਤਾ ਦਾ ਹੀ ਪ੍ਰਤੀਕ ਹੈ । ਇਸੇ ਤਰ੍ਹਾਂ ਹਿੰਦ-ਪਾਕ ਜੰਗ ਨਾਲ ਸੰਬੰਧਿਤ ਕਹਾਣੀ "ਨਿੱਕੀਆਂ-ਨਿੱਕੀਆਂ ਤੰਦਾਂ" ਵਿਚਲਾ ਪਾਤਰ ਨਿਰਮਲ ਬੰਦੀਵਾਨ ਅਵਸਥਾ ਵਿਚ ਛਟਪਟਾਉਂਦਾ ਹੋਇਆ ਵੀ ਦੁਸ਼ਮਣ ਦੇ ਸਿਪਾਹੀ ਪਹਿਰੇਦਾਰਾਂ ਦੀ ਬਾਹਰਲੀ ਦੁਸ਼ਮਣੀ ਨੂੰ ਭੁਲਾ ਕੇ ਮਨੁਖੀ ਹਮਦਰਦੀ ਦੇ ਸੰਬੰਧ ਜੋੜਦਾ ਹੈ । ਉਸ ਨੂੰ ਅਤੇ ਨੂਰ ਮੁਹੰਮਦ ਪਹਿਰੇਦਾਰ ਨੂੰ ਕੇਵਲ ਅੰਬਰਸਰੀਏ ਹੋਣ ਦੀ ਸਾਂਝ ਕਾਰਨ ਹੀ ਡੂੰਘਾ ਜਜ਼ਬਾਤੀ ਲਗਾਉ ਮਹਿਸੂਸ ਹੁੰਦਾ ਹੈ । ਇਨਸਾਨੀ ਹਮਦਰਦੀ ਦਾ ਇਹ ਰਿਸ਼ਤਾ ਸਮਾਜੀ ਰਿਸ਼ਤਿਆਂ ਦੇ ਆਰ ਪਾਰ ਵਸਦੀ ਮਾਨਵਤਾ ਦੇ ਧਰਾਤਲ ਉਤੇ ਹੀ ਪੈਦਾ ਹੋ ਸਕਦਾ ਹੈ । ਇਸੇ ਤਰ੍ਹਾਂ "ਜੀਊਂਦੀ ਸਦੀ" ਕਹਾਣੀ ਵਿਚਲਾ ਪਾਤਰ ਬਾਬਾ ਬਲਕਾਰਾ ਪੌਣੀ ਸਦੀ ਦੇ ਸੰਘਰਸ਼ਮਈ ਜੀਵਨ ਦੇ ਦੌਰਾਨ ਪ੍ਰਾਪਤ ਹੋਈ ਆਪਣੀ ਅਤੇ ਆਪਣਿਆਂ ਦੀ ਬਿਪਤਾ ਨੂੰ ਤਾਂ ਸਹਿਜੇ ਹੀ ਜਰ ਲੈਂਦਾ ਹੈ ਪਰ ਇਕ ਪਰਾਏ ਬੰਦੇ ਉਪਰ ਹੋਏ ਜ਼ੁਲਮ ਨੂੰ ਸਹਾਰ ਸਕਣਾ ਉਸਨੂੰ ਆਪਣੀ ਸਮਰਥਾ ਤੋਂ ਬਾਹਰ ਜਾਪਦਾ ਹੈ ।

'ਇਕ ਵਾਰੀ ਫਿਰ...' ਕਹਾਣੀ ਦੀ ਮੁਖ ਪਾਤਰ ਪਾਸ਼ ਜੇ ਆਪਣੇ ਪ੍ਰੇਮੀ ਦੇਵ ਦੇ ਵਿਛੋੜੇ ਦੀ ਪੀੜਾ ਵਿਚ ਤੜਫਦੀ ਹੈ ਤਾਂ ਉਸ ਉਸਨੂੰ ਦੇਵ ਦੇ ਕ੍ਰਾਂਤੀਕਾਰੀ ਸੰਘਰਸ਼ ਨਾਲ ਸੰਬੰਧਿਤ ਇਕ ਓਪਰਾ ਮਰਦ ਵੀ ਭਾਵੁਕ ਤੌਰ ਤੇ ਆਪਣਾ ਜਾਪਦਾ ਹੈ ਅਤੇ ਉਸਦੇ ਜਾਣ ਸਮੇਂ ਵੀ ਪਾਸ਼ ਨੂੰ ਦੇਵ ਨਾਲੋਂ ਵਿਛੜਨ ਵਰਗੀ ਪੀੜਾ ਦਾ ਹੀ ਅਹਿਸਾਸ ਉਪਜਦਾ ਹੈ । ਇਉਂ ਆਪਣੇ ਪਰਾਏ ਦੀ ਬਨਾਵਟੀ ਹੱਦ-ਬੰਦੀ ਦੇ ਆਰ ਪਾਰ ਵਸਣ ਵਾਲੀ ਮਨੁਖੀ ਹਮਦਰਦੀ, ਸਨੇਹ ਅਤੇ ਭਾਵੁਕਤਾ ਇਸ ਸੰਗ੍ਰਹਿ ਦੇ ਗਲਪੀ ਜਗਤ ਦਾ ਪ੍ਰਮੁਖ ਥੀਮਕ ਤੱਤ ਜਾਪਦਾ ਹੈ ।

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਸ਼ਤਿਆਂ [illegible] ਦੀ ਭਾਵਨਾ ਨੂੰ ਰਚਨਾਕਾਰ ਨੇ ਆਪਣੇ ਸਿਰਜੇ ਹੋਏ ਗਲਪੀ ਜਗਤ ਦਾ ਮੂਲ ਆਧਾਰ ਬਣਾਇਆ ਹੈ। ਇਸ ਨੂੰ ਅਸੀਂ ਉਸ ਦੀ ਚੇਤਨਾ ਅਤੇ ਸੰਵੇਦਨਾ ਦਾ ਹੀ ਸਿਰਜਨਾਤਮਕ ਸਿਧਾਂਤ ਮੰਨ ਸਕਦੇ ਹਾਂ। ਪਰ ਰਚਨਾਕਾਰ ਦਾ ਸਿਰਜਿਆ ਹੋਇਆ ਇਹ ਸੰਸਾਰ ਬੁਨਿਆਦੀ ਤੌਰ ਤੇ ਕਰੁਣਾ ਦੇ ਸੰਗਨਨ ਨੂੰ ਉਸਾਰਦਾ ਹੈ। ਇਸ ਵਿਚਲੇ ਪਾਤਰ ਸੰਘਰਸ਼ਸ਼ੀਲ ਨਾਇਕ ਹੁੰਦਿਆਂ ਹੋਇਆਂ ਵੀ ਅੰਤਿਮ ਤੌਰ ਤੇ ਕਰੁਣਾ ਜਨਕ ਪ੍ਰਤੀਤ ਹੁੰਦੇ ਹਨ। ਪਾਸ਼ ਇਕ ਕ੍ਰਾਂਤੀਕਾਰੀ ਦੀ ਪ੍ਰੇਮਿਕਾ ਹੈ ਪਰ ਉਸ ਦਾ ਮਨੋਬਲ ਲੇਖਕ ਦੇ ਬਿਰਤਾਂਤਕ ਦ੍ਰਿਸ਼ਟੀਕੋਣ ਅਨੁਸਾਰ ਅੰਤਾਂ ਦੀ ਉਦਾਸੀ ਨਾਲ ਗ੍ਰਸਿਆ ਹੋਇਆ ਹੈ। ਬਾਬਾ ਬਲਕਾਰਾ ਜਿਸ ਨੇ 'ਪੌਣੀ ਸਦੀ ਦੇ ਸੰਘਰਸ਼ਮਈ ਜੀਵਨ ਵਿਚ ਅਨੇਕਾਂ ਕਸ਼ਟ ਸਹਾਰੇ ਅੰਤ ਵਿਚ ਕਰੁਣਾ ਦੀ ਮੂਰਤ ਬਣਿਆ ਜਾਪਦਾ ਹੈ। ਇਹਨਾਂ ਅਤੇ ਇਹੋ ਜਿਹੇ ਹੋਰ ਦੂਸਰੇ ਪਾਤਰਾਂ ਨੂੰ ਥੋੜੇ ਜਿਹੇ ਯਤਨ ਨਾਲ ਤ੍ਰਾਸਦ ਚਰਿਤਰ ਦੀ ਬੁਲੰਦੀ ਪ੍ਰਦਾਨ ਕੀਤੀ ਜਾ ਸਕਦੀ ਸੀ ਪਰ ਸ਼ਾਇਦ ਇਹ ਲੇਖਕ ਦਾ ਸੁਚੇਤ ਮਨੋਰਥ ਨਹੀਂ ਸੀ। ਪਰ ਤਾਂ ਵੀ ਉਸ ਦਾ ਸਿਰਜਿਆ ਹੋਇਆ ਕਰੁਣਾ ਸੰਸਾਰ ਪਾਠਕ ਦੇ ਮਨ ਵਿਚ ਨਿਰਾਸ਼ਾ ਉਤਪੰਨ ਨਹੀਂ ਕਰਦਾ ਸਗੋਂ ਆਪਣੇ ਸਮਕਾਲੀ ਯਥਾਰਥ ਦੀ ਡੂੰਘੀ ਅਲੋਚਨਾ ਕਰਨ ਦੀ ਪ੍ਰੇਰਣਾ ਜਗਾਉਂਦਾ ਹੈ। ਉਦਾਸੀ ਨਿਰਾਸ਼ਾ ਅਤੇ ਉਪਰਾਮਤਾ ਵਿਚ ਵਿਚਰ ਰਹੇ ਪਾਤਰ ਸਾਨੂੰ ਭਾਵੁਕ ਪਧਰ ਤੇ ਹਲੂਣਾ ਦੇਂਦੇ ਹਨ ਅਤੇ ਜੀਵਨ ਦੇ ਬਿਪਤਾ ਵਿਚ ਗ੍ਰਸੇ ਹੋਏ ਵਰਗ ਪ੍ਰਤੀ ਡੂੰਘੀ ਸੰਵੇਦਨਾ ਜਗਾਉਂਦੇ ਹਨ। ਅਚੇਤ ਹੀ ਇਹਨਾਂ ਕਹਾਣੀਆਂ ਵਿਚਲਾ "ਜੋ ਹੈ" ਨੂੰ "ਜੋ ਹੋਣਾ ਚਾਹੀਦਾ ਹੈ" ਦੇ ਸਨਮੁਖ ਖੜਾ ਕਰ ਦਿੰਦਾ ਹੈ। ਯਥਾਰਥ ਦੇ ਇਨ੍ਹਾਂ ਦੋਹਾਂ ਪਹਿਲੂਆਂ ਦਾ ਪਰਸਪਰ ਤਣਾਉ ਇਸ ਵਿਚੋਂ ਖਾਮੋਸ਼ੀ ਦੀ ਧੁਨ ਬਣ ਦੇ ਉਠਦਾ ਪ੍ਰਤੀਤ ਹੁੰਦਾ ਹੈ ਜਿਸ ਨਾਲ ਯਥਾਰਥ ਨੂੰ ਗ੍ਰਹਿਣ ਕਰਨ ਦੀ ਇਕ ਨਵੇਕਲੀ ਸੂਝ ਉਤਪਨ ਹੁੰਦੀ ਹੈ।

ਇਹੀ ਕਾਰਣ ਹੈ ਕਿ ਇਨ੍ਹਾਂ ਕਹਾਣੀਆਂ ਵਿਚਲਾ ਗਲਪੀ ਜਗਤ ਪ੍ਰਧਾਨ ਰੂਪ ਵਿਚ ਕਰੁਣਾ ਦਾ ਸੰਸਾਰ ਹੁੰਦਾ ਹੋਇਆ ਵੀ ਨਿਰੋਲ ਉਦਾਸੀ ਪੈਦਾ ਨਹੀਂ ਕਰਦਾ ਸਗੋਂ ਨਵੀਂ ਸਾਰਥਕਤਾ ਅਤੇ ਸੂਝ ਪੈਦਾ ਕਰਨ ਵਲ ਰੁਚਿਤ ਹੁੰਦਾ ਹੈ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਆਪਣੇ ਗਲਪੀ ਸੰਗਠਨ ਦੀ ਉਸਾਰੀ ਲਈ ਦੁਹਰਾਉ, ਵਿਰੋਧ ਅਤੇ ਪਿਛਲ-ਝਾਤ ਵਰਗੀਆਂ ਗਲਪੀ ਜੁਗਤਾਂ ਦੀ ਵਰਤੋਂ ਕਰਦੀਆਂ ਹਨ। ਬਹੁਤੀਆਂ ਕਹਾਣੀਆਂ ਮੁਖ ਪਾਤਰ ਦੇ ਵਰਤਮਾਨ ਜੀਵਨ ਅਨੁਭਵ ਨੂੰ ਬੀਤ ਚੁਕੇ ਸਮੇਂ ਵਿਚ ਫੈਲੇ ਹੋਏ ਅਨੁਭਵੀ ਛਿਣਾਂ ਦੀ ਤੁਲਨਾ ਵਿਚ ਰਖ ਕੇ ਪੇਸ਼ ਕਰਦੀਆਂ ਹਨ। ਇਉਂ ਇਹਨਾਂ ਕਹਾਣੀਆਂ ਦੀ ਯਾਤਰਾ ਵਰਤਮਾਨ ਤੋਂ ਭੂਤ ਕਾਲ ਵਲ ਜਾ ਕੇ ਫਿਰ ਵਰਤਮਾਨ ਵਲ ਪਰਤਨ ਦੀ ਹੈ। ਮਿਸਾਲ ਵਜੋਂ ਬਾਬਾ ਬਲਕਾਰਾ ਅਤੇ ਪਾਸ਼ ਦੇ ਪਾਤਰ-ਵਰਤਮਾਨ ਜਿੰਦਗੀ ਦੇ ਛਿਣ ਵਿਚ ਵਿਚਰਦੇ ਹੋਏ ਆਪਣੇ ਅਤੀਤ ਦੀਆਂ ਘਟਨਾਵਾਂ ਦੀ ਸਿਮਰਤੀ ਵਿਚੋਂ ਗੁਜ਼ਰਦੇ ਹਨ। ਪਾਸ਼ ਦੀ ਜ਼ਿੰਦਗੀ ਵਿਚ ਨਵੇਂ ਉਪਰੇ ਬੰਦੇ ਦਾ ਆਉਣਾ ਦੇਵ ਦੇ ਪ੍ਰਥਮ ਮਿਲਨ ਦੀ ਘਟਨਾ ਵਰਗਾ ਹੀ ਦੁਹਰਾਉ ਬਣ ਜਾਂਦਾ ਹੈ। ਇਸੇ ਤਰ੍ਹਾਂ ਹੋਰਨਾਂ ਕਹਾਣੀਆਂ ਵਿਚ ਇਹਨਾਂ ਗਲਪੀ ਜੁਗਤਾਂ ਨੂੰ ਕਾਰਜਸ਼ੀਲ ਵੇਖਿਆ ਜਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁਚ ਤੌਰ ਤੇ ਦਲਬੀਰ ਚੇਤਨਾ ਦਾ ਇਹ ਕਹਾਣੀ ਸੰਗ੍ਰਹਿ ਸਮਕਾਲੀ ਪੰਜਾਬ ਦੇ ਸਾਮਾਜਿਕ ਅਤੇ ਸਭਿਆਚਾਰਕ ਯਥਾਰਥ ਦਾ ਗਲਪੀ ਬਿੰਬ ਪ੍ਰਸਤੁਤ ਕਰਦਾ ਹੈ। ਇਹ ਮਨੁਖੀ ਰਿਸ਼ਤਿਆਂ ਦੇ ਆਰ ਪਾਰ ਵਸਣ ਵਾਲੀ ਸਹਿਜ ਮਾਨਵਤਾ ਨੂੰ ਜ਼ੁਬਾਨ ਦੇਂਦਾ ਹੈ ਅਤੇ ਕੋਮਲ ਭਾਵੀ ਮਨੁਖ-ਪਾਤਰਾਂ ਦੇ ਮਾਧਿਅਮ ਰਾਹੀਂ ਹਮਦਰਦੀ ਅਤੇ ਸਨੇਹ ਦੇ ਅਰਥਾਂ ਵਿਚ ਯਥਾਰਥ ਨੂੰ ਨਵੇਂ ਸਿਰਿਉਂ ਪਰਿਭਾਸ਼ਿਤ ਕਰਨ ਦੀ ਚੇਸ਼ਟਾ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਅਲੀ ਬਾਬਾ ਤੇ ਪਾਗਲ ਹਵਾ' (ਕਹਾਣੀ-ਸੰਗ੍ਰਹਿ) : ਇਕ ਅਧਿਐਨ

ਸਮਕਾਲੀ ਪੰਜਾਬੀ ਗਲਪਕਾਰਾਂ ਦੇ ਖੇਤਰ ਵਿਚ ਜਸਬੀਰ ਭੁੱਲਰ ਵਿਲੱਖਣ ਮੁਹਾਂਦਰੇ ਵਾਲੀ ਰਚਨਾ ਕਰਨ ਵਾਲੇ ਲੇਖਕ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਹੁਣ ਤਕ ਉਸਦੇ ਚਾਰ ਨਾਵਲ (ਜ਼ਰੀਨਾ, ਚਾਬੀ ਵਾਲੇ ਖਿਡਾਉਣੇ, ਨੋ ਮੈਨਜ਼ ਲੈਂਡ ਅਤੇ ਵਾਵਰੋਲਾ) ਅਤੇ ਚਾਰ ਕਹਾਣੀ-ਸੰਗ੍ਰਹਿ (ਕੋਰਾ ਕਾਗਜ਼, ਸੁਕੀ ਨਦੀ ਦੇ ਤੈਰਾਕ, ਪੌਦਿਆਂ ਵਾਂਗ ਉਗੇ ਜਿਸਮ ਅਤੇ ਪਨਾਹਗੀਰ) ਪ੍ਰਕਾਸ਼ਿਤ ਹੋ ਚੁਕੇ ਹਨ। 'ਅਲੀਬਾਬਾ ਤੇ ਪਾਗਲ ਹਵਾ' ਉਸਦਾ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ-ਸੰਗ੍ਰਹਿ ਵਿਚ ਸ਼ਾਮਿਲ ਵਧੇਰੇ ਕਹਾਣੀਆਂ ਉਸਦੀ ਨਿਵੇਕਲੀ ਗਲਪ-ਸ਼ੈਲੀ ਦਾ ਹੀ ਪ੍ਰਮਾਣ ਪੇਸ਼ ਕਰਦੀਆਂ ਹਨ। ਜਸਬੀਰ ਭੁਲੱਰ ਦੀ ਇਸ ਨਿਵੇਕਲੀ ਗਲਪ ਸ਼ੈਲੀ ਦਾ ਪ੍ਰਮੁਖ ਲੱਛਣ ਇਸਦੀ ਪ੍ਰਗੀਤਾਤਮਕਤਾ ਹੈ। ਗਲਪ ਅਤੇ ਪ੍ਰਗੀਤ ਬੁਨਿਆਦੀ ਤੌਰ ਤੇ ਵਖੋ-ਵਖਰੇ ਸਰੂਪ ਅਤੇ ਸੁਭਾ ਰਖਣ ਵਾਲੇ ਸਾਹਿਤਕ ਰੂਪਕਾਰ ਹਨ। ਇਹਨਾਂ ਦਾ ਸਿਰਜ-ਨਾਤਮਕ ਪ੍ਰਬੰਧ ਇਕ ਦੂਸਰੇ ਨਾਲੋਂ ਮੌਲਿਕ ਤੌਰ ਤੇ ਭਿੰਨ ਹੈ। ਜੇ ਗਲਪ ਰਚਨਾ ਸਮੇਂ ਸਥਾਨ ਵਿਚ ਫੈਲਣ ਵਾਲੇ ਗਤੀਸ਼ੀਲ ਮਨੁੱਖੀ ਅਨੁਭਵ ਨੂੰ ਕਥਾ ਦੇ ਪ੍ਰਬੰਧ ਵਿਚ ਢਾਲਣ ਵਲ ਰੁਚਿਤ ਹੁੰਦੀ ਹੈ ਤਾਂ ਪ੍ਰਗੀਤਕ ਰਚਨਾ ਵਿਚ ਕਿਸੇ ਅਨੁਭਵੀ ਛਿਣ ਨੂੰ ਸਥਿਤੀ-ਸ਼ੀਲ ਸੰਦਰਭ ਵਿਚ ਰਖ ਕੇ ਪੇਸ਼ ਕਰਨ ਦਾ ਉਪਰਾਲਾ ਹੁੰਦਾ ਹੈ। ਪੁਰਾਤਨ ਯੂਨਾਨੀ ਸਾਹਿਤ-ਚਿੰਤਨ ਵਿਚ ਪ੍ਰਗੀਤ ਅਤੇ ਬਿਰਤਾਂਤ ਦਾ ਨਿਖੇੜਾ ਇਹਨਾਂ ਦੇ ਭਾਸ਼ਾਈ ਪ੍ਰਵਚਨ ਦੀ ਵਿਧੀ ਨੂੰ ਮੁਖ ਰਖ ਕੇ ਕੀਤਾ ਗਿਆ ਹੈ ਜੋ ਅੱਜ ਵੀ ਓਨਾ ਹੀ ਸਾਰਥਕ ਪ੍ਰਤੀਤ ਹੁੰਦਾ ਹੈ। ਇਸ ਦੇ ਅਨੁਸਾਰ ਪ੍ਰਗੀਤ ਵਿਚ ਵਕਤਾ ਆਪਣੀ ਗੱਲ ਕਹਿਣ ਦਾ ਜਤਨ ਕਰਦਾ ਹੈ ਜਦੋਂ ਕਿ ਗਲਪ ਵਿਚਲਾ ਵਕਤਾ ਕਿਸੇ ਹੋਰ ਦੀ ਗੱਲ ਕਰਦਾ ਹੈ।

ਇਹਨਾਂ ਦੋਹਾਂ ਸਾਹਿਤਕ ਰੂਪਾਕਾਰਾਂ ਵਿਚ ਸੁਮੇਲ ਸਥਾਪਤ ਕਰਕੇ ਪ੍ਰਗੀਤਕ ਗਲਪ (Lyrical fiction) ਦਾ ਅਨੋਖਾ ਅਵਿਸ਼ਕਾਰ ਸਾਹਮਣੇ ਆਉਂਦਾ ਹੈ। ਪੱਛਮੀ ਨਾਵਲ ਦੀ ਪਰੰਪਰਾ ਵਿਚ ਪ੍ਰਗੀਤਕ ਨਾਵਲ ਦਾ ਰੂਪਾਕਾਰ ਇਸੇ ਸੁਮੇਲ ਦਾ ਲਖਾਇਕ ਹੈ। ਇਸ ਕਿਸਮ ਦੀ ਗਲਪ ਰਚਨਾ ਕਥਾ, ਕਥਾਨਕ ਅਤੇ ਪਾਤਰ ਚਿਤ੍ਰਣ ਦੀਆਂ ਰਵਾਇਤੀ ਜੁਗਤਾਂ ਨੂੰ ਅੱਖੋਂ ਪਰੋਖੇ ਕਰਕੇ ਗਲਪੀ ਵਸਤੂ ਨੂੰ ਬਿੰਬਾਵਲੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਟਰਨ ਵਿਚ ਢਾਲ ਕੇ ਪ੍ਰਸਤੁਤ ਕਰਨ ਵਲ ਰੁਚਿਤ ਹੁੰਦੀ ਹੈ। ਇਹ ਬਾਹਰਮੁਖੀ ਘਟਨਾ ਵਿਸਤਾਰ ਦੀ ਥਾਵੇਂ ਕਿਸੇ ਪਾਤਰ ਦੀ ਵੇਦਨਾ-ਸੰਵੇਦਨਾ ਨੂੰ ਮੂਰਤੀਮਾਨ ਕਰਦੀ ਹੈ। ਪੰਜਾਬੀ ਨਾਵਲ ਅਤੇ ਕਹਾਣੀ ਦੇ ਪ੍ਰਸੰਗ ਵਿਚ ਇਸ ਕਿਸਮ ਦੀ ਗਲਪੀ-ਵਿਧੀ ਦਾ ਇਸਤੇਮਾਲ ਬਹੁਤ ਘੱਟ ਹੋਇਆ ਹੈ। ਆਮ ਤੌਰ ਤੇ ਕਿਸੇ ਗਲਪਕਾਰ ਦੀ ਰਚਨਾ ਵਿਚ ਪੇਸ਼ ਹੋਏ ਇਹੋ ਜਿਹੇ ਸਰੋਦੀ ਅੰਸ਼ ਨੂੰ ਕਈ ਵਾਰ ਨਿੰਦਿਆ ਵੀ ਜਾਂਦਾ ਹੈ। ਇਸ ਨੂੰ ਗਲਪ ਦੀ ਪ੍ਰਮਾਣਿਕ ਵਿਧੀ ਦਾ ਵਿਰੋਧ ਮੰਨ ਕੇ ਰੱਦ ਵੀ ਕੀਤਾ ਗਿਆ ਹੈ। ਪਰ ਅਜੋਕੇ ਸਾਹਿਤ-ਚਿੰਤਕਾਂ ਨੇ ਇਸ ਕਿਸਮ ਦੀ ਪ੍ਰਗੀਤਕ ਗਲਪ ਰਚਨਾ ਦਾ ਉੱਚਿਤ ਢੰਗ ਨਾਲ ਮੁਲਾਂਕਣ ਕਰਨ ਦਾ ਜਤਨ ਕੀਤਾ ਹੈ ਅਤੇ ਇਸ ਨੂੰ ਯਥਾਰਥਵਾਦੀ ਗਲਪ ਰਚਨਾ ਵਿਚ ਆਈ ਖੜੋਤ ਨੂੰ ਦੂਰ ਕਰਨ ਵਾਲੀ ਨਵੀਨ ਪ੍ਰਯੋਗਸ਼ੀਲ ਲਹਿਰ ਦੇ ਅੰਤਰਗਤ ਰਖਣ ਦਾ ਸੁਝਾਉ ਪੇਸ਼ ਕੀਤਾ ਹੈ। ਜਸਬੀਰ ਭੁੱਲਰ ਦੀ ਗਲਪ-ਸ਼ੈਲੀ ਅਚੇਤ ਹੀ ਇਸ ਰਚਨਾ-ਵਿਧੀ ਨਾਲ ਆਪਣਾ ਗਲਪੀ ਸਰੋਕਾਰ ਜੋੜਨ ਦਾ ਉਪਰਾਲਾ ਕਰਦੀ ਹੈ। ਇਹੀ ਗੱਲ ਉਸ ਦੀ ਸਿਰਜਣਾਤਮਕ ਵਿਲੱਖਣਤਾ ਦਾ ਮੂਲ ਆਧਾਰ ਹੋ ਨਿਬੜਦੀ ਹੈ। ਉਹ ਆਪਣੇ ਕਥਾ ਜਗਤ ਵਿਚ ਪ੍ਰਗੀਤਕ ਰਚਨਾ ਦੀਆਂ ਪ੍ਰਮਾਣਿਕ ਜੁਗਤਾਂ ਅਤੇ ਰੂੜ੍ਹੀਆਂ ਨੂੰ ਆਪ ਮੁਹਾਰੇ ਤੌਰ ਤੇ ਵਰਤਦਾ ਹੋਇਆ ਸੰਵੇਦਨਾ ਦਾ ਇਕ ਸਮੂਰਤ ਸੰਸਾਰ ਰਚ ਦਿੰਦਾ ਹੈ। ਜੋ ਪਾਠਕ ਦੀ ਚੇਤਨਾ ਨੂੰ ਟੁੰਬਣ ਦੇ ਸਮਰਥ ਹੁੰਦਾ ਹੈ। ਮਿਸਾਲ ਵਜੋਂ ਇਸ ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਮਰਨ ਮਿੱਟੀ' ਦੇਖੀ ਜਾ ਸਕਦੀ ਹੈ। ਇਹ ਕਹਾਣੀ ਜੰਗ ਦੀ ਭਿਆਨਕਤਾ ਵਿਚ ਘਿਰੇ ਹੋਏ ਇਕ ਫ਼ੌਜੀ ਦੀ ਮਨੋਸਥਿਤੀ ਦਾ ਬਿੰਬ ਪ੍ਰਸਤੁਤ ਕਰਦੀ ਹੈ। ਕਹਾਣੀ ਦੇ ਆਰੰਭ ਵਿਚ ਦੁਸ਼ਮਣ ਨੂੰ ਬਾਰੂਦੀ ਸੁਰੰਗਾਂ ਦੀ ਅੱਟੀ ਹੋਈ ਢਲਾਣ ਅਤੇ ਪਹਾੜ ਦੀ ਤੰਗ ਪਗਡੰਡੀ ਉਤੇ ਹਾਦਸਿਆਂ ਦੀ ਸੰਭਾਵਨਾ ਵਿਚ ਘਿਰੇ ਹੋਏ ਦਰਸਾਇਆ ਗਿਆ ਹੈ। ਕਹਾਣੀ ਦਾ ਮਾਹੌਲ ਇਸੇ ਮੁਖ ਪਾਤਰ ਦੀ ਦਹਿਸ਼ਤਜ਼ਦਾ ਮਾਨਸਿਕਤਾ ਦੇ ਰੰਗ ਵਿਚ ਰੰਗਿਆ ਹੋਇਆ ਹੈ। ਕਹਾਣੀ ਦੇ ਵਾਕ ਵਿਨਿਆਸ ਵਿਚ ਅੱਤ ਦਰਜੇ ਦਾ ਸੰਜਮ ਅਤੇ ਕਾਵਿਕ ਪ੍ਰਭਾਵ ਪਾਠਕ ਨੂੰ ਕੀਲ ਲੈਂਦਾ ਹੈ—

"ਅਸੀਂ ਅਵੇਸਲੇ ਨਹੀਂ ਸਾਂ, ਪਰ ਵੇਲੇ ਦੀ ਭਿਆਨਕਤਾ ਵਿਚ ਤੁਰ ਰਹੇ ਸਾਂ।

ਭਿਆਨਕਤਾ ਨਾ ਮੀਂਹ ਦੀ ਸੀ, ਨਾ ਕਾਲੀ ਬੋਲੀ ਰਾਤ ਦੀ ਤੇ ਨਾ ਉਸ਼ ਜੰਗਲ ਦੀ ਜੀਹਦੀਆਂ ਝਾੜੀਆਂ ਵਿਚ ਜਾਨਵਰਾਂ ਦੇ ਕੀਰਨੇ ਕੁੰਗੜੇ ਹੋਏ ਸਨ। ਭਿਆਨਕਤਾ ਉਸ ਜੰਗ ਦੀ ਸੀ ਜਿਹੜੀ ਮੀਂਹ ਵਿਚ ਵੀ ਲਟ-ਲਟ ਬਲ ਰਹੀ ਸੀ। ਭਿਆਨਕਤਾ ਉਸ ਚੁਪ ਦੀ ਸੀ ਜਿਹੜੀ ਛਾਤੀ ਦੇ ਹਨੇਰੇ ਵਿਚ ਸਲਤਨਤ ਸਿਰਜ ਕੇ ਬੈਠ ਗਈ ਸੀ।"

ਇਹਨਾਂ ਪੰਗਤੀਆਂ ਵਿਚ ਬਾਹਰਮੁਖੀ ਕਾਇਨਾਤ ਦੀ ਸ਼ੋਰੀਲੀ ਭਿਆਨਕਤਾ ਨੂੰ ਅੰਦਰਲੀ ਚੁਪ ਦੀ ਭਿਆਨਕਤਾ ਦੇ ਸਮਵਿਥ ਰਖ ਕੇ ਬਿੰਬਾਵਲੀ ਦਾ ਪੈਟਰਨ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦੇ ਰਾਹੀਂ ਸੈਨਿਕ ਦੀ ਮਨੋਸਥਿਤੀ ਦਾ ਅੰਦਰਲਾ ਦ੍ਰਿਸ਼ ਸਾਕਾਰ ਹੋ ਉਠਦਾ ਹੈ। ਇਹੀ ਪ੍ਰਗੀਤਕ ਗਲਪ ਦੀ ਪ੍ਰਮਾਣਿਕ ਵਿਧੀ ਹੈ। ਸਮੁੱਚੀ ਕਹਾਣੀ ਇਸ ਸੈਨਿਕ ਦੀ ਮਾਨਸਿਕਤਾ ਦੇ ਅੰਦਰਲੇ ਵਿਸਤਾਰ ਵਿਚ ਫੈਲਦੀ ਤੁਰੀ ਜਾਂਦੀ ਹੈ। ਸਮੇਂ ਦੀ ਭਿਆਨਤਾ ਦੇ ਮਾਰੂ ਛਿਣਾਂ ਵਿਚ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੀ ਮਹਿਬੂਬ ਨੀਰੂ ਨਾਲ ਬਿਤਾਏ ਹੋਏ ਆਖ਼ਰੀ ਪਲਾਂ ਨੂੰ ਚਿਤਵਦਾ ਹੈ ਅਤੇ ਬੀਤੇ ਸਮੇਂ ਨੂੰ ਆਪਣੀ ਚੇਤਨਾ ਵਿਚ ਬੰਨ੍ਹ ਲੈਣਾ ਚਾਹੁੰਦਾ ਹੈ। ਇਸ ਤੋਂ ਉਪਰੰਤ ਜਦੋਂ ਉਹ ਜ਼ਖ਼ਮੀ ਹਾਲਤ ਵਿਚ ਹਸਪਤਾਲ ਵਿਚ ਪਿਆ ਅਰਧ ਚੇਤਨਾ ਦੇ ਝਰੋਖੇ ਵਿਚੋਂ ਆਪਣੀਆਂ ਬਾਂਹਵਾਂ ਚੀਰੇ ਜਾਣ ਦਾ ਦ੍ਰਿਸ਼ ਦੇਖਦਾ ਹੈ ਅਤੇ ਡਾਕਟਰ ਦੇ ਅਧਪਚਧੇ ਬੋਲ ਨੀਮ ਬੇਹੋਸ਼ੀ ਵਿਚ ਸੁਣਦਾ ਹੈ ਤਾਂ ਕਹਾਣੀ ਦਾ ਗਲਪ-ਸੰਸਾਰ ਕਾਵਿਮਈ ਹੋ ਉਠਦਾ ਹੈ—

"ਇਹ ਹਨੇਰਾ ਫੈਲੇ ਹੋਏ ਘੁਪ ਹਨੇਰੇ ਤੋਂ ਵੱਖਰਾ ਸੀ। ਇਹ ਹਨੇਰਾ ਦਰਿਆ ਸੀ। ਮੈਂ ਗੋਤੇ ਖਾ ਰਿਹਾ ਸਾਂ। ਇਹ ਹਨੇਰਾ ਮੈਨੂੰ ਨਿਗਲ ਰਿਹਾ ਸੀ। ਮੈਂ ਦਰਿਆ ਵਿਚ ਡੁਬ ਰਿਹਾ ਸਾਂ। ਪਹਿਲੋਂ ਇਕ ਨਿੱਕੀ ਜਿਹੀ ਮੱਛੀ ਮੇਰੇ ਵਲ ਆਈ ਤੇ ਫਿਰ ਹੌਲੀ ਹੌਲੀ ਕੁਝ ਹੋਰ ਮੱਛੀਆਂ ਨੇ ਮੈਨੂੰ ਘੇਰ ਲਿਆ। ਮੈਂ ਚੀਕ ਰਿਹਾ ਸਾਂ, ਪਰ ਮੇਰੀ ਆਵਾਜ਼ ਸੰਘ ਵਿਚ ਹੀ ਘੁਟੀ ਹੋਈ ਸੀ। ਮੱਛੀਆਂ ਪਲ ਪਲ ਵਧਦੀਆਂ ਹੀ ਜਾ ਰਹੀਆਂ ਸਨ। ਉਹ ਮੈਨੂੰ ਹੌਲੀ ਹੌਲੀ ਕੁਤਰ ਰਹੀਆਂ ਸਨ। ਉਹਨਾਂ ਦੇ ਦੰਦ ਆਰੀਆਂ ਵਰਗੇ ਸਨ। ਆਰੀਆਂ ਨਾਲ ਮੇਰੇ ਅੰਗ ਕੱਟੇ ਜਾ ਰਹੇ ਸਨ।"

ਇਥੇ ਬਾਹਰਮੁਖੀ ਘਟਨਾ ਆਰੀ ਨਾਲ ਬਾਂਹਵਾਂ ਦੇ ਕੱਟੇ ਜਾਣ ਦੀ ਹੈ, ਪਰ ਇਸ ਘਟਨਾ ਦਾ ਬਾਹਰਮੁਖੀ ਵੇਰਵਾ ਅੰਤਰਮੁਖੀ ਵੇਦਨਾ ਬਣ ਕੇ ਪਾਤਰ ਦੀ ਮਨੋ ਅਵਸਥਾ ਦੇ ਪ੍ਰਤਿਕਰਮ ਦਾ ਰੂਪ ਧਾਰ ਗਿਆ ਹੈ। ਇਸੇ ਕਿਸਮ ਦੀ ਗਲਪ-ਵਿਧੀ ਕਹਾਣੀ ਦੇ ਸਮੁਚੇ ਸੰਗਠਨ ਵਿਚ ਕਾਰਜਸ਼ੀਲ ਨਜ਼ਰ ਆਉਂਦੀ ਹੈ ਅਤੇ ਸਾਡੀ ਪ੍ਰਗੀਤਕ ਗਲਪ ਬਾਰੇ ਪੇਸ਼ ਕੀਤੀ ਗਈ ਧਾਰਣਾ ਨੂੰ ਸਚਿਆਉਂਦੀ ਹੈ।

ਪ੍ਰਗੀਤਕ ਗਲਪ ਦੀ ਇਸ ਵਿਧੀ ਦਾ ਹੀ ਚਮਤਕਾਰ ਹੈ ਕਿ ਜਸਬੀਰ ਭੁੱਲਰ ਦੇ ਕਥਾ-ਜਗਤ ਵਿਚ ਅਹਿਸਾਸ ਅਤੇ ਸੰਵੇਦਨਾ ਦਾ ਸੰਘਣਾ ਮਾਹੌਲ ਬਿੰਬਾਵਲੀ ਦਾ ਰੂਪ ਧਾਰ ਕੇ ਯਥਾਰਥ ਦੀਆਂ ਅੰਦਰਲੀਆਂ ਤੈਹਾਂ ਵਿਚ ਝਾਕਣ ਦੀ ਚੇਸ਼ਟਾ ਕਰਦਾ ਹੈ। ਇਹ ਗਲਪ ਵਿਧੀ ਰਚਨਾ ਯਥਾਰਥ ਦੇ ਬਾਹਰਮੁਖੀ ਘਟਨਾਕ੍ਰਮ ਨੂੰ ਪੇਸ਼ ਕਰਨ ਦੇ ਨਾਲ ਨਾਲ ਪਾਤਰਾਂ ਦੀ ਮਾਨਸਿਕਤਾ ਦੇ ਅੰਦਰੂਨੀ ਦ੍ਰਿਸ਼ ਨੂੰ ਵੀ ਫੋਕਸ ਵਿਚ ਲੈ ਆਉਂਦੀ ਹੈ ਜਿਸ ਨਾਲ ਅਸੀਂ ਇਕ ਸਥਿਤੀ ਦੇ ਹੀ ਨਹੀਂ ਇਕ ਵਿਸ਼ੇਸ਼ ਕਿਸਮ ਦੀ ਮਨੋਸਥਿਤੀ ਦੇ ਵੀ ਸਨਮੁਖ ਹੋ ਜਾਂਦੇ ਹਾਂ।

ਇਸੇ ਹੀ ਵਿਧੀ ਨੂੰ ਪ੍ਰਮਾਣਿਤ ਕਰਨ ਵਾਲੀਆਂ ਇਸ ਕਹਾਣੀਆਂ ਸੰਗ੍ਰਹਿ ਦੀਆਂ ਕੁਝ ਹੋਰ ਮਹੱਤਵਪੂਰਣ ਰਚਨਾਵਾਂ ਹਨ—'ਅਲੀ ਬਾਬਾ ਤੇ ਪਾਗਲ ਹਵਾ', 'ਜਵਾਬੀ ਹਮਲਾ' ਅਤੇ 'ਬੁਢੀ ਲੂੰਬੜੀ ਤੇ ਜੰਗਲੀ ਘੋੜੇ'। ਇਹਨਾਂ ਕਹਾਣੀਆਂ ਵਿਚ ਵੀ ਲੇਖਕ ਨੇ ਗਲਪੀ ਸੰਸਾਰ ਦਾ ਸੰਗਠਨ ਕਾਵਿਕ ਸੰਵੇਦਨਾ ਦੇ ਮਾਧਿਅਮ ਰਾਹੀਂ ਉਸਾਰਨ ਦੀ ਚੇਸ਼ਟਾ ਕੀਤੀ ਹੈ।

ਜਸਬੀਰ ਭੁੱਲਰ ਦੀ ਗਲਪ-ਸ਼ੈਲੀ ਦੇ ਇਸ ਨਵੇਕਲੇ ਪ੍ਰਯੋਗਸ਼ੀਲ ਸੁਭਾਅ ਦਾ ਲੇਖਾ ਜੋਖਾ ਕਰਨ ਤੋਂ ਉਪਰੰਤ ਅਸੀਂ ਇਸ ਕਹਾਣੀ ਸੰਗ੍ਰਹਿ ਦੀ ਸਮੁਚੀ ਗਲਪੀ ਸਾਰਥਕਤਾ ਦੇ ਮੁਲਾਂਕਣ ਵਲ ਪਰਤਦੇ ਹਾਂ। ਗਲਪ-ਰਚਨਾ ਮੂਲ ਰੂਪ ਵਿਚ ਯਥਾਰਥ ਦੇ ਪ੍ਰਤੱਖਣ ਅਤੇ ਪ੍ਰਗਟਾਵੇ ਨਾਲ ਸੰਬੰਧਿਤ ਹੁੰਦੀ ਹੈ। ਗਲਪਕਾਰ ਆਪਣੀ ਦ੍ਰਿਸ਼ਟੀ ਅਤੇ ਅਨੁਭਵ ਰਾਹੀਂ ਕਲਾਤਮਕ ਪ੍ਰਗਟਾਵਾ ਦੇਣ ਵਲ ਰੁਚਿਤ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਸਬੀਰ ਭੁੱਲਰ ਦੇ ਇਸ ਸਿਰਜਿਤ ਸੰਸਾਰ ਦਾ ਥੀਮਕ ਖੇਤਰ ਸਮਕਾਲੀ ਯਥਾਰਥ ਦੇ ਕਈ ਵੇਰਵਿਆਂ, ਪੱਖਾਂ ਅਤੇ ਪਹਿਲੂਆਂ ਨਾਲ ਸੰਬੰਧਿਤ ਹੈ। ਇਸ ਸੰਗ੍ਰਹਿ ਵਿਚਲੀਆਂ ਕੁਝ ਕਹਾਣੀਆਂ ਸੈਨਿਕ ਜੀਵਨ ਦੇ ਯੁੱਧ ਖੇਤਰੀ ਅਨੁਭਵ ਨਾਲ ਸੰਬੰਧਿਤ ਹੋ ਕੇ ਮਨੁੱਖੀ ਰਿਸ਼ਤਿਆਂ ਦੇ ਸੰਕਟ ਨੂੰ ਮੂਰਤੀਮਾਨ ਕਰਦੀਆਂ ਹਨ। ਜੇ 'ਮਰਨ ਮਿਟੀ' ਕਹਾਣੀ ਇਕ ਸੈਨਿਕ ਹੀ ਵਿਕਲਾਂਗ ਅਵਸਥਾ ਦੇ ਦੁਖਾਂਤ ਨੂੰ ਚਿਤਰਦੀ ਹੈ ਤਾਂ 'ਜਵਾਬੀ ਹਮਲਾ' ਕਹਾਣੀ ਜੰਗ ਦੀ ਤਰਕਹੀਣ ਤਬਾਹੀ ਦਾ ਮਾਨਸਿਕ ਚਿੱਤਰ ਪੇਸ਼ ਕਰਦੀ ਹੈ। ਦੋਹਾਂ ਹੀ ਕਹਾਣੀਆਂ ਵਿਚ ਮਨੁੱਖੀ ਵੇਦਨਾ ਦੀ ਮੂੰਹ ਬੋਲਦੀ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਦੋ ਕਹਾਣੀਆਂ 'ਅਲੀ ਬਾਬਾ ਤੇ ਪਾਗਲ ਹਵਾ' ਅਤੇ 'ਬੁੱਢੀ ਲੂੰਬੜੀ ਤੇ ਜੰਗਲੀ ਘੋੜੇ' ਸਾਡੇ ਨਿਕਟ ਸਮਕਾਲੀ ਇਤਿਹਾਸਕ ਯਥਾਰਥ ਨੂੰ ਫਰੋਲਦੀਆਂ ਹਨ। ਇਹਨਾਂ ਕਹਾਣੀਆਂ ਵਿਚ ਪੰਜਾਬ ਸੰਕਟ ਦੇ ਤ੍ਰਾਸਦ ਘਟਨਾ ਚੱਕਰ ਦਾ ਪ੍ਰਤੀਕਾਤਮਕ ਪ੍ਰਗਟਾਵਾ ਕੀਤਾ ਗਿਆ ਹੈ। ਫਿਰਕੂ ਜਨੂੰਨ ਦੀ ਪਾਗਲ ਹਵਾ ਵਿਚ ਘਿਰਿਆ 'ਅਲੀ ਬਾਬਾ' ਰਾਜਨੀਤੀ ਦੀਆਂ ਕੁਟਿਲ ਚਾਲਾਂ ਦਾ ਸ਼ਿਕਾਰ ਹੋਇਆ ਬੇਗੁਨਾਹ ਇਨਸਾਨ ਹੈ। 1984 ਦੇ ਦੰਗਿਆਂ ਦਾ ਜ਼ਾਲਮਾਨਾ ਘਟਨਾ ਚੱਕਰ ਇਥੇ ਤ੍ਰਾਸਦ ਵਿਅੰਗ ਦਾ ਰੂਪ ਧਾਰ ਕੇ ਪੇਸ਼ ਹੁੰਦਾ ਹੈ। ਹਿੰਸਕ ਕੁਹਰਾਮ ਵਿਚੋਂ ਲੰਘਦਾ ਹੋਇਆ ਅਲੀ ਬਾਬਾ ਜਦੋਂ ਆਪਣੇ ਘਰ ਦੀ ਢਹੀ ਹੋਈ ਕੰਧ ਟਪ ਕੇ ਵੇਹੜੇ ਵਿਚ ਛਾਲ ਮਾਰਦਾ ਹੈ ਤਾਂ ਉਸ ਦਾ ਪੁੱਤਰ ਪੁਛਦਾ ਹੈ—"ਬਾਬਾ, ਤੂੰ ਆ ਗਿਆ ਏਂ ?" ਅਲੀ ਬਾਬਾ ਆਇਆ ਕਿਥੇ ਸੀ ! ਉਹ ਤਾਂ ਚੂਰਾ-ਚੂਰਾ ਹੋਇਆ ਸ਼ਹਿਰ ਦੀਆਂ ਗਲੀਆਂ ਵਿਚ ਖਿਲਰਿਆ ਹੋਇਆ ਸੀ। ਉਹਦੇ ਕੰਨਾਂ ਵਿਚ ਹਜੂਮ ਦੇ ਫ਼ਤਵਿਆਂ ਦਾ ਸਿੱਕਾ ਢਲ ਰਿਹਾ ਸੀ, "ਕਾਤਲ ! ਗ਼ੱਦਾਰ ਦੇਸ਼ ਧ੍ਰੋਹੀ ! ਕਮੀਨਾ !! ਉਸ ਪਲ ਉਹ ਪਿਘਲਿਆ ਹੋਇਆ ਲਾਵਾ ਸੀ। ਉਹਨੇ ਜ਼ਮੀਨ ਤੇ ਵਿਛਣਾ ਸੀ, ਪਰ ਉਹ ਉਠ ਕੇ ਖਲੋ ਗਿਆ।"

ਇਹੀ ਅਲੀ ਬਾਬਾ ਜਦੋਂ ਆਪਣੇ ਹੀ ਘਰ ਨੂੰ ਅੱਗ ਲਾਉਂਦਾ ਹੈ ਤਾਂ ਉਸ ਦਾ ਪੁੱਤਰ ਘਬਰਾ ਕੇ ਉਸ ਦੀ ਬਾਂਹ ਫੜਦਾ ਹੋਇਆ ਆਖਦਾ ਹੈ :

"ਬਾਬਾ, ਇਹ ਤਾਂ ਆਪਣਾ ਹੀ ਘਰ ਸੀ।"

"ਉਹਨਾਂ ਵੀ ਕਿਹੜਾ ਬਿਗਾਨੇ ਘਰ ਸਾੜੇ ਨੇ ਉਹਨਾਂ ਵੀ ਤਾਂ......" ਇਉਂ ਇਹ ਕਹਾਣੀ ਸੂਖਮ ਜਿਹੀਆਂ ਛੁਹਾਂ ਰਾਹੀਂ ਫਿਰਕੂ ਜਨੂਨ ਦੇ ਤ੍ਰਾਸਦ ਵਿਅੰਗ ਨੂੰ ਉਘਾੜਨ ਦਾ ਉਪਰਾਲਾ ਕਰਦੀ ਹੈ।

'ਬੁੱਢੀ ਲੂੰਬੜੀ ਤੇ ਜੰਗਲੀ ਘੋੜੇ' ਪ੍ਰਤੀਕਾਤਮਕ ਢੰਗ ਨਾਲ ਅਤੇ ਲੋਕ-ਕਹਾਣੀ ਦੀ ਵਿਧੀ ਰਾਹੀਂ ਸਮਕਾਲੀ ਸੰਕਟ ਦੇ ਰਾਜਨੀਤਕ ਅਵਚੇਤਨ ਵਿਚ ਝਾਕਣ ਦਾ ਉਪਰਾਲਾ ਕਰਦੀ ਹੈ। ਇਸ ਕਹਾਣੀ ਵਿਚਲਾ ਪ੍ਰਤੀਕਵਾਦ ਨਿਕਟ ਇਤਿਹਾਸ ਦੀਆਂ ਘਟਨਾਵਾਂ ਨੂੰ ਹੀ ਗਲਪੀ ਪੱਧਰ ਉਤੇ ਅਜਨਬੀਕ੍ਰਿਤ ਕਰਕੇ ਪੇਸ਼ ਕਰਦਾ ਹੈ। ਕਹਾਣੀ ਦਾ ਸਮੁੱਚਾ ਗਲਪੀ ਸੰਸਾਰ ਅਨਿਉਕਤੀ (allegory) ਦੀ ਰਚਨਾਤਮਕ ਜੁਗਤ ਨੂੰ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਰਤਦਾ ਹੈ। ਇਸ ਤੋਂ ਇਲਾਵਾ ਇਸ ਵਿਚ ਲੋਕ ਕਹਾਣੀ ਦੀ ਵਿਧੀ ਵੀ ਕਾਰਜਸ਼ੀਲ ਨਜ਼ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੀ ਹੈ। ਬੋਹੜ, ਲੂੰਬੜੀ, ਉੱਲੂ, ਕਾਂ, ਘੋੜੇ, ਖਰਗੋਸ਼ ਇਥੇ ਸਮਕਾਲੀ ਰਾਜਨੀਤਕ ਅਵਚੇਤਨ ਨੂੰ ਸਾਕਾਰ ਕਰਨ ਵਾਲੇ ਪ੍ਰਤੀਕ ਹੋ ਨਿਬੜਦੇ ਹਨ। ਪਾਕਿਸਤਾਨ ਦੇ ਕਈ ਸਮਕਾਲੀ ਸਾਹਿਤਕਾਰਾਂ ਨੇ ਇਸ ਕਿਸਮ ਦੀ ਵਿਧੀ ਅਤੇ ਰਚਨਾ ਜੁਗਤ ਨੂੰ ਵਰਤਣ ਦਾ ਉਪਰਾਲਾ ਕੀਤਾ ਹੈ। ਪਰ ਉਥੋਂ ਦੀ ਤਾਨਾਸ਼ਾਹੀ ਹਕੂਮਤ ਲੇਖਕ ਨੂੰ ਸਿੱਧੀ ਗੱਲ ਕਹਿਣ ਦਾ ਖ਼ਤਰਾ ਮੁੱਲ ਲੈਣ ਦੀ ਬਜਾਇ ਅਸਿੱਧੇ ਢੰਗ ਦੀ ਪ੍ਰਤੀਕਾਤਮਕ ਜੁਗਤ ਵਰਤਣ ਲਈ ਮਜਬੂਰ ਕਰਦੀ ਹੈ। ਪਰ ਜਸਬੀਰ ਭੁੱਲਰ ਇਸ ਜੁਗਤ ਨੂੰ ਕਿਸੇ ਮਜਬੂਰੀ ਅਧੀਨ ਨਹੀਂ ਵਰਤਦਾ ਸਗੋਂ ਆਪਣੇ ਗਲਪ-ਅਨੁਭਵ ਨੂੰ ਅਜਨਬੀਕ੍ਰਿਤ ਕਰਕੇ ਵਧੇਰੇ ਸ਼ਕਤੀਸ਼ਾਲੀ ਬਣਾਉਣ ਵਲ ਰੁਚਿਤ ਹੁੰਦਾ ਹੈ। ਇਸ ਕਹਾਣੀ ਵਿਚਲਾ ਪ੍ਰਤੀਕਵਾਦ ਅਤੇ **allegory** ਇੰਨੀ ਸਪੱਸ਼ਟ ਹੈ ਕਿ ਵਾਸਤਵਿਕਤਾ ਦੀ ਨੁਹਾਰ ਹੋਰ ਵਧੇਰੇ ਨਿਖਰ ਕੇ ਸਾਹਮਣੇ ਆਉਂਦੀ ਹੈ। ਇਸ ਵਿਧੀ ਰਾਹੀਂ ਸਗੋਂ ਲੇਖਕ ਨਿਕਟ-ਸਮਕਾਲੀ ਸਥਿਤੀ ਨੂੰ ਨਿਰਪੱਖ ਹੋ ਕੇ ਲੋੜੀਂਦੀ ਕਲਾਤਮਕ ਵਿੱਥ ਸਿਰਜਣ ਵਿਚ ਸਫਲ ਹੁੰਦਾ ਹੈ। ਜਿਹੜੀ ਗੱਲ ਜਾਣੀਆਂ ਪਛਾਣੀਆਂ ਸ਼ਖ਼ਸੀਅਤਾਂ ਦੇ ਮਾਧਿਅਮ ਰਾਹੀਂ ਪੱਖਪਾਤ ਦੇ ਇਲਜ਼ਾਮ ਨੂੰ ਸੱਦਾ ਦੇ ਸਕਦੀ ਸੀ, ਉਸ ਨੂੰ ਲੇਖਕ ਨੇ ਆਪਣੀ ਪ੍ਰਤਿਭਾ ਰਾਹੀਂ ਪ੍ਰਤੀਕਾਤਮਕ ਬਣਾ ਕੇ ਪੇਸ਼ ਕੀਤਾ ਹੈ ਅਤੇ ਨਿਰਪੱਖ ਵਿਸ਼ਲੇਸ਼ਣ ਦੀ ਸੰਭਾਵਨਾ ਸਾਕਾਰ ਕਰ ਦਿਤੀ ਹੈ। ਇਹੀ ਕਾਰਣ ਹੈ ਕਿ ਪਾਠਕ ਆਪਣੇ ਨਿਕਟ ਸਮਕਾਲੀ ਯਥਾਰਥ ਦੇ ਰੂਬਰੂ ਹੋ ਕੇ ਸਥਿਤੀ ਦੀ ਵਾਸਤਵਿਕਤਾ ਫਰੋਲਣ ਲਈ ਪ੍ਰੇਰਿਆ ਜਾਂਦਾ ਹੈ। ਇਸ ਕਹਾਣੀ ਵਿਚਲੀ ਅਨੁਉਕਤੀ ਉਸ ਨੂੰ ਪੰਜਾਬ ਸੰਕਟ ਦੇ ਰਾਜਨੀਤਕ ਅਵਚੇਤਨ ਦਾ ਵਿਸ਼ਲੇਸ਼ਣ ਕਰਨ ਦਾ ਸੱਦ ਦਿੰਦੀ ਹੈ। ਕਹਾਣੀ ਦਾ ਅਜਨਬੀਕ੍ਰਿਤ ਮਾਹੌਲ ਜਾਣੇ ਪਛਾਣੇ ਦ੍ਰਿਸ਼ ਨਾਲੋਂ ਵੀ ਵਧੇਰੇ ਪਰਿਚਿਤ ਜਾਪਦਾ ਹੈ ਅਤੇ ਸਹਿਵਨ ਹੀ ਪਾਠਕ ਰਚਨਾਕਾਰ ਦੀ ਮੁਲਾਂਕਣੀ ਟਿੱਪਣੀ ਤੋਂ ਪ੍ਰਭਾਵਿਤ ਹੁੰਦਾ ਹੈ।

ਪੁਸਤਕ ਵਿਚਲੀਆਂ ਕਹਾਣੀਆਂ ਦਾ ਤੀਸਰਾ ਮਹੱਤਵਪੂਰਣ ਥੀਮਕ ਖੇਤਰ ਇਸਤਰੀ ਪੁਰਖ ਸੰਬੰਧਾਂ ਦੇ ਬਦਲਦੇ ਹੋਏ ਪ੍ਰਸੰਗ ਨੂੰ ਮੂਰਤੀਮਾਨ ਕਰਨ ਵਲ ਰੁਚਿਤ ਹੈ। ਇਸ ਸੰਦਰਭ ਵਿਚ 'ਸਫ਼ਰਨਾਮਾ' ਕਹਾਣੀ ਦੇਖੀ ਜਾ ਸਕਦੀ ਹੈ। ਇਥੇ ਲੇਖਕ ਨੇ ਕਿਸੇ ਵਿਸ਼ੇਸ਼ ਇਸਤਰੀ ਪਾਤਰ ਨੂੰ ਪ੍ਰਸਤੁਤ ਕਰਨ ਦੀ ਬਜਾਇ 'ਇਸਤਰੀ' ਨੂੰ ਮੁਖ-ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹ ਇਸਤਰੀ ਪਰੰਪਰਕ ਸਾਮਾਜਿਕ ਸੰਸਥਾਵਾਂ ਵਿਚ ਮਰਦ ਪ੍ਰਧਾਨ ਵਿਵਸਥਾ ਦੇ ਦੁਖਾਂਤ ਨੂੰ ਭੋਗਦੀ ਹੈ। ਵਰਤਮਾਨ ਸਾਮਾਜਿਕ ਸਭਿਆਚਾਰਕ ਮਾਹੌਲ ਵਿਚ ਇਸਤਰੀ ਦੀ ਹੋਂਦ-ਅਵਸਥਾ ਦੇ ਸੱਚ ਨੂੰ ਫਰੋਲਣ ਦਾ ਉਪਰਾਲਾ ਕਰਨ ਵਾਲੀ ਇਹ ਕਹਾਣੀ ਜਿਨਸੀ ਸ਼ੋਸ਼ਣ ਦੇ ਮਾਨਸਿਕ ਪਹਿਲੂ ਨੂੰ ਸਾਕਾਰ ਕਰਦੀ ਹੈ। ਇਸੇ ਤਰ੍ਹਾਂ ਹੀ ਇਸ ਸੰਗ੍ਰਹਿ ਦੀ ਇਕ ਹੋਰ ਕਹਾਣੀ 'ਚੋਰ ਗਲੀਆਂ' ਵੀ ਇਸੇ ਸਮੱਸਿਆ ਨੂੰ ਸਮਰਪਿਤ ਹੈ।

ਸਮੁੱਚੇ ਤੌਰ ਤੇ ਜਸਬੀਰ ਭੁੱਲਰ ਦਾ ਇਹ ਕਹਾਣੀ-ਸੰਗ੍ਰਹਿ ਗਲਪ-ਸਿਰਜਣਾ ਦੇ ਪ੍ਰਯੋਗਸ਼ੀਲ ਉੱਦਮ ਨੂੰ ਉਜਾਗਰ ਕਰਦਾ ਹੈ। ਹੁਣ ਤਕ ਦੀ ਪੰਜਾਬੀ ਕਹਾਣੀ ਨੇ ਯਥਾਰਥ ਨਾਲ ਚਿਤ੍ਰਣ ਅਥਵਾ ਵਿਸ਼ਲੇਸ਼ਣ ਦਾ ਨਾਤਾ ਜੋੜਨ ਦਾ ਉਪਰਾਲਾ ਕੀਤਾ ਹੈ, ਪਰ ਇਸ ਦੀ ਨੁਹਾਰ ਆਮ ਤੌਰ ਤੇ ਬਾਹਰਮੁਖੀ ਵਿਸਤਾਰ ਅਤੇ ਵਸਤੂ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਲਕ ਵੇਰਵਿਆਂ ਦੀ ਪੇਸ਼ਕਾਰੀ ਰਾਹੀਂ ਉਘੜਦੀ ਰਹੀ ਹੈ । ਕਿਧਰੇ-ਕਿਧਰੇ ਮਨੋਵਿਸ਼ਲੇਸ਼ਣ ਅਥਵਾ ਚੇਤਨਾ ਪ੍ਰਵਾਹ ਦੀ ਜੁਗਤ ਰਾਹੀਂ ਇਸ ਬਾਹਰਮੁਖਤਾ ਨੂੰ ਅੰਤਰਮੁਖਤਾ ਵਿਚ ਢਾਲਣ ਦੇ ਉਪਰਾਲੇ ਵੀ ਹੋਏ ਹਨ, ਪਰ ਪੰਜਾਬੀ ਕਹਾਣੀ ਨੂੰ ਪ੍ਰਗੀਤਕ ਸੰਵੇਦਨਾ ਨਾਲ ਜੋੜ ਕੇ ਨਵੀਂ ਕਿਸਮ ਦੀ ਗਲਪ-ਚੇਤਨਾ ਘੱਟ ਹੀ ਸਾਹਮਣੇ ਆਈ ਹੈ । ਜਸਬੀਰ ਭੁੱਲਰ ਨੇ ਇਸ ਨਵੀਂ ਗਲਪ ਵਿਧੀ ਦਾ ਅਵਿਸ਼ਕਾਰ ਕਰਕੇ ਸਮਕਾਲੀ ਕਹਾਣੀ ਦੀਆਂ ਭਵਿਖਾਰਥੀ ਸੰਭਾਵਨਾਵਾਂ ਦਾ ਰਾਹ ਖੋਲ੍ਹ ਦਿਤਾ ਹੈ । ਉਹ ਆਪਣੀ ਕਾਵਿਕ ਅਥਵਾ ਪ੍ਰਗੀਤਕ ਸੰਵੇਦਨਾ ਨੂੰ ਗਲਪ ਦੇ ਮਾਧਿਅਮ ਵਿਚ ਢਾਲਣ ਦਾ ਸਫਲ ਪ੍ਰਯੋਗ ਕਰਦਾ ਹੈ । ਪ੍ਰਗੀਤਕ ਗਲਪ ਦੀ ਇਹ ਪ੍ਰਯੋਗਸ਼ੀਲ ਵਿਧੀ ਉਸ ਦੀ ਗਲਪ ਰਚਨਾ ਦਾ ਪਛਾਣ-ਚਿੰਨ੍ਹ ਤਾਂ ਹੈ ਹੀ ਇਹ ਸਮਕਾਲੀ ਪੰਜਾਬੀ ਕਹਾਣੀ ਨੂੰ ਵੀ ਸਿਰਜਣਾ ਦਾ ਨਵਾਂ ਮਾਡਲ ਪ੍ਰਦਾਨ ਕਰਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲਦੇਵ ਸਿੰਘ ਦਾ ਕਹਾਣੀ-ਸੰਗ੍ਰਹਿ 'ਸਵੇਰੇ ਦੀ ਲੋਅ' : ਇਕ ਅਧਿਐਨ

ਸਮਕਾਲੀ ਪੰਜਾਬੀ ਗਲਪ ਦੇ ਖੇਤਰ ਵਿਚ ਬਲਦੇਵ ਸਿੰਘ ਇਕ ਨਵੇਕਲੇ ਹਸਤਾਖ਼ਰ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਹੈ। ਉਸ ਦੀ ਗਲਪੀ ਵਿਲੱਖਣਤਾ ਇਕ ਗੰਭੀਰ ਕਿਸਮ ਦੇ ਵਿਅੰਗ ਅਤੇ ਕਟਾਖਸ਼ ਨਾਲ ਭਰੇ ਹੋਏ ਕਥਾ-ਜਗਤ ਦੀ ਉਸਾਰੀ ਕਰਨ ਵਿਚੋਂ ਪ੍ਰਗਟ ਹੁੰਦੀ ਹੈ। ਬਲਦੇਵ ਸਿੰਘ ਦੇ ਹੁਣ ਤਕ ਤਿੰਨ ਨਾਵਲ (ਦੂਸਰਾ ਹੀਰੋਸ਼ਿਮਾ, ਕਲਰੀ ਧਰਤੀ ਅਤੇ ਸੂਲੀ ਟੰਗੇ ਪਹਿਰ) ਅਤੇ ਤਿੰਨ ਕਹਾਣੀ-ਸੰਗ੍ਰਹਿ (ਗਿੱਲੀਆਂ ਛਿਟੀਆਂ ਦੀ ਅੱਗ, ਚਿੜੀਆਖ਼ਾਨਾ ਅਤੇ ਹਵੇਲੀ ਛਾਵੇਂ ਖੜਾ ਰੱਬ) ਪ੍ਰਕਾਸ਼ਿਤ ਹੋ ਚੁਕੇ ਹਨ। ਇਸ ਤੋਂ ਇਲਾਵਾ ਉਸ ਦਾ ਬਹੁ-ਚਰਚਿਤ 'ਸੜਕਨਾਮਾ' ਵੀ ਪ੍ਰਕਾਸ਼ਿਤ ਹੋਇਆ ਹੈ ਜਿਸ ਦਾ ਨਾਮਕਰਣ ਲੇਖਕ ਨੇ ਕਥਾ-ਲੇਖ ਦੇ ਰੂਪ ਵਿਚ ਕੀਤਾ ਹੈ। ਗਲਪ ਸ਼ੈਲੀ ਅਤੇ ਨਿਬੰਧ-ਕਲਾ ਦੇ ਸੁਮੇਲ ਵਿਚੋਂ ਪੈਦਾ ਹੋਇਆ ਇਹ ਇਕ ਨਵਾਂ ਸਾਹਿਤਕ ਰੂਪਾਕਾਰ ਹੈ ਜੋ ਸਮਕਾਲੀ ਪੰਜਾਬੀ ਸਾਹਿਤ ਦੀ ਵਿਲੱਖਣ ਪ੍ਰਾਪਤੀ ਵਜੋਂ ਸਾਹਮਣੇ ਆਇਆ ਹੈ। 'ਸਵੇਰੇ ਦੀ ਲੋਅ ਬਲਦੇਵ ਸਿੰਘ ਦਾ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ ਹੈ ਜੋ ਉਸ ਦੀ ਗਲਪਕਾਰੀ ਦਾ ਪ੍ਰਤਿਨਿਧ ਸੰਕਲਨ ਮੰਨਿਆ ਜਾ ਸਕਦਾ ਹੈ। ਇਸ ਸੰਗ੍ਰਹਿ ਵਿਚਲੀਆਂ ਬਹੁਤੀਅ, ਕਹਾਣੀਆਂ ਪੰਜਾਬੀ ਦੇ ਪ੍ਰਸਿੱਧ ਸਾਹਿਤਕ ਰਸਾਲਿਆਂ ਵਿਚ ਸਮੇਂ-ਸਮੇਂ ਪ੍ਰਕਾਸ਼ਿਤਾ ਹੁੰਦੀਆਂ ਰਹੀਆਂ ਹਨ।

'ਸਵੇਰੇ ਦੀ ਲੋਅ' ਕਹਾਣੀ-ਸੰਗ੍ਰਹਿ ਵਿਚ ਤਕਰੀਬਨ ਡੇਢ ਦਰਜਨ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ ਜੋ ਸਮਕਾਲੀ ਸਮਾਜ-ਸਭਿਅਚਾਰ ਅਤੇ ਰਾਜਨੀਤਕ ਯਥਾਰਥ ਦਾ ਗਲਪੀ-ਬਿੰਬ ਉਸਾਰਨ ਵਲ ਰੁਚਿਤ ਹਨ। ਪੁਸਤਕ ਵਿਚਲੀਆਂ ਕਹਾਣੀਆਂ ਦਾ ਇਕ ਵਰਗ ਪੰਜਾਬ ਦੀ ਸਮਕਾਲੀ ਸੰਕਟ-ਸਥਿਤੀ ਨੂੰ ਸੰਬੋਧਿਤ ਹੈ।' ਇਸ ਵਰਗ ਦੀਆਂ ਕਹਾਣੀਆਂ ਵਿਚ 'ਰਾਤ ਦੀ ਕੁੱਖ ਵਿਚਲਾ ਸੂਰਜ', 'ਚੌਕ ਵਿਚ ਦਿਸਦਾ ਸ਼ਹਿਰ', 'ਮੋਰ ਮੱਚ ਗਏ', 'ਨਾਕਾ ਬੰਦੀ', 'ਕੀ ਪੁੱਤਰਾਂ ਦਾ ਮਾਣ' ਅਤੇ 'ਪਰਛਾਵੇਂ' ਦਾ ਨਾਮ ਲਿਆ ਜਾ ਸਕਦਾ ਹੈ। ਇਹ ਕਹਾਣੀਆਂ ਪੰਜਾਬ ਸਮੱਸਿਆ ਨਾਲ ਜੁੜੇ ਹੋਏ ਮਾਨਵੀ ਦੁਖਾਂਤ ਦੇ ਭਿੰਨ-ਭਿੰਨ ਪੱਖਾਂ ਅਤੇ ਪਹਿਲੂਆਂ ਨੂੰ ਮੂਰਤੀਮਾਨ ਕਰਨ ਦਾ ਉਪਰਾਲਾ ਕਰਦੀਆਂ ਹਨ। ਪੰਜਾਬ ਦੇ ਨਿਕਟ-ਇਤਿਹਾਸ ਵਿਚ ਵੱਖਰੀਆਂ ਅਤੇ ਨਿਰੰਤਰ ਵਾਪਰ ਰਹੀਆਂ ਮੰਦਭਾਗੀਆਂ ਤ੍ਰਾਸਦ ਘਟਨਾਵਾਂ ਦੇ ਡੂੰਘੇ ਆਰਥਕ

CC-0. In Public Domain. Gurukul Kangri Collection, Haridwar

ਰਾਜਨੀਤਕ ਅਤੇ ਸਭਿਆਚਾਰਕ ਕਾਰਣਾਂ ਦਾ ਵਿਗਿਆਨਕ ਵਿਸ਼ਲੇਸ਼ਣ ਤਾਂ ਇਸ ਦੇ
Digitized by Arya Samaj Foundation Chennai and eGangotri
ਵਿਸ਼ੇਸ਼ੱਗ ਹੀ ਕਰ ਸਕਦੇ ਹਨ, ਪਰ ਇਹਨਾਂ ਘਟਨਾਵਾਂ ਦੇ ਨਿਰੋਲ ਮਾਨਵੀ ਪੱਖ ਨੂੰ ਗਲਪ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਨ ਦਾ ਸੰਜੀਦਾ ਜਤਨ ਪੰਜਾਬੀ ਦੇ ਸਮਕਾਲੀ ਸਾਹਿਤਕਾਰਾਂ ਨੇ ਕਵਿਤਾ ਕਹਾਣੀ ਜਾਂ ਨਾਵਲ ਰਾਹੀਂ ਅਵੱਸ਼ ਕੀਤਾ ਹੈ। ਬਲਦੇਵ ਸਿੰਘ ਦੇ ਇਸ ਕਹਾਣੀ-ਸੰਗ੍ਰਹਿ ਵਿਚਲੀਆਂ ਉਪਰੋਕਤ ਕਹਾਣੀਆਂ ਵੀ ਇਸੇ ਹੀ ਪ੍ਰਸੰਗ ਵਿਚ ਵਾਚੀਆਂ ਜਾ ਸਕਦੀਆਂ ਹਨ।

'ਰਾਤ ਦੀ ਕੁੱਖ ਵਿਚਲਾ ਸੂਰਜ' ਕਹਾਣੀ ਪਿਛਲੇ ਦਹਾਕੇ ਦੇ ਰਾਜਨੀਤਕ ਘਟਨਾ ਕ੍ਰਮ ਦੀ ਵਾਸਵਿਕਤਾ ਦਾ ਭਰਵਾਂ ਵਿਸ਼ਲੇਸ਼ਣ ਪ੍ਰਸਤੁਤ ਕਰਦੀ ਹੈ। ਇਹ ਕਹਾਣੀ ਭਾਵੇਂ ਦ੍ਰਿਸ਼ਟਮਾਨ ਪੱਧਰ ਉਤੇ ਪੰਜਾਬ ਦੇ ਇਕ ਸਾਧਾਰਣ ਜਿਹੇ ਪਿੰਡ ਨੂੰ ਘਟਨਾ-ਸਥਲ ਬਣਾਉਂਦੀ ਹੈ, ਪਰ ਕਹਾਣੀ ਦਾ ਗਲਪ-ਸੰਗਠਨ ਸਮਕਾਲੀ ਭਾਰਤ ਦੇ ਵਿਆਪਕ ਰਾਜਨੀਤਕ ਯਥਾਰਥ ਨਾਲ ਡੂੰਘੀ ਸਮਾਨਤਾ ਦਰਸਾਉਂਦਾ ਹੈ ਜਿਸ ਨਾਲ ਸਮਕਾਲੀ ਸਥਿਤੀ ਦੇ ਪਿਛੋਕੜ ਵਿਚ ਕੰਮ ਕਰ ਰਹੀਆਂ ਅਚੇਤਨ ਸ਼ਕਤੀਆਂ ਦਾ ਚਿਹਰਾ ਮੁਹਰਾ ਆਪ ਮੁਹਾਰੇ ਹੀ ਉਘੜਨਾ ਸ਼ੁਰੂ ਹੋ ਜਾਂਦਾ ਹੈ।

ਕਹਾਣੀ ਦੀ ਮੁੱਖ-ਪਾਤਰ 'ਚੰਦ ਕੁਰ' ਆਪਣੇ ਸਰਪੰਚ ਪਿਤਾ ਦੀ ਮੌਤ ਤੋਂ ਬਾਅਦ ਸਰਪੰਚੀ ਨੂੰ ਜੱਦੀ ਜਾਇਦਾਦ ਮੰਨ ਲੈਂਦੀ ਹੈ। ਉਸ ਦੀ ਇਸ ਭਾਵਨਾ ਨੂੰ ਪੱਕਿਆਂ ਕਰਨ ਵਿਚ ਉਸ ਦੇ ਘਰ ਪਰਿਵਾਰ ਦੇ ਨਿਕਟਵਰਤੀ ਬੰਦਿਆਂ ਦਾ ਵੀ ਭਰਪੂਰ ਯੋਗਦਾਨ ਹੈ ਜੋ ਸੱਤਾ ਨੂੰ ਆਪਣੇ ਨਿੱਜੀ ਹਿੱਤਾਂ ਦੀ ਰਾਖੀ ਲਈ ਵਰਤਣਾ ਚਾਹੁੰਦੇ ਹਨ। ਪਿੰਡ ਦੇ ਮਾਹੌਲ ਦੀ ਧੜੇਬੰਦੀ ਨੂੰ ਪਿਛੋਕੜ ਵਿਚ ਰਖ ਕੇ ਲੇਖਕ ਨੇ ਕੁਰਸੀ ਯੁੱਧ ਨਾਲ ਜੁੜੇ ਸੱਤਾ ਦੇ ਸੰਘਰਸ਼ ਨੂੰ ਵੀ ਬੜੀ ਸੂਖਮਤਾ ਨਾਲ ਚਿਤਰਨ ਦਾ ਉਪਰਾਲਾ ਕੀਤਾ ਹੈ। ਮੁਖ-ਪਾਤਰ ਵਲੋਂ ਆਪਣੀ ਸੱਤਾ ਨੂੰ ਚਿਰਸਥਾਈ ਬਣਾਉਣ ਲਈ ਭਿੰਨ-ਭਿੰਨ ਪ੍ਰਕਾਰ ਦੇ ਦਾਅ ਪੇਚਾਂ ਅਤੇ ਸ਼ਤਰੰਜੀ ਚਾਲਾਂ ਦੀ ਵਰਤੋਂ ਕਰਨਾ, ਪਿੰਡ ਦੇ ਲੋਕਾਂ ਨੂੰ ਧਰਮ, ਫਿਰਕੇ ਅਤੇ ਜਾਤ ਪਾਤ ਦੇ ਆਧਾਰ ਤੇ ਵੰਡਣ ਦੀ ਕੁਟਿਲ ਨੀਤੀ ਅਪਨਾਉਣਾ ਅਤੇ ਆਪਣੇ ਸਵਾਰਥ ਲਈ ਲੋਕਾਂ ਦੇ ਇਕ ਵਰਗ ਨੂੰ ਦੂਸਰੇ ਵਰਗ ਦੇ ਵਿਰੁਧ ਲੜਾਉਣ ਦੀਆਂ ਸਾਜ਼ਸ਼ਾਂ ਰਚਣਾ, ਕੁਰਸੀ-ਯੁੱਧ ਅਤੇ ਸੱਤਾ-ਸੰਘਰਸ਼ ਦਾ ਇਹੋ ਹੀ ਪ੍ਰਤਿਨਿਧ ਚਿਤਰ ਸਾਡੇ ਸਮਕਾਲੀ ਯਥਾਰਥ ਦਾ ਸੱਚ ਹੈ। ਲੇਖਕ ਨੇ ਵੱਡੇ ਪੈਮਾਨੇ ਉਤੇ ਵਾਪਰਨ ਵਾਲੇ ਇਸ ਕਿਸਮ ਦੇ ਰਾਜਨੀਤਕ ਘਟਨਾ-ਕ੍ਰਮ ਨੂੰ ਇਕ ਪਿੰਡ ਦੀ ਕਹਾਣੀ ਬਣਾ ਕੇ ਉਸ ਦਾ ਲਘੂ ਮਾਡਲ ਉਸਾਰਨ ਦੀ ਜੁਗਤ ਵਰਤੀ ਹੈ। ਇਹ ਜੁਗਤ ਜਾਣੇ ਪਛਾਣੇ ਮਾਹੌਲ ਨੂੰ ਅਜਨਬੀ ਬਣਾ ਕੇ ਉਸ ਨੂੰ ਸਮਝਣ ਲਈ ਲੋੜੀਂਦੀ ਵਿੱਥ ਸਥਾਪਿਤ ਕਰਦੀ ਹੈ। ਇਉਂ ਚੰਦਕੁਰ ਅਤੇ ਸੱਜਣ ਵਰਗੇ ਸਾਧਾਰਣ ਪੇਂਡੂ ਪਾਤਰ ਸਮਕਾਲੀ ਇਤਿਹਾਸ ਦੀਆਂ ਸੁਪ੍ਰਸਿੱਧ ਰਾਜਨੀਤਕ ਹਸਤੀਆਂ ਅਤੇ ਉਹਨਾਂ ਦੇ ਲੁਕਵੇਂ ਕੁਟਿਲ ਮਨੋਰਥਾਂ ਦੀ ਵਾਸਤਵਿਕਤਾ ਸਮਝਣ ਲਈ ਗਲਪੀ ਮਾਡਲ ਬਣ ਜਾਂਦੇ ਹਨ।

ਇਸੇ ਤਰ੍ਹਾਂ 'ਮੋਰ ਮੱਚ ਗਏ' ਕਹਾਣੀ ਵੀ ਸਮਕਾਲੀ ਇਤਿਹਾਸ ਦੇ ਇਕ ਭਿਆਨਕ ਪਰ ਤਰਕਹੀਣ ਘਟਨਾ-ਕ੍ਰਮ ਨੂੰ ਤ੍ਰਾਸਦ-ਵਿਅੰਗ ਦੇ ਰੂਪ ਵਿਚ ਪੇਸ਼ ਕਰਦੀ ਹੈ। 1984 ਦੇ ਸਿੱਖ-ਵਿਰੋਧੀ ਦੰਗਿਆਂ ਨੂੰ ਇਸ ਕਹਾਣੀ ਦੇ ਪਿਛੋਕੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਰਖਿਆ [illegible] ਜਾਣੀ ਪਛਾਣੀ ਝਾਕੀ ਨੂੰ ਹੀ ਲਿਆਂਦਾ ਗਿਆ ਹੈ। ਸਰਦਾਰ ਖੇਮ ਸਿੰਘ ਅਤੇ ਉਸ ਦੇ ਸਾਥੀ ਟਿਊਬਵੈਲ ਉਤੇ ਲੱਗੀ ਦੇਸੀ ਸ਼ਰਾਬ ਦੀ ਭੱਠੀ ਦੁਆਲੇ ਬੈਠੇ ਹਨ ਅਤੇ ਉਹਨਾਂ ਦਾ ਸੀਰੀ ਜੰਗ ਤੁਪਕਾ ਤੁਪਕਾ ਨਿਕਲਦੇ 'ਤੇਰੁਵੇਂ ਰਤਨ' ਨੂੰ ਕੱਢਣ ਅਤੇ ਵਰਤਾਉਣ ਦੇ ਆਹਰ ਵਿਚ ਜੁਟਿਆ ਹੈ। ਨਸ਼ੇ ਦੇ ਲੋਰ ਵਿਚ ਉਹ ਮੋਰ ਵਾਂਗੂ ਪੈਲਾਂ ਪਾਉਣ ਲੱਗ ਪੈਂਦਾ ਹੈ। ਨਸ਼ਈ ਜੁੰਡਲੀ ਉਸ ਦੀ ਪਿੱਠ ਪਿੱਛੇ ਛਜਲੀ ਬੰਨ੍ਹ ਦਿੰਦੀ ਹੈ ਜੋ ਪੈਲਾਂ ਪਾਉਂਦੇ ਮੋਰ ਵਾਂਗ ਜਾਪਦੀ ਹੈ। ਪਰ ਜਦੋਂ ਜੰਗ ਘਰ ਜਾਣ ਲਈ ਮਿੰਤਾਂ ਤਰਲੇ ਕਰਦਾ ਹੈ ਤਾਂ ਸ਼ਰਾਬੀਆਂ ਦੀ ਟੋਲੀ ਉਸ ਨੂੰ ਸ਼ੌਕ ਦੇ ਚਾਰ ਹੋਰ ਗੇੜੇ ਦੇਣ ਦਾ ਹੁਕਮ ਦਿੰਦੀ ਹੈ। ਉਸ ਦੇ ਨਾਂਹ ਨੁਕਰ ਕਰਨ ਤੇ 'ਪੂਛ' ਨੂੰ ਅੱਗ ਲਾ ਦਿਤੀ ਜਾਂਦੀ ਹੈ: 'ਮੋਰ ਮੱਚ ਗਿਆ' ਦਾ ਸ਼ੋਰ ਪੈਂਦਾ ਹੈ ਤੇ ਜੰਗੂ ਸੱਚਮੁਚ ਹੀ ਮਚ ਜਾਂਦਾ ਹੈ। ਕਹਾਣੀ ਦੇ ਅੰਤ ਉਤੇ ਸ਼ੋਰ ਮੱਚਣ ਦਾ ਇਕ ਹੋਰ ਦ੍ਰਿਸ਼ ਪੇਸ਼ ਹੁੰਦਾ ਹੈ:

"ਇਸ ਘਟਨਾ ਤੋਂ ਕੁਝ ਵਰ੍ਹੇ ਬਾਅਦ ਇਕ ਲੋਕਤੰਤਕ ਦੇਸ਼ ਦੀ ਮਹਾਨ ਨੇਤਾ ਦਾ ਕਤਲ ਇਸ ਕਰਕੇ ਹੋ ਗਿਆ ਕਿ ਉਸ ਨੇ ਆਪਣੇ ਲੋਕਾਂ ਦੇ ਸਦੀਆਂ ਦੇ ਵਿਸ਼ਵਾਸ ਅਤੇ ਮਾਨ ਮਰਯਾਦਾ ਨੂੰ ਹਕੂਮਤ ਦੇ ਨਸ਼ੇ ਨਾਲ ਕੁਚਲ ਦਿਤਾ। ਜਿਹੜੇ ਲੋਕ ਗੁੜ ਖੁਆਇਆ ਚੁਪ ਕਰਾਏ ਜਾ ਸਕਦੇ ਸਨ, ਉਹਨਾਂ ਦੀ ਆਵਾਜ਼ ਨੂੰ ਸੰਗੀਨਾਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਗਈ।

ਫਿਰ ਰਾਜਨੀਤੀ ਤੇ ਨਫ਼ਰਤ ਨੰਗੀਆਂ ਹੋ ਕੇ ਨੱਚੀਆਂ।

ਨੇਤਾ ਦੇ ਕਾਤਲਾਂ ਨਾਲ ਸੰਬੰਧਤ ਲੋਕਾਂ ਨੂੰ ਸਬਕ ਸਿਖਾਇਆ ਜਾਣ ਲੱਗਾ।"

ਇਸ ਭਿਆਨਕ ਕਤਲੋ ਗਾਰਤ ਦੀ ਕਰੂਰਤਾ ਅਤੇ ਤਰਕਹੀਣਤਾ ਕਹਾਣੀ ਦੇ ਪੂਰਬਲੇ ਗਲਪੀ ਹਿੱਸੇ ਵਿਚ ਵਰਣਿਤ ਸਥਿਤੀ ਦੇ ਸਨਮੁਖ ਹੋਰ ਵੀ ਵਧੇਰੇ ਵਿਅੰਗਪੂਰਣ ਹੋ ਨਿਬੜਦੀ ਹੈ। ਇਉਂ ਕਹਾਣੀਕਾਰ ਇਤਿਹਾਸ ਦੀ ਵਾਸਤਵਿਕਤਾ ਨੂੰ ਗਲਪ ਦੇ ਸਮਾਨੰਤਰ ਰਖ ਕੇ ਅਰਥਾਂ ਦਾ ਨਵੇਕਲਾ ਸੰਗਠਨ ਉਸਾਰਨ ਦਾ ਜਤਨ ਕਰਦਾ ਹੈ ਜਿਸ ਨਾਲ ਤਰਕਹੀਣ ਜ਼ੁਲਮ ਦਾ ਚਿਹਰਾ ਨੰਗਾ ਹੁੰਦਾ ਹੈ। ਇਹ ਜ਼ੁਲਮ ਭਾਵੇਂ ਨਿਗੂਣੇ ਜਿਹੇ ਸੀਰੀ ਜੰਗੂ ਨਾਲ ਹੋਵੇ ਜਾਂ ਜੰਗੂ ਵਰਗੇ ਹੀ ਕਿਸੇ ਨਿਰਦੋਸ਼ ਮਨੁੱਖ ਵਰਗ ਨਾਲ—ਹਰ ਹਾਲਤ ਵਿਚ ਨਿੰਦਣਯੋਗ ਹੈ। ਲੇਖਕ ਆਪਣੀ ਵਿਲੱਖਣ ਭਾਂਤ ਦੀ ਗਲਪ-ਸ਼ੈਲੀ ਰਾਹੀਂ ਇਸੇ ਕਿਸਮ ਦਾ ਅਹਿਸਾਸ ਉਭਾਰਨ ਦਾ ਉਪਰਾਲਾ ਕਰਦਾ ਹੈ।

ਪੰਜਾਬ ਸਮੱਸਿਆ ਦਾ ਨਿਤਾ ਪ੍ਰਤੀ ਵਾਪਰਨ ਵਾਲਾ ਇਕ ਹੋਰ ਪੱਖ ਦਹਿਸ਼ਤ-ਗਰਦੀ ਦੀਆਂ ਘਟਨਾਵਾਂ ਅਤੇ ਪੁਲਿਸ ਤਸ਼ੱਦ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਸਰਕਾਰੀ ਅਤੇ ਗ਼ੈਰ-ਸਰਕਾਰੀ ਹਿੰਸਾ ਦਾ ਇਹ ਦਮਨ-ਚੱਕਰ ਅੰਤਿਮ ਤੌਰ ਤੇ ਆਮ ਲੋਕਾਂ ਨੂੰ ਹੀ ਕੁਚਲਨ ਦਾ ਹਥਿਆਰ ਸਿੱਧ ਹੁੰਦਾ ਹੈ। ਬਲਦੇਵ ਸਿੰਘ ਨੇ ਆਪਣੇ ਇਸ ਕਹਾਣੀ-ਸੰਗ੍ਰਹਿ ਵਿਚ ਪੰਜਾਬ ਦੀ ਇਸੇ ਕਿਸਮ ਦੀ ਸਮਕਾਲੀ ਵਾਸਤ-ਵਿਕਤਾ ਨੂੰ ਕਈ ਪੱਖਾਂ ਅਤੇ ਪ੍ਰਸੰਗਾਂ ਰਾਹੀਂ ਉਘਾੜਨ ਦੀ ਚੇਸ਼ਟਾ ਕੀਤੀ ਹੈ। ਮਿਸਾਲ ਵਜੋਂ 'ਚੌਕ ਵਿਚ ਦਿਸਦਾ ਸ਼ਹਿਰ' ਕਹਾਣੀ ਦੇਖੀ ਜਾ ਸਕਦੀ ਹੈ। ਕਹਾਣੀ ਵਿਚ ਪੰਜਾਬ ਦੇ ਇਕ ਕਸਬੇ ਦੀ ਵਰਤਮਾਨ ਸਥਿਤੀ ਨੂੰ ਅੰਤਰ-ਵੇਦਨਾ, ਸੰਤਾਪ ਅਤੇ

CC-0. In Public Domain. Gurukul Kangri Collection, Haridwar

ਤਣਾਉ ਨਾਲ ਗੁੱਸੇ ਹੋਏ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਜੋ ਸਮਕਾਲੀ ਜੀਵਨ
Digitized by Arya Samaj Foundation Chennai and eGangotri
ਦਾ ਦੁਖਦਾਈ ਸਚ ਹੈ । ਕਹਾਣੀ ਦਾ ਮੁਖ-ਪਾਤਰ ਚਿਰ ਬਾਅਦ ਆਪਣੇ ਕਸਬੇ (ਵਤਨ) ਪੁਜਿਆ ਹੈ । ਉਸ ਨੂੰ ਆਪਣਾ ਜਾਣਿਆ ਪਛਾਣਿਆ ਅਤੇ ਮੋਹ-ਭਿਜਿਆ ਮਾਹੌਲ ਹੁਣ ਬਿਲਕੁਲ ਬਦਲਿਆ ਬਦਲਿਆ ਹੋਇਆ ਜਾਪਦਾ ਹੈ :

"ਅਜਿਹੇ ਮਨੋਵੇਗ ਵਿਚ ਹੀ ਉਸ ਨੇ ਆਪਣੇ ਵਤਨ ਦੀ ਮਿੱਟੀ ਨੂੰ ਚੁੰਮ ਕੇ ਮੱਥੇ ਨਾਲ ਲਾਇਆ । ਜਿਸ ਦੀ ਮਹਿਕ ਲਈ ਉਹ ਸਦੀਆਂ ਤੋਂ ਤਰਸ ਰਿਹਾ ਸੀ । ਪਰ ਹੈਰਾਨ ਹੋਇਆ......ਮਿੱਟੀ ਦੀ ਮਹਿਕ ਵਿਚੋਂ ਇਹ ਕਿਹੀ ਸੜ੍ਹਿਹਾਂਦ ਆ ਰਹੀ ਹੈ ?" (ਪੰਨਾ, 32)

ਆਪਣੇ ਹੀ ਸ਼ਰਿਰ ਵਿਚ ਅਜਨਬੀ ਵਾਂਗ ਵਿਚਲਦੇ ਹੋਏ ਇਸ ਪਾਤਰ ਨੂੰ ਜਦੋਂ ਸ਼ਹਿਰ ਦੇ ਚੌਰਾਹੇ ਵਿਚ ਪਈ ਇਕ ਮਨੁੱਖੀ ਲਾਸ਼ ਦਿਖਾਈ ਦਿੰਦੀ ਹੈ ਤਾਂ ਉਸ ਨੂੰ ਇਕ ਹੋਰ ਹਕੀਕਤ ਦੇ ਰੂਬਰੂ ਹੋਣਾ ਪੈਂਦਾ ਹੈ। ਲਾਸ਼ ਕਿਸ ਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਹੁਣ ਫਿਰਕੂ ਆਧਾਰ ਤੇ ਦਿਤਾ ਜਾ ਰਿਹਾ ਹੈ ਜਿਵੇਂ ਨਿਰੋਲ ਮਨੁੱਖੀ ਹੋਂਦ ਦਾ ਹੁਣ ਕੋਈ ਅਰਥ ਹੀ ਨਹੀਂ ਰਹਿ ਗਿਆ । ਇਸੇ ਮਾਹੌਲ ਵਿਚ ਕਈ ਦੇਸ਼ ਭਗਤਾਂ ਦੇ ਬੁੱਤਾਂ ਦੇ ਮੂੰਹ ਉਤੇ ਕਾਲਖ ਮਾਲੀ ਹੋਈ ਦਿਖਾਈ ਦਿੰਦੀ ਹੈ । ਸਾਵੀਆਂ ਟੋਪੀਆਂ ਸੰਗੀਨਾਂ, ਧਰਮ ਗ੍ਰੰਥਾਂ ਦਾ ਜਲੂਸ ਆਦਿ ਮੋਟਿਫ ਸਾਡੇ ਰੋਜ਼ਾਨਾ ਜੀਵਨ ਦੀ ਵਾਸਤ-ਵਿਕਤਾ ਦਾ ਪ੍ਰਧਿਨਿਧ ਸੱਚ ਪੇਸ਼ ਕਰਦੇ ਹਨ । ਕਹਾਣੀ ਦਾ ਮੁਖ-ਪਾਤਰ ਜਦੋਂ ਇਸ ਓਪਰੇ ਮਾਹੌਲ ਦੀ ਸ਼ਿੱਦਤ ਤੋਂ ਘਬਰਾ ਕੇ ਵਾਪਸ ਪਰਤਣ ਲਈ ਪੈਰ ਪੁਟਦਾ ਹੈ ਤਾਂ ਉਸ ਦੇ ਮਨ ਵਿਚ ਪੈਦਾ ਹੋਈ ਵਿਸ਼ਾਦ ਅਤੇ ਅਲਗਾਉ ਦੀ ਭਾਵਨਾ ਇਕ ਨਵੀਂ ਚੇਤਨਾ ਅਧੀਨ ਪੰਘਰ ਜਾਂਦੀ ਹੈ ਅਤੇ ਉਹ ਸੋਚਣ ਲਗ ਪੈਂਦਾ ਹੈ—

"ਇਹ ਤਾਂ ਮਿਹਣਾ ਹੋਵੇਗਾ । ਇਕ ਮਨੁੱਖ ਦੀ ਭਾਂਜ ਹੋਏਗੀ, ਆਪਣਿਆਂ ਦੇ ਮੱਥੇ 'ਤੇ ਕਲੰਕ ਹੋਏਗਾ । ਇਹ ਨਗਰ ਕਿਸੇ ਦੇ ਪਿਉ ਦੀ ਜਾਗੀਰ ਨਹੀਂ ਹੈ । ਇਸ ਲਈ ਮੇਰੇ ਪੁਰਖਿਆ ਨੇ ਵੀ ਕੁਰਬਾਨੀਆਂ ਦਿਤੀਆਂ ਹਨ । ਇਸ ਦੀਆਂ ਜ਼ੰਜ਼ੀਰਾਂ ਤੋੜਨ ਲਈ ਸਾਡਾ ਵੀ ਲਹੂ ਡੁਲ੍ਹਿਆ ਹੈ । ਮੇਰਾ ਵੀ ਇਥੇ ਰਹਿਣ ਦਾ ਦੂਸਰਿਆਂ ਜਿੰਨਾ ਅਧਿਕਾਰ ਹੈ .....ਮੈਂ ਬੁੱਤਾਂ ਦੇ ਧੜ 'ਤੇ ਸਿਰ ਰੱਖਾਂਗਾ । ਉਹਨਾਂ ਦੇ ਚਿਹਰਿਆਂ ਤੇ ਮਲੀ ਲੁੱਕ ਪੂੰਝਾਂਗਾ ।"

ਬਲਦੇਵ ਸਿੰਘ ਪੰਜਾਬ-ਸੰਕਟ ਨਾਲ ਸੰਬੰਧਿਤ ਇਹਨਾਂ ਕਹਾਣੀਆਂ ਰਾਹੀਂ ਜਿੱਥੇ ਤ੍ਰਾਸਦ ਘਟਨਾ-ਚੱਕਰ ਦੇ ਲੁਕਵੇਂ ਰਾਜਨੀਤਕ ਅਵਚੇਤਨ ਨੂੰ ਗਲਪ ਦੀ ਭਾਸ਼ਾ ਰਾਹੀਂ ਉਘੜਨ ਦਾ ਜਤਨ ਕਰਦਾ ਹੈ ਉਥੇ ਇਹਨਾਂ ਘਟਨਾਵਾਂ ਵਿਚੋਂ ਪੈਦਾ ਹੋ ਰਹੇ ਨਿਰੋਲ ਮਾਨਵੀ ਦੁਖਾਂਤ ਨੂੰ ਸੰਵੇਦਨਾ ਅਤੇ ਸੁਹਿਰਦਤਾ ਨਾਲ ਚਿੱਤਰਦਾ ਹੈ । ਇਉਂ ਇਹ ਕਥਾ-ਜਗਤ ਲੇਖਕ ਦੀ ਸਾਮਾਜਿਕ ਸਭਿਆਚਾਰਕ ਪ੍ਰਤਿਬੱਧੀਤਾ ਦਾ ਪ੍ਰਮਾਣ ਪੇਸ਼ ਕਰਦਾ ਹੈ । 'ਨਾਕਾ ਬੰਦੀ' ਅਤੇ 'ਕੀ ਪੁੱਤਰਾਂ ਦਾ ਮਾਣ' ਕਹਾਣੀਆਂ ਅਤਿਵਾਦ ਅਤੇ ਦਹਿਸ਼ਤਗਰਦੀ ਦੇ ਸਾਮਾਜਿਕ ਆਰਥਕ ਕਾਰਣਾਂ ਵਿਚ ਝਾਕਣ ਦਾ ਉਪਰਾਲਾ ਕਰਨ ਦੇ ਨਾਲ-ਨਾਲ ਤਰਕਹੀਣ ਪੁਲਿਸ ਤਸ਼ੱਦਦ ਦਾ ਚਿਹਰਾ ਵੀ ਨੰਗਾ ਕਰਦੀਆਂ ਹਨ । ਇਹਨਾਂ ਕਹਾਣੀਆਂ ਵਿਚ ਜਾਗੇ ਹੋਏ ਅੰਤਰਕਰਣ ਵਾਲਾ ਪੁਲਿਸ-ਅਧਿਕਾਰੀ ਵੀ ਪ੍ਰਸਤੁਤ ਕੀਤਾ ਗਿਆ ਹੈ ਜੋ ਸਥਿਤੀ ਦੀ ਵਾਸਤਵਿਕਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਅਣਗੌਲੇ ਪੱਖ ਨੂੰ ਸਾਹਮਣੇ ਲਿਆਉਂਦੀ ਹੈ । ਸਰਕਾਰੀ ਅਤੇ ਗੈਰ ਸਰਕਾਰੀ ਹਿੰਸਾ ਦੇ ਦਮਨਕਾਰੀ ਚੱਕਰ ਵਿਚ ਇਹੋ ਜਿਹੇ ਪ੍ਰਸੰਗਾਂ ਨੂੰ ਉਘਾੜਨਾ ਸੰਕਟ-ਗ੍ਰਸਤ ਸਥਿਤੀ ਵਿਚ ਵੀ ਬਚੇ ਰਹਿਣ ਵਾਲੀਆਂ ਮਾਨਵੀ ਕਦਰਾਂ ਕੀਮਤਾਂ ਵਿਚ ਵਿਸ਼ਵਾਸ ਨੂੰ ਪ੍ਰਪੱਕ ਕਰਦਾ ਹੈ ।

ਪੁਸਤਕ 'ਸਵੇਰੇ ਦੀ ਲੋਅ' ਵਿਚਲੀਆਂ ਕਹਾਣੀਆਂ ਦਾ ਦੂਸਰਾ ਵਰਗ ਸਮਕਾਲੀ ਸਾਮਾਜਿਕ-ਆਰਥਕ ਬਣਤਰ ਵਿਚ ਜਿਉਂ ਰਹੇ ਸਾਧਾਰਣ ਮਿਹਨਤਕਸ਼ ਲੋਕਾਂ ਦੀ ਹੋਂਦ-ਵਿਧੀ ਦੇ ਕੁਝ ਅਣਗੌਲੇ ਪ੍ਰਸੰਗਾਂ ਨੂੰ ਪੇਸ਼ ਕਰਨ ਵਲ ਰੁਚਿਤ ਹੁੰਦਾ ਹੈ । ਇਹਨਾਂ ਕਹਾਣੀਆਂ ਵਿਚ ਪੰਜਾਬ ਦੇ ਸਾਧਾਰਣ ਪਿੰਡਾਂ ਵਿਚ ਜਿਉਂਣ ਵਾਲੇ ਲੋਕ ਵੀ ਹਨ ਅਤੇ ਕਲਕੱਤੇ ਬੰਬਈ ਵਰਗੇ ਮਹਾਨਗਰ ਵਿਚ ਜਿਉਂਣ ਵਾਲੇ ਥੁੜੇ-ਟੁਟੇ ਆਮ ਇਨਸਾਨ ਵੀ ਅਤੇ ਕੂੜੇ ਦੇ ਢੇਰ ਫਰੋਲਣ ਵਾਲੇ ਭਿਖਾਰੀ ਬੱਚੇ ਵੀ । ਪ੍ਰੀਤੂ, ਸੀਰੀ ਅਤੇ ਕਿਹਰੂ ਅਮਲੀ ਵਰਗੇ ਪਾਤਰਾਂ ਨੂੰ ਪਿੰਡ ਦੇ ਅਰਥਚਾਰੇ ਅਤੇ ਹਾਕਮ ਸ਼੍ਰੇਣੀ ਦੀ ਲੁਕਵੀਂ ਵਾਸਤਵਿਕਤਾ ਉਘਾੜਨ ਲਈ ਵਿਅੰਗ ਦੇ ਪਾਤਰ ਬਣਾ ਕੇ ਪੇਸ਼ ਕੀਤਾ ਗਿਆ ਹੈ । ਬਲਦੇਵ ਸਿੰਘ ਦੀਆਂ ਇਸ ਕਿਸਮ ਦੀਆਂ ਕਹਾਣੀਆਂ ਉਸ ਦੇ ਡੂੰਘੇ ਨਿਜੀ ਅਨੁਭਵ ਅਤੇ ਪ੍ਰਤਿ-ਬੱਧ ਜੀਵਨ-ਦ੍ਰਿਸ਼ਟੀਕੋਣ ਦਾ ਪ੍ਰਮਾਣ ਪੇਸ਼ ਕਰਕੇ ਉਸ ਨੂੰ ਪ੍ਰਗਤੀਵਾਦੀ ਜੀਵਨ-ਮੁਲਾਂ ਦੇ ਸਮਰਥਕ ਗਲਪਕਾਰ ਵਜੋਂ ਉਭਾਰਦੀਆਂ ਹਨ । ਇਉਂ ਬਲਦੇਵ ਸਿੰਘ ਦਾ ਸਿਰਜਿਆ ਹੋਇਆ ਗਲਪ-ਜਗਤ ਨਿਰੋਲ ਸੁਹਜ-ਸਿਰਜਣ ਨੂੰ ਆਪਣਾ ਮਨੋਰਥ ਨਹੀਂ ਬਣਾਉਂਦਾ ਸਗੋਂ ਸਮਾਜ, ਸਭਿਆਚਾਰ ਅਤੇ ਮਨੁਖ ਲਈ ਉਸਾਰੂ ਕਦਰਾਂ ਕੀਮਤਾਂ ਦਾ ਹਾਮੀ ਸਾਹਿਤ ਸਿਰਜਣ ਦੀ ਚੇਸ਼ਟਾ ਕਰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵਤੇਜ ਪੁਆਧੀ ਦਾ ਕਥਾ-ਜਗਤ : ਇਕ ਅਧਿਐਨ

ਨਵਤੇਜ ਪੁਆਧੀ ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਜਾਣਿਆਂ ਪਛਾਣਿਆਂ ਹਸਤਾਖਰ ਹੈ। ਉਸ ਨੇ ਵਿਸ਼ੇਸ਼ ਤੌਰ ਤੇ ਪੁਆਧ ਦੇ ਉਸ ਭਾਸ਼ਾਈ ਤੇ ਆਂਚਲਿਕ ਸਭਿਆਚਾਰ ਨਾਲ ਗਲਪ-ਸਿਰਜਨਾ ਦਾ ਰਿਸ਼ਤਾ ਜੋੜ ਕੇ ਆਪਣੀ ਵਿਲੱਖਣ ਪਛਾਣ ਬਣਾਉਣ ਦਾ ਉਪਰਾਲਾ ਕੀਤਾ ਹੈ। ਪੁਆਧੀ ਦੇ ਹੁਣ ਤਕ ਦੋ ਕਹਾਣੀ-ਸੰਗ੍ਰਹਿ— 'ਗਊ ਤੇ ਸ਼ਰਾਬ' ਅਤੇ 'ਪੂਰਾ ਮਰਦ'—ਪ੍ਰਕਾਸ਼ਿਤ ਹੋ ਚੁਕੇ ਹਨ ਅਤੇ ਉਸ ਦਾ ਤੀਸਰਾ ਕਹਾਣੀ-ਸੰਗ੍ਰਹਿ ਪ੍ਰਕਾਸ਼ਨ ਅਧੀਨ ਹੈ—'ਡੁਬਦਾ ਸੂਰਜ'। ਇਸ ਤੋਂ ਇਲਾਵਾ ਉਸ ਦੀਆਂ ਕਹਾਣੀਆਂ ਪੰਜਾਬੀ ਪੱਤਰ-ਪਤ੍ਰਿਕਾਵਾਂ ਵਿਚ ਸਮੇਂ-ਸਮੇਂ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਦਿੱਲੀ ਵਰਗੇ ਮਹਾਨਗਰ ਵਿਚ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਰਹਿਣ ਦੇ ਬਾਵਜੂਦ ਉਹ ਮਾਨਸਿਕ ਅਤੇ ਭਾਵੁਕ ਤੌਰ ਤੇ ਪਿੰਡ ਨਾਲ ਜੁੜਿਆ ਹੋਇਆ ਹੈ ਅਤੇ ਖ਼ਾਸ ਤੌਰ ਤੇ ਉਸ ਨੂੰ ਆਪਣੇ ਇਲਾਕਾਈ ਭਾਸ਼ਾ-ਸਭਿਆਚਾਰ (ਪੁਆਧ) ਨਾਲ ਡੂੰਘਾ ਮੋਹ ਹੈ ਜਿਸ ਦਾ ਇਕ ਪ੍ਰਮਾਣ ਉਸ ਦੇ ਨਾਮ ਨਾਲ ਜੁੜਿਆ 'ਪੁਆਧੀ' ਸ਼ਬਦ ਹੈ। ਨਵਤੇਜ ਨੇ ਦਿੱਲੀ ਦੂਰਦਰਸ਼ਨ ਦੇ ਪੰਜਾਬੀ ਪ੍ਰੋਗਰਾਮ ਵਿਚ ਪੱਤਰ ਲੇਖਕ ਨਾਲ ਇਕ ਭੇਂਟ ਵਾਰਤਾ ਦੌਰਾਨ ਇਸ ਸੰਬੰਧੀ ਚਰਚਾ ਕਰਦਿਆਂ ਦਸਿਆ ਕਿ ਪੁਆਧੀ ਸ਼ਬਦ ਨੂੰ ਉਪਨਾਮ ਵਜੋਂ ਵਰਤਣ ਦਾ ਉਸ ਦਾ ਇਕ ਹੋਰ ਮੰਤਵ ਵੀ ਸੀ। ਪੁਆਧ ਨੂੰ ਸਮੁਚੇ ਪੰਜਾਬ ਵਿਚ ਹੋਰਨਾਂ ਉਪਭਾਸ਼ਾਈ ਖੇਤਰਾਂ ਨਾਲੋਂ ਕੁਝ ਵਧੇਰੇ ਪਛੜਿਆ ਹੋਇਆ ਖੇਤਰ ਮੰਨਿਆਂ ਜਾਂਦਾ ਰਿਹਾ ਹੈ। ਇਸ ਦੇ ਕਾਰਣ ਕੁਝ ਵੀ ਹੋ ਸਕਦੇ ਹਨ, ਪਰ ਲੇਖਕ ਨੇ ਆਪਣੇ ਉਪਭਾਸ਼ਾਈ ਸਭਿਆਚਾਰ ਬਾਰੇ ਹੀਣਤਾ ਭਾਵ ਨੂੰ ਰੱਦ ਕਰਦਿਆਂ ਹੋਇਆਂ ਇਸ ਨੂੰ ਆਪਣੀ ਵਿਲੱਖਣ ਪਛਾਣ ਦਾ ਗੌਰਵ ਬਣਾਉਣ ਦਾ ਨਿਰਣਾ ਕੀਤਾ ਅਤੇ ਬੜੇ ਮਾਣ ਨਾਲ ਆਪਣੇ ਨਾਮ ਦੇ ਨਾਲ ਪੁਆਧੀ ਉਪਨਾਮ ਦੀ ਵਰਤੋਂ ਕੀਤੀ। ਇਲਾਕਾਈ ਚੇਤੰਨਤਾ ਅਤੇ ਪਛਾਣ ਦੇ ਇਸ ਭਾਵੁਕ ਮੋਹ ਨੇ ਨਵਤੇਜ ਪੁਆਧੀ ਨੂੰ ਆਪਣੇ ਖਿੱਤੇ ਦੇ ਕੁਦਰਤੀ ਅਤੇ ਮਨੁਖੀ ਮਾਹੌਲ ਨੂੰ ਸੁਹਿਰਦਤਾ ਨਾਲ ਚਿਤਰਨ ਦੀ ਪ੍ਰੇਰਣਾ ਜਗਾਈ। ਇਹੀ ਕਾਰਣ ਹੈ ਉਸ ਦੇ ਕਥਾ-ਜਗਤ ਵਿਚ ਪੁਆਧੀ ਭਾਸ਼ਾ ਅਤੇ ਸਭਿਆਚਾਰ ਦੀ ਰੰਗ ਅਤੇ ਖ਼ੁਸ਼ਬੂ ਉਗੜਵੇਂ ਰੂਪ ਵਿਚ ਪ੍ਰਗਟ ਹੁੰਦਾ ਹੈ। ਮਿਸਾਲ ਵਜੋਂ 'ਪੂਰਾ ਮਰਦ' ਕਹਾਣੀ-ਸੰਗ੍ਰਹਿ ਦੀ

CC-0. In Public Domain. Gurukul Kangri Collection, Haridwar

ਪਹਿਲੀ ਕਹਾਣੀ 'ਪੂਰਾ ਮਰਦ' ਦੀਆਂ ਮੁਢਲੀਆਂ ਪੰਗਤੀਆਂ ਵੇਖੀਆਂ ਜਾ ਸਕਦੀਆਂ ਹਨ—

Digitized by Arya Samaj Foundation Chennai and eGangotri

"ਬਈ ਉਏ ਲੱਕ ਪਤਲਾ ਨਾ ਜਾਣੀ
ਰਾਤ......" ਤੇ ਨਸ਼ਈ ਕਾਬਲ ਬਾਂਹ ਉੱਚੀ ਚੁਕ ਨਚਾਰ ਵਾਂਗ ਗੇੜਾ ਦੇ ਗਿਆ । ਉਹ ਪਿੰਡ ਦੇ ਚੌਕ ਵਿਚ ਪਿੱਪਲ ਦੇ ਰੁਖ ਵਾਂਗ ਫੈਲਿਆ ਖੜਾ ਸੀ । ਉਸ ਦੀ ਨਸ਼ਈ ਆਵਾਜ਼ ਸੁਣ ਕੇ ਨਾਲ ਲਗਦੇ ਘਰ 'ਚੋਂ ਅੱਕੀ ਮਾਂ ਬਾਹਰ ਆ ਗਈ ।

"ਪੁੱਤ, ਅਕਲ ਕਰੀਦੀ ਆ—ਜਾਹ ਘਰ ਆਪਣੇ ਸੌਂ ਜਾ ਕੇ ਖਰੂਦ ਨ੍ਹੀ ਕਰੀਦਾ । ਗੱਲ ਵਧ ਜੂ ਗੀ ।" ਮਾਈ ਨੇ ਕਾਬਲ ਨੂੰ ਸਮਝਾਇਆ ।

"ਬੁੜੀਏ ਕੌਣ ਸਾਲਾ ਵਾਲ ਵਿੰਗਾ ਕਰਨ ਆਲਾ ਅੱਜ ਦਿਨ ? ਮਖਾਂ ਡਕਰੇ ਕਰ ਦੂੰ ਰਖ ਕੇ ਰਖ—ਕੌਣ ਸਾਡੇ ਪ੍ਰਛਾਮੇਂ ਕੰਨੀ ਦੇਖਣ ਆਲਾ ? ਜਾ ਕੇ ਮਾਲ ਸਾਂਭ ਆਪਣਾ ਰਸਾ ਤੜਾਉਂਦਾ ਐ ।" ਕਾਬਲ ਤਾਂ ਨਗੌਰੀ ਬਣੀ ਖੜਾ ਸੀ—ਮਾਈ ਮਸੋਸ ਕੇ ਰਹਿ ਗਈ ।

......ਸੂਰਜ ਸਾਧਾਂ ਦੇ ਡੇਰੇ ਪਿਛੇ ਗੋਡੀ ਮਾਰ ਗਿਆ ਸੀ । ਕੱਚੇ ਘਰਾਂ 'ਚ ਦੀਵੇ ਜਗ ਪਏ ਸਨ । ਇਕ ਅੱਧ ਓਪਰਾ ਬੰਦਾ ਪਿੰਡ ਵਿਚ ਆ ਜਾ ਰਿਹਾ ਸੀ, ਰਿਸ਼ਤੇਦਾਰੀ ਵਿਚ । (ਪੂਰਾ ਮਰਦ : 3)

ਇਥੇ ਨਿੱਕੀਆਂ-ਨਿੱਕੀਆਂ ਬੁਰਛ ਛੁਹਾਂ ਵਾਂਗ ਲੇਖਕ ਨੇ ਪੁਆਧ ਦੇ ਇਕ ਪਿੰਡ ਦਾ ਮਾਹੌਲ ਬੜੀ ਖ਼ੂਬੀ ਨਾਲ ਉਸਾਰਨ ਦਾ ਉਪਰਾਲਾ ਕੀਤਾ ਹੈ । ਨਸ਼ਈ ਹੋਇਆ ਕਾਬਲ ਪੁਆਧੀ ਦੀ ਹੀ ਬੋਲੀ ਪਾ ਰਿਹਾ ਹੈ ਅਤੇ ਉਸ ਦਾ ਅੱਕੀ ਮਾਂ ਨਾਲ ਵਾਰਤਾਲਾਪ ਠੇਠ ਪੁਆਧੀ ਮੁਹਾਵਰੇ ਵਿਚ ਹੈ । ਇਥੋਂ ਤਕ ਕਿ ਸੂਰਜ ਦੇ ਛਿਪਣ ਦਾ ਦ੍ਰਿਸ਼ ਵੀ ਇਸੇ ਇਲਾਕੇ ਦੇ ਪ੍ਰਮਾਣਿਕ ਮਾਹੌਲ ਦੀ ਉਸਾਰੀ ਕਰਨ ਵਲ ਰੁਚਿਤ ਹੈ । ਇਉਂ ਉਪਭਾਸ਼ਾਈ ਸਭਿਆਚਾਰਕ ਮਾਹੌਲ ਕਹਾਣੀ ਦੇ ਗਲਪ-ਜਗਤ ਨੂੰ ਪੁਆਧ ਦੇ ਪਛਾਣਯੋਗ ਬਿੰਬ ਵਿਚ ਢਾਲ ਦਿੰਦਾ ਹੈ । ਸੁਹਿਰਦਤਾ ਅਤੇ ਮੋਹ ਨਾਲ ਉਸਾਰਿਆ ਗਿਆ ਇਹ ਸ਼ਬਦ-ਚਿਤਰ ਪੁਆਧ ਨਾਲ ਸੰਬੰਧਿਤ ਆਂਚਲਿਕ ਗਲਪ ਦੀ ਉਸਾਰੀ ਵਲ ਪੁਟਿਆ ਗਿਆ ਪਹਿਲ ਕਦਮ ਮੰਨਿਆ ਜਾ ਸਕਦਾ ਹੈ । ਇਸ ਕਿਸਮ ਦੀ ਆਂਚਲਿਕਤਾ ਦਾ ਗੂੜ੍ਹਾ ਰੰਗ 'ਥੋਹਰ' ਕਹਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਵਿਚ ਵੀ ਦੇਖਿਆ ਜਾ ਸਕਦਾ ਹੈ—

"ਪੰਡਤ ਖ਼ੁਸ਼ੀ ਰਾਮ ਨੰਬਰਦਾਰ ਪਰ੍ਹਾਂ ਨਵਾਰੀ ਪਲੰਗ ਤੇ ਚੌਕੜਾ ਮਾਰੀ ਕਿਸੇ ਜੇਤੂ ਵਾਂਗ ਬਿਫਰਿਆ ਬੈਠਾ ਸੀ । ਪਲੰਗ ਦੇ ਲਾਗੇ ਬਾਹੀਆਂ ਦਾ ਆਸਰਾ ਲੈ ਪੰਜ ਸੱਤ ਪੰਡਤ ਜੀ ਦੇ ਚੇਲੇ ਨਸ਼ਾ ਪੱਤਾ ਕਰ ਰਹੇ ਸਨ ।

"ਪੰਡਤ ਜੀ ਆਹ ਤਾ ਕਿੱਲਾ ਗੱਡਤਾ ਗੱਜੂ ਨਾ ਥੋਡੀ ਮਿਹਰ ਨਾਲ' ਕਿਸੇ ਆਉਣ ਵਾਲੇ ਪੰਡਤ ਜੀ ਦੇ ਪੈਰ ਛੂਹੇ ।

"ਪੰਡਤ ਊਈਂ ਤਾਂ ਨ੍ਹੀ ਬਣੇ ਫਿਰਦੇ--ਸਰਕਾਰ ਗੋਰੀ ਨਾ ਲੰਬੜਦਾਰੀ ਵੀ ਗੈਲ ਦਿੱਤੀ ਐ—ਮਾੜੇ ਧੀੜੇ ਨੂੰ ਲੰਬੜ ਬਣਾਉਂਦਾ ਐ ਕੋਈ ਸਾਲਾ ।" ਪੰਡਤ ਜੀ ਦੇ ਪੈਰ ਘੁਟਦਿਆਂ ਕਿਸੇ ਨੇ ਕਿਹਾ ।

ਸਿਫ਼ਤ ਸੁਣਦਿਆਂ ਪੰਡਤ ਜੀ ਕਿਰਲੇ ਵਾਂਗ ਆਕੜ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪੰਡਤ ਜੀ ਕਹਿਆਣ ਕਰਦਾ ਸਾਲਿਆਂ ਫਰਿਆੜਾਂ ਦਾ—ਵਡੇ ਨਾਢੂ ਖਾਂ—ਪਿੰਡ ਮਾਂ ਬੜ੍ਹਕਾਂ ਮਾਰਦੇ ਫਿਰਦੇ ਤੇ ਕਲ੍ਹ ਤਾਈਂ—ਮਖਾਂ ਅੱਜ ਅੱਖ ਮਾਂ ਪਾਉਣ ਨੂੰ ਨ੍ਹੀ ਰੜ੍ਹਦੇ"—ਸੇਵਕ ਦਾ ਇਸ਼ਾਰਾ ਗੱਜੂ ਦੇ ਭਾਈ ਭਤੀਜਿਆਂ ਵਲ ਸੀ ।

(ਪੂਰਾ ਮਰਦ : ਪੰਨਾ 16)

ਇਥੇ ਧਿਆਨਯੋਗ ਗਲ ਇਹ ਹੈ ਕਿ ਕਹਾਣੀ ਵਿਚਲੇ ਬਿਰਤਾਂਤਕ (narrator) ਦੀ ਭਾਸ਼ਾ ਕੇਂਦਰੀ ਟਕਸਾਲੀ ਪੰਜਾਬੀ ਹੈ ਜਦੋਂ ਕਿ ਪਾਤਰਾਂ ਦੀ ਵਾਰਤਾਲਾਪ ਪੁਆਧੀ ਉਪ ਭਾਸ਼ਾ ਦੇ ਪ੍ਰਮਾਣਿਕ ਮੁਹਾਵਰੇ ਵਿਚ । ਇਉਂ ਪੁਆਧੀ ਦੇ ਕਥਾ ਜਗਤ ਵਿਚ ਆਂਚਲਿਕਤਾ ਦਾ ਤੱਤ ਇਲਾਕਾਈ ਰੰਗਤ ਨੂੰ ਤਾਂ ਉਘਾੜਦਾ ਹੈ ਪਰ ਪੰਜਾਬੀ ਦੇ ਸਾਧਾਰਣ ਪਾਠਕਾਂ ਲਈ ਸੰਚਾਰ ਦੀਆਂ ਦਿੱਕਤਾਂ ਨਹੀਂ ਖੜੀਆਂ ਕਰਦਾ ।

ਨਵਤੇਜ ਦੇ ਕਥਾ ਜਗਤ ਦਾ ਵਿਸ਼ਾ ਖੇਤਰ ਪੰਜਾਬ ਦੇ ਪੇਂਡੂ ਜੀਵਨ ਦੇ ਸਾਮਾਜਿਕ ਅਤੇ ਸਭਿਆਚਾਰਕ ਮਾਹੌਲ ਨਾਲ ਸੰਬੰਧ ਰਖਦਾ ਹੈ । ਉਹ ਆਮ ਲੋਕਾਂ ਦੇ ਨਿਤਾਪ੍ਰਤਿ ਦੇ ਅਨੁਭਵ ਅਤੇ ਯਥਾਰਥ ਨਾਲ ਗਲਪੀ ਸਰੋਕਾਰ ਜੋੜਨ ਦੀ ਚੇਸ਼ਟਾ ਕਰਦਾ ਹੈ । ਪਰ ਇਸ ਪੇਂਡੂ ਜੀਵਨ ਦੇ ਮਾਹੌਲ ਵਿਚੋਂ ਉਹ ਇਕ ਖ਼ਾਸ ਵਰਗ ਨੂੰ ਪਾਤਰ ਚਿਤ੍ਰਣ ਅਤੇ ਪਾਤਰ ਉਸਾਰੀ ਲਈ ਚੁਣਦਾ ਹੈ । ਇਹ ਵਰਗ ਪਿੰਡ ਦੇ ਸਾਧਾਰਣ ਲੋਕਾਂ ਦੀ ਨਜ਼ਰ ਵਿਚ ਆਮ ਤੌਰ ਤੇ ਨਫ਼ਰਤ ਜਾਂ ਡਰ ਪੈਦਾ ਕਰਨ ਵਾਲਾ ਵਰਗ ਹੈ, ਜਿਸ ਵਿਚ ਅਮਲੀ, ਸ਼ਰਾਬੀ, ਵੈਲੀ ਜਾਂ ਦਸ ਨੰਬਰੀਏ ਬਦਮਾਸ਼ ਆ ਜਾਂਦੇ ਹਨ । ਇਹਨਾਂ ਪਾਤਰਾਂ ਨੂੰ ਲੇਖਕ ਨੇ ਨਾਇਕੀ ਜਾਂ ਖਲਨਾਇਕੀ ਦੇ ਰਵਾਇਤੀ ਮਾਡਲ ਅਨੁਸਾਰ ਪੇਸ਼ ਨਹੀਂ ਕੀਤਾ ਸਗੋਂ ਨਿਰਪੱਖ/ਸੁਹਿਰਦ ਦ੍ਰਿਸ਼ਟੀ ਤੋਂ ਸਮਾਜ ਦੇ ਇਸ ਤ੍ਰਿਸ਼ਕਾਰਤ ਵਰਗ ਦੀ ਮਾਨਸਿਕਤਾ ਦਾ ਗਲਪ ਦੀ ਪੱਧਰ ਉਤੇ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ ਹੈ । ਇਉਂ ਕਰਦਿਆਂ ਉਹ ਅਚੇਤ ਹੀ ਸਾਮਾਜਿਕ-ਆਰਥਿਕ ਵਿਵਸਥਾ ਦੇ ਵਿਚਾਰਧਾਰਾਈ ਪਰਿਪੇਖ ਨੂੰ ਵੀ ਉਜਾਗਰ ਕਰ ਜਾਂਦਾ ਹੈ । ਮਿਸਾਲ ਵਜੋਂ ਨਵਤੇਜ ਦੇ ਪਹਿਲੇ ਕਹਾਣੀ-ਸੰਗ੍ਰਹਿ 'ਗਊ ਤੇ ਸ਼ਰਾਬ' ਵਿਚਲੀ ਕਹਾਣੀ 'ਡੁਬਦਾ ਸੂਰਜ' ਦੇਖੀ ਜਾ ਸਕਦੀ ਹੈ । ਇਹ ਕਹਾਣੀ ਦਾ ਮੁਖ-ਪਾਤਰ ਜਗੀਰਾ ਆਵਾਰਾਗਰਦੀ ਅਤੇ ਵੈਲਦਾਰੀ ਵਿਚ ਨਵਾਂ-ਨਵਾਂ ਪੈਰ ਪਾ ਰਿਹਾ, ਪਿੰਡ ਦਾ ਸਾਧਾਰਣ ਬਦਮਾਸ਼ ਹੈ, ਜੋ ਦਾਰੂ ਪੀ ਕੇ ਖਰੂਦ ਕਰਦਾ ਹੈ ਅਤੇ ਇਸ ਵਿਚ ਨਮੋਸ਼ੀ ਨਹੀਂ ਸਗੋਂ ਸ਼ਾਨ ਸਮਝਦਾ ਹੈ । ਕਹਾਣੀ ਦੇ ਆਰੰਭ ਵਿਚ ਇਸੇ ਕਿਸਮ ਦਾ ਦ੍ਰਿਸ਼ ਬਿਆਨ ਕੀਤਾ ਹੈ—

"ਅਸੀਂ ਹੋ ਕੇ ਸ਼ਰਾਬੀ ਜਾਣਾ ਨਿਤ ਘਰ ਬਨਤੋ ਦੇ ।"

ਸ਼ਰਾਬੀ ਜਗੀਰਾ ਬਾਂਹ ਉੱਚੀ ਚੁਕ ਬੋਲੀ ਪਾ ਕਲ੍ਹੈਰੀ ਵਾਂਗ ਭੌਂ ਗਿਆ ।

"ਦੇਖਿਆਂ ਸਬਰ ਨਾ ਆਵੇ, ਓ ਯਾਰਾ ਤੇਰਾ ਘੁਟ ਭਰ ਲਾਂ ।"

"ਯਾਰਾ ਮੇਰਿਆ ਨਾਲੇ ਆਪਣੀ ਮਾਂ ਦਿਆ ਓਏ......।" ਤੇ ਜਗੀਰੇ ਨੇ ਮੂੰਹ ਤੇ ਹੱਥ ਧਰ ਬਕਰਾ ਬੁਲਾ ਦਿਤਾ । ਉਹ ਅਕਸਰ ਸ਼ਰਾਬੀ ਹੋ ਕੇ ਆਪਣੇ ਮਿੱਤਰ ਨੂੰ ਇਹੋ ਗਾਲ੍ਹ ਕੱਢਦਾ ਸੀ । ਭਾਵੇਂ ਉਸ ਦਾ ਮਿੱਤਰ ਹੁਣ ਉਸ ਦੇ ਪਾਸ ਨਹੀਂ ਸੀ ।"

(ਗਊ ਤੇ ਸ਼ਰਾਬ : ਪੰਨਾ 39)

ਕਹਾਣੀ ਦੇ ਵਿਸਤਾਰ ਵਿਚ ਇਸ ਪਾਤਰ ਨੂੰ ਜਦੋਂ ਆਪਣੇ ਇਕ ਹੋਰ ਮਿੱਤਰ 'ਪਿਆਰੇ' ਦੇ ਦਸ ਨੰਬਰੀਆ ਬਦਮਾਸ਼ ਹੋਣ ਬਾਰੇ ਪਤਾ ਚਲਦਾ ਹੈ ਤਾਂ ਉਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਵਿਚ ਵੀ ਅਜਿਹਾ ਹੀ ਬਣਨ ਦੀ ਲਾਲਸਾ ਪੈਦਾ ਹੋ ਜਾਂਦੀ ਹੈ । ਕਾਰਨ ਇਹ ਸੀ ਕਿ ਇਕ ਦਿਨ ਜਗੀਰੇ ਨੇ ਪਿਆਰੇ ਨੂੰ ਸਿਪਾਹੀਆਂ ਦੇ ਨਾਲ ਬੜੀ ਟੌਰ ਨਾਲ ਜਾਂਦਿਆਂ ਦੇਖ ਲਿਆ ਸੀ । ਚਾਹ ਵਾਲੇ ਮਸਤ ਨੇ ਉਸ ਨੂੰ ਆਖਿਆ ਸੀ—"ਕਿਆ ਸੋਚਦਾ ਐਂ ਜਗੀਰ ਸਿਆਂ—ਟੌਰ ਦੇਖੀ ਜਣੇ ਦੀ ? ਥਾਣੇਦਾਰ ਨਾਲੋਂ ਵੀ ਵੱਧ ਕੇ ਐ । ਊਈਂ ਨ੍ਹੀ ਦਸ ਨੰਬਰੀਆ ਬਦਮਾਸ਼ ਐ—ਜਣਾ ਖਣਾ ਭੈ ਖਾਂਦਾ ਐ ।" ਇਉਂ ਪਿਆਰੇ ਦੀ 'ਟੌਰ' ਭਰੀ ਜ਼ਿੰਦਗੀ ਤੋਂ ਪ੍ਰੇਰਿਤ ਹੋ ਕੇ ਜਗੀਰਾ ਵੀ ਦਸ ਨੰਬਰੀਆ ਬਨਣ ਦੇ ਰਾਹ ਤੁਰ ਪੈਂਦਾ ਹੈ । ਉਹ ਰਾਹ ਜਾਂਦੇ ਸਰਪੰਚ ਨੂੰ ਕੱਥਾ ਬੋਲਦਾ ਹੈ ਅਤੇ ਝੂਠੀਆਂ ਫੜ੍ਹਾਂ ਵੀ ਮਾਰਦਾ ਹੈ—"ਸਾਲਾ ਖੜਪੰਚੀ ਦਾ ਮੁਕਬਰ । ਰਚਨੇ ਵਰਗੇ ਵਢਤੇ ਤੇ ਆਪਾਂ ਤਾਂ ਕੋਈ ਕੁਝ ਵਗਾੜ ਨਹੀਂ ਸਕਿਆ—ਹੁਣ ਤੈਂ ਕਿਆ ਮੱਕੂ ਬਨ੍ਹਾਉਣਾ ਐ ਮੇਰਾ...ਓਏ ਮੈਂ ਬਦਮਾਸ਼ ਦਸ ਨੰਬਰੀਆ ਵੈਲੀ । ਤੂੰ ਖੜਪੰਚਾ ਸਾਲਿਆ ਮੇਰਿਆ ਓਏ ਕਿਹੜੇ ਬਾਗ ਦੀ ਮੂਲੀ ਐਂ ?

(ਗਊ ਤੇ ਸ਼ਰਾਬ : ਪੰਨਾ 42)

ਪਰ ਜਦੋਂ ਜਗੀਰੇ ਨੂੰ ਦਸ ਨੰਬਰੀਏ ਹੋਣ ਦੀ ਅਸਲੀਅਤ ਦਾ ਭੇਤ ਖੁਲ੍ਹਦਾ ਹੈ ਤਾਂ ਵੈਲਪੁਣੇ ਦੀ ਫੋਕੀ 'ਟੌਰ' ਦਾ ਪਤਾ ਚਲ ਜਾਂਦਾ ਹੈ । ਉਸ ਦਾ ਦਸ ਨੰਬਰੀਆ ਮਿੱਤਰ ਵੀ ਉਸ ਨੂੰ ਵਿਅੰਗ ਕਰਦਾ ਹੈ :

"ਚੰਗਾ ਤੂੰ ਵੀ ਦੇਖ ਲਾ ਸੁਆਦ ਦਸ ਨੰਬਰ ਦਾ ।" ਪਿਆਰੇ ਨੇ ਜੁੱਤੀ ਵਿਚ ਪਰੈਣੀ ਫੇਰਦਿਆਂ ਕਿਹਾ ।

"ਹੋਰ ਸਾਰੇ ਨੰਬਰ ਉਤਰ ਜਾਂਦੇ ਐ । ਪਰ ਐਹ ਦਸ ਨੰਬਰ ਮੜ੍ਹੀਆਂ ਤਕ ਬੰਦੇ ਦਾ ਪਿੱਛਾ ਨਹੀਂ ਛੱਡਦੇ ।

(ਗਊ ਤੇ ਸ਼ਰਾਬ : ਪੰਨਾ 44)

'ਪੂਰਾ ਮਰਦ' ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ—ਧੌਲ ਧਰਮ, ਸਿਰ ਦਾ ਮੁੱਲ, ਪੀੜਾਂ ਦਾ ਰੰਗ, ਸੁਪਨੇ, ਧੀਆਂ ਭੈਣਾਂ, ਪੂਰਾ ਮਰਦ, ਲਕੀਰ ਆਦਿ ਸਾਰੀਆਂ ਹੀ ਕਿਸੇ ਨਾ ਕਿਸੇ ਰੂਪ ਵਿਚ ਇਸੇ ਵਰਗ ਦੇ ਪਾਤਰਾਂ ਦੀ ਮਾਨਸਿਕਤਾ ਨੂੰ ਫਰੋਲਣ ਦਾ ਜਤਨ ਕਰਦੀਆਂ ਦਿਖਾਈ ਦਿੰਦੀਆਂ ਹਨ । ਪਿੰਡ ਦੇ ਗਲੀ ਮੁਹੱਲਿਆਂ ਵਿਚ ਦਾਰੂ ਪੀ ਕੇ ਖਰੂਦ ਕਰਦੇ, ਬੋਲੀਆਂ ਪਾਉਂਦੇ, ਬਕਰੇ ਬਲਾਉਂਦੇ ਇਹਨਾਂ ਪਾਤਰਾਂ ਦੀ ਮਨੋਸਥਿਤੀ ਕੁਰਾਹੇ ਪਈ ਅਣਖ ਮਾਣ ਮਰਯਾਦਾ ਜਾਂ ਟੌਰ ਦੀ ਪੈਦਾਵਾਰ ਹੈ ਜਿਸ ਵਿਚ ਅੰਤਾਂ ਦਾ ਜੋਸ਼ ਅਤੇ ਖਾੜਕੂਪਨ ਝਲਕਦਾ ਹੈ । ਇਹ ਖਾੜਕੂਪਨ ਅਸਲ ਵਿਚ ਜਾਗੀਰਦਾਰੀ ਅਰਥ-ਵਿਵਸਥਾ ਦੀ ਉਪਜ ਹੈ ਜਿਸ ਦੇ ਅੰਤਰਗਤ ਹਾਕਮ ਸ਼੍ਰੇਣੀ ਆਪਣਾ ਦਬਦਬਾ ਕਾਇਮ ਰਖਣ ਲਈ ਤਾਕਤ ਦਾ ਵਿਖਾਵਾ ਕਰਨ ਵਾਲੇ ਵਰਤਾਰੇ ਨੂੰ ਪ੍ਰੋਤਸਾਹਨ ਦਿੰਦੀ ਸੀ । ਦਲਿਤ ਵਰਗ ਦੇ ਅਖੌਤੀ 'ਕੰਮੀ ਕਮੀਣ' ਲੋਕਾਂ ਨੂੰ ਇਸ ਕਿਸਮ ਦੇ ਦਾਬੇ ਦਾ ਵਧੇਰੇ ਸ਼ਿਕਾਰ ਹੋਣਾ ਪੈਂਦਾ ਸੀ । ਪਿੰਡ ਦੇ ਜੀਵਨ ਵਿਚ ਇਹ 'ਖਾੜਕੂ-ਪੁਣਾ' ਕਈ ਵਾਰੀ ਜ਼ਮੀਨ ਜਾਇਦਾਦ ਜਾਂ ਮਾਣ ਮਰਯਾਦਾ ਦੇ ਕਿਸੇ ਨਿਗੂਣੇ ਜਿਹੇ ਮਸਲੇ ਨੂੰ ਲੈ ਕੇ ਵੀ ਪੁਸ਼ਤ ਦਰ ਪੁਸ਼ਤ ਦੁਸ਼ਮਣੀ ਦਾ ਰੂਪ ਧਾਰ ਲੈਂਦਾ ਹੈ ਤੇ ਇਉਂ ਕਤਲੋਗਾਰਤ ਤੇ ਮੁਕਦਮੇਬਾਜ਼ੀ ਦਾ ਸਿਲਸਿਲਾ ਤੁਰ ਪੈਂਦਾ ਹੈ । ਨਵਤੇਜ ਦੀਆਂ ਕਹਾਣੀਆਂ ਇਸੇ ਕਿਸਮ ਦੇ 'ਖਾੜਕੂਪੁਣੇ' ਦੀ ਵਿਨਾਸ਼ਕਾਰੀ ਲੀਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਪ੍ਰਦਰਸ਼ਿਤ ਕਰਦੀਆਂ ਦਿਖਾਈ ਦਿੰਦੀਆਂ ਹਨ । ਪਰ ਇਸ ਦਾ ਅਰਥ ਇਹ ਨਹੀਂ ਕਿ ਉਸ ਦੀਆਂ ਸਾਰੀਆਂ ਕਹਾਣੀਆਂ ਇਸੇ ਹੀ ਥੀਮ ਨੂੰ ਦੁਹਰਾਉਂਦੀਆਂ ਹਨ । ਸੱਚ ਤਾਂ ਇਹ ਹੈ ਨਵਤੇਜ ਪੁਆਧੀ ਦੇ ਕਥਾ-ਜਗਤ ਵਿਚ ਇਹ ਕੁਰਾਹੇ ਪਈ ਖਾੜਕੂ ਬਿਰਤੀ ਵੱਖ-ਵੱਖ ਸਥਿਤੀਆਂ ਵਿਚ ਵਖੋ ਵਖਰੇ ਥੀਮਕ ਪ੍ਰਬੰਧਾਂ ਨੂੰ ਜਨਮ ਦਿੰਦੀ ਹੈ । ਇਕੋ ਵਿਸ਼ੈ ਖੇਤਰ ਵਿਚ ਉਹ ਵਿਸ਼ੈ-ਅੰਤਰ (thematic variation) ਕਰਨ ਦੀ ਸਫਲ ਚੇਸ਼ਟਾ ਕਰਦਾ ਹੈ । ਇਥੇ ਇਕ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਜਾਪਦੀ ਹੈ । ਅਸੀਂ ਜਿਸ ਖਾੜਕੂਪੁਣੇ ਦਾ ਜ਼ਿਕਰ ਇਥੇ ਕੀਤਾ ਹੈ ਉਸ ਦਾ ਸਮਕਾਲੀ ਖਾੜਕੂ ਲਹਿਰ ਨਾਲ ਕੋਈ ਸੰਬੰਧ ਨਹੀਂ ਜੋ ਹਥਿਆਰਬੰਦ ਢੰਗ ਨਾਲ ਰਾਜਸੀ ਮਨੋਰਥ ਨੂੰ ਪੂਰਾ ਕਰਨ ਲਈ ਚਲਾਇਆ ਜਾ ਰਿਹਾ ਹੈ । ਨਵਤੇਜ ਦੀਆਂ ਕਹਾਣੀਆਂ ਵਿਚਲੇ ਪਾਤਰ ਦਿਸ਼ਾਹੀਣ ਖਾੜਕੂ ਬਿਰਤੀ ਦੇ ਧਾਰਨੀ ਹਨ ਜੋ ਜਾਗੀਰਦਾਰੀ ਵਿਵਸਥਾ ਦੀ ਰਹਿੰਦ-ਖੂੰਹਦ ਦੀ ਉਪਜ ਹਨ । ਪੰਜਾਬ ਦੀ ਇਤਿਹਾਸਕ ਸਥਿਤੀ ਨਿਰੰਤਰ ਹਮਲਿਆਂ ਦਾ ਟਾਕਰਾ ਕਰਨ ਦੀ ਸਥਿਤੀ ਰਹੀ ਹੈ ਜਿਸ ਨੇ ਪੰਜਾਬੀਆਂ ਦੇ ਸੁਭਾ ਵਿਚ ਬੀਰਤਾ, ਬਹਾਦਰੀ ਅਤੇ ਖਾੜਕੂਪੁਣੇ ਦੇ ਬੀਜ ਬੀਜ ਦਿਤੇ ਹਨ । ਇਹੀ ਕਾਰਣ ਹੈ ਕਿ ਸਾਂਝੇ ਦੁਸ਼ਮਣ ਦਾ ਟਾਕਰਾ ਕਰਨ ਲਈ ਵੀ ਇਹੀ ਖਾੜਕੂ ਬਿਰਤੀ ਕੰਮ ਆਉਂਦੀ ਹੈ । 'ਪੂਰਾ ਮਰਦ' ਕਹਾਣੀ-ਸੰਗ੍ਰਹਿ ਵਿਚਲੀ ਕਹਾਣੀ 'ਧੌਲ ਧਰਮ' ਨਸ਼ਈ ਕਾਬਲ ਦੇ ਵਿਅਕਤੀਗਤ ਖਾੜਕੂਪੁਣੇ ਨੂੰ ਦੇਸ਼ ਲਈ ਮਰ ਮਿਟਣ ਵਾਲੇ ਖਾੜਕੂ ਯੋਧੇ ਦੇ ਰੂਪ ਵਿਚ ਪਰਿਵਰਤਿਤ ਹੁੰਦਿਆਂ ਦਰਸਾਉਂਦੀ ਹੈ । ਕਾਬਲ ਦਾ ਦਿਸ਼ਾਹੀਣ ਖਾੜਕੂਪੁਣਾ ਧਰਮੀ ਪਿਤਾ (ਬਾਪੂ ਬਿਸ਼ਨ ਸਿੰਘ) ਦੀਆਂ ਡਾਂਗਾਂ ਖਾ ਕੇ ਸਹੀ ਦਿਸ਼ਾ ਵਲ ਮੁੜ ਜਾਂਦਾ ਹੈ ਅਤੇ ਉਹ ਪਿੰਡ ਦੇ ਲੋਕਾਂ ਲਈ ਹੀ ਨਹੀਂ ਦੇਸ਼ ਲਈ ਜਾਨ ਵਾਰ ਕੇ ਸ਼ਹੀਦ ਦਾ ਰੁਤਬਾ ਹਾਸਿਲ ਕਰ ਲੈਂਦਾ ਹੈ ।

ਨਵਤੇਜ ਦੇ ਕਥਾ-ਜਗਤ ਵਿਚ ਇਹੋ ਜਿਹੇ ਅੜਬ ਅੱਖੜ ਅਤੇ ਵੈਲੀ ਬੰਦਿਆਂ ਦੀ ਮਾਨਸਿਕਤਾ ਦੇ ਅਨੇਕਾਂ ਪਹਿਲੂਆਂ ਨੂੰ ਚਿਤਰਿਆ ਗਿਆ ਹੈ । ਉਹ ਇਹਨਾਂ ਵੈਲੀਆਂ, ਡਕੈਤਾਂ ਦੇ ਦਿਸ਼ਾਹੀਣ ਵਿਨਾਸ਼ਕਾਰੀ ਜੋਸ਼ ਨੂੰ ਕਈ ਵਾਰੀ ਵਿਅੰਗ ਅਤੇ ਕਟਾਖ਼ਸ਼ ਨਾਲ ਵੀ ਪੇਸ਼ ਕਰਦਾ ਹੈ । ਮਿਸਾਲ ਵਜੋਂ 'ਪੀੜਾਂ ਦਾ ਰੰਗ' ਕਹਾਣੀ ਦੇਖੀ ਜਾ ਸਕਦੀ ਹੈ । ਕਹਾਣੀ ਦਾ ਮੁਖ-ਪਾਤਰ ਦੀਨਾ ਤਾਂਗੇ ਵਾਲਾ ਆਪਣੇ ਪਿੰਡ ਦੀਆਂ ਸਵਾਰੀਆਂ ਲੈ ਕੇ ਸ਼ਹਿਰ ਜਾ ਰਿਹਾ ਹੈ । ਇਹ ਸਵਾਰੀਆਂ 'ਕਾਲੀਆਂ' ਦੇ ਪਰਿਵਾਰ ਦੀਆਂ ਸਨ ਜਿਹਨਾਂ ਦੇ ਇਕ ਮੁੰਡੇ ਨੇ ਪਿੰਡ ਦਾ ਹੀ ਇਕ ਬੰਦਾ ਕਤਲ ਕਰ ਦਿਤਾ ਸੀ । ਕਤਲ ਦੇ ਮੁਕਦਮੇ ਦਾ ਅੱਜ ਹੀ ਫ਼ੈਸਲਾ ਹੋਣ ਵਾਲਾ ਸੀ । ਕਤਲ ਹੋਏ ਬੰਦੇ ਦੇ ਭਰਾ ਭਤੀਜੇ ਵੀ ਇਸੇ ਟਾਂਗੇ ਵਿਚ ਬੈਠ ਜਾਂਦੇ ਹਨ ਜਿਸ ਦਾ ਪਤਾ ਬਾਦ ਵਿਚ ਚਲਦਾ ਹੈ—

"ਦੀਨੇ ਪਾਸ ਪਿੰਡ ਦੀਆਂ ਦੋ ਮੁੱਢ ਪਾਰਟੀਆਂ ਬੈਠੀਆਂ ਸਨ ਜਿਹਨਾਂ ਦੀ ਚਰਚਾ ਪੂਰੇ ਇਲਾਕੇ ਵਿਚ ਸੀ—ਕਦੇ ਉਹਨਾਂ ਦਾ ਕਤਲ ਹੁੰਦਾ, ਕਦੇ ਉਹਨਾਂ ਦਾ ਕੋਈ ਬੱਝ ਜਾਂਦਾ । ਪੁਸ਼ਤੋ ਪੁਸ਼ਤੀ ਦਾ ਵੈਰ ਦੀਨੇ ਦੇ ਨਵੇਂ ਤਾਂਗੇ ਵਿਚ ਲਦਿਆ ਸ਼ਹਿਰ ਦੀਆਂ ਪੁਰਾਣੀਆਂ ਕਚਹਿਰੀਆਂ ਵਲ ਜਾ ਰਿਹਾ ਸੀ, ਦੀਨੇ ਨੂੰ ਇਸ ਗੱਲ ਦਾ ਪੂਰਾ ਫ਼ਖ਼ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੀ ਕਿ ਦੋਹਾਂ ਧਿਰਾਂ ਨਾਲ ਉਸ ਦੀ ਪੂਰੀ ਸਾਂਝ ਸੀ। ਦੀਨੇ ਨੇ ਦੋਹਾਂ ਧਿਰਾਂ ਨਾਲ ਆਪਣੀ ਯਾਰੀ ਗੁਪਤ ਰਖੀ ਸੀ।''

(ਪੂਰਾ ਮਰਦ : ਪੰਨਾ 36)

ਕਹਾਣੀ ਦੇ ਅੰਤ ਉਤੇ ਜਦੋਂ 'ਕਾਲੀਆਂ' ਦਾ ਮੁੰਡਾ ਬਰੀ ਹੋ ਜਾਂਦਾ ਹੈ ਤਾਂ ਉਹ ਸ਼ਰਾਬੀ ਹੋਇਆ ਵਿਰੋਧੀ ਧਿਰ ਦੇ ਬੰਦਿਆਂ ਸਾਹਮਣੇ ਬਕਰਾ ਬੁਲਾ ਦਿੰਦਾ ਹੈ। ਦੋਵੇਂ ਧਿਰਾਂ ਠੇਕੇ ਤੇ ਆਪੋ ਆਪਣੀ ਜਿੱਤ/ਹਾਰ ਦਾ ਜਸ਼ਨ/ਸੋਗ ਮਨਾ ਰਹੀਆਂ ਸਨ। ਗੋਲੀਆਂ ਚਲਣ ਦੀ ਆਵਾਜ਼ ਆਉਂਦੀ ਹੈ। ਜਿਸ ਨੂੰ ਸੁਣ ਕੇ ਪਹਿਲਾਂ ਤਾਂ ਦੀਨਾਂ ਦੋਹਾਂ ਨੂੰ ਸਮਝਾਉਣ ਦੀ ਗੱਲ ਸੋਚਦਾ ਹੈ, ਪਰ ਫੇਰ ਉਸ ਦੇ ਮਨ ਵਿਚ ਇਸ ਭੇੜ ਵਿਚ ਨਾ ਆਉਣ ਦਾ ਵਿਚਾਰ ਆਉਂਦਾ ਹੈ ਤੇ ਉਹ ਸੋਚਦਾ ਹੈ —''ਐਹ ਜਟਵੈੜ ਤਾਂ ਨਿੱਤ ਇ ਮਾਰਦੀ ਰਹਿਣੀ ਐ ਦਾਰੂ ਪੀ ਕੇ'' ਤੇ ਉਹ ਘੋੜੇ ਨੂੰ ਛਾਂਟਾ ਮਾਰ ਕੇ ਪਿੰਡ ਵਲ ਤੋਰ ਲੈਂਦਾ ਹੈ।

ਨਵਤੇਜ ਦੀਆਂ ਕਹਾਣੀਆਂ ਵਿਚ ਇਹਨਾਂ ਖਰੂਦੀ ਪਾਤਰਾਂ ਨਾਲ ਟੱਕਰ ਲੈਣ ਵਾਲੇ ਬਹਾਦਰ ਪਾਤਰ ਵੀ ਹਨ ਜੋ ਪਿੰਡ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਆਬਰੋ ਲਈ ਡੱਟ ਖਲੋਂਦੇ ਹਨ। 'ਸਿਰ ਦਾ ਮੁੱਲ' ਕਹਾਣੀ ਇਸੇ ਕਿਸਮ ਦੀ ਸਥਿਤੀ ਨੂੰ ਮੂਰਤੀਮਾਨ ਕਰਦੀ ਹੈ। ਦੌਲਾ ਬਦਮਾਸ਼ ਗੈਲੇ ਦੀ ਗੁਆਂਢਣ ਕੁੜੀ ਮੀਤੋ ਨੂੰ ਚੁਕਣ ਆ ਪੈਂਦਾ ਹੈ ਜਿਸ ਨੂੰ ਰੋਕਣ ਲਈ ਗੈਲਾ ਬਲਦੀ ਭੱਠੀ ਵਿਚੋਂ ਲਕੜੀ ਚੁਕ ਕੇ ਬਦਮਾਸ਼ਾਂ ਪਿੱਛੇ ਭੱਜਦਾ ਹੈ ਤੇ ਕੁੜੀ ਨੂੰ ਛੁਡਾਉਣ ਵਿਚ ਕਾਮਯਾਬ ਹੋ ਜਾਂਦਾ ਹੈ। ਪਰ ਉਸ ਨੂੰ ਦੌਲੇ ਬਦਮਾਸ਼ ਨਾਲ ਮੱਥਾ ਲੈਣ ਦਾ ਮੁੱਲ ਵੀ ਤਾਰਨਾ ਪੈਂਦਾ ਹੈ। ਜੋ ਉਸ ਨੂੰ ਇਕ ਦਿਨ ਚੁਕ ਕੇ ਲੈ ਜਾਂਦੇ ਹਨ ਅਤੇ ਲੱਤਾਂ ਬਾਂਹਾਂ ਤੋੜ ਕੇ ਸੁੱਟ ਜਾਂਦੇ ਹਨ। ਹੁਣ ਗੈਲਾ ਆਪਣੇ ਫੌਜੀ ਭਰਾ ਦੀ ਸਹਾਇਤਾ ਨਾਲ ਦੌਲੇ ਨੂੰ ਸਬਕ ਸਿਖਾਉਣਾ ਚਾਹੁੰਦਾ ਹੈ। ਦੌਲਾ ਜਦੋਂ ਇਸ ਅਚਾਨਕ ਹਮਲੇ ਤੋਂ ਘਬਰਾ ਕੇ ਕਿਸੇ ਘਰ ਵਿਚ ਲੁਕ ਜਾਂਦਾ ਹੈ ਤਾਂ ਫੌਜੀ ਉਸ ਨੂੰ ਲੁਕੇ ਹੋਏ ਥਾਂ ਤੇ ਜਾ ਫੜਦਾ ਹੈ। ਗੈਲਾ ਦੌਲੇ ਨੂੰ ਮਾਰਨ ਲਈ ਕਿਰਪਾਨ ਸੂਤ ਲੈਂਦਾ ਹੈ, ਪਰ ਫੌਜੀ ਦੌਲੇ ਨੂੰ ਆਖਦਾ ਹੈ—''ਭੱਜ ਲਾ ਦੌਲਤ ਸਿਆਂ—ਪਿੱਛੇ ਮੁੜ ਕੇ ਨਾ ਦੇਖੀਂ—ਮੈਂ ਹੱਦਾਂ ਪਰ ਬੀ ਕਿਸੇ ਦੀ ਪਿੱਠ 'ਚ ਗੋਲੀ ਨੀ ਮਾਰੀ...''

ਇਉਂ ਨਵਤੇਜ ਪੁਆਧੀ ਦਾ ਕਥਾ-ਜਗਤ ਪੰਜਾਬ ਦੇ ਇਸ ਖ਼ਾਸ ਕਿਸਮ ਦੇ ਅੱਖੜ ਅੜਬ ਜਾਂ ਵੈਲੀ ਬਦਮਾਸ਼ ਵਰਗ ਨੂੰ ਉਹਨਾਂ ਦੇ ਕੁਰਾਹੇ ਪਏ ਜੋਸ਼ ਅਤੇ ਖਰੂਦੀ ਸਭਾ ਦਾ ਵਿਸ਼ਲੇਸ਼ਣ ਕਰਨ ਲਈ ਚੁਣਦਾ ਹੈ। ਪਰ ਅਜਿਹਾ ਕਰਦਿਆਂ ਉਹ ਪੇਂਡੂ ਸਮਾਜ ਅਤੇ ਸਭਿਆਚਾਰ ਦੇ ਕਈ ਮਹੱਤਵਪੂਰਣ ਪੱਖਾਂ ਅਤੇ ਪਹਿਲੂਆਂ ਨੂੰ ਵੀ ਮੂਰਤੀਮਾਨ ਕਰਨ ਵਿਚ ਕਾਮਯਾਬ ਹੁੰਦਾ ਹੈ। ਉਸ ਦੇ ਸਿਰਜੇ ਹੋਏ ਗਲਪ-ਜਗਤ ਵਿਚ ਪੁਆਧ ਦੇ ਕੁਦਰਤੀ ਅਤੇ ਮਨੁੱਖੀ ਮਾਹੌਲ ਦੀ ਰੰਗਤ ਅਤੇ ਖੁਸ਼ਬੂ ਆਪ ਮੁਹਾਰੇ ਪ੍ਰਗਟ ਹੁੰਦੀ ਹੈ। ਉਹ ਪੁਆਧੀ ਉਪਭਾਸ਼ਾਈ ਸਭਿਆਚਾਰ ਦਾ ਪ੍ਰਮਾਣਿਕ ਬੋਲ ਉਚਾਰਦਾ ਹੋਇਆ ਆਂਚਲਿਕ ਗਲਪ ਰਚਨਾ ਕਰਨ ਵਿਚ ਸਫਲ ਹੁੰਦਾ ਹੈ। ਇਹੀ ਉਸ ਦੇ ਕਥਾ ਜਗਤ ਦੀ ਗਲਪੀ ਵਿਲੱਖਣਤਾ ਦਾ ਮੂਲ ਆਧਾਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ

ਬਿਰਤਾਂਤ, ਮੂਲਰੂਪ ਵਿਚ ਪਾਤਰ, ਘਟਨਾ, ਸਥਿਤੀ ਅਤੇ ਮਾਹੌਲ ਦੇ ਮਾਧਿਅਮ ਰਾਹੀਂ ਕਥਾ ਦਾ ਪ੍ਰਬੰਧ ਉਸਾਰਨ ਦੀ ਜੁਗਤ ਹੈ। ਮੁਖ ਤੌਰ ਤੇ ਬਿਰਤਾਂਤ ਨੂੰ ਦੋ ਵਰਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ—ਇਤਿਹਾਸਕ ਬਿਰਤਾਂਤ ਅਤੇ ਗਲਪੀ ਬਿਰਤਾਂਤ। ਇਤਿਹਾਸਕ ਬਿਰਤਾਂਤ ਵਿਚ ਵਾਸਤਵਿਕ ਵਿਅਕਤੀਆਂ ਅਤੇ ਯਥਾਰਥਕ ਘਟਨਾਵਾਂ ਦਾ ਤੱਥ-ਮੂਲਕ ਵੇਰਵਾ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ। ਅਰਥਾਤ ਤੱਥ ਅਤੇ ਵਾਸਤਵਿਕਤਾ ਇਸ ਕਿਸਮ ਦੀ ਬਿਰਤਾਂਤ ਉਸਾਰੀ ਦਾ ਮੂਲ-ਆਧਾਰ ਹੈ। ਜਦੋਂ ਕਿ ਗਲਪੀ ਬਿਰਤਾਂਤ (ਜਾਂ ਬਿਰਤਾਂਤਕ ਗਲਪ) ਕਲਪਨਾ ਦੀ ਸਿਰਜਨਸ਼ੀਲਤਾ ਰਾਹੀਂ ਹੋਂਦ ਵਿਚ ਆਉਂਦਾ ਹੈ। ਦੋਹਾਂ ਵਿਚਲੀ ਬੁਨਿਆਦੀ ਸਾਂਝ ਘਟਨਾਵਾਂ ਅਤੇ ਸਥਿਤੀਆਂ ਨੂੰ ਕਾਲ ਦੇ ਪ੍ਰਵਾਹ ਵਿਚ ਰਖ ਕੇ ਸੰਗਠਿਤ ਕਰਨ ਵਿਚ ਉਜਾਗਰ ਹੁੰਦੀ ਹੈ। ਸਾਡਾ ਸਰੋਕਾਰ ਇਥੇ ਕੇਵਲ ਉਸ ਬਿਰਤਾਂਤਕ ਗਲਪ ਨਾਲ ਹੈ ਜੋ ਸ਼ਬਦਾਂ ਦੇ ਮਾਧਿਅਮ ਰਾਹੀਂ ਉਸਾਰਿਆ ਜਾਂਦਾ ਹੈ ਅਤੇ ਜਿਸ ਨੂੰ ਸਾਹਿਤ-ਸਭਿਆਚਾਰ ਦੇ ਅੰਤਰਗਤ ਰਖ ਕੇ ਦੇਖਿਆ, ਪਰਖਿਆ ਅਤੇ ਵਿਚਾਰਿਆ ਜਾਂਦਾ ਹੈ।

ਮਨੁੱਖੀ ਸਾਮਾਜਿਕ-ਸਭਿਆਚਾਰਕ ਵਰਤਾਰੇ ਅਤੇ ਵਿਹਾਰ ਵਿਚ ਬਿਰਤਾਂਤ ਦੀ ਅਤਿਅੰਤ ਸਾਰਥਕ ਅਤੇ ਮਹੱਤਵਪੂਰਣ ਭੂਮਿਕਾ ਰਹੀ ਹੈ। ਆਦਿ ਕਾਲ ਤੋਂ ਹੀ ਮਨੁੱਖ ਕਥਾ-ਕਹਾਣੀਆਂ ਦੇ ਅਨੇਕਾਂ ਸੰਗਠਨ ਉਸਾਰਦਾ ਅਤੇ ਸੰਚਾਰਦਾ ਰਿਹਾ ਹੈ। ਸਭਿਆਚਾਰ ਦੇ ਹੋਰਨਾਂ ਰੂਪ-ਪ੍ਰਬੰਧਾਂ ਵਾਂਗ ਬਿਰਤਾਂਤ ਵੀ ਜੀਵਨ ਅਤੇ ਯਥਾਰਥ ਨੂੰ ਅਰਥਾਂ ਦੇ ਸੰਗਠਨ ਵਿਚ ਢਾਲਣ ਦਾ ਉਪਰਾਲਾ ਮੰਨਿਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ ਕਿਸੇ ਵੀ ਸਮਾਜ ਅਤੇ ਸਭਿਆਚਾਰ ਦੇ ਯਥਾਰਥ-ਬੋਧ ਅਤੇ ਉਸ ਦੀ ਅਰਥ-ਉਤਪਾਦਨ ਪ੍ਰਕਿਰਿਆ ਦਾ ਰਹੱਸ ਲੱਭਣ ਲਈ ਉਸ ਦੇ ਸਿਰਜੇ ਹੋਏ ਪ੍ਰਮੁੱਖ ਤੇ ਪ੍ਰਤਿਨਿਧ ਬਿਰਤਾਂਤਾਂ ਦਾ ਅਧਿਐਨ ਜ਼ਰੂਰੀ ਹੈ।

ਮਨੁੱਖ ਜਾਤੀ ਦੇ ਹੁਣ ਤਕ ਦੇ ਸਮੁੱਚੇ ਇਤਿਹਾਸ ਵਿਚ ਬਿਰਤਾਂਤ ਦੇ ਅਨੇਕਾਂ ਰੂਪ ਤੇ ਰੂਪਕਾਰ ਹੋਂਦ ਵਿਚ ਆਏ ਹਨ। ਬਿਰਤਾਂਤ ਦੀ ਉਸਾਰੀ ਦਾ ਇਹ ਖੇਤਰ ਆਦਿਮ ਕਬੀਲਿਆਂ ਅਤੇ ਪ੍ਰਾਚੀਨ ਸਭਿਆਤਾਵਾਂ ਦੇ ਮੌਖਿਕ ਜਾਂ ਲਿਖਤੀ ਪੌਰਾਣਕ ਵਿਰਸੇ ਦੀਆਂ ਮਿਥਕ ਕਥਾਵਾਂ ਤੋਂ ਲੈ ਕੇ ਅਜੋਕੇ ਦੌਰ ਦੇ ਨਾਵਲ, ਨਿੱਕੀ ਕਹਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਅ-ਨਾਵਲ ਵਰਗੇ ਆਧੁਨਿਕ ਗਲਪ-ਬਿਰਤਾਂਤਕ ਰੂਪਾਂ ਤਕ ਫੈਲਿਆ ਹੋਇਆ ਹੈ। ਮਨੁੱਖ ਦੇ ਸਾਮਾਜਿਕ-ਸਭਿਆਚਾਰਕ ਇਤਿਹਾਸ ਦੇ ਸਮਵਿੱਥ ਰਖ ਕੇ ਦੇਖਿਆ ਜਾਵੇ ਤਾਂ ਬਿਰਤਾਂਤ ਦੇ ਇਹਨਾਂ ਭਿੰਨ-ਭਿੰਨ ਰੂਪਕਾਰਾਂ ਵਿਚ ਵੀ ਇਤਿਹਾਸਕ ਵਿਕਾਸ ਦੀ ਇਕ ਖ਼ਾਸ ਕਿਸਮ ਦੀ ਪ੍ਰਕਿਰਿਆ ਕਾਰਜਸ਼ੀਲ ਨਜ਼ਰ ਆਉਂਦੀ ਹੈ। ਮਿਸਾਲ ਵਜੋਂ ਜੇ ਮਹਾ ਕਾਵਿ ਰਜਵਾੜਾਸ਼ਾਹੀ ਅਤੇ ਕੁਲੀਨ ਵਰਗ ਦਾ ਬਿਰਤਾਂਤ ਹੈ ਤਾਂ ਨਾਵਲ ਅਜੋਕੇ ਸਰਮਾਇਆਦਾਰੀ ਪ੍ਰਬੰਧ ਦੀ ਉਪਜ ਹੈ। ਭਾਵੇਂ ਅਜੋਕੇ ਸਮੇਂ ਕਈ ਸਾਹਿਤ-ਚਿੰਤਕਾਂ ਨੇ ਸਾਹਿਤਕ ਕਿਰਤਾਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਲਈ ਰੂਪ ਜਾਂ ਰੂਪਾਕਾਰ ਦੇ ਪ੍ਰਵਰਗਾਂ (categovies) ਨੂੰ ਹੀ ਰੱਦ ਕਰਨ ਦਾ ਸੁਝਾਉ ਦਿਤਾ ਹੈ ਪਰ ਵਿਦਵਾਨਾਂ ਦੀ ਬਹੁ-ਸੰਮਤੀ ਅਜੇ ਵੀ ਹੱਕੀ ਤੌਰ ਤੇ ਰੂਪਾਕਾਰ ਨੂੰ ਇਤਿਹਾਸ ਦੇ ਪਰਿਪੇਖ ਨਾਲ ਜੋੜ ਕੇ ਗ੍ਰਹਿਣ ਕਰਨ ਦੇ ਹੱਕ ਵਿਚ ਹੈ। ਇਸ ਦਿਸ਼ਾ ਵਿਚ ਸੁਪ੍ਰਸਿੱਧ ਸਾਹਿਤ-ਚਿੰਤਕ ਨਾਰਥਰੋਪ ਫਰਾਈ (Northrop Frye) ਦੀ ਗਲਪ-ਵਿਧੀ ਦੇ ਆਧਾਰ ਤੇ ਕੀਤੀ ਗਈ ਵਰਗਵੰਡ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹੈ।

ਨਾਰਥੋਰਪ ਫਰਾਈ ਨੇ ਆਪਣੀ ਪੁਸਤਕ 'Anatomy of Criticism' ਵਿਚ ਵਿਸ਼ਵ ਦੇ ਸਮੂਹ ਗਲਪ-ਬਿਰਤਾਂਤਕ ਰੂਪਾਂ ਨੂੰ ਉਹਨਾਂ ਦੀ ਗਲਪ-ਵਿਧੀ ਅਨੁਸਾਰ ਵੰਡ ਕੇ ਵਿਚਾਰਨ ਦਾ ਸੁਝਾਉ ਪੇਸ਼ ਕੀਤਾ ਹੈ। ਇਹ ਅੰਤਰ-ਦ੍ਰਿਸ਼ਟੀ ਬਿਰਤਾਂਤ ਦੀ ਢੁਕਵੀਂ ਅਤੇ ਸਾਰਥਕ ਵਰਗ ਵੰਡ ਰਾਹੀਂ ਉਸ ਦੇ ਅਧਿਐਨ ਲਈ ਲੋੜੀਂਦਾ ਮੁੱਢਲਾ ਆਧਾਰ ਤਿਆਰ ਕਰਦੀ ਹੈ। ਫਰਾਈ ਨੇ ਮੁੱਖ ਤੌਰ ਤੇ ਪੰਜ ਪ੍ਰਕਾਰ ਦੀਆਂ ਗਲਪ-ਵਿਧੀਆਂ ਦੀ ਨਿਸ਼ਾਨ-ਦੇਹੀ ਕੀਤੀ ਹੈ। ਇਹ ਪੰਜ ਗਲਪ-ਵਿਧੀਆਂ ਹਨ। **1.** ਮਿਥ **(Myth)** **2.** ਰੋਮਾਂਸ **(Romance)** **3.** ਉੱਤਮ ਅਨੁਕਰਣ **(High Mimetic)** **4.** ਨਿਮਨ ਅਨੁਕਰਣ **Low Mimetic)** **5.** ਵਿਅੰਗ **(Inony)** ਇਹਨਾਂ ਗਲਪ ਵਿਧੀਆਂ ਨੂੰ ਉਸ ਨੇ ਮੁੱਖ-ਪਾਤਰ ਦੀ ਹੋਂਦ-ਵਿਧੀ ਸ਼ਕਤੀ ਜਾਂ ਸਮਰਥਾ ਅਤੇ ਉਸ ਦੇ ਪ੍ਰਕਿਰਤੀ ਤੇ ਸਮਾਜ ਨਾਲ ਰਿਸ਼ਤੇ ਦੇ ਆਧਾਰ ਤੇ ਨਿਖੇੜਨ ਦਾ ਉਪਰਾਲਾ ਕੀਤਾ ਹੈ। ਇਸ ਵਿਉਂਤ ਅਨੁਸਾਰ ਮਿਥ (ਜਾਂ ਪੁਰਾਣ ਕਥਾ) ਕਿਸੇ ਦੈਵੀ ਜਾਂ ਪਰਾਮਨੁੱਖੀ ਪਾਤਰ ਨੂੰ ਲੈ ਕੇ ਬਿਰਤਾਂਤ ਦੀ ਉਸਾਰੀ ਕਰਦੀ ਹੈ। ਇਸ ਪਾਤਰ ਦੇ ਰਸਤੇ ਵਿਚ ਨਾ ਤਾਂ ਪ੍ਰਕਿਰਤੀ ਦੇ ਨੇਮ ਰੁਕਾਵਟ ਪਾਉਂਦੇ ਹਨ ਅਤੇ ਨਾ ਹੀ ਸਾਮਾਜਿਕ ਪ੍ਰਬੰਧ ਦੀਆਂ ਨੈਤਿਕ ਮਰਯਾਦਾਵਾਂ ਵਿਘਨ ਪਾਉਂਦੀਆਂ ਹਨ। ਇਉਂ ਮਿੱਥ ਦਾ ਸੰਸਾਰ ਪਰਮਾਰਥ ਦਾ ਸੰਸਾਰ ਹੁੰਦਾ ਹੈ ਜੋ ਮਨੁੱਖ ਲਈ ਅੰਤਿਮ ਅਰਥਾਂ ਦਾ ਪ੍ਰਤੀਕ ਸਮਝਿਆ ਜਾ ਸਕਦਾ ਹੈ। ਮਿਥਕ ਬਿਰਤਾਂਤ ਸਾਹਿਤਕ ਖੇਤਰ ਤੋਂ ਬਾਹਰਲਾ ਜਾਂ ਪਾਰਲਾ ਬਿਰਤਾਂਤ ਹੈ। ਇਸ ਨੂੰ ਸਮੁੱਚੇ ਤੌਰ ਤੇ ਲੋਕਧਾਰਾਈ ਸਿਰਜਣਾ ਦੇ ਅੰਤਰਗਤ ਰਖਿਆ ਜਾ ਸਕਦਾ ਹੈ।

ਬਿਰਤਾਂਤ ਦੀ ਦੂਸਰੀ ਮਹੱਤਵਪੂਰਣ ਗਲਪ-ਵਿਧੀ ਰੋਮਾਂਸ ਅਖਵਾਉਂਦੀ ਹੈ। ਇਸ ਕਿਸਮ ਦੇ ਬਿਰਤਾਂਤ ਵਿਚ ਮੁੱਖ-ਪਾਤਰ ਹੁੰਦਾ ਤਾਂ ਮਨੁੱਖ ਹੈ ਪਰ ਉਸ ਦੇ ਇਰਦ ਗਿਰਦ ਦੈਵੀ ਜਾਂ ਪਾਰਗਾਮੀ ਹਸਤੀਆਂ ਦਾ ਸੁਰਖਿਆ ਚੱਕਰ ਹੁੰਦਾ ਹੈ ਜੋ ਉਹਨਾਂ ਨੂੰ ਬਿਪਤਾ ਵਿਚੋਂ ਕੱਢਣ ਲਈ ਤਤਪਰ ਰਹਿੰਦਾ ਹੈ। ਰੋਮਾਂਸ ਦਾ ਮੁੱਖ-ਪਾਤਰ ਹਕੀਕੀ ਅਰਥਾਂ ਵਿਚ ਨਾਇਕ ਅਖਵਾ ਸਕਦਾ ਹੈ ਕਿਉਂ ਜੋ ਇਸ ਪਾਤਰ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ-ਰਚਨਾ ਵਿਚ ਕਿਸੇ ਉਚੇਰੇ ਆਦਰਸ਼ਕ ਗੁਣ ਦੀ ਹੋਂਦ ਨਜ਼ਰ ਆਉਂਦੀ ਹੈ। ਪੰਜਾਬੀ ਕਿੱਸਿਆਂ ਦੇ ਸਿਰਜੇ ਹੋਏ ਗਲਪੀ ਸੰਸਾਰ ਅਤੇ ਇਹਨਾਂ ਦੇ ਮੁੱਖ-ਪਾਤਰਾਂ ਨੂੰ ਅਸੀਂ ਰੋਮਾਂਸ ਦੇ ਅੰਤਰਗਤ ਸਹਿਜੇ ਹੀ ਰਖ ਸਕਦੇ ਹਾਂ। ਤੀਸਰੀ ਅਤੇ ਚੌਥੀ ਗਲਪ-ਵਿਧੀ ਵਿਚ ਬਹੁਤ ਥੋੜ੍ਹਾ ਜਿਹਾ ਹੀ ਅੰਤਰ ਹੈ। ਇਹ ਦੋਵੇਂ ਵਿਧੀਆਂ ਸਾਧਾਰਣ ਮਨੁੱਖ ਨੂੰ ਮੁੱਖ-ਪਾਤਰ ਵਜੋਂ ਸਥਾਪਿਤ ਕਰਦੀਆਂ ਹਨ ਅਤੇ ਇਹਨਾਂ ਦਾ ਸਿਰਜਿਆ ਹੋਇਆ ਗਲਪੀ ਸੰਸਾਰ ਯਥਾਰਥ ਦੀ ਵਾਸਤਵਿਕਤਾ ਦਾ ਆਭਾਸ ਕਰਾਉਂਦਾ ਹੈ। ਇਸੇ ਲਈ ਅਨੁਕਰਣ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸ ਗਲਪ-ਵਿਧੀ ਦੇ ਅੰਤਰਗਤ ਸਾਧਾਰਣ ਮਨੁੱਖ ਨੂੰ ਸਮਸਿਆ ਗ੍ਰਸਤ ਹੋਂਦ-ਅਵਸਥਾ ਵਿਚ ਰਖ ਕੇ ਪ੍ਰਸਤੁਤ ਕੀਤਾ ਜਾਂਦਾ ਹੈ, ਵਿਸ਼ੇਸ਼ ਤੌਰ ਤੇ ਨਿਮਨ-ਅਨੁਕਰਣ ਦੇ ਸਿਰਜੇ ਹੋਏ ਸੰਸਾਰ ਵਿਚ, ਜਿਸ ਦੀ ਪ੍ਰਤਿਮਾਨਕ ਰਚਨਾ ਨਾਵਲ ਜਾਂ ਨਿੱਕੀ ਕਹਾਣੀ ਮੰਨੀ ਜਾ ਸਕਦੀ ਹੈ। ਪੰਜਵੀਂ ਤੇ ਅੰਤਿਮ ਗਲਪ-ਵਿਧੀ ਸਾਧਾਰਣ ਮਨੁੱਖਾਂ ਨਾਲੋਂ ਵੀ ਹੀਣੇ ਅਤੇ ਨਿਤਾਣੇ ਮਨੁੱਖਾਂ ਨੂੰ ਮੁੱਖ-ਪਾਤਰ ਵਜੋਂ ਪੇਸ਼ ਕਰਨ ਵਲ ਰੁਚਿਤ ਹੁੰਦੀ ਹੈ ਅਤੇ ਇਸ ਦਾ ਸਿਰਜਿਤ ਸੰਸਾਰ ਯਥਾਰਥ ਨੂੰ ਵਿਅੰਗ ਅਤੇ ਕਟਾਖਸ਼ ਦੇ ਰੂਪ ਵਿਚ ਵਿਕ੍ਰਿਤ ਕਰਨ ਵਲ ਰੁਚਿਤ ਹੁੰਦਾ ਹੈ। ਇਸ ਦੇ ਮੁੱਖ-ਪਾਤਰ ਨੂੰ ਪ੍ਰਤਿਨਾਇਕ **(anti-hero)** ਦਾ ਨਾਮ ਵੀ ਦਿਤਾ ਜਾ ਸਕਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮਿਥਕ ਕਥਾ ਕਿਸੇ ਦੈਵੀ ਜਾਂ ਪਰਾਮਨੁਖੀ ਪਾਤਰ ਨੂੰ ਵਿਸ਼ਵਾਸ ਦੇ ਪਾਵਨ ਮਾਹੌਲ ਵਿਚ ਰਖ ਕੇ ਪ੍ਰਸਤੁਤ ਕਰਦੀ ਹੈ ਜਦੋਂ ਕਿ ਰੋਮਾਂਸ-ਕਥਾ ਕਿਸੇ ਆਦਰਸ਼ਕ ਪਾਤਰ (ਜਾਂ ਨਾਇਕ) ਨੂੰ ਸੁਪਨੇ ਵਰਗੇ ਆਕਾਂਖਿਆਂ ਪੂਰਤੀ ਦੇ ਮਾਹੌਲ ਵਿਚ ਰਖ ਕੇ ਪੇਸ਼ ਕਰਦੀ ਹੈ। ਇਸ ਦੇ ਵਿਪਰੀਤ ਅਨੁਕਰਣ ਕਿਸੇ ਅਨਾਇਕ (ਜਾਂ ਸਾਧਾਰਣ ਮਨੁੱਖ) ਨੂੰ ਯਥਾਰਥ ਦੀ ਵਾਸਤਵਿਕਤਾ ਵਿਚ ਰਖ ਕੇ ਪੇਸ਼ ਕਰਦਾ ਹੈ ਅਤੇ ਵਿਅੰਗ-ਕਥਾ **(Irony)** ਪ੍ਰਤਿਨਾਇਕ (ਜਾਂ ਅਣਹੋਏ ਮਨੁੱਖਾਂ) ਦੀ ਦਾਸਤਾਨ ਬਿਆਨ ਕਰਦੀ ਹੈ ਜਿਸ ਦਾ ਮਾਹੌਲ ਵਿਅੰਗ ਅਤੇ ਕਟਾਖਸ਼ ਨਾਲ ਭਰਪੂਰ ਹੁੰਦਾ ਹੈ। ਨਾਰਥਰੋਪ ਫਰਾਈ ਦੇ ਗਲਪ-ਵਿਧੀਆਂ ਦੇ ਸਿਧਾਂਤ ਦੀ ਇਹ ਸਰਲੀਕ੍ਰਿਤ ਜਿਹੀ ਵਿਆਖਿਆ ਉਸ ਦੇ ਸਮੁੱਚੇ ਵਿਵੇਕ ਨੂੰ ਸਾਰਰੂਪ ਵਿਚ ਗ੍ਰਹਿਣ ਕਰਨ ਦਾ ਉਪਰਾਲਾ ਮਾਤਰ ਹੈ।

ਬਿਰਤਾਂਤਕ ਗਲਪ ਦੇ ਸਮੁੱਚੇ ਸਰੂਪ ਤੇ ਸੁਭਾ ਅਤੇ ਉਸ ਦੇ ਭਿੰਨ-ਭਿੰਨ ਰੂਪਕਾਰਾਂ ਦੀ ਇਤਿਹਾਸਕ ਦ੍ਰਿਸ਼ਟੀ ਤੋਂ ਅਥਵਾ ਗਲਪ-ਵਿਧੀ ਅਨੁਸਾਰ ਕੀਤੀ ਗਈ ਵਰਗਵੰਡ ਦਾ ਲੇਖਾ ਜੋਖਾ ਕਰਨ ਤੋਂ ਬਾਦ ਅਸੀਂ ਇਸ ਦੇ ਅਧਿਐਨ-ਵਿਸ਼ਲੇਸ਼ਣ ਜਾਂ ਸਮੀਖਿਆ ਨਾਲ ਸੰਬੰਧਿਤ ਪਹੁੰਚ-ਵਿਧੀਆਂ ਵਲ ਪਰਤਦੇ ਹਾਂ। ਇਥੇ ਸਾਡਾ ਮੁਖ ਸਰੋਕਾਰ ਬਿਰਤਾਂਤ-ਸਮੀਖਿਆ ਦੀ ਸਮਕਾਲੀ ਸਥਿਤੀ ਦਾ ਜਾਇਜ਼ਾ ਲੈਣਾ ਹੈ। ਗਿਆਨ-ਵਿਗਿਆਨ ਦੇ ਅਜੋਕ ਪ੍ਰਸੰਗ ਵਿਚ ਸਾਹਿਤਕ ਕਿਰਤਾਂ ਅਤੇ ਸਭਿਆਚਾਰਕ ਸਿਰਜਣਾਵਾਂ ਦੇ ਗਿਆਨ-ਮੂਲਕ ਅਧਿਐਨ-ਵਿਸ਼ਲੇਸ਼ਣ ਲਈ ਕਈ ਮਹੱਤਵਪੂਰਣ ਨਵੀਨ ਅੰਤਰ-ਦ੍ਰਿਸ਼ਟੀਆਂ ਤੇ ਪਹੁੰਚ-ਵਿਧੀਆਂ ਸਾਹਮਣੇ ਆਈਆਂ ਹਨ। ਇਹਨਾਂ ਅੰਤਰ-ਦ੍ਰਿਸ਼ਟੀਆਂ ਤੇ ਪਹੁੰਚ-ਵਿਧੀਆਂ ਨੂੰ ਵਿਕਸਿਤ ਕਰਨ ਵਿਚ ਨਿਰੋਲ ਸਾਹਿਤ-ਸ਼ਾਸਤਰ ਨਾਲ ਸੰਬੰਧਿਤ ਚਿੰਤਕਾਂ ਨੇ ਹੀ ਨਹੀਂ ਸਗੋਂ ਅਨੇਕਾਂ ਹੋਰਨਾਂ ਗਿਆਨ-ਅਨੁਸ਼ਾਸਨਾਂ ਦੇ ਖੇਤਰ ਨਾਲ ਜੁੜੇ ਵਿਚਾਰਵਾਨਾਂ ਨੇ ਵੀ ਭਰਪੂਰ ਯੋਗਦਾਨ ਦਿਤਾ ਹੈ। ਇਉਂ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਨਾਲ ਇਕ ਵਿਸ਼ੇਸ਼ ਭਾਂਤ ਦੀ ਅੰਤਰ-ਅਨੁਸ਼ਾਸਨੀ ਪਹੁੰਚ-ਵਿਧੀ ਸਾਹਮਣੇ ਆਈ ਹੈ ਜਿਸ ਦੇ ਸਾਹਮਣੇ ਸਭਿਆਚਾਰ ਦਾ ਸਮੁੱਚਾ ਸਿਰਜਿਤ ਸੰਸਾਰ ਅਤੇ ਵਿਹਾਰ ਹੈ। ਬਿਰਤਾਂਤਕ ਗਲਪ ਸਮੇਤ ਸਮੂਹ ਸਾਹਿਤਕ ਕਿਰਤਾਂ ਉਤੇ ਵੀ ਇਸ ਪਹੁੰਚ-ਵਿਧੀ ਦਾ ਪ੍ਰਭਾਵ ਉਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਅਮਰੀਕੀ ਨਵ-ਆਲੋਚਨਾ ਅਤੇ ਰੂਸੀਰੂਪਵਾਦ ਨੇ ਸਾਹਿਤ-ਚਿੰਤਨ ਅਤੇ ਸਮੀਖਿਆ ਨੂੰ ਇਕ ਵਿਗਿਆਨ ਵਜੋਂ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਸੀ ਅਤੇ ਸਹਿਤਕ ਕਿਰਤਾਂ ਦੇ ਅੰਤਰੀਵ ਸੰਗਠਨ ਨੂੰ ਉਸਾਰਨ ਵਾਲੀਆਂ ਰੂੜ੍ਹੀਆਂ ਅਤੇ ਜੁਗਤਾਂ ਦੀ ਪਛਾਣ ਕਰਨ ਉੱਪਰ ਬਲ ਦਿੱਤਾ ਸੀ। ਰੂਸੀ ਰੂਪਵਾਦੀਆਂ ਨੇ ਫੈਬੂਲਾ, ਸੁਜੇਤ, ਥੀਮ, ਰੀਮ, ਅਜਨਬੀਕਰਣ, ਵਿਗੋਪਨ ਵਰਗੇ ਸੰਕਲਪੀ ਸ਼ਬਦਾਂ ਦੀ ਵਿਆਖਿਆ ਜਾਂ ਪੁਨਰ-ਵਿਆਖਿਆ ਕਰਕੇ ਬਿਰਤਾਂਤ ਦਾ ਇਕ ਨਵਾਂ ਸ਼ਾਸਤਰ ਜਾਂ ਵਿਗਿਆਨ ਉਸਾਰਨ ਦੀ ਚੇਸ਼ਟਾ ਕੀਤੀ ਸੀ। ਇਹਨਾਂ ਦੇ ਹੀ ਇਕ ਸਮਕਾਲੀ ਚਿੰਤਕ ਵਲਾਦੀਮੀਰ ਪਰਾਪ ਨੇ ਆਪਣੀ ਪੁਸਤਕ **'Morphology of Folktale'** **(English translation)** ਵਿਚ ਇਕ ਸੌ ਦੇ ਕਰੀਬ ਰੂਸੀ ਪਰੀ ਕਹਾਣੀਆਂ ਨੂੰ ਲੈ ਕੇ ਉਹਨਾਂ ਦਾ ਰੂਪ-ਵਿਗਿਆਨਕ (morphological) ਅਧਿਐਨ ਕਰਨ ਲਈ ਇਕ ਮਾਡਲ ਪ੍ਰਸਤੁਤ ਕੀਤਾ। ਉਸ ਨੇ ਨਾਇਕ, ਖਲਨਾਇਕ ਆਦਿ ਨੂੰ ਪ੍ਰਕਾਰਜਾਂ ਦੇ ਰੂਪ ਵਿਚ ਗ੍ਰਹਿਣ ਕਰਦੇ ਹੋਏ ਪਰੀ ਕਥਾ ਦੇ ਸੰਗਠਨ ਵਿਚ ਕਾਰਜਸ਼ੀਲ ਅਮੂਰਤ ਤੱਤਾਂ ਦੀ ਵਿਆਖਿਆ ਕਰਨ ਦਾ ਉਪਰਾਲਾ ਕੀਤਾ। ਇਉਂ ਬਿਰਤਾਂਤ ਦੇ ਅਧਿਐਨ-ਵਿਸ਼ਲੇਸ਼ਣ ਲਈ ਇਕ ਨਵੀਂ ਕਿਸਮ ਦੀ ਪਹੁੰਚ-ਵਿਧੀ ਸਾਹਮਣੇ ਆਈ ਜੋ ਬਿਰਤਾਂਤ ਦੇ ਅੰਤਰੀਵ ਸੰਗਠਨ ਵਿਚ ਕੰਮ ਕਰਨ ਵਾਲੇ ਅਮੂਰਤ ਨੇਮ-ਪ੍ਰਬੰਧ ਨੂੰ ਪਛਾਨਣ ਜਾਂ ਉਸ ਦੇ ਸਿਰਜਣਕਾਰੀ ਤੱਤਾਂ ਦਾ ਲੇਖਾ ਜੋਖਾ ਕਰਨ ਵਲ ਰੁਚਿਤ ਸੀ। ਇਸ ਪਹੁੰਚ-ਵਿਧੀ ਨੇ ਬਿਰਤਾਂਤ ਵਿਚ ਪੇਸ਼ ਹੋਣ ਵਾਲੀ ਵਸਤੂ ਨਾਲੋਂ ਉਸ ਦੇ ਰੂਪ ਅਤੇ ਸੰਗਠਨ ਵਲ ਵਧੇਰੇ ਧਿਆਨ ਆਕਰਸ਼ਿਤ ਕੀਤਾ। ਇਹ ਗੱਲ ਇਸ ਪਹੁੰਚ-ਵਿਧੀ ਦੇ ਨਾਮ (ਰੂਸੀ ਰੂਪਵਾਦ) ਤੋਂ ਵੀ ਪ੍ਰਤੱਖ ਹੋ ਜਾਂਦੀ ਹੈ।

ਬਿਰਤਾਂਤ-ਅਧਿਐਨ ਦੇ ਖੇਤਰ ਵਿਚ ਅਗਲੇਰਾ ਮਹੱਤਵਪੂਰਣ ਪੜਾਉ ਸੰਰਚਨਾਵਾਦ **(Structurelism)** ਨਾਲ ਆਰੰਭ ਹੁੰਦਾ ਹੈ। ਇਸ ਨਵੇਂ ਗਿਆਨ-ਅਨੁਸ਼ਾਸਨ ਦਾ ਵਿਕਾਸ ਸਵਿਟਜ਼ਰਲੈਂਡ ਦੇ ਸੁਪ੍ਰਸਿੱਧ ਭਾਸ਼ਾ-ਵਿਗਿਆਨੀ ਸੋਸਿਊਰ ਦੇ ਚਿੰਤਨ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੋ ਕੇ ਹੋਇਆ। ਸੋਸਿਊਰ ਨੇ ਪਰੰਪਰਕ ਭਾਸ਼ਾ ਵਿਗਿਆਨ ਦੀ ਤੁਲਨਾਤਮਕ/ਇਤਿਹਾਸਕ ਵਿਧੀ ਦੀ ਥਾਵੇਂ ਇਕ ਵਿਸ਼ੇਸ਼ ਪ੍ਰਕਾਰ ਦੀ ਸੰਰਚਨਾਤਮਕ ਵਿਧੀ ਨੂੰ ਭਾਸ਼ਾ ਦੇ ਵਿਗਿਆਨਕ ਅਧਿਐਨ ਦਾ ਆਧਾਰ ਸਥਾਪਿਤ ਕੀਤਾ। ਉਸ ਦੇ ਅਨੁਸਾਰ ਭਾਸ਼ਾ ਮੂਲਰੂਪ ਵਿਚ ਚਿਹਨਾਂ ਦਾ ਪ੍ਰਬੰਧ ਹੈ ਜਿਸ ਲਈ ਇਸ ਦਾ ਅਧਿਐਨ ਕਰਨ ਲਈ ਉਚਾਰ (parole) ਨਾਲੋਂ ਵਧੇਰੇ ਉਸ ਦੇ ਪ੍ਰਬੰਧ (langue) ਨੂੰ ਦ੍ਰਿਸ਼ਟੀ ਗੋਚਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਉਸ ਨੇ ਭਾਸ਼ਾਈ ਸੰਰਚਨਾ ਦਾ ਇਕਕਾਲਕ (Synchronic) ਅਧਿਐਨ ਕਰਨ ਉੱਪਰ ਬਲ ਦਿੱਤਾ ਜੋ ਦੁਕਾਲਕ (ਜਾਂ diachronic) ਅਧਿਐਨ ਨਾਲੋਂ ਬਿਲਕੁਲ ਵੱਖਰੀ ਕਿਸਮ ਦਾ ਅਧਿਐਨ ਹੋ ਨਿਬੜਦਾ ਹੈ। ਸੋਸਿਊਰ ਦੇ ਇਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਾਰਾਂ ਨੂੰ ਨਵੀਂ ਕਿਸਮ ਦੀ ਅਧਿਐਨ-ਵਿਧੀ ਦਾ ਆਧਾਰ ਬਣਾਉਂਦੇ ਹੋਏ ਪ੍ਰਸਿੱਧ ਮਾਨਵ-ਵਿਗਿਆਨੀ Levi-Strauss ਨੇ ਨਵੇਕਲੀ ਭਾਂਤ ਦੇ ਸੰਰਚਨਾਤਮਕ ਮਾਨਵ ਵਿਗਿਆਨ ਦਾ ਸੰਕਲਪ ਸਾਹਮਣੇ ਲਿਆਂਦਾ ਜਿਸ ਵਿਚ ਸੋਸਿਊਰ ਦੇ ਭਾਸ਼ਾ ਵਿਗਿਆਨ ਨੂੰ ਇਕ ਮਾਡਲ ਦੇ ਤੌਰ ਤੇ ਵਰਤਣ ਦੀ ਚੇਸ਼ਟਾ ਕੀਤੀ ਗਈ ਸੀ। ਇਸ ਤੋਂ ਬਾਦ ਸੰਰਚਨਾਵਾਦ ਦੀ ਇਕ ਲਹਿਰ ਜਿਹੀ ਚਲ ਪਈ ਅਤੇ ਹਰ ਸਭਿਆਚਾਰਕ ਸਿਰਜਣਾ ਦੇ ਸੰਰਚਨਾਤਮਕ ਅਧਿਐਨ ਕਰਨ ਦੀ ਗੱਲ ਸੋਚੀ ਜਾਣ ਲੱਗੀ। ਇਥੇ ਵਿਸ਼ੇਸ਼ ਤੌਰ ਤੇ ਲੇਵੀ ਸਤ੍ਰੌਸ ਦੀ ਮਿਥ ਸੰਬੰਧੀ ਚਿੰਤਨ ਅਤੇ ਅਧਿਐਨ ਦੀ ਵਿਧੀ ਵਰਣਨਯੋਗ ਹੈ। ਲੇਵੀ ਸਤ੍ਰੌਸ ਨੇ ਆਦਿਮ ਕਬੀਲਿਆਂ ਦੀਆਂ ਮਿਥਕ ਪਰੰਪਰਾਵਾਂ ਨੂੰ ਅਧਿਐਨ ਦਾ ਆਧਾਰ ਬਣਾਉਂਦੇ ਹੋਏ ਇਕ ਵਿਸ਼ੇਸ਼ ਭਾਂਤ ਦੀ ਵਿਧੀ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਜਿਸ ਨੂੰ ਸੰਰਚਨਾਤਮਕ ਵਿਧੀ ਦਾ ਨਾਮ ਦਿੱਤਾ ਜਾ ਸਕਦਾ ਹੈ। ਉਸ ਨੇ ਸੁਪ੍ਰਸਿੱਧ ਯੂਨਾਨੀ ਮਿਥ (ਰਾਜਾ ਇਡਿਪਸ ਦੀ ਮਿਥ) ਦਾ ਵੀ ਇਸੇ ਵਿਧੀ ਨਾਲ ਅਧਿਐਨ ਕਰਨ ਦਾ ਜਤਨ ਕੀਤਾ। ਇਸ ਅਧਿਐਨ-ਵਿਧੀ ਦਾ ਮੂਲ ਆਧਾਰ ਕਿਸੇ ਮਿਥਿਕ ਬਿਰਤਾਂਤ ਦੀ ਸੰਰਚਨਾ ਵਿਚ ਕਾਰਜਸ਼ੀਲ ਮੂਲ ਵਿਰੋਧ-ਜੁੱਟਾਂ (bnary opposition) ਦੀ ਤਲਾਸ਼ ਉੱਪਰ ਟਿਕਿਆ ਹੋਇਆ ਹੈ। ਬਿਰਤਾਂਤਕ ਰਚਨਾਵਾਂ ਦੇ ਅਧਿਐਨ-ਵਿਸ਼ਲੇਸ਼ਣ ਲਈ ਰੋਲਾਂ ਬਾਰਤ ਨੇ ਵਿਸ਼ੇਸ਼ ਤੌਰ ਤੇ ਇਸ ਵਿਧੀ ਨੂੰ ਸਥਾਪਿਤ ਕਰਨ ਦਾ ਉਪਰਾਲਾ ਕੀਤਾ। ਖ਼ਾਸ ਤੌਰ ਰੋਲਾਂ ਬਾਰਤ ਦੇ ਮੁਢਲੇ ਸਾਹਿਤ-ਸਿਧਾਂਤ-ਚਿੰਤਨ ਵਿਚ ਇਹ ਗੱਲ ਦੇਖੀ ਜਾ ਸਕਦੀ ਹੈ ਭਾਵੇਂ ਬਾਦ ਵਿਚ ਉਸ ਨੇ ਆਪਣੇ ਆਪ ਨੂੰ ਉੱਤਰ-ਸੰਰਚਨਾਵਾਦੀ ਚਿੰਤਨ ਦੇ ਅਨੁਰੂਪ ਢਾਲਦੇ ਹੋਏ ਸੰਰਚਨਾਵਾਦੀ ਅਧਿਐਨ-ਵਿਧੀ ਦੀਆਂ ਸੀਮਾਵਾਂ ਉਲੰਘਣ ਦਾ ਜਤਨ ਵੀ ਕੀਤਾ ਹੈ ਜੋ ਗਿਆਨ-ਵਿਗਿਆਨ ਦੀਆਂ ਨਵੀਨ ਉਪਲੱਭਦੀਆਂ ਦੇ ਸੰਦਰਭ ਵਿਚ ਤਰਕਸੰਗਤ ਵੀ ਹੈ।

ਬਿਰਤਾਂਤ ਦੇ ਅਧਿਐਨ ਲਈ ਸੰਰਚਨਾਵਾਦ ਅਤੇ ਉੱਤਰ-ਸੰਰਚਨਾਵਾਦ ਦੇ ਨਾਲ ਹੀ ਇਕ ਹੋਰ ਮਹੱਤਵਪੂਰਣ ਪਹੁੰਚ-ਵਿਧੀ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਪਹੁੰਚ-ਵਿਧੀ ਨੇ ਸੰਰਚਨਾਵਾਦ ਨੂੰ ਇਕ ਵਿਧੀ ਦੇ ਤੌਰ ਤੇ ਗ੍ਰਹਿਣ ਕਰਨ ਦੇ ਨਾਲ-ਨਾਲ ਆਪਣੀ ਅਧਿਐਨ ਵਸਤੂ ਦਾ ਖੇਤਰ ਚਿਹਨ-ਪ੍ਰਬੰਧ ਜਾਂ ਚਿਹਨਕਾਰੀ ਨੂੰ ਬਣਾ ਲਿਆ ਜੋ ਹਰ ਸਭਿਆਚਾਰਕ ਸਿਰਜਣਾ ਦਾ ਇਕ ਮਹੱਤਵਪੂਰਣ ਪੱਖ ਮੰਨਿਆ ਜਾ ਸਕਦਾ ਹੈ। ਇਸ ਪਹੁੰਚ-ਵਿਧੀ ਦਾ ਨਾਮ ਹੈ ਚਿਹਨ-ਵਿਗਿਆਨ (Semiology)। ਬਿਰਤਾਂਤਕ ਗਲਪ ਦੀ ਸਮੀਖਿਆ ਨਾਲ ਜੁੜੇ ਹੋਏ ਸਿਧਾਂਤ ਅਤੇ ਵਿਧੀ ਦੇ ਸੰਦਰਭਾਂ ਨੂੰ ਸਪੱਸ਼ਟ ਕਰਨ ਲਈ ਇਸ ਨਵੀਂ ਪਹੁੰਚ-ਵਿਧੀ ਦਾ ਵੇਰਵੇ ਨਾਲ ਅਧਿਐਨ ਕਰਨਾ ਬਣਦਾ ਹੈ।

ਚਿਹਨ-ਵਿਗਿਆਨ ਅਜੋਕੇ ਸਮੇਂ ਵਿਕਸਿਤ ਹੋਇਆ ਇਕ ਨਵਾਂ ਗਿਆਨ-ਅਨੁਸ਼ਾਸਨ ਹੈ ਜਿਸ ਦਾ ਮੂਲ ਸਰੋਕਾਰ ਮਨੁਖੀ ਜੀਵਨ ਅਤੇ ਜਗਤ ਵਿਚ ਪ੍ਰਚੱਲਤ ਹਰ ਕਿਸਮ ਦੇ ਚਿਹਨ-ਵਿਹਾਰ ਦਾ ਵਿਗਿਆਨਕ ਵਿਧੀ ਅਨੁਸਾਰ ਅਧਿਐਨ-ਵਿਸ਼ਲੇਸ਼ਣ ਕਰਨਾ ਅਤੇ/ਜਾਂ ਭਿੰਨ-ਭਿੰਨ ਚਿਹਨ-ਸੰਰਚਨਾਵਾਂ ਦੇ ਅੰਤਰੀਵ ਸੰਗਠਨ ਵਿਚ ਕਾਰਜਸ਼ੀਲ ਨੇਮ-ਪ੍ਰਬੰਧਾਂ ਨੂੰ ਉਜਾਗਰ ਕਰਨਾ ਹੈ। ਚਿਹਨਕਾਰੀ ਮਨੁੱਖ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿਰਜਣਾਤਮਕ ਪ੍ਰਤਿਭਾ ਅਤੇ ਯੋਗਤਾ ਦਾ ਉਹ ਪਾਸਾਰ ਹੈ ਜਿਸ ਦੇ ਮਾਧਿਅਮ ਰਾਹੀਂ ਉਹ ਕਦਰਾਂ-ਕੀਮਤਾਂ ਅਤੇ ਅਰਥਾਂ ਦੇ ਅਨੇਕਾਂ ਕਿਸਮ ਦੇ ਸੰਗਠਨ ਉਸਾਰਦਾ ਸੰਚਾਰਦਾ ਹੈ। ਇਹੀ ਕਾਰਣ ਹੈ ਕਿ ਮਨੁੱਖ ਦੇ ਸਮੁਚੇ ਸਾਮਾਜਿਕ-ਸਭਿਆਚਾਰਕ ਵਰਤਾਰੇ ਅਤੇ ਵਿਹਾਰ ਨੂੰ ਸਮਝਣ ਲਈ 'ਚਿਹਨ' ਇਕ ਮਹੱਤਵਯੋਗ ਕੁੰਜੀ ਹੈ। ਭਾਵੇਂ ਦਰਸ਼ਨ-ਸ਼ਾਸਤਰ ਦੇ ਇਤਿਹਾਸ ਵਿਚ ਪਹਿਲਾਂ ਵੀ ਕਿਧਰੇ-ਕਿਧਰੇ 'ਚਿਨ੍ਹ' ਸੰਬੰਧੀ ਚਿੰਤਨ ਦੇ ਸੰਕੇਤ ਮਿਲਦੇ ਹਨ ਪਰ ਅਜੋਕੇ ਅਰਥਾਂ ਵਿਚ ਇਕ ਬਾਕਾਇਦਾ ਅਨੁਸ਼ਾਸਨ ਦੇ ਤੌਰ ਤੇ ਚਿਹਨ-ਵਿਗਿਆਨ ਦਾ ਸੰਕਲਪ ਵੀਹਵੀਂ ਸਦੀ ਵਿਚ ਹੀ ਸਾਹਮਣੇ ਆਇਆ ਹੈ।

ਪ੍ਰਸਿੱਧ ਭਾਸ਼ਾ ਵਿਗਿਆਨੀ ਫਰਦੀਨਾ-ਦਾ-ਸੋਸਿਊਰ ਨੇ 1916 ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'Cours de linguistique generale' (ਜਿਸ ਦਾ ਅੰਗਰੇਜ਼ੀ ਅਨੁਵਾਦ 'Course in genreral Linguistics' ਦੇ ਰੂਪ ਵਿਚ 1959 ਵਿਚ ਹੋਇਆ) ਵਿਚ ਭਾਸ਼ਾ ਵਿਗਿਆਨ ਦਾ ਇਕ ਨਵਾਂ ਸੰਕਲਪ ਸਾਹਮਣੇ ਲਿਆਂਦਾ ਜਿਸ ਵਿਚ ਭਾਸ਼ਾ ਨੂੰ ਚਿਹਨਾਂ ਦਾ ਪ੍ਰਬੰਧ ਮੰਨਦੇ ਹੋਏ ਉਸ ਦੇ ਇਕਕਾਲਕ (Synehronic) ਅਧਿਐਨ ਉਤੇ ਬਲ ਦਿੱਤਾ ਗਿਆ ਸੀ। ਪਰੰਪਰਕ ਭਾਸ਼ਾ ਵਿਗਿਆਨ ਦੇ ਪ੍ਰਚੱਲਤ ਮਾਡਲਾਂ ਨੂੰ ਤਿਆਗ ਕੇ ਉਸ ਨੇ ਇਕ ਵਿਸ਼ੇਸ਼ ਭਾਂਤ ਦੇ ਸੰਰਚਨਾਤਮਕ ਭਾਸ਼ਾ ਵਿਗਿਆਨ ਦੀ ਰੂਪ ਰੇਖਾ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਜਿਸ ਨੇ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਹੀ ਨਹੀਂ ਸਗੋਂ ਸਮੁੱਚੇ ਗਿਆਨ ਦੇ ਖੇਤਰ ਵਿਚ ਕ੍ਰਾਂਤੀਕਾਰੀ ਸਿੱਟਿਆਂ ਨੂੰ ਜਨਮ ਦਿੱਤਾ। ਭਾਸ਼ਾ-ਪ੍ਰਬੰਧ (langue) ਨੂੰ ਭਾਸ਼ਾ-ਉਚਾਰ (parole) ਨਾਲੋਂ ਨਿਖੇੜ ਕੇ ਉਸ ਦਾ ਇਕਕਾਲਕ ਅਧਿਐਨ ਕਰਨ ਦਾ ਅਰਥ ਸੀ ਭਾਸ਼ਾ-ਪ੍ਰਬੰਧ ਦੀ ਸੰਰਚਨਾ ਦਾ ਅਧਿਐਨ ਕਰਨਾ। ਇਸ ਤੋਂ ਇਲਾਵਾ ਸੋਸਿਊਰ ਨੇ ਭਾਸ਼ਾਈ ਚਿਹਨ (linguistic sign) ਦੀ ਅਨੋਖੇ ਅੰਦਾਜ਼ ਵਿਚ ਵਿਆਖਿਆ ਕਰਦੇ ਹੋਏ ਚਿਹਨਕ (Signifier) ਅਤੇ ਚਿਹਨਤ (Signified) ਦਾ ਮਹੱਤਵਪੂਰਣ ਨਿਖੇੜਾ ਸਾਹਮਣੇ ਲਿਆਂਦਾ। ਇਸ ਨਵੇਂ ਅਰਥਾਤ ਸੰਰਚਨਾਤਮਕ ਭਾਸ਼ਾ ਵਿਗਿਆਨ ਨੇ ਭਾਸ਼ਾ ਦੀ ਚਿਹਨਕੀ ਪ੍ਰਕਿਰਿਆ ਵਿਚ ਕਾਰਜ਼ਸ਼ੀਲ ਨੇਮ-ਪ੍ਰਬੰਧਾਂ ਦੀ ਤਲਾਸ਼ ਨੂੰ ਹੀ ਮੁਖ ਮੁੱਦਾ ਬਣਾਇਆ। ਇਸੇ ਸੰਦਰਭ ਵਿਚ ਹੀ ਸੋਸਿਊਰ ਨੇ ਭਾਸ਼ਾਈ ਚਿਹਨਾਂ ਦੇ ਆਰ ਪਾਰ ਫੈਲੇ ਹੋਏ ਹੋਰਨਾਂ ਅਨੇਕਾਂ ਚਿਹਨ-ਪ੍ਰਬੰਧਾਂ ਦਾ ਵੀ ਇਸੇ ਕਿਸਮ ਦੀ ਸੰਰਚਨਾਤਮਕ ਵਿਧੀ ਰਾਹੀਂ ਅਧਿਐਨ ਕਰਨ ਦੀ ਪਰਿਕਲਪਨਾ ਕੀਤੀ। ਉਸ ਦੇ ਮਤ ਅਨੁਸਾਰ ਭਵਿੱਖ ਵਿਚ ਚਿਹਨਾਂ ਦੇ ਸਮੁਚੇ ਵਰਤਾਰੇ ਦਾ ਅਧਿਐਨ ਕਰਨ ਵਾਲਾ ਚਿਹਨ ਵਿਗਿਆਨ ਵਰਗਾ ਕੋਈ ਅਜਿਹਾ ਵਿਆਪਕ ਤੇ ਸਰਬ-ਸਾਧਾਰਣ ਅਨੁਸ਼ਾਸਨ ਉਸਾਰਿਆ ਜਾ ਸਕਦਾ ਹੈ ਜਿਸ ਵਿਚ ਭਾਸ਼ਾ ਵਿਗਿਆਨ ਵੀ ਇਕ ਅੰਗ ਹੋਵੇਗਾ।[1]

---

1. Saussure fore saw a 'semiology' of which linguistics would be atonce one part and the privileged methodological guide." Coward, Rosalind and John Ellis, *Language and Materialism*, London, RKP. P-25

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੱਜ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਸੋਸਿਊਰ ਦੀ ਇਹ ਭਵਿਖਾਰਥੀ ਪਰਿਕਲਪਨਾ ਪੂਰਨ ਰੂਪ ਵਿਚ ਸਾਕਾਰ ਹੋ ਚੁਕੀ ਹੈ। ਅਰਥਾਤ ਚਿਹਨ ਵਿਗਿਆਨ ਆਪਣੀ ਸੰਭਾਵਿਤ ਕਲਪਿਤ ਹੋਂਦ ਵਿਚੋਂ ਬਾਹਰ ਆ ਕੇ ਠੋਸ ਹਕੀਕਤ ਦਾ ਰੂਪ ਧਾਰ ਚੁਕਿਆ ਹੈ।

ਸੋਸਿਊਰ ਦੇ ਸਮਕਾਲੀ ਅਮਰੀਕੀ ਚਿੰਤਕ C. S. Peirce ਨੇ ਵੀ ਸੁਤੰਤਰ ਰੂਪ ਵਿਚ ਇਕ ਵਿਸ਼ੇਸ਼ ਭਾਂਤ ਦਾ ਚਿਹਨ-ਸ਼ਾਸਤਰ (semiotics) ਉਸਾਰਨ ਦਾ ਉਪਰਾਲਾ ਵੀ ਤਕਰੀਬਨ ਓਸੇ ਹੀ ਦੌਰਾਨ ਕੀਤਾ। Peirce ਨੇ ਆਪਣੇ ਚਿਹਨ ਸੰਬੰਧੀ ਚਿੰਤਨ ਦਾ ਆਧਾਰ ਮੁਖ ਤੌਰ ਤੇ ਨਿਆਇ-ਸ਼ਾਸਤਰ ਨੂੰ ਬਣਾਇਆ ਜਿਸ ਲਈ ਉਸ ਨੇ ਚਿਹਨ-ਵਿਗਿਆਨ (semiology) ਦੀ ਥਾਵੇਂ ਚਿਹਨ-ਸ਼ਾਸਤਰ (semiotics) ਸ਼ਬਦ ਦੀ ਵਰਤੋਂ ਕੀਤੀ ਹੈ। ਉਸ ਦੇ ਚਿਹਨ-ਸ਼ਾਸਤਰੀ ਚਿੰਤਨ ਦੀ ਉਘੜਵੀਂ ਵਿਸ਼ੇਸ਼ਤਾ ਚਿਹਨਾਂ ਦਾ ਵਿਵੇਕ ਪੂਰਣ ਢੰਗ ਨਾਲ ਸੂਝਵਾਨ ਅਤੇ ਸਾਰਥਕ ਨਿਖੇੜਾ ਅਤੇ ਵਰਗੀਕਰਣ ਕਰਨ ਵਿਚ ਹੈ। ਉਸ ਨੇ ਜੀਵਨ ਅਤੇ ਜਗਤ ਵਿਚ ਦ੍ਰਿਸ਼ਟੀਗੋਚਰ ਹੋਣ ਵਾਲੇ ਭਿੰਨ-ਭਿੰਨ ਪ੍ਰਕਾਰ ਦੇ ਚਿਹਨਾਂ ਨੂੰ index, icon, symbol ਅਤੇ sign ਆਦਿ ਦੇ ਰੂਪ ਵਿਚ ਨਿਖੇੜਨ ਅਤੇ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਜੋ ਇਸ ਖੇਤਰ ਦੀ ਮਹੱਤਵਪੂਰਣ ਉਪਲੱਬਦੀ ਮੰਨੀ ਜਾ ਸਕਦੀ ਹੈ। ਇਸ ਤੋਂ ਇਲਾਵਾ Peirce ਨੇ ਵਿਸ਼ਵ-ਵਿਆਪੀ ਪੱਧਰ ਉਤੇ ਦ੍ਰਿਸ਼ਟੀਗੋਕਰ ਹੋਣ ਵਾਲੇ ਚਿਹਨ ਵਿਹਾਰ ਦਾ ਅਧਿਐਨ-ਵਿਸ਼ਲੇਸ਼ਣ ਕਰਨ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਪਰਾਭਾਸ਼ਾ (meta language) ਵਿਕਸਿਤ ਕਰਨ ਦਾ ਜਤਨ ਵੀ ਕੀਤਾ ਜੋ ਕਿਸੇ ਵੀ ਵਿਗਿਆਨ ਜਾਂ ਸ਼ਾਸਤਰ ਦੀ ਉਸਾਰੀ ਲਈ ਮੁਢਲੀ ਲੋੜ ਹੈ। ਭਾਵੇਂ Perice ਦਾ ਚਿਹਨ-ਸੰਬੰਧੀ ਚਿੰਤਨ ਅਜੋਕੇ ਚਿਹਨ-ਵਿਗਿਆਨ ਦੀ ਮੁਖ ਧਾਰਾ ਨਹੀਂ ਬਣ ਸਕਿਆ ਪਰ ਇਸ ਦੀ ਸਾਰਥਕਤਾ ਅਤੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸੋਸਿਊਰ ਦੇ ਭਾਸ਼ਾ ਵਿਗਿਆਨਕ ਮਾਡਲ ਉੱਪਰ ਸਿੱਧੇ ਜਾਂ ਅਸਿੱਧੇ ਤੌਰ ਤੇ ਆਧਾਰਿਤ ਚਿਹਨ-ਵਿਗਿਆਨ ਹੀ ਅਜੋਕੇ ਸਮੇਂ ਵਧੇਰੇ ਪ੍ਰਤਿਸ਼ਠਿਤ ਅਤੇ ਮਕਬੂਲ ਹੈ। ਕਾਰਣ ਇਹ ਹੈ ਕਿ ਇਸ ਵਿਚ ਵਿਗਿਆਨ ਦੀ ਪ੍ਰਮਾਣਕ ਵਿਧੀ ਅਤੇ ਵਿਧਾਨ ਨੂੰ ਗ੍ਰਹਿਣ ਕਰਨ ਦੀ ਸਮਰਥਾ ਵਧੇਰੇ ਉਘੜਵੀਂ ਹੈ। ਸੋਸਿਊਰ ਦਾ ਵਿਚਾਰ ਸੀ ਕਿ ਭਾਸ਼ਾ ਵਿਗਿਆਨ (ਵਿਸ਼ੇਸ਼ ਤੌਰ ਤੇ ਸੰਰਚਨਾਤਮਕ ਭਾਸ਼ਾ ਵਿਗਿਆਨ) ਵਿਚ ਚਿਹਨ-ਵਿਗਿਆਨ ਦਾ ਮਾਡਲ ਬਣ ਸਕਣ ਦੀਆਂ ਸੰਭਾਨਾਵਾਂ ਇਸ ਲਈ ਮੌਜੂਦ ਹਨ ਕਿਉਂ ਜੋ ਇਹ ਆਪਣੀ ਅਧਿਐਨ ਵਸਤੂ ਦਾ ਲੋੜੀਂਦਾ ਅਮੂਰਤੀਕਰਣ ਕਰਨ ਦੇ ਸਮਰਥ ਹੈ ਅਤੇ ਇਸ ਵਿਚ 'ਚਿਹਨ' ਨੂੰ ਰੂੜ੍ਹੀਗਤ (Conventional) ਸਿਰਜਨਾ ਮੰਨਣ ਉਤੇ ਜ਼ੋਰ ਦਿੱਤਾ ਜਾਂਦਾ ਹੈ।[1] ਆਮ ਜੀਵਨ ਵਿਚ ਦ੍ਰਿਸ਼ਟੀਗੋਚਰ ਹੋਣ ਵਾਲੇ

---

1. Barthes, Rolland, Elements of Semiology New York, Hill and wang, 1985. P-11

1. "Linguistics might serve as a model for semiology, Sanssure argued, because it stresses the conventional nature of the sign and thus prevents the analyst from assuming that non-linguistic signs are in some way natural and reguire no explaination."

Culler, Jonathan, 'Semiotics' (entry) in *Encyclopedi a of Poetry and Poetics*, MacMillan. P. 980.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਾ-ਬਾਹਰੇ ਚਿਹਨ ਸਾਨੂੰ ਉਪਰੀ ਨਜ਼ਰੇ ਸਹਿਜ-ਸੁਭਾਵਕ ਜਾਂ ਕੁਦਰਤੀ ਜਾਪਦੇ ਹਨ ਜਿਹਨਾਂ ਦੀ ਵਿਆਖਿਆ ਕਰਨ ਦੀ ਬਹੁਤੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਇਹ ਗੱਲ ਭਾਸ਼ਾ-ਬਾਹਰੇ ਚਿਹਨ-ਪ੍ਰਬੰਧਾਂ ਦਾ ਗਿਆਨ-ਮੂਲਕ ਅਧਿਐਨ-ਵਿਸ਼ਲੇਸ਼ਣ ਕਰਨ ਲਈ ਸਹਾਇਕ ਨਹੀਂ ਜਿਸ ਦੀ ਮੁਢਲੀ ਲੋੜ 'ਚਿਹਨ' ਨੂੰ ਚਿਹਨ ਦੇ ਤੌਰ ਤੇ ਪਛਾਨਣ ਦੀ ਹੈ। ਇਉਂ-ਚਿਹਨ-ਵਿਗਿਆਨ ਸੋਸਿਊਰ ਦੇ ਭਾਸ਼ਾ ਵਿਗਿਆਨਕ ਚਿੰਤਨ ਨੂੰ ਨਵੇਂ ਖੇਤਰਾਂ ਵਿਚ ਫੈਲਾਉਣ ਦਾ ਮਹੱਤਵਪੂਰਣ ਉਪਰਾਲਾ ਮੰਨਿਆ ਜਾ ਸਕਦਾ ਹੈ।

ਰੋਲਾਂ ਬਾਰਤ ਨੇ ਵੀ ਇਸੇ ਹੀ ਦਿਸ਼ਾ ਵਿਚ ਕੰਮ ਕਰਦੇ ਹੋਏ ਚਿਹਨ-ਵਿਗਿਆਨ ਸੰਬੰਧੀ ਆਪਣੀ ਮੁਢਲੀ ਪੁਸਤਕ 'Elements of Semiology' ਵਿਚ ਚਿਹਨ-ਵਿਗਿਆਨ ਦੀ ਅਧਿਐਨ-ਵਿਧੀ ਲਈ ਨਾ ਸਿਰਫ਼ ਭਾਸ਼ਾ ਵਿਗਿਆਨਕ ਮਾਡਲ ਨੂੰ ਹੀ ਵਰਤਿਆ ਸਗੋਂ ਉਸ ਨੇ ਸੋਸਿਊਰ ਦੀ ਸਥਾਪਨਾ ਨੂੰ ਪਲਟਾ ਕੇ ਚਿਹਨ-ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਭਾਗ ਮੰਨਣ ਉਤੇ ਜ਼ੋਰ ਦਿੱਤਾ।[1] ਉਸ ਦਾ ਮੁਖ ਤਰਕ ਇਹ ਸੀ ਕਿ ਕਿਸੇ ਵੀ ਮਾਨਵੀ ਵਰਤਾਰੇ ਜਾਂ ਵਿਹਾਰ ਦਾ ਚਿਹਨ-ਮੂਲਕ ਅਧਿਐਨ ਕਰਨ ਲਈ ਮਾਨੂੰ ਕਿਸੇ ਨਾ ਕਿਸੇ ਰੂਪ ਵਿਚ ਭਾਸ਼ਾਈ ਵਰਤਾਰੇ ਦੇ ਰੂਬਰੂ ਹੋਣਾ ਪੈਂਦਾ ਹੈ। "ਇਸ ਲਈ ਚਿਹਨ-ਵਿਗਿਆਨਕ ਅਧਿਐਨ ਸਮੇਂ ਭਾਸ਼ਾ ਵਿਗਿਆਨਕ ਮਾਡਲ ਰਾਹੀਂ ਅਸੀਂ ਹਰ ਇਕ ਵਰਤਾਰੇ ਦੇ ਉਸ ਅੰਤਰੀਵੀ ਪ੍ਰਬੰਧ, ਮਰਯਾਦਾਵਾਂ ਦੇ ਸੰਗਠਨ ਅਤੇ ਭੇਦਾਂ ਦੇ ਉਹਨਾਂ ਸਮੂਹਾਂ ਨੂੰ ਪਹਿਚਾਣ ਲੈਂਦੇ ਹਾਂ ਜਿਹਨਾਂ ਰਾਹੀਂ ਚਿਹਨੀਕਰਣ ਦੀ ਪ੍ਰਕਿਰਿਆ ਗਤੀਸ਼ੀਲ ਹੁੰਦੀ ਹੈ।"[1] ਰੋਲਾਂ ਬਾਰਤ ਨੇ ਸੰਰਚਨਾਤਮਕ ਭਾਸ਼ਾ ਵਿਗਿਆਨ ਦੇ ਚਾਰ ਮੁਖ ਤੱਤਾਂ ਨੂੰ ਸਾਹਮਣੇ ਰਖ ਕੇ ਹੀ ਆਪਣੇ ਚਿਹਨ-ਵਿਗਿਆਨ ਦੀ ਉਸਾਰੀ ਕੀਤੀ ਹੈ। ਇਹ ਚਾਰ ਤੱਤ ਹਨ—

(1) ਭਾਸ਼ਾ-ਪ੍ਰਬੰਧ (languse) ਤੇ ਭਾਸ਼ਾ-ਉਚਾਰ (Parole)।

(2) ਚਿਹਨਕ (Signifier) ਤੇ ਚਿਹਨਤ (Signified)।

(3) ਲੜੀ (Syntagm) ਤੇ ਪ੍ਰਬੰਧ (System)।

(4) ਲੱਖਣ ਅਰਥ (denotation) ਤੇ ਭਾਵ-ਅਰਥ (Connotation)।

ਇਹਨਾਂ ਚਾਰ ਤੱਤਾਂ ਦੇ ਆਧਾਰ ਤੇ ਹੀ ਰੋਲਾਂ ਬਾਰਤ ਨੇ ਵਿਭਿੰਨ ਪ੍ਰਕਾਰ ਦੇ ਚਿਹਨ-ਪ੍ਰਬੰਧਾਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਦੀ ਵਿਧੀ ਵਿਕਸਿਤ ਕਰਨ ਦਾ ਉਪਰਾਲਾ ਕੀਤਾ। ਇਸੇ ਹੀ ਸੰਦਰਭ ਵਿਚ ਕਈ ਹੋਰ ਸਮਕਾਲੀ ਚਿੰਤਕਾਂ ਦਾ ਨਾਮ ਲਿਆ ਜਾ ਸਕਦਾ ਹੈ। ਇਉਂ ਮਨੁਖੀ ਸਮਾਜ ਅਤੇ ਸਭਿਆਚਾਰ ਦੀਆਂ ਅਨੇਕਾਂ ਸੰਸਥਾਵਾਂ ਅਤੇ ਸਿਰਜਣਾਵਾਂ ਵਿਚ ਕਾਰਜਸ਼ੀਲ ਚਿਹਨ-ਪ੍ਰਬੰਧਾਂ ਦਾ ਅਧਿਐਨ ਕਰਨ ਅਤੇ ਉਹਨਾਂ ਦੇ ਨੇਮ-ਪ੍ਰਬੰਧਾਂ ਦੀ ਵਿਆਖਿਆ ਕਰਨ ਦੇ ਉਪਰਾਲੇ ਸਾਹਮਣੇ ਆਏ ਜਿਸ ਦੇ ਫਲਰੂਪ ਸਾਹਿਤ, ਸੰਗੀਤ, ਨਾਟਕ, ਰੰਗਮੰਚ ਤੇ ਹੋਰ ਕਲਾਵਾਂ ਦਾ ਚਿਹਨ ਵਿਗਿਆਨਕ ਅਧਿਐਨ ਵੀ ਸਾਹਮਣੇ ਆਇਆ। ਇਸੇ ਇਸੇ ਤਰ੍ਹਾਂ ਲੋਕਧਾਰਾਈ ਵਿਰਾਸਤ ਦੇ ਵਿਭਿੰਨ ਵਰਤਾਰਿਆਂ ਅਤੇ ਭੋਜਨ, ਫ਼ੈਸ਼ਨ, ਸਾਕਾਚਾਰੀ ਵਰਗੀਆਂ

---

1. ਗੁਰਪਾਲ ਸਿੰਘ ਸੰਧੂ, (ਅਨੁਵਾਦਕ ਤੇ ਵਿਆਖਿਆਕਾਰ), ਰੋਲਾਂ ਬਾਰਤ ਦੀ ਪੁਸਤਕ 'ਚਿਹਨ ਵਿਗਿਆਨ ਦੇ ਤੱਤ', ਲੋਕ ਗੀਤ ਪ੍ਰਕਾਸ਼ਨ, ਸਰਹੰਦ। ਪੰਨਾ, 30

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਮਾਜਿਕ [illegible] ਦੀ ਚੇਤਨਾ ਵੀ ਪੈਦਾ ਹੋਈ।

ਚਿਹਨ-ਵਿਗਿਆਨ ਆਪਣੇ ਵਿਕਾਸ ਦੇ ਮੁਢਲੇ ਪੜਾਉ ਉੱਤੇ ਜਿਸ ਸੰਰਚਨਾਵਾਦ ਤੋਂ ਪ੍ਰਭਾਵਿਤ ਸੀ ਉਸ ਨੂੰ ਅੱਜ ਕਲਾਸੀਕਲ ਸੰਰਚਨਾਵਾਦ ਦਾ ਨਾਮ ਦਿੱਤਾ ਜਾਂਦਾ ਹੈ। ਇਸ ਸੰਰਚਨਾਵਾਦ ਦਾ ਝੁਕਾਉ ਬੁਨਿਆਦੀ ਤੌਰ ਤੇ ਰੂਪਵਾਦੀ ਸੀ ਅਤੇ ਇਹ ਚਿਹਨ-ਵਿਹਾਰ ਨੂੰ ਕਾਲ ਦੀ ਗਤੀਸ਼ੀਲਤਾ ਨਾਲੋਂ ਤੋੜ ਕੇ ਵਿਚਾਰਨ ਦਾ ਮੁਦਈ ਬਣ ਗਿਆ ਸੀ। 1970 ਦੇ ਲਾਗੇ ਚਾਗੇ ਰੋਲਾਂ ਬਾਰਤ, ਜੂਲੀਆ ਕ੍ਰਿਸਤੇਵਾ, ਫੂਕੋ, ਲਾਕਾਂ, ਅਲਤੂਸਰ ਆਦਿ ਚਿੰਤਕਾਂ ਨੇ ਆਪੋ ਆਪਣੇ ਪੱਖ ਤੋਂ ਕਲਾਸੀਕਲ ਸੰਰਚਨਾਵਾਦ ਅਤੇ ਇਸ ਦੇ ਚਿਹਨ-ਸੰਕਲਪ ਦੀ ਸਮੀਖਿਆ ਕਰਨ ਦਾ ਜਤਨ ਕੀਤਾ ਜਿਸ ਦੇ ਸਿੱਟੇ ਵਜੋਂ ਚਿੰਤਨ ਦਾ ਇਕ ਨਵਾਂ ਮਾਹੌਲ ਉਭਰ ਕੇ ਸਾਹਮਣੇ ਆਇਆ। ਜ਼ਾਹਰ ਹੈ ਕਿ ਇਸ ਦਾ ਅਸਰ ਚਿਹਨ-ਵਿਗਿਆਨ ਉਤੇ ਵੀ ਹੋਣਾ ਸੀ। ਕਲਾਸੀਕਲ ਸੰਰਚਨਾਵਾਦ ਦੀ ਸਮੀਖਿਆ ਪੇਸ਼ ਕਰਨ ਵਾਲੇ ਇਹਨਾਂ ਚਿੰਤਕਾਂ ਨੂੰ ਉੱਤਰ-ਸੰਰਚਨਾਵਾਦੀ ਆਖਿਆ ਜਾਂਦਾ ਹੈ ਕਿਉਂ ਜੋ ਇਹਨਾਂ ਨੇ ਆਪਣੇ ਚਿੰਤਨ ਦੀ ਬੁਨਿਆਦ ਸੰਰਚਨਾਵਾਦ ਦੀਆਂ ਮੂਲ ਸਥਾਪਨਾਵਾਂ ਨਾਲ ਰਚਾਏ ਸੰਵਾਦ ਉਤੇ ਰੱਖੀ। ਇਹਨਾਂ ਚਿੰਤਕਾਂ ਨੇ ਸੋਸਿਊਰ ਦੇ ਚਿੰਤਨ ਦੀਆਂ ਕੁਝ ਅਣਗੌਲੀਆਂ ਸਥਾਪਨਾਵਾਂ ਦੀ ਕ੍ਰਾਂਤੀਕਾਰੀ ਸੰਭਾਵਨਾ ਨੂੰ ਪਛਾਣ ਕੇ 'ਸਵੈ-ਆਧਾਰੀ ਤੇ ਸਥਿਰ ਸੰਰਚਨਾ' ਦਾ ਸੰਕਲਪ ਤਿਆਗ ਦਿੱਤਾ ਅਤੇ **structuration** ਦਾ ਨਵਾਂ ਸੰਕਲਪ ਸਾਹਮਣੇ ਰਖਿਆ। ਕਿਸੇ ਵੀ ਮਨੁਖੀ ਚਿਹਨ ਵਿਹਾਰ ਨੂੰ ਸਥਾਨ ਵਿਚ ਕੈਦ ਕਰਕੇ ਇਕਹਿਰੇ ਰੂਪ ਵਿਚ ਅਧਿਐਨ ਦਾ ਵਿਸ਼ਾ ਬਣਾਉਣਾ ਉਸ ਦੀ ਵਾਸਤਵਿਕ ਹੋਂਦ-ਵਿਧੀ ਨਾਲ ਪੂਰਾ ਨਿਆ ਨਹੀਂ ਕਰ ਸਕਦਾ। ਮਨੁੱਖ ਦੇ ਰਚੇ ਹੋਏ ਸਮੂਹ ਸਾਮਾਜਿਕ ਤੇ ਸਭਿਆਚਾਰਕ ਪ੍ਰਬੰਧ ਭਿੰਨ-ਭਿੰਨ ਵਿਹਾਰ ਮੰਨੇ ਜਾ ਸਕਦੇ ਹਨ ਜਿਹਨਾਂ ਦਾ ਇਕ ਦੂਸਰੇ ਨਾਲ ਡੂੰਘਾ ਸਕ੍ਰਿਯ ਸੰਬੰਧ ਹੈ ਅਤੇ ਜੋ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹੋਏ ਖ਼ੁਦ ਵੀ ਰੂਪਾਂਤਰਿਤ ਹੁੰਦੇ ਰਹਿੰਦੇ ਹਨ। ਇਹਨਾਂ ਦੀ ਸਥਿਰਤਾ ਅਤੇ ਸਦੀਵਤਾ ਇਕ ਮਿੱਥ ਹੈ ਜਿਸ ਦੀਆਂ ਜੜ੍ਹਾਂ ਵਿਚਾਰਧਾਰਾਈ ਧਰਾਤਲ ਵਿਚ ਖੋਜੀਆਂ ਜਾ ਸਕਦੀਆਂ ਹਨ। ਇਉਂ ਉੱਤਰ-ਸੰਰਚਨਾਵਾਦੀ ਚਿੰਤਨ ਨੇ ਚਿਹਨ-ਵਿਗਿਆਨ ਨੂੰ ਨਵੀਆਂ ਕ੍ਰਾਂਤੀਕਾਰੀ ਬੁਨਿਆਦਾਂ ਉੱਪਰ ਪੁਨਰ ਉਸਾਰਨ ਦੀ ਚੇਸ਼ਟਾ ਕੀਤੀ ਹੈ। ਇਕ ਗਿਆਨ-ਅਨੁਸ਼ਾਸਨ ਵਜੋਂ ਚਿਹਨ-ਵਿਗਿਆਨ ਦੇ ਵਿਕਾਸ ਦਾ ਇਹ ਨਵਾਂ ਪੜਾਉ ਹੈ ਜੋ ਚਿਹਨ-ਪ੍ਰਬੰਧਾਂ ਨੂੰ ਦਵੰਦਾਤਮਕ ਵਿਕਾਸ ਦੀ ਗਤੀਸ਼ੀਲਤਾ ਦੇ ਸੰਦਰਭ ਵਿਚ ਰਖ ਕੇ ਵਿਚਾਰਨ ਦਾ ਮਤ ਸਥਾਪਿਤ ਕਰਦਾ ਹੈ। ਇਸ ਕਿਸਮ ਦੇ ਚਿਹਨ-ਵਿਗਿਆਨ ਦੀ ਉਸਾਰੀ ਅੰਤਰ-ਅਨੁਸ਼ਾਸਨੀ ਪੱਧਰ ਉਤੇ ਹੀ ਹੋ ਸਕਦੀ ਹੈ ਜਿਸ ਵਿਚ ਸੰਰਚਨਾਤਮਕ ਭਾਸ਼ਾ-ਵਿਗਿਆਨ ਤੋਂ ਇਲਾਵਾ, ਮਾਨਵ ਵਿਗਿਆਨ, ਸਮਾਜ ਸ਼ਾਸਤਰ, ਮਨੋਵਿਗਿਆਨ, ਦਰਸ਼ਨ-ਸ਼ਾਸਤਰ ਵਰਗੇ ਦੂਸਰੇ ਮਾਨਵਕੀ ਅਨੁਸ਼ਾਸਨ ਲਾਹੇਵੰਦੀ ਭੂਮਿਕਾ ਨਿਭਾ ਸਕਦੇ ਹਨ। ਖ਼ਾਸ ਤੌਰ ਤੇ ਭਾਸ਼ਾ ਤੋਂ ਬਾਹਰਲੇ ਜਾਂ ਭਾਸ਼ਾ ਨੂੰ ਕੇਵਲ ਮਾਧਿਅਮ ਬਣਾਉਣ ਵਾਲੇ ਸਮੂਹ ਚਿਹਨ-ਪ੍ਰਬੰਧਾਂ ਦੇ ਅਧਿਐਨ ਲਈ ਭਾਸ਼ਾਈ ਮਾਡਲ ਪੂਰੇ ਤੌਰ ਤੇ ਨਹੀਂ ਸਗੋਂ ਕਿਸੇ ਹੱਦ ਤਕ ਹੀ ਸਹਾਈ ਹੋ ਸਕਦਾ ਹੈ। ਜਦੋਂ ਅਸੀਂ ਭਾਸ਼ਾ ਦੇ ਪ੍ਰਾਥਮਿਕ ਚਿਹਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਬੰਧ ਉੱਪਰ ਉਸਰੇ ਸਾਹਿਤ ਦੇ ਦੂਜੇਲ ਪਧਰ ਦੇ ਚਿਹਨ-ਪ੍ਰਬੰਧ ਦਾ ਅਧਿਐਨ-ਵਿਸ਼ਲੇਸ਼ਣ ਕਰਨ ਵਲ ਰੁਚਿਤ ਹੁੰਦੇ ਹਾਂ ਤਾਂ ਭਾਸ਼ਾਈ ਮਾਡਲ ਦੀ ਸੀਮਾ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ। ਇਸ ਦਾ ਮੁਖ ਕਾਰਣ ਇਹ ਹੈ ਕਿ ਸਾਹਿਤਕ ਕਿਰਤਾਂ ਦੀ ਹੋਂਦ 'ਵਾਕ' ਨਾਲੋਂ ਵਡੇਰੀ ਇਕਾਈ 'ਪ੍ਰਵਚਨ' ਵਿਚ ਹੁੰਦੀ ਹੈ ਜਿਸ ਦੇ ਸੰਗਠਨਕਾਰੀ ਨੇਮ ਵਾਕ-ਰਚਨਾ ਨਾਲੋਂ ਭਿੰਨ ਹਨ। ਇਸੇ ਤਰ੍ਹਾਂ ਜਦੋਂ ਉੱਤਰ-ਸੰਰਚਨਾਵਾਦ ਦੇ ਧਰਾਤਲ ਤੇ ਖਲੋਤਾ ਹੋਇਆ ਰੋਲਾਂ ਬਾਰਤ ਕਿਰਤ **(Work)** ਤੋਂ ਟੈਕਸਟ ਵਲ ਜਾਣ ਦਾ ਸੁਝਾਉ ਪੇਸ਼ ਕਰਦਾ ਹੈ ਤਾਂ ਉਹ ਵੀ ਕਲਾਸੀਕਲ ਸੰਰਚਨਾਵਾਦ ਦੀ ਸੀਮਾ ਵਲ ਹੀ ਸੰਕੇਤ ਕਰ ਰਿਹਾ ਪ੍ਰਤੀਤ ਹੁੰਦਾ ਹੈ।

ਇਉਂ ਅਜੋਕੇ ਦੌਰ ਵਿਚ ਉਸਰ ਰਿਹਾ ਚਿਹਨ-ਵਿਗਿਆਨ ਆਪਣੇ ਮੁਢਲੇ ਵਿਕਾਸ ਦੀਆਂ ਕਈ ਮੰਜ਼ਲਾਂ ਪਾਰ ਕਰਕੇ ਰੂਪਾਂਤਰਿਤ ਹੋ ਚੁਕਾ ਹੈ। ਇਹ ਹੁਣ ਮਨੁੱਖ ਦੇ ਸਾਮਾਜਿਕ-ਸਭਿਆਚਾਰਕ ਵਰਤਾਰੇ ਅਤੇ ਵਿਹਾਰ ਵਿਚ ਦ੍ਰਿਸ਼ਟੀਗੋਚਰ ਹੋਣ ਵਾਲੇ ਭਿੰਨ-ਭਿੰਨ ਚਿਹਨ-ਪ੍ਰਬੰਧਾਂ ਨੂੰ ਇਕਹਿਰੇ ਰੂਪ ਵਿਚ ਸਥਿਤ ਕਰਕੇ ਅਤੇ ਇਕ ਬੰਦ-ਸੰਰਚਨਾ ਮੰਨ ਕੇ ਉਹਨਾਂ ਦਾ ਅਧਿਐਨ ਨਹੀਂ ਕਰਦਾ ਸਗੋਂ ਚਿਹਨਕਾਰੀ ਦੇ ਮਾਧਿਅਮ ਰਾਹੀਂ ਕਦਰਾਂ ਕੀਮਤਾਂ ਅਤੇ ਅਰਥਾਂ ਦੀ ਉਤਪਾਦਿਕਤਾ **(productivity)** ਨਾਲ ਆਪਣਾ ਸਰੋਕਾਰ ਜੋੜਦਾ ਹੈ। ਇਹ ਚਿਹਨ-ਵਿਹਾਰ ਨੂੰ ਸਾਮਾਜਿਕ-ਆਰਥਕ ਬਣਤਰ ਦੇ ਅੰਤਰ-ਵਿਰੋਧਾਂ ਅਤੇ ਵਿਚਾਰਧਾਰਾਈ ਪ੍ਰਬੰਧਾਂ ਦੀ ਕਾਰਜਸ਼ੀਲਤਾ ਦਾ ਅੰਗ ਮੰਨ ਕੇ ਉਹਨਾਂ ਦੇ ਦਵੰਦਾਤਮਕ ਵਿਕਾਸ ਦੀ ਯਾਤਰਾ ਨੂੰ ਵੀ ਉਲੀਕਣ ਦਾ ਉਪਰਾਲਾ ਕਰਦਾ ਹੈ। ਇਹ ਚਿਹਨ-ਵਿਗਿਆਨ ਨਿਰਪੱਖ ਜਾਂ ਨਿਰਲੇਪ ਗਿਆਨ-ਅਨੁਸ਼ਾਸਨ ਨਹੀਂ ਰਹਿੰਦਾ ਸਗੋਂ ਵਰਗਾਂ ਵਿਚ ਵੰਡੇ ਮਨੁਖੀ ਸਮਾਜ ਵਿਚ ਤੁਰ ਰਹੇ ਵਿਚਾਰਧਾਰਕ ਸੰਘਰਸ਼ ਦੀ ਵਾਸਤਵਿਕਤਾ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦਾ ਹੈ।

ਬਿਰਤਾਂਤਕ ਗਲਪ ਦਾ ਚਿਹਨ-ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕਰਨਾ ਕਿੰਨਾ ਕੁ ਲਾਹੇਵੰਦਾ ਅਤੇ ਸਾਰਥਕ ਸਿੱਧ ਹੋ ਸਕਦਾ ਹੈ ? ਇਹ ਗੱਲ ਚਿਹਨ-ਵਿਗਿਆਨ ਦੇ ਉਪਰੋਕਤ ਵਿਵੇਚਨ ਦੀ ਰੋਸ਼ਨੀ ਵਿਚ ਸਹਿਜੇ ਹੀ ਪ੍ਰਤੱਖ ਹੋ ਜਾਂਦੀ ਹੈ। ਖ਼ਾਸ ਤੌਰ ਤੇ ਆਪਣੇ ਵਿਕਾਸ ਦੇ ਮੌਜੂਦਾ ਪੜਾਉ ਉਤੇ ਪਹੁੰਚ ਕੇ ਇਸ ਨਵੇਂ ਗਿਆਨ-ਅਨੁਸ਼ਾਸਨ ਦੀ ਪਹੁੰਚ-ਵਿਧੀ ਕਿਸੇ ਵੀ ਚਿਹਨ-ਸੰਰਚਨਾ ਦੀ ਅਰਥ-ਉਤਪਾਦਨ ਪ੍ਰਕਿਰਿਆ ਦਾ ਗਿਆਨ-ਮੂਲਕ ਅਧਿਐਨ ਤੇ ਵਿਸ਼ਲੇਸ਼ਣ ਕਰਨ ਦੇ ਸਮਰਥ ਪ੍ਰਤੀਤ ਹੁੰਦੀ ਹੈ। ਨਾਵਲ ਤੇ ਨਿੱਕੀ ਕਹਾਣੀ ਵਰਗੇ ਆਧੁਨਿਕ ਗਲਪੀ ਰੂਪਾਕਾਰਾਂ ਦਾ ਵੀ ਇਸ ਪਹੁੰਚ-ਵਿਧੀ ਰਾਹੀਂ ਅਤਿਅੰਤ ਸਾਰਥਕ ਅਧਿਐਨ ਹੋ ਸਕਦਾ ਹੈ।

ਸਾਹਿਤਕ ਕਿਰਤਾਂ ਅਤੇ ਸਭਿਆਚਾਰਕ ਸਿਰਜਣਾਵਾਂ ਦੇ ਗਿਆਨ-ਮੂਲਕ ਅਧਿਐਨ-ਵਿਸ਼ਲੇਸ਼ਣ ਲਈ ਅਜੋਕੇ ਸਮੇਂ ਜੋ ਮਹੱਤਵਪੂਰਣ ਅੰਤਰ ਦ੍ਰਿਸ਼ਟੀਆਂ ਤੇ ਪਹੁੰਚ-ਵਿਧੀਆਂ ਸਾਹਮਣੇ ਆਈਆਂ ਹਨ ਉਹਨਾਂ ਵਿਚੋਂ ਇਕ ਹੋਰ ਮਹੱਤਵਪੂਰਣ ਅੰਤਰ ਦ੍ਰਿਸ਼ਟੀ ਹੈ 'ਰਾਜਨੀਤਕ ਅਵਚੇਤਨ' ਦਾ ਸੰਕਲਪ ਜਿਸ ਦਾ ਭਰਪੂਰ ਵਿਵੇਚਨ ਅਜੋਕੇ ਦੌਰ ਦੇ ਪ੍ਰਸਿੱਧ ਨਵ-ਮਾਰਕਸਵਾਦੀ ਚਿੰਤਕ ਫਰੈਡਰਿਕ ਜੇਮਸਨ ਨੇ ਆਪਣੀ ਪੁਸਤਕ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'The Political Unconscious'[1] ਵਿਚ ਕੀਤਾ ਹੈ । ਇਸ ਪੁਸਤਕ ਦਾ ਉਪ-ਸਿਰਲੇਖ ਹੈ 'ਨੈਰੇਟਿਵ ਐਸ ਸੋਸ਼ਲੀ ਸਿੰਬਾਲਿਕ ਐਕਟ' ਅਰਥਾਤ 'ਬਿਰਤਾਂਤ, ਇਕ ਸਾਮਾਜਿਕ ਪ੍ਰਤੀਕਾਤਮਕ ਕਾਰਜ' । ਗਲਪ-ਬਿਰਤਾਂਤਕ ਰਚਨਾਵਾਂ ਦੇ ਅਧਿਐਨ-ਵਿਸ਼ਲੇਸ਼ਣ ਲਈ ਇਹ ਅੰਤਰ-ਦ੍ਰਿਸ਼ਟੀ ਵਿਸ਼ੇਸ਼ ਤੌਰ ਤੇ ਮਹੱਤਵਯੋਗ ਹੈ ਕਿਉਂ ਜੋ ਇਥੇ ਬਿਰਤਾਂਤ ਦੇ ਅਧਿਐਨ ਲਈ ਇਕ ਨਵੀਨ ਕਿਸਮ ਦੀ ਬਹੁ-ਪੱਧਰੀ ਵਿਆਖਿਆ-ਵਿਧੀ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ ।

ਸਾਡੇ ਸਾਹਮਣੇ ਮੂਲ ਪ੍ਰਸ਼ਨ ਇਹ ਹੈ ਕਿ ਜੇਮਸਨ ਦਾ 'ਰਾਜਨੀਤਕ ਅਵਚੇਤਨ' ਦਾ ਸੰਕਲਪ ਕੀ ਹੈ? ਅਤੇ ਇਸ ਦੀ ਨਾਵਲ (ਜਾਂ ਹੋਰਨਾਂ ਬਿਰਤਾਂਤ-ਰੂਪਾਂ) ਦੇ ਅਧਿਐਨ ਲਈ ਕੀ ਸਾਰਥਕਤਾ ਹੈ ? ਫਰੈਡਰਿਕ ਜੇਮਸਨ ਅਨੁਸਾਰ 'ਰਾਜਨੀਤਕਅਵਚੇਤਨ' ਕਿਸੇ ਬਿਰਤਾਂਤਕ ਰਚਨਾ ਦੇ ਅੰਤ੍ਰੀਵ ਸੰਗਠਨ ਵਿਚ ਲੁਕਿਆ ਹੋਇਆ ਉਹ ਇਤਿਹਾਸਕ ਯਥਾ-ਰਥ ਹੈ ਜੋ ਵਿਚਾਰਧਾਰਾਈ ਪ੍ਰਬੰਧਾਂ ਦੀ ਕਾਰਜਸ਼ੀਲਤਾ ਰਾਹੀਂ ਕਿਸੇ ਬਿਰਤਾਂਤਕ ਟੈਕਸਟ ਵਿਚ ਮੂਰਤੀਮਾਨ ਹੁੰਦਾ ਹੈ । ਇਹ ਇਤਿਹਾਸਕ ਯਥਾਰਥ ਅਵਚੇਤਨ ਇਸ ਲਈ ਹੈ ਕਿਉਂ ਜੋ ਇਸ ਦੀ ਨਾ ਆਪਣੀ ਕੋਈ ਟੈਕਸਟ ਅਤੇ ਨਾ ਹੀ ਇਸ ਦਾ ਕੋਈ ਬਿਰਤਾਂਤ ਹੈ ਪਰ ਇਹ ਭਿੰਨ-ਭਿੰਨ ਸਭਿਆਚਾਰਕ ਪਾਠ-ਪ੍ਰਬੰਧਾਂ ਜਾਂ ਬਿਰਤਾਂਤਾਂ ਦੀ ਉਤਪਾਦਕ ਸ਼ਕਤੀ ਦਾ ਆਦ੍ਰਿਸ਼ਟ ਸੋਮਾ ਹੈ ਅਤੇ ਇਹਨਾਂ ਪਾਠ-ਪ੍ਰਬੰਧਾਂ ਦੀ ਉਸਾਰੀ ਰਾਹੀਂ ਹੀ ਇਹ ਆਪਣੀ ਜੀਵੰਤ ਗਤੀਸ਼ੀਲ ਹੋਂਦ ਦਾ ਪ੍ਰਮਾਣ ਪੇਸ਼ ਕਰਦਾ ਹੈ । 'ਰਾਜਨੀਤਕ ਅਵਚੇਤਨ' ਰਾਜਨੀਤਕ ਇਹਨਾਂ ਅਰਥਾਂ ਵਿਚ ਹੈ ਕਿ ਇਹ ਵਰਗਾਂ ਵਿਚ ਵੰਡੇ ਸਮਾਜ ਦੇ ਇਤਿਹਾਸ ਤੇ ਸੱਤਾ-ਸੰਘਰਸ਼ ਦਾ ਲਖਾਇਕ ਹੈ । ਬਿਰਤਾਂਤ ਦੀ ਟੈਕਸਟ ਵਿਚੋਂ ਇਸ ਅਦ੍ਰਿਸ਼ਟ ਅਵਚੇਤਨ ਤੱਤ ਦੇ ਦੱਬੇ ਹੋਏ ਯਥਾਰਥ ਨੂੰ ਲੱਭਣ ਦਾ ਅਹਿਸਾਸ ਕਰਾਉਣਾ ਇਸ ਸੰਕਲਪ ਦਾ ਹਕੀਕੀ ਮਹੱਤਵ ਹੈ ।[2]

ਜੇਮਸਨ ਨੇ 'ਰਾਜਨੀਤਕ ਅਵਚੇਤਨ' ਨੂੰ ਕਿਸੇ ਅਜਿਹੀ ਸਭਿਆਚਾਰਕ ਟੈਕਸਟ ਵਿਚੋਂ ਹੀ ਤਲਾਸ਼ ਕਰਨ ਦੀ ਗੱਲ ਸਾਹਮਣੇ ਨਹੀਂ ਰਖੀ ਜਿਸ ਦਾ ਸਿੱਧੇ ਤੌਰ ਤੇ ਕਿਸੇ ਰਾਜਨੀਤਕ ਸਮੱਸਿਆ ਸਿਧਾਂਤ ਜਾਂ ਵਿਹਾਰ ਨਾਲ ਸੰਬੰਧ ਹੋਵੇ । ਸਗੋਂ ਉਸ ਦੇ ਮਤ ਅਨੁਸਾਰ ਮਾਨਵ-ਸਿਰਜਿਤ ਹਰ ਸਾਹਿਤਕ ਜਾਂ ਸਭਿਆਚਰਕ ਕਿਰਤ ਅੰਤਿਮ ਅਰਥਾਂ ਵਿਚ ਰਾਜਨੀਤਕ ਹੁੰਦੀ ਹੈ । ਇਸ ਕਿਸਮ ਦੀ 'ਰਾਜਨੀਤਕ ਅਵਚੇਤਨ' ਦੀ ਸੰਕਲਪਨਾ ਦਾ ਵਿਹਾਰਕ ਦ੍ਰਿਸ਼ਟੀ ਤੋਂ ਅਰਥ ਇਹ ਹੈ ਕਿ ਅਸੀਂ ਸਮੂਹ ਸਭਿਆਚਾਰਕ ਸਿਰਜਣਾਵਾਂ ਦਾ ਅਧਿਐਨ-ਵਿਸ਼ਲੇਸ਼ਣ ਉਸੇ ਅੰਤਿਮ ਧਰਾਤਲ

---

1. Jameson, Fredric, the Political Unconscious, London, Methuen, 1981.

2. "It is in dectecting the traces of that un interrupted narrative, in restoring to the surface of the text the repressed and buried reality of this fundamental history, that the doctrine of a political Unconscious finds its function and its necessity" Jameson, Fredric, the Political unconscious, P-20

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਕ ਲੈ ਜਾਈਏ ਜਿਸ ਧਰਾਤਲ ਉਤੇ ਇਤਿਹਾਸਕ ਯਥਾਰਥ ਦੀ ਵਾਸਤਵਿਕਤਾ ਨਿਵਾਸ ਕਰਦੀ ਹੈ ।[1] ਇਸ ਮੰਤਵ ਦੀ ਪੂਰਤੀ ਲਈ ਜੇਮਸਨ ਨੇ ਤਿੰਨ ਪੱਧਰਾਂ ਵਾਲੀ ਵਿਆਖਿਆ-ਵਿਧੀ ਦਾ ਸੁਝਾਉ ਪੇਸ਼ ਕੀਤਾ ਹੈ । ਪਹਿਲੇ ਧਰਾਤਲ ਉਤੇ ਉਸ ਨੇ ਟੈਕਸਟ ਨੂੰ ਸਮੁਚੇ ਤੌਰ ਤੇ ਸਮਾਜ ਦੇ ਪ੍ਰਤੀਕਾਤਮਕ ਜਾਂ ਅਨਿਓਕਤੀਗਤ (allegorical) ਮਾਡਲ ਵਜੋਂ ਪਛਾਨਣ ਉੱਪਰ ਬਲ ਦਿਤਾ ਹੈ । ਇਥੇ ਅਧਿਐਨ ਦਾ ਮੰਤਵ ਰਚਨਾ ਨੂੰ ਉਸ ਦੇ ਵਿਲੱਖਣ ਵਿਅਕਤੀਗਤ ਆਕਾਰ ਵਿਚ ਸਾਹਮਣੇ ਰਖ ਕੇ ਉਸ ਨੂੰ ਪ੍ਰਤੀਕਾਤਮਕ ਕਾਰਜ ਵਜੋਂ ਗ੍ਰਹਿਣ ਕਰਨਾ ਹੈ । ਦੂਸਰੇ ਸ਼ਬਦਾਂ ਵਿਚ ਇਹ ਰਚਨਾ ਦੀ ਵਿਅਕਤੀਗਤ ਵਿਲੱਖਣਤਾ ਨੂੰ ਪ੍ਰਤੀਕਾਤਮਕ ਅਰਥਾਂ ਵਿਚ ਪੁਨਰ ਸੰਗਠਿਤ ਕਰਨਾ ਹੈ ਜਿਥੇ ਉਸ ਦੇ ਲੁਕਵੇਂ ਸਾਮਾਜਿਕ ਸੰਦਰਭ ਅਤੇ ਸਰੋਕਾਰ ਉਜਾਗਰ ਹੋ ਉਠਦੇ ਹਨ ।

ਦੂਸਰੇ ਧਰਾਤਲ ਉਤੇ ਅਧਿਐਨ-ਵਿਸ਼ਲੇਸ਼ਣ ਦਾ ਉਦੇਸ਼ ਬਿਰਤਾਂਤਕ ਰਚਨਾ ਨੂੰ ਇਕ ਵਿਚਾਰਧਾਰਾਈ ਉਤਪਾਦਨ ਵਜੋਂ ਗ੍ਰਹਿਣ ਕਰਨਾ ਹੈ ਅਤੇ ਇਸ ਨੂੰ ਭਿੰਨ-ਭਿੰਨ ਵਰਗਾਂ ਦੇ ਉਸ ਸਾਮੂਹਿਕ ਪ੍ਰਵਚਨ ਨਾਲ ਜੋੜ ਕੇ ਗ੍ਰਹਿਣ ਕਰਨਾ ਹੈ ਜਿਸ ਦਾ ਵਿਅਕਤੀਗਤ ਉਚਾਰ ਰਚਨਾ-ਵਿਸ਼ੇਸ਼ ਵਿਚ ਸਮੂਰਤ ਹੋਇਆ ਹੈ । ਉਸ ਦੇ ਸ਼ਬਦਾਂ ਵਿਚ ਇਸ ਧਰਾਤਲ ਦਾ ਸੰਬੰਧ ਰਚਨਾ ਦੇ ਅੰਦਰ ਲੁਕੇ ਹੋਏ ਉਹਨਾਂ ਵਿਚਾਰਧਾਰਾਈ ਤੱਤਾਂ (ideologemes) ਦੀ ਪਛਾਣ ਕਰਨੀ ਹੈ ਜੋ ਸਮਾਜਕ ਵਰਗਾਂ ਦੇ ਪਰਸਪਰ ਵਿਰੋਧੀ ਸਮੂਹਕ ਪ੍ਰਵਚਨਾਂ ਵਿਚ ਲੁਕੇ ਹੁੰਦੇ ਹਨ ।.

ਅਧਿਐਨ-ਵਿਸ਼ਲੇਸ਼ਣ ਦਾ ਤੀਸਰਾ ਧਰਾਤਲ ਕਿਸੇ ਰਚਨਾ ਵਿਚ ਕਾਰਜਸ਼ੀਲ ਭਿੰਨ-ਭਿੰਨ ਚਿਹਨਾਂ ਅਤੇ ਕੋਡਾਂ ਦੀ ਉਤਪਾਦਨ-ਵਿਧੀ ਵਜੋਂ ਪਛਾਣ ਕਰਨੀ ਹੈ ਜਿਸ ਨੂੰ ਉਸ ਨੇ ideology of form ਦਾ ਨਾਮ ਦਿੱਤਾ ਹੈ । ਇਹ ਵਿਸ਼ਲੇਸ਼ਣ ਰਚਨਾ ਦੇ ਅੰਤਿਮ ਧਰਾਤਲ ਉਤੇ ਕਾਰਜਸ਼ੀਲ ਉਹਨਾਂ ਅਦ੍ਰਿਸ਼ਟ ਇਤਿਹਾਸਕ ਸ਼ਕਤੀਆਂ ਦੀ ਵਿਆਖਿਆ ਕਰਨ ਵਲ ਸੰਬੰਧ ਰਖਦਾ ਹੈ ਜਿਸ ਨੂੰ ਅਸੀਂ ਕਿਸੇ ਸਾਹਿਤਕ ਜਾਂ ਸਭਿਆਚਾਰਕ ਟੈਕਸਟ ਦਾ ਅਦ੍ਰਿਸ਼ਟ ਪ੍ਰੇਰਣਾ ਸਰੋਤ ਜਾਂ 'ਰਾਜਨੀਤਕ ਅਵਚੇਤਨ' ਆਖ ਸਕਦੇ ਹਾਂ ।

ਇਉਂ ਜੇਮਸਨ ਦੀ ਇਹ ਵਿਆਖਿਆ-ਵਿਧੀ ਰੂਪਵਾਦੀ ਬਿਰਤਾਂਤ ਸ਼ਾਸਤਰ ਦੇ ਸਮਾਨੰਤਰ ਇਕ ਸ਼ਕਤੀਸ਼ਾਲੀ ਅਤੇ ਸਮਰਥ ਨਵਾਂ ਮਾਡਲ ਪੇਸ਼ ਕਰਦੀ ਜੋ ਸਭਿਆਚਾਰਕ ਸਿਰਜਣਾਵਾਂ ਦੀ ਟੈਕਸਟ ਨੂੰ ਜੀਵਨ ਅਤੇ ਯਥਾਰਥ ਦੇ ਉਸ ਗਤੀਸ਼ੀਲ ਸੰਦਰਭ ਨਾਲ ਜੋੜ ਕੇ ਵਿਚਾਰਨ ਦਾ ਰਾਹ ਦਰਸਾਉਂਦੀ ਹੈ । ਇਹ ਸਮਕਾਲੀ ਵਿਆਖਿਆ-ਵਿਧੀਆਂ ਦਾ ਬਦਲ ਪੇਸ਼ ਕਰਨ ਦੀ ਬਜਾਇ ਇਕ ਵਿਆਪਕ ਵਿਧਾਨ ਪ੍ਰਸਤੁਤ ਕਰਦੀ ਹੈ । ਹੋਰਨਾਂ ਵਿਆਖਿਅ ਵਿਧੀਆਂ ਦੀ ਸੀਮਾ ਅਤੇ ਸੰਭਾਵਨਾ ਨੂੰ

---

1. "The assertion of a political Unconscious proposes that we undertake just such final analyis and explore the multiple paths that lead to the unmasking of cultural artifacts as socially symbolic acts." Ibid, P-20.

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਛਾਣ ਕਰ ਰਹੀ ਇਹ ਵਿਧੀ ਉਹਨਾਂ ਨੂੰ ਉੱਕਾ ਹੀ ਨਕਾਰਨ ਦੇ ਹੱਕ ਵਿਚ ਨਹੀਂ ਸਗੋਂ ਉਹਨਾਂ ਦੇ ਮਹੱਤਵਪੂਰਣ ਆਂਸ਼ਿਕ ਯੋਗਦਾਨ ਨੂੰ ਸਵੀਕਾਰਨ ਉੱਪਰ ਬਲ ਦਿੰਦੀ ਹੈ। ਜੇਮਸਨ ਦੀ ਇਸ ਗਲਪ-ਬਿਰਤਾਂਤਕ ਪਹੁੰਚ-ਵਿਧੀ ਦਾ ਮੂਲ ਤਰਕ ਇਸ ਗੱਲ ਵਿਚ ਲੁਕਿਆ ਹੋਇਆ ਹੈ ਕਿ ਇਹ ਬਿਰਤਾਂਤ ਨੂੰ ਸਾਮਾਜਿਕ ਪ੍ਰਤੀਕਾਤਮਕ ਕਾਰਜ ਮੰਨ ਤੇ ਉਸ ਦੇ ਲੁਕਵੇਂ ਵਿਚਾਰਧਾਰਾਈ ਉਤਪਾਦਕ ਸੋਮਿਆਂ ਨੂੰ ਉਘਾੜਨ ਅਤੇ ਉਸ ਦੇ ਇਤਿਹਾਸਕ ਯਥਾਰਥ ਵਿਚ ਕਾਰਜਸ਼ੀਲ ਰਾਜਨੀਤਕ ਅਵਚੇਤਨ ਨੂੰ ਉਜਾਗਰ ਕਰਨ ਦਾ ਵਿਧੀ ਵਿਧਾਨ ਪੇਸ਼ ਕਰਦੀ ਹੈ। ਬਿਰਤਾਂਤਕ ਗਲਪ ਦੇ ਅਧਿਐਨ-ਵਿਸ਼ਲੇਸ਼ਣ ਅਤੇ ਸਮੀਖਿਆ ਕਾਰਜ ਦਾ ਇਹ ਅੰਤਿਮ ਧਰਾਤਲ ਹੈ ਜਿਥੇ ਬਿਰਤਾਂਤ ਆਪਣੇ ਸਮੁਚੇ ਸਾਮਾਜਿਕ ਅਤੇ ਸਭਿਆਚਾਰਕ ਸੰਦਰਭ ਵਿਚ ਉਜਾਗਰ ਹੋ ਉਠਦਾ ਹੈ।

100070

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL K[illegible] L[illegible]RARY

	Si[illegible]	Date
Acces[illegible]		[illegible]
C[illegible]ss[illegible]o[illegible]		
Cat[illegible]on		
T[illegible]g etc		
F[illegible]ing		
E A R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਜਗਬੀਰ ਸਿੰਘ

ਡਾ. ਜਗਬੀਰ ਸਿੰਘ ਦਾ ਨਾਮ ਪੰਜਾਬੀ ਦੇ ਅਧਿਐਨ ਅਧਿਆਪਨ ਖੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। ਇਸ ਵਿਦਵਾਨ ਨੇ ਪੰਜਾਬੀ ਸਾਹਿੱਤ ਦੇ ਮੱਧਕਾਲੀ ਪਰਿਪੇਖਾਂ ਤੋਂ ਆਪਣੀ ਗੱਲ ਸ਼ੁਰੂ ਕਰਕੇ ਅਤਿਅੰਤ ਆਧੁਨਿਕ ਖੇਤਰਾਂ ਤੀਕ ਫੈਲੇ ਸਾਹਿੱਤ ਦੀ ਬੜੀ ਗਹਿਰ ਗੰਭੀਰ ਵਿਆਖਿਆ ਤੇ ਸਮੀਖਿਆ ਪੇਸ਼ ਕੀਤੀ ਹੈ। ਇਸ ਵਿਆਖਿਆ ਤੇ ਸਮੀਖਿਆ ਦੀ ਆਪਣੀ ਕਿਸਮ ਦੀ ਵਿਲੱਖਣਤਾ ਹੈ। ਧਿਆਨ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਇਹ ਵਿਦਵਾਨ ਧੁਰ ਤੀਕ ਮੌਲਿਕ ਰਚਨਾ ਨੂੰ ਤੇ ਇਸ ਦੇ ਵਿਸਤ੍ਰਿਤ ਤੇ ਮਹੱਤਵਸ਼ੀਲ ਪਾਸਾਰਾਂ ਨੂੰ ਆਪਣੇ ਨਾਲ ਲੈ ਕੇ ਚਲਦਾ ਹੈ ਤੇ ਯਥਾਸ਼ਕਤ ਇਹਨਾਂ ਦੀ ਵਿਆਖਿਆ ਵੀ ਕਰਦਾ ਜਾਂਦਾ ਹੈ। ਇਸ ਤਰ੍ਹਾਂ ਇਸ ਵਿਦਵਾਨ ਦੀ ਸਮੀਖਿਆ ਵਿਦਵਾਨਾਂ ਤੋਂ ਬਿਨਾਂ ਵਿਦਿਆਰਥੀ ਵਰਗ ਵਿਚ ਕਿਤੇ ਵੱਧ ਸਵੀਕਾਰੀ ਤੇ ਸਤਿਕਾਰੀ ਜਾਂਦੀ ਹੈ।

ਲੇਖਕ ਨੇ ਬਿਰਤਾਂਤਕ ਗਲਪ ਦੇ ਕਾਵਿ-ਸ਼ਾਸਤਰ ਨੂੰ ਵੀ ਬੜੀ ਯੋਗਤਾ ਨਾਲ ਨਿਭਾਇਆ ਹੈ। ਪੁਸਤਕ ਦਾ ਅੰਤਲਾ ਲੇਖ, ਜਿਸ ਦਾ ਨਾਮ ''ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ'' ਹੈ, ਇਸ ਦੀ ਗਵਾਹੀ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਵਿਦਵਾਨ ਲੇਖਕ ਨੇ ਆਪਣੀ ਗਲਪੀ ਵਿਧੀ ਨੂੰ ਨਾਰਥਰੋਪਫਰਾਈ ਦੇ ਕਾਵਿ ਸ਼ਾਸਤਰ ਉਪਰ ਆਧਾਰਿਤ ਕਰਕੇ ਇਸ ਨੂੰ ਰੂਸੀ ਰੂਪਵਾਦੀਆਂ ਅਤੇ ਚਿਹਨ-ਵਿਗਿਆਨੀਆਂ ਦੀਆਂ ਧਾਰਨਾਵਾਂ ਵਿਚੋਂ ਲੰਘਾ ਕੇ ਸੰਰਚਨਾਵਾਦ ਤੋਂ ਪਾਰਲੇ ਦ੍ਰਿਸ਼ ਤੀਕ ਲੈ ਆਂਦਾ ਹੈ। ਇਸ ਵਿਚ ਵਿਦਵਾਨ ਨੇ ਵਿਸ਼ੇਸ਼ ਤੌਰ ਤੇ ਰੋਲਾਂਬਾਰਤ ਅਤੇ ਫਰੈਡਰਿਕ ਜੇਮਸਨ ਦੀਆਂ ਧਾਰਨਾਵਾਂ ਨੂੰ ਬੜੇ ਉਧਮ ਨਾਲ ਵਰਤਣ ਵਿਚ ਉਤਸ਼ਾਹ ਦਿਖਾਇਆ ਹੈ।

CC-0. In Public Domain. Gurukul Kangri Collection, Haridwar

Samaj Foundation Chen

ਡਾ. ਜਗਬੀਰ ਸਿੰਘ

ਬਿਰਤਾਂਤਕ ਗਲਪ

ਸਿਧਾਂਤ ਤੇ ਸਮੀਖਿਆ

main. Gurukul Kangri C